ਗੁਰੂ ਹਰਿਗੋਬਿੰਦ ਸਾਹਿਬ

ਜੀਵਨ, ਯੁੱਧ ਅਤੇ ਯਾਤਰਾਵਾਂ

ਡਾ. ਸੁਖਦਿਆਲ ਸਿੰਘ

PUNJABI UNIVERSITY PATIALA

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

GURU HARGOBIND SAHIB: JIWAN, YUDH ATE YATRAVAN *(Punjabi)*

by

Dr. SUKHDIAL SINGH
DEPARTMENT OF PUNJAB HISTORICAL STUDIES,
PUNJABI UNIVERSITY, PATIALA

ISBN 81-7380-397-8

1998
ਪਹਿਲੀ ਵਾਰ : 1100 ਕਾਪੀਆਂ
ਮੁੱਲ : 100 ਰੁਪਏ

ਲੇਜ਼ਰ ਟਾਈਪ ਸੈਟਿੰਗ : ਜੈਸਮੇਨ ਗ੍ਰਾਫ਼ਿਕਸ, ਪਟਿਆਲਾ

ਪ੍ਰੋਫੈਸਰ ਰਣਬੀਰ ਸਿੰਘ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ
ਨੇ ਮੈਸਰਜ਼ ਸੁਦਰਸ਼ਨ ਪ੍ਰਿੰਟਰਜ਼ ਨਵੀ ਦਿਲੀ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤੀ।

ਭੂਮਿਕਾ

1975 ਵਿਚ ਡੀਪਾਰਟਮੈਂਟ ਆਫ ਪੰਜਾਬ ਹਿਸਟਾਰੀਕਲ ਸਟੱਡੀਜ਼ ਵਲੋਂ, ਗੁਰੂ ਤੇਗ ਬਹਾਦਰ ਜੀ ਦੇ ਤਿੰਨ ਸੌਵੇਂ ਸ਼ਹੀਦੀ ਦਿਵਸ 'ਤੇ ਦਸੇ ਗੁਰੂ ਸਾਹਿਬਾਨ ਦੀਆ ਯਾਤਰਾਵਾਂ ਦਾ ਸਰਵੇਖਣ ਕਰਵਾਉਣ ਦਾ ਪਰੋਗਰਾਮ ਬਣਾਇਆ ਗਿਆ ਸੀ। ਇਸ ਤਹਿਤ ਸਭ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਦੀਆਂ ਯਾਤਰਾਵਾਂ ਦਾ ਸਰਵੇਖਣ ਕਰਵਾਇਆ ਗਿਆ ਸੀ। ਫਿਰ 1982 ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆ ਯਾਤਰਾਵਾਂ ਦਾ ਸਰਵੇਖਣ ਕਰਵਾਇਆ ਗਿਆ। ਇਹ ਦੋਵੇਂ ਪਰੋਜੈਕਟ ਪੂਰੇ ਕੀਤੇ ਗਏ ਅਤੇ ਪੰਜਾਬੀ ਯੂਨੀਵਰਸਿਟੀ ਵਲੋਂ ਪੁਸਤਕ ਰੂਪ ਵਿਚ ਛਾਪੇ ਜਾ ਚੁੱਕੇ ਹਨ। ਫਿਰ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਯਾਤਰਾਵਾਂ ਦੇ ਸਰਵੇਖਣ ਦਾ ਕੰਮ ਸ਼ੁਰੂ ਕੀਤਾ ਗਿਆ। ਪਹਿਲੇ ਪਰੋਜੈਕਟਾਂ ਵਾਂਗ ਹੀ ਇਸ ਪਰੋਜੈਕਟ ਦਾ ਕੰਮ ਵੀ ਮੇਰੇ ਪਾਸ ਹੀ ਸੀ। ਮੈਂ ਇਹ ਸਾਰਾ ਕੰਮ ਪੂਰਾ ਕਰ ਕੇ ਗੁਰੂ ਹਰਿਗੋਬਿੰਦ ਸਾਹਿਬ ਜੀਵਨ, ਯੁੱਧ ਅਤੇ ਯਾਤਰਾਵਾਂ ਦੇ ਸਿਰਲੇਖ ਹੇਠ ਵਰਤਮਾਨ ਰੂਪ ਵਿਚ ਤਿਆਰ ਕੀਤਾ ਹੈ।

ਨਿਰਸੰਦੇਹ, ਕਾਫੀ ਸਮਾਂ ਪਹਿਲਾਂ ਵੀ ਕੁਝ ਪੁਰਾਤਨ ਲੇਖਕਾਂ ਵਲੋਂ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਯਾਤਰਾਵਾਂ ਸਬੰਧੀ ਕਾਫੀ ਕੁਝ ਛਪਵਾਇਆ ਗਿਆ ਹੈ। ਇਹ ਹਨ ਪੰਡਿਤ ਤਾਰਾ ਸਿੰਘ ਨਰੋਤਮ, ਗਯਾਨੀ ਗਯਾਨ ਸਿੰਘ ਅਤੇ ਗਯਾਨੀ ਠਾਕੁਰ ਸਿੰਘ। ਮੁੱਢਲੇ ਤੌਰ 'ਤੇ ਇਨ੍ਹਾਂ ਲੇਖਕਾਂ ਵਲੋਂ ਕੀਤੇ ਗਏ ਕੰਮ ਸਲਾਹੁਣਯੋਗ ਹਨ ਪਰ ਉਨ੍ਹਾਂ ਵਿਚ ਇਤਿਹਾਸ ਤੇ ਮਿਥਿਹਾਸ, ਰਵਾਇਤ ਅਤੇ ਅਫਵਾਹ ਜਾਂ ਕਲਪਿਤ ਗੱਲਾਂ ਵਿਚ ਕੋਈ ਫਰਕ ਨਹੀਂ ਰੱਖਿਆ ਗਿਆ। ਸਿੱਟੇ ਦੇ ਤੌਰ 'ਤੇ ਇਨ੍ਹਾਂ ਲੇਖਕਾਂ ਦੀਆਂ ਲਿਖਤਾਂ ਕੋਈ ਮਸਲਾ ਹੱਲ ਕਰਨ ਦੀ ਵਜਾਏ ਮਸਲੇ ਨੂੰ ਉਲਝਾ ਦਿੰਦੀਆਂ ਹਨ। ਵਰਤਮਾਨ ਸਰਵੇਖਣ ਇਨ੍ਹਾਂ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰ ਕੇ ਕੀਤਾ ਗਿਆ ਹੈ। ਕੋਸ਼ਿਸ਼ ਕੀਤੀ ਗਈ ਹੈ ਕਿ ਹਰ ਵੇਰਵੇ ਦਾ ਐਸਾ ਸੰਤੋਸ਼ਜਨਕ ਨਿਰਣਾ ਕੀਤਾ ਜਾਵੇ ਜਿਹੜਾ ਇਤਿਹਾਸ 'ਤੇ ਵੀ ਪੂਰਾ ਉਤਰਦਾ ਹੋਵੇ ਅਤੇ ਰਵਾਇਤ ਅਨੁਸਾਰ ਵੀ ਠੀਕ ਮੰਨਿਆ ਜਾਵੇ। ਸਿਖ ਇਤਿਹਾਸ, ਸਿਖ ਰਵਾਇਤਾਂ ਅਤੇ ਸਿਖ ਵਿਸ਼ਵਾਸ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ, ਯੁਧਾਂ ਅਤੇ ਯਾਤਰਾਵਾਂ ਦਾ ਅਧਿਐਨ ਪਾਠਕਾਂ ਦੇ ਸਾਹਮਣੇ ਹੈ।

ਸੁਖਦਿਆਲ ਸਿੰਘ

ਤਤਕਰਾ

ਪਾਠ		ਪੰਨਾ
1.	ਜਾਣਕਾਰੀ	
2.	ਇਤਿਹਾਸਿਕ ਪਿਛੋਕੜ।	1
3.	ਰਾਜਨੀਤਕ ਹਾਲਾਤ।	13
4.	ਗੁਰੂ ਹਰਿਗੋਬਿੰਦ ਸਾਹਿਬ-ਜਨਮ,	15
	ਗੁਰੱਗਦੀ ਦੀ ਪਰਾਪਤੀ,	17
	ਸਿਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ,	17
	ਗੁਰੂ ਜੀ ਦੀ ਗਰਿਫ਼ਤਾਰੀ।	19
5.	ਗੁਰੂ ਹਰਿਗੋਬਿੰਦ ਸਾਹਿਬ ਦੀਆਂ ਲੜਾਈਆਂ	23
6.	ਗੁਰੂ ਹਰਿਗੋਬਿੰਦ ਸਾਹਿਬ-ਇਕ ਮੁੱਲਅੰਕਣ	35
7.	ਗੁਰੂ ਹਰਿਗੋਬਿੰਦ ਸਾਹਿਬ-ਯਾਤਰਾਵਾਂ ਸੰਖੇਪ ਜਾਣਕਾਰੀ	53
8.	ਯਾਤਰਾ ਅਸਥਾਨ-*ਅੰਮ੍ਰਿਤਸਰ*	
	1. ਸਿਰੀ ਅਕਾਲ ਤਖ਼ਤ ਸਾਹਿਬ	59
	2. ਵਡਾਲੀ ਗੁਰੂ ਕੀ	66
	3. ਗੁਰੂ ਕੇ ਮਹਿਲ	67
	4. ਕੌਲ ਸਰ	69
	5. ਕਿਲਾ ਲੋਹ ਗੜ੍ਹ	70
	6. ਗੁਰਦੁਆਰਾ ਅਟਾਰੀ ਸਾਹਿਬ	71
	7. ਗੁਰੂ ਸਰ ਸਤਲਾਣੀ	72
	8. ਸੰਗਰਾਣਾ ਸਾਹਿਬ, ਗੱਗੋ ਬੂਹਾ	73
	9. ਝਬਾਲ	74
	10. ਛਾਪਰੀ ਸਾਹਿਬ, ਖੇਮ ਕਰਨ	75
	11. ਝਾੜ ਸਾਹਿਬ, ਪਲਾਹ ਸਾਹਿਬ ਖੈਰਾਬਾਦ	76
	12. ਬਾਬਾ ਬਕਾਲਾ	77
	ਮੋਗਾ	
	13. ਡਰੌਲੀ ਭਾਈ ਕੀ	77
	14. ਸਨੇਰ	79
	15. ਰੋਡੇ, ਮੋਗਾ, ਖੰਬੀਹਾ, ਮਾੜੀ ਮੁਸਤਫਾ, ਲਧਾਈ ਕੇ	80
	16. ਵੱਡਾ ਘਰ, ਦੌਧਰ, ਮੱਦੋ ਕੇ	81

17. ਲੋਪੋਕੇ, ਮਹਿਰੋਂ 82
18. ਗੱਜਣ ਵਾਲਾ 83

ਗੁਰਦਾਸਪੁਰ

19. ਸਿਰੀ ਹਰਿਗੋਬਿੰਦਪੁਰ 83

ਜਲੰਧਰ

20. ਕਰਤਾਰਪੁਰ 88
21. ਬਸਤੀ ਸ਼ੇਖ ਜਲੰਧਰ 92
22. ਡੱਲੀ, ਬੰਗਾ 93
23. ਜੀਦਵਾਲ, ਦੁਰਗਾਪੁਰ 94

ਕਪੂਰਥਲਾ

24. ਡੁਮੇਲੀ, ਫਗਵਾੜਾ, ਸਿਧਵਾਂ ਦੋਨਾ 95

ਹੁਸ਼ਿਆਰਪੁਰ

25. ਟਾਹਲੀ ਸਾਹਿਬ ਮੂਣਕ 96

ਰੋਪੜ

26. ਪਾਇਲ ਸਾਹਿਬ (ਸਹੇਲਾ ਘੋੜਾ), ਕੂਆ ਸਾਹਿਬ, ਭਿੜਾ ਸਾਹਿਬ 97
27. ਚਰਨੌਲੀ, ਕੀਰਤਪੁਰ ਸਾਹਿਬ 98

ਕਸ਼ਮੀਰ

28. ਸ੍ਰੀਨਗਰ, ਬਾਰਾਮੂਲਾ 104

ਪਾਕਿਸਤਾਨ

29. ਮੁਜ਼ੱਫਰਾਬਾਦ 105

ਪੱਛਮੀ ਪੰਜਾਬ

30. ਗੁਜਰਾਤ, ਵਜ਼ੀਰਾਬਾਦ 106
31. ਹਾਫਿਜ਼ਾਬਾਦ 107
32. ਭਾਈ ਕੇ ਮੱਟੂ, ਰਣਜੀਤ ਗੜ੍ਹ 108
33. ਗਲੋਟੀਆਂ, ਨਨਕਾਣਾ ਸਾਹਿਬ 109
34. ਲਾਹੌਰ 110
35. ਰਾਮਪੁਰਾ ਅਤੇ ਰਾਮਪੁਰਾ ਕਲਾਂ 111

ਹਰਿਆਣਾ

36. ਕੁਰਕਸ਼ੇਤਰ 111
37. ਚੀਕਾ 113

ਦਿੱਲੀ

38. ਮਜਨੂੰ ਦਾ ਟਿੱਲਾ 113

ਉੱਤਰ ਪਰਦੇਸ਼

39. ਨਾਨਕ ਮੱਤਾ 114
40. ਪੀਲੀਭੀਤ, ਗਵਾਲੀਅਰ 118

41. ਆਗਰਾ, ਮਥੁਰਾ 119

ਪੰਜਾਬ

42. ਲੁਧਿਆਣਾ 119
43. ਤਿਹਾੜਾ, ਸਿੱਧਵਾਂ, 120
44. ਗੁਰੂ ਸਰ ਸੁਧਾਰ, ਰਕਬਾ, ਵਿਰਕ, ਸੋਢੀਵਾਲ 121
45. ਲਿਤਰ, ਸਿੱਧਵਾਂ, ਸੁਧਾਰ 122
46. ਗੁੱਜਰਵਾਲ, ਕਾਉਂਕੇ ਕਲਾਂ, ਹਠੂਰ 123
47. ਦੋਰਾਹਾ, ਧਮੋਟ, 124
48. ਰਾੜਾ ਸਾਹਿਬ, ਘੁੜਾਣੀ, ਜੰਡਾਲੀ 125
49. ਕੋਟਾਂ, 126
50. ਡੇਹਲੋਂ, ਸਿਆਹੜ 127
51. ਘੁੰਗਰਾਣਾ 128

ਫਤਿਹਗੜ੍ਹ ਸਾਹਿਬ

52. ਮੰਡੀ ਗੋਬਿੰਦਗੜ੍ਹ, ਸੌਂਟੀ ਸਾਹਿਬ 128

ਸੰਗਰੂਰ

53. ਖਿੜਾ ਸਾਹਿਬ 128
54. ਅਕੋਈ ਸਾਹਿਬ, ਨਾਨਕਿਆਣਾ ਸਾਹਿਬ 129
55. ਖੁਰਾਣਾ, ਘਨੌੜ ਜੱਟਾਂ, ਕਮਾਲਪੁਰ 131

ਬਠਿੰਡਾ

56. ਗਿੱਲ ਕਲਾਂ 131
57. ਭਾਈ ਰੂਪਾ 132
58. ਕਾਂਗੜ, ਨਥਾਣਾ ਸਾਹਿਬ 133
59. ਮਹਿਰਾਜ 134

ਫਰੀਦਕੋਟ

60. ਲੰਭਵਾਲੀ, ਜੋਧਾਂ 135
61. ਆਦੂਪੋੜ ਸਾਹਿਬ 136

ਅੰਤਿਕਾਵਾਂ

ਅੰਤਿਕਾ 1.

ਮੀਰੀ-ਪੀਰੀ ਦਾ ਸਿਧਾਂਤ 137

ਅੰਤਿਕਾ 2.

ਵੱਖ-ਵੱਖ ਲੇਖਕਾਂ ਅਤੇ ਇਤਿਹਾਸਕਾਰਾਂ ਦੀ ਨਜ਼ਰ ਵਿਚ 143

ਅੰਤਿਕਾ 3.

ਦੋ ਹੁਕਮਨਾਮੇ 147

ਮਿਤੀ ਵਾਰ ਸਰੋਤ ਵੇਰਵਾ ਲੇਖ
(ਪੁਸਤਕ ਸੂਚੀ) 150

ਇਤਿਹਾਸਿਕ ਪਿਛੋਕੜ
ਗੁਰੂ ਨਾਨਕ ਦੇਵ ਤੋਂ ਗੁਰੂ ਅਰਜਨ ਦੇਵ ਦੀ ਸ਼ਹਾਦਤ ਤੱਕ

ਸਹਿਬ ਸਿਰੀ ਗੁਰੂ ਨਾਨਕ ਦੇਵ ਜੀ 1469 ਈ. ਵਿਚ ਪਰਗਟ ਹੋਏ ਅਤੇ 1530 ਈ. ਤੱਕ ਇਸ ਸੰਸਾਰ ਨੂੰ ਆਪਣੇ ਭੌਤਿਕ ਰੂਪ ਦੁਆਰਾ ਤਾਰਦੇ ਰਹੇ। ਇਨ੍ਹਾਂ 70 ਸਾਲਾਂ ਦੇ ਸਮੇਂ ਦੌਰਾਨ ਭਾਰਤੀ ਸਮਾਜ ਵਿਚ ਜੋ ਮਹਾਨ ਕਰਾਂਤੀਕਾਰੀ ਤਬਦੀਲੀ ਆਈ ਉਸ ਦਾ ਨਾਂ ਸੀ ਸਿਖ ਧਰਮ। ਭਾਵੇਂ ਸਿਖ ਧਰਮ ਨੇ ਮੁੱਢਲੇ ਰੂਪ ਵਿਚ ਧਾਰਮਿਕ ਅਤੇ ਸਮਾਜਿਕ ਤਬਦੀਲੀ ਦਾ ਹੀ ਬੀੜਾ ਚੁੱਕਿਆ ਸੀ ਪਰ ਸਮੇਂ ਅਨੁਸਾਰ ਸਿਖ ਸਮਾਜ ਵਿਕਾਸ ਕਰਦਾ ਹੋਇਆ ਆਪਣੀ ਸ਼ਾਂਤਮਈ ਨੀਤੀ ਦੇ ਨਾਲ-ਨਾਲ ਹਥਿਆਰਬੰਦ ਨੀਤੀ ਵੀ ਅਪਣਾਉਂਦਾ ਰਿਹਾ। ਇਸ ਹਥਿਆਰਬੰਦ ਨੀਤੀ ਨੂੰ ਅਪਣਾਉਣ ਵਾਲੇ ਗੁਰੂ ਹਰਿਗੋਬਿੰਦ ਸਾਹਿਬ ਸਨ। ਭਾਵ ਕਿ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋਏ ਸਿਖ ਇਨਕਲਾਬ ਦਾ ਜੋ ਵਿਕਾਸ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੱਕ ਹੋ ਚੁੱਕਿਆ ਸੀ ਅਕਾਲ ਤਖ਼ਤ ਸਾਹਿਬ ਉਸ ਦਾ ਸਿੱਖਰ ਰੂਪ ਸੀ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਗੁਰੂ ਹਰਿਗੋਬਿੰਦ ਸਾਹਿਬ ਨੇ ਕੀਤੀ ਸੀ। ਇਸ ਦਾ ਸੰਖਿਪ ਪਿਛੋਕੜ ਇਸ ਤਰ੍ਹਾਂ ਹੈ :

ਗੁਰੂ ਨਾਨਕ ਦੇਵ ਜੀ ਦਾ ਸਮਾਂ ਰਾਜਨੀਤਿਕ ਤੌਰ 'ਤੇ ਲੋਧੀ ਬਾਦਸ਼ਾਹਾਂ ਦੀ ਹਕੂਮਤ ਦਾ ਸਮਾਂ ਸੀ ਜਿਹੜੀ ਸੈਨਿਕ ਸ਼ਕਤੀ ਦੇ ਤੌਰ 'ਤੇ ਇਤਨੀ ਕਮਜ਼ੋਰ ਹੋ ਚੁੱਕੀ ਸੀ ਕਿ ਉਹ ਬਾਬਰ ਦੇ ਹਮਲਿਆਂ ਦੇ ਹੜ੍ਹ ਸਾਹਮਣੇ ਕੱਖਾਂ-ਕਾਨਿਆਂ ਵਾਂਗ ਰੁੜ ਗਈ ਸੀ। ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਦਾ ਸਮਾਂ ਰਾਜਨੀਤਿਕ ਤੌਰ 'ਤੇ ਹਫੜਾ-ਦਫੜੀ ਵਾਲਾ ਹੀ ਸੀ। ਸਮੁੱਚੀ ਅਮੀਰਸ਼ਾਹੀ ਜਾਂ ਸਮੁੱਚਾ ਜਾਗੀਰਦਾਰੀ ਢਾਂਚਾ ਇਖਲਾਕ ਤੋਂ ਗਿਰ ਚੁੱਕਿਆ ਸੀ। ਨਾ ਹੀ ਲੋਧੀ ਬਾਦਸ਼ਾਹਾ ਦਾ ਆਪਣੀਆਂ ਰਾਜਨੀਤਿਕ ਇਕਾਈਆਂ ਉੱਪਰ ਕੋਈ ਦਬਦਬਾ ਸੀ ਅਤੇ ਨਾ ਹੀ ਬਾਬਰ ਮੁੱਖ ਵਿਚ ਸਮੁੱਚੇ ਭਾਰਤ ਉੱਪਰ ਆਪਣਾ ਕੰਟਰੋਲ ਹੀ ਸਥਾਪਿਤ ਕਰ ਸਕਿਆ ਸੀ। ਸੱਭ ਅਹਿਲਕਾਰ, ਜਾਗੀਰਦਾਰ ਜਾਂ ਮਨਸਬਦਾਰ ਆਪੋ ਆਪਣੇ ਅਧਿਕਾਰਤ ਖੇਤਰਾਂ ਵਿਚ ਸੁਤੰਤਰ ਹਾਕ਼ਮ ਬਣੇ ਬੈਠੇ ਸਨ ਅਤੇ ਆਪਣੀ ਮਰਜ਼ੀ ਅਨੁਸਾਰ ਲੋਕਾਂ ਦਾ ਸ਼ੋਸ਼ਣ ਕ਼ਰ ਰਹੇ ਸਨ।

ਸਮਾਜਿਕ ਤੌਰ 'ਤੇ ਭਾਰਤੀ ਸਮਾਜ ਦੋ ਵਿਰੋਧੀ ਧੜਿਆਂ ਵਿਚ ਵੰਡਿਆ ਹੋਇਆ

ਸੀ।[1] ਇਹ ਵਿਰੋਧਤਾ ਸੀ ਮੁਸਲਿਮ ਅਤੇ ਹਿੰਦੂ ਸਮਾਜ ਦੀ। ਇਸ ਫਿਰਕੂ ਵਿਰੋਧਤਾ ਨੂੰ ਨਾ ਹੀ ਸਦੀਆਂ ਤੋਂ ਸਥਾਪਿਤ ਹੋਈ ਮੁਸਲਿਮ ਹਕੂਮਤ ਹੀ ਖਤਮ ਕਰ ਸਕੀ ਅਤੇ ਨਾ ਹੀ ਭਾਰਤ ਦੀਆਂ ਰਾਜਪੂਤ ਰਿਆਸਤਾਂ ਖ਼ਤਮ ਕਰ ਸਕੀਆਂ। ਕਿਉਂਕਿ ਬਰਾਹਮਣ ਸਰੈਣੀ ਨੇ ਹਿੰਦੂ ਸਮਾਜ ਨੂੰ ਇਤਨੀ ਬੁਰੀ ਤਰ੍ਹਾਂ ਜਕੜਿਆ ਹੋਇਆ ਸੀ ਕਿ ਕਿਸੇ ਵੀ ਹਾਕਮ ਦੀ ਕੋਈ ਵਾਹ ਨਹੀਂ ਸੀ ਚਲਦੀ। ਵੈਸੇ ਤਾਂ ਦੋਵੇਂ ਸਮਾਜ ਹੀ ਜਾਤ-ਵੰਡ ਵਿਚ ਜਕੜੇ ਹੋਏ ਸਨ ਪਰ ਹਿੰਦੂ ਸਮਾਜ ਤਾਂ ਬਹੁਤ ਬੁਰੀ ਤਰ੍ਹਾਂ ਇਸ ਜਾਤ-ਵੰਡ ਦਾ ਸ਼ਿਕਾਰ ਸੀ। ਮੁਸਲਿਮ ਸਮਾਜ ਤਾਂ ਆਪਣੀ ਰਾਜਨੀਤਿਕ ਸਰਦਾਰੀ ਕਰ ਕੇ ਆਪਣੀਆਂ ਕਮਜ਼ੋਰੀਆਂ ਉੱਪਰ ਪਰਦਾ ਪਾਉਂਦਾ ਚਲਿਆ ਆ ਰਿਹਾ ਸੀ ਪਰ ਹਿੰਦੂ ਸਮਾਜ ਕੋਲ ਤਾਂ ਕੁਝ ਵੀ ਨਹੀਂ ਸੀ। ਇਸ ਕਰ ਕੇ ਇਹ ਬਿਲਕੁਲ ਖੁੱਲੇ ਰੂਪ ਵਿਚ ਨਗਨ ਹੋਇਆ ਖੜਾ ਸੀ ਅਤੇ ਹਰ ਧਰਮ ਸੁਧਾਰਕ ਜਾਂ ਸਮਾਜ ਸੁਧਾਰਕ ਲਈ ਇਕ ਚੈਲਿੰਜ ਦਾ ਰੂਪ ਸੀ।

ਭਾਰਤ ਦੇ ਵੱਖ-ਵੱਖ ਖੇਤਰਾਂ ਵਿਚ ਭਾਵੇਂ ਇਸੀ ਸਮੇਂ ਭਗਤੀ ਲਹਿਰ ਦੀਆਂ ਅਵਾਜ਼ਾਂ ਆ ਰਹੀਆਂ ਸਨ ਅਤੇ ਭਗਤੀ ਲਹਿਰ ਦੇ ਮੋਢੀ ਹਿੰਦੂ ਸਮਾਜ ਦੀ ਬਦਤਰ ਸਥਿਤੀ ਨੂੰ ਬਦਲਣ ਦੀ ਦੁਹਾਈ ਵੀ ਦੇ ਰਹੇ ਸਨ ਪਰ ਇਹ ਸਭ ਉਹ ਕੰਮ ਨਹੀਂ ਕਰ ਸਕੇ ਜੋ ਗੁਰੂ ਨਾਨਕ ਸਾਹਿਬ ਨੇ ਪੰਜਾਂ ਦਰਿਆਵਾਂ ਦੀ ਧਰਤੀ ਪੰਜਾਬ ਉੱਪਰ ਕਰ ਵਿਖਾਇਆ ਸੀ। ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਆਪਣੀ ਸਮਕਾਲੀ ਸਮਾਜਿਕ ਸਥਿਤੀ ਨੂੰ ਅਤੇ ਇਸ ਦੀਆਂ ਫੋਕੀਆਂ ਰਹੁ-ਰੀਤਾਂ ਨੂੰ ਮੰਨਣ ਤੋਂ ਇਨਕਾਰ ਕੀਤਾ। ਮਿਥਿਹਾਸਿਕ ਕਥਾ-ਕਹਾਣੀਆਂ ਦੇ ਜਾਲ ਵਿਚ ਜਕੜੇ ਹੋਏ ਹਿੰਦੂ ਸਮਾਜ ਨੂੰ ਅਜਿਹੇ ਭਰਮਜਾਲ ਵਿੱਚੋਂ ਕੱਢਣ ਦਾ ਬੀੜਾ ਚੁੱਕਿਆ।[2] ਫਿਰ ਸਮਕਾਲੀ ਰਾਜਨੀਤਿਕ ਸਰਦਾਰੀ ਨੂੰ ਵੀ ਲਲਕਾਰਿਆ ਕਿਉਂਕਿ ਰਾਜਨੀਤਿਕ ਚੌਧਰ ਨੂੰ ਇਸ ਸਭ ਕੁਝ ਤੋਂ ਸਿੱਧਾ ਫਾਇਦਾ ਹੋ ਰਿਹਾ ਸੀ ਇਸ ਲਈ ਉਹ ਅਜਿਹੇ ਢਾਂਚੇ ਨੂੰ ਚਲਦਾ ਰੱਖਣ ਵਿਚ ਸਹਾਈ ਹੋ ਰਹੀ ਸੀ। ਇਸ ਦੇ ਨਾਲ ਹੀ ਸਦੀਆਂ ਤੋਂ ਲਿਤਾੜੀਦੇ ਆ ਰਹੇ ਮਜ਼ਦੂਰ ਲੋਕਾਂ ਦੀ, ਜਿਨ੍ਹਾਂ ਨੂੰ ਸ਼ੂਦਰ ਕਹਿ ਕੇ ਹਿੰਦੂ ਸਮਾਜ ਵਿੱਚੋਂ ਛੁਟਿਆਇਆ ਹੋਇਆ ਸੀ, ਬਾਂਹ ਫੜੀ ਅਤੇ ਉਨ੍ਹਾਂ ਨੂੰ ਆਪਣੀ ਜਨ-ਸ਼ਕਤੀ ਦਾ ਅਹਿਸਾਸ ਕਰਵਾਇਆ। ਸਿੱਟੇ ਵੱਜੋਂ ਭਾਰਤ ਦੇ ਅਨੇਕਾਂ ਅਸਥਾਨਾਂ ਅਤੇ ਪੰਜਾਬ ਦੇ ਹਰ ਅਸਥਾਨ 'ਤੇ ਜੋ ਗੁਰੂ ਨਾਨਕ ਸਾਹਿਬ ਦੇ ਸ਼ਿਸ਼ ਹੋਏ ਉਹ ਸਿਖ ਸੰਗਿਆ ਹੇਠ ਆਪਣੀਆਂ ਸੰਗਤਾਂ ਬਣਾ ਕੇ ਇਕ ਲਘੂ ਰੂਪ ਵਿਚ ਸੰਗਠਿਤ ਹੋ ਕੇ ਸਾਹਮਣੇ ਆਏ। ਇਹ ਸਿਖ ਧਰਮ ਜਾਂ ਸਿਖ ਇਨਕਲਾਬ ਦੀ ਸ਼ੁਰੂਆਤ ਸੀ। ਇਸ ਦਾ ਨਿਸ਼ਾਨਾ 'ਕੰਮ ਕਰੋ, ਵੰਡ ਛਕੋ ਅਤੇ ਨਾਮ ਜਪੋ' ਸੀ। ਇਹ ਸਮਾਜ ਕਿਸੇ ਦੇ ਅਧੀਨ ਨਹੀਂ ਸੀ ਸਗੋਂ ਆਪਣੀ ਹੋਣੀ ਦਾ ਆਪ ਮਾਲਕ ਸੀ। ਇਸ ਦਾ ਇਕੋ ਇਕ ਕੇਂਦਰ ਗੁਰੂ ਨਾਨਕ ਹੀ ਸੀ। ਗੁਰੂ ਹੀ ਇਸ ਦਾ ਰਹਿਨੁਮਾ ਸੀ, ਗੁਰੂ ਹੀ ਇਸ ਦਾ ਮੁਕਤੀਦਾਤਾ ਸੀ ਅਤੇ ਗੁਰੂ ਹੀ ਇਸ ਦਾ ਹਾਕਮ ਸੀ। ਗੁਰੂ ਦੇ ਰੂਪ ਵਿਚ ਪੰਜਾਬ ਦੀ ਧਰਤੀ 'ਤੇ ਇਕ ਨੇਤਾ ਐਸੇ

---

1. ਇਉਂ ਦੋਨੋਂ ਫਿਰਕੇ ਕਪਟ ਮੈ ਰਚ ਰਹੇ ਨਿਦਾਨਾ।
   ਇਉਂ ਤੀਸਰ ਮਜਹਬ ਖਾਲਸਾ ਉਪਜਿਓ ਪਰਧਾਨਾ।
   ਭਾਈ ਗੁਰਦਾਸ ਦੂਜਾ, *ਵਾਰਾਂ ਭਾਈ ਗੁਰਦਾਸ ਜੀ,* ਸ਼ਰੋਮਣੀ ਕਮੇਟੀ, ਅੰਮ੍ਰਿਤਸਰ 1981, ਵਾਰ 41ਵੀਂ, ਪਉੜੀ 66ਵੀਂ।
2. Gokul Chand Narang, *Transformation of Sikhism*, New Delhi, 1960, p. 24.

ਰੂਪ ਵਿਚ ਖੜਾ ਸੀ ਜਿਸ ਨੂੰ ਸਮੁੱਚਾ ਸਮਾਜ ਆਪਣਾ ਨੇਤਾ ਕਹਿ ਸਕਦਾ ਸੀ ਕਿਉਂਕਿ ਗੁਰੂ ਕਿਸੇ ਇਕ ਧੜੇ ਦਾ ਬੁਲਾਰਾ ਨਹੀ ਸੀ ਸਗੋਂ ਉਹ ਸਮੁੱਚੇ ਸਮਾਜ ਦੀ ਆਵਾਜ਼ ਸੀ। ਜਦੋਂ ਤੋਂ ਭਾਰਤ ਦੀ ਧਰਤੀ 'ਤੇ ਖ਼ਾਸ ਕਰ ਕੇ ਉੱਤਰੀ ਭਾਰਤ ਦੀ ਭੂਮੀ ਤੋਂ ਹਿੰਦੂ ਰਾਜ ਦਾ ਅੰਤ ਹੋਇਆ ਸੀ ਉਸ ਤੋਂ ਪਿੱਛੋਂ ਸਦੀਆਂ ਬੀਤ ਜਾਣ 'ਤੇ ਵੀ, ਭਾਵੇਂ ਇੱਥੇ ਅਨੇਕਾਂ ਹਮਲਾਵਰ, ਫ਼ੌਜੀ ਜਰਨੈਲ ਅਤੇ ਸੁਲਤਾਨ ਆਏ ਪਰ ਸਮੁੱਚੇ ਭਾਰਤੀ ਸਮਾਜ ਨੇ ਇਕ ਆਵਾਜ਼ ਵਿਚ ਕਿਸੇ ਨੂੰ ਵੀ ਆਪਣਾ ਨੇਤਾ ਨਹੀਂ ਮੰਨਿਆ ਸੀ। ਸਿਖ ਧਰਮ ਦਾ ਬਾਨੀ ਗੁਰੂ ਨਾਨਕ, ਪੰਜਾਬ ਦੀ ਜ਼ਮੀਨ 'ਤੇ ਇਕ ਸਰਬ ਸਾਂਝੇ ਨੇਤਾ ਦੇ ਤੌਰ 'ਤੇ ਖੜਾ ਸੀ ਅਤੇ ਸਮਾਜ ਦਾ ਹਰ ਵਰਗ ਉਸ ਨੂੰ ਆਪਣਾ ਕਹਿ ਕੇ ਮਾਣ ਮਹਿਸੂਸ ਕਰਦਾ ਸੀ।[1] ਬਾਬਰ ਦੇ ਹਮਲਿਆਂ ਦੇ ਖ਼ਿਲਾਫ਼ ਜੋ ਗੁਰੂ ਨਾਨਕ ਨੇ ਵਿਰੋਧੀ ਆਵਾਜ਼[2] ਉਠਾਈ ਸੀ ਤਾਂ ਇਸ ਦਾ ਕਾਰਨ ਵੀ ਇਹੀ ਸੀ ਕਿ ਬਾਬਰ ਦੇ ਹਮਲਿਆਂ ਨਾਲ ਹੋਰ ਕੁੱਝ ਨਹੀ ਵਿਗੜਿਆ ਸੀ ਸਗੋਂ ਗੁਰੂ ਨਾਨਕ ਦੇ ਸਮਾਜ ਨੂੰ ਸੱਟ ਵਜੀ ਸੀ। ਜਿਸ ਦੇ ਦਿਲ ਨੂੰ ਸੱਟ ਵਜਦੀ ਹੁੰਦੀ ਹੈ ਕੂਕ ਉਸੇ ਦੇ ਮੂੰਹ ਵਿੱਚੋਂ ਹੀ ਨਿਕਲਦੀ ਹੈ। ਨਹੀਂ ਤਾਂ ਉਸ ਸਮੇਂ ਇੱਥੇ ਅਨੇਕਾਂ ਬਰਾਹਮਣ, ਰਾਜਪੂਤ ਜਰਨੈਲ, ਲੋਧੀ ਬਾਦਸ਼ਾਹਾਂ ਦੇ ਸੂਬੇਦਾਰ ਅਤੇ ਸੈਨਿਕ ਅਧਿਕਾਰੀ ਵੀ ਸਨ ਪਰ ਇਨ੍ਹਾਂ ਵਿੱਚੋਂ ਕੋਈ ਇਕ ਵੀ ਕੂਕਿਆ ਤੱਕ ਨਹੀਂ ਸੀ।

ਇਸ ਤਰ੍ਹਾਂ 70 ਸਾਲ ਦੀਆ ਕਰਾਂਤੀਕਾਰੀ ਯਾਤਰਾਵਾਂ, ਸਿੱਖਿਆਵਾਂ ਅਤੇ ਪਹਿਲ ਕਦਮੀਆਂ ਦੁਆਰਾ ਜੋ ਸਿਖ ਸਮਾਜ ਪੰਜਾਬ ਦੀ ਧਰਤੀ 'ਤੇ ਸਥਾਪਿਤ ਹੋਇਆ ਸੀ ਉਸ ਦੀ ਵਾਗ-ਡੋਰ ਆਪਣੇ ਇਕ ਅਤੀ ਸਿਆਣੇ ਅਤੇ ਸ਼ਰਧਾਵਾਨ ਸਿਖ ਭਾਈ ਲਹਿਣਾ ਜੀ ਨੂੰ ਸੌਂਪ ਕੇ ਆਪ 1539 ਈ. ਵਿਚ ਸਾਡੇ ਵਿੱਚੋਂ ਅਲੋਪ ਹੋ ਗਏ ਸਨ। ਤੇਜਾ ਸਿੰਘ ਗੰਡਾ ਸਿੰਘ ਨੇ ਗੁਰੂ ਨਾਨਕ ਸਾਹਿਬ ਦੀਆਂ ਪਰਾਪਤੀਆ ਨੂੰ ਇਨ੍ਹਾਂ ਸਤਰਾਂ ਵਿਚ ਸਮੇਟ ਕੇ ਦੱਸਣ ਦੀ ਕੋਸ਼ਿਸ਼ ਕੀਤੀ ਹੈ। 'ਗੁਰੂ ਨਾਨਕ ਦੀ ਅਗਵਾਈ ਹੇਠ ਸਿਖ ਧਰਮ ਨੇ ਆਪਣੇ ਆਪ ਨੂੰ ਇਕ ਸੰਸਾਰ-ਸ਼ਕਤੀ ਵੱਜੋਂ ਜਥੇਬੰਦ ਕਰਨਾ ਸੀ ਅਤੇ ਮਨੁੱਖਤਾ ਦੀ ਉੱਨਤੀ ਲਈ ਇਕ ਜਿਉਂਦਾ ਅਤੇ ਸ਼ਕਤੀਸ਼ਾਲੀ ਸਮਾਜ ਉਸਾਰਨਾ ਸੀ। ਗੁਰੂ ਜੀ ਨਾ ਕੇਵਲ ਇਕ ਸਮਾਜ ਸੁਧਾਰਕ ਹੀ ਸਨ ਸਗੋਂ ਇਕ ਨਵੇਂ ਧਰਮ ਦੇ ਬਾਨੀ ਵੀ ਸਨ।'[3]

ਭਾਈ ਲਹਿਣਾ ਜੀ ਸਾਹਿਬ ਸਿਰੀ ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਸਿਖ ਸਮਾਜ ਦੇ ਦੂਜੇ ਪਾਤਸ਼ਾਹ ਬਣੇ। ਇਨ੍ਹਾਂ ਦਾ ਸਮਾਂ ਹਮਾਯੂੰ ਅਤੇ ਸ਼ੇਰ ਸ਼ਾਹ ਸੂਰੀ ਦੇ ਰਾਜ-ਕਾਜ ਦਾ ਸਮਾਂ ਸੀ। ਸਮਾਂ ਇਹ ਵੀ ਰਾਜਨੀਤਿਕ ਹਫੜਾ-ਦਫੜੀ ਵਾਲਾ ਹੀ ਸੀ ਕਿਉਂਕਿ ਗੁਰੂ ਅੰਗਦ ਦੇਵ ਜੀ ਦੇ ਸਾਹਮਣੇ ਹੀ ਹਮਾਯੂੰ ਦਾ ਰਾਜ ਖ਼ਤਮ ਹੋਇਆ ਅਤੇ ਸ਼ੇਰ ਸ਼ਾਹ ਸੂਰੀ ਦਾ ਸਥਾਪਿਤ। ਥੋੜ੍ਹੇ ਸਮੇਂ ਪਿੱਛੋਂ ਹੀ ਫਿਰ ਸੂਰੀ ਸਾਮਰਾਜ ਦਾ ਖ਼ਾਤਮਾ ਹੋ ਕੇ ਹਮਾਯੂੰ ਦਾ ਰਾਜ ਸਥਾਪਿਤ ਹੋਇਆ, ਪਰ ਗੁਰੂ ਅੰਗਦ ਦੇਵ ਜੀ ਇਸ ਸਾਰੇ ਉਤਰਾਅ-ਚੜ੍ਹਾਅ ਤੋਂ ਖਿਲਕੁਲ

1. Ibid, p. 26.
2. ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।
   ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ।
   ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਤਿਲੰਗ ਮਹਲਾ 1, ਪੰਨਾ 722.
3. *ਸਿੱਖ ਇਤਿਹਾਸ* (1469-1765), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985, ਪੰਨਾ 1.

ਨਿਰਲੇਪ ਸਨ।

ਉਨ੍ਹਾਂ ਨੇ ਸਭ ਤੋਂ ਪਹਿਲਾਂ ਆਪਣੇ ਗੁਰਸਿੱਖਾਂ ਦੀ ਕਿਰਤ-ਕਮਾਈ ਵਿੱਚੋਂ ਦਸਵੰਧ ਲੈ ਕੇ ਲੋੜਵੰਦਾਂ ਵਾਸਤੇ ਲੰਗਰ ਦੀ ਪਰੰਪਰਾ ਸ਼ੁਰੂ ਕੀਤੀ। ਦਿਨ ਰਾਤ ਗੁਰੂ ਜੀ ਦਾ ਲੰਗਰ ਚਲਦਾ ਰਹਿੰਦਾ ਸੀ ਅਤੇ ਦੇਸੀ ਘਿਉ ਅਤੇ ਦੁੱਧ ਦੀ ਬਣੀ ਖੀਰ ਵਰਤਾਈ ਜਾਂਦੀ ਸੀ। ਗੁਰੂ ਸਾਹਿਬ ਦੇ ਸਮਕਾਲੀ ਭੱਟਾਂ ਵੱਲੋਂ ਇਸ ਲੰਗਰ ਦੀ ਬਹੁਤ ਪਰਸੰਸਾ ਕੀਤੀ ਗਈ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।[1] ਦੂਜਾ ਵੱਡਾ ਕੰਮ ਗੁਰੂ ਅੰਗਦ ਦੇਵ ਜੀ ਨੇ ਗੁਰਮੁੱਖੀ ਲਿਪੀ ਨੂੰ ਇਕ ਵਿਸ਼ੇਸ਼ ਰੂਪ ਦੇ ਕੇ ਕੀਤਾ ਗਿਆ। ਇਸ ਕੰਮ ਨੇ ਸਿਖ ਸਮਾਜ ਵਿਚ ਹੋਰ ਵਿਸ਼ਵਾਸ਼ ਪੈਦਾ ਕੀਤਾ। ਜ਼ੁਲਫਕਾਰ ਅਰਧਸਤਾਨੀ ਲਿਖਦਾ ਹੈ ਕਿ ਗੁਰੂ ਅੰਗਦ ਦੇਵ ਜੀ ਦੇ ਸਮੇਂ ਵਿਚ ਸਿਖ ਹਿੰਦੂ ਸਮਾਜ ਨਾਲੋਂ ਇਤਨੇ ਭਿੰਨ ਹੋ ਗਏ ਸਨ ਕਿ ਉਹ ਹਿੰਦੂ ਮੰਤਰਾਂ ਦਾ ਪਾਠ ਕਰਨੋਂ ਹਟ ਗਏ ਸਨ। ਉਹ ਨਾ ਹੀ ਹਿੰਦੂ ਮੂਰਤੀਆਂ ਵਾਲੇ ਮੰਦਰਾਂ ਦਾ ਸਤਿਕਾਰ ਕਰਦੇ ਸਨ ਅਤੇ ਨਾ ਹੀ ਹਿੰਦੂ ਅਵਤਾਰਾਂ ਦਾ। ਉਹ ਸੰਸਕਰਿਤ ਭਾਸ਼ਾ ਨੂੰ ਬਿਲਕੁਲ ਨਹੀਂ ਪੜ੍ਹਦੇ ਸਨ ਜਿਹੜੀ ਕਿ ਹਿੰਦੂਆ ਅਨੁਸਾਰ ਦੇਵਤਿਆਂ ਦੀ ਭਾਸ਼ਾ ਸਮਝੀ ਜਾਂਦੀ ਸੀ।[2] ਸੰਨ 1552 ਵਿਚ ਗੁਰੂ ਜੀ ਗੁਰੂ ਅਮਰ ਦਾਸ ਜੀ ਨੂੰ ਸਿਖ ਸਮਾਜ ਦਾ ਤੀਜਾ ਪਾਤਸ਼ਾਹ ਥਾਪ ਕੇ ਪਰਲੋਕ ਸਿਧਾਰ ਗਏ ਸਨ।

ਗੁਰੂ ਅਮਰ ਦਾਸ ਜੀ 1552 ਈ. ਤੋਂ ਲੈ ਕੇ 1574 ਈ. ਤੱਕ ਤੀਜੇ ਪਾਤਸ਼ਾਹ ਦੇ ਤੌਰ 'ਤੇ ਵਿਚਰਦੇ ਰਹੇ ਸਨ। ਇਹ ਸਮਾਂ ਅਕਬਰ ਬਾਦਸ਼ਾਹ ਦਾ ਸੀ ਜਿਸ ਨੇ ਆਪਣੀ ਧਰਮ ਨਿਰਪੱਖਤਾ ਸਦਕਾ ਸਮੁੱਚੀ ਭਾਰਤੀ ਜਨਤਾ ਦਾ ਮਨ ਮੋਹ ਲਿਆ ਸੀ। ਇਸ ਸਮੇਂ ਪੰਜਾਬ ਵਿਚ ਅਨੇਕਾਂ ਐਸੇ ਮਤ ਚਲ ਰਹੇ ਸਨ ਜਿਹੜੇ ਸਿਖ ਧਰਮ ਨੂੰ ਕੌੜੀ ਅੱਖ ਨਾਲ ਤੱਕਦੇ ਸਨ ਅਤੇ ਗੁਰੂ ਅਮਰ ਦਾਸ ਜੀ ਦੇ ਰਸਤੇ ਵਿਚ ਅੜਿੱਕੇ ਵੀ ਖੜੇ ਕਰਦੇ ਸਨ। ਇਹਨਾਂ ਵਿਚ ਮੁੱਖ ਤੌਰ 'ਤੇ ਬਾਬਾ ਸਿਰੀ ਚੰਦ ਦੇ ਉਦਾਸੀ, ਸਰਵਰੀਏ ਅਤੇ ਕੁੱਝ ਮਾਝਾ ਇਲਾਕੇ ਦੇ ਸਥਾਨਿਕ ਤਪੇ ਅਤੇ ਬਰਾਹਮਣ ਸਨ, ਪਰ ਗੁਰੂ ਅਮਰ ਦਾਸ ਜੀ ਦੀ ਸਹਿਣ-ਸ਼ੀਲਤਾ ਅਤੇ ਸਰਬਸਾਂਝੇ ਪਰਚਾਰ ਨੇ ਇਹਨਾਂ ਸਭ ਨੂੰ ਚੁੱਪ ਕਰਵਾ ਦਿੱਤਾ ਸੀ। ਬਾਦਸ਼ਾਹ ਅਕਬਰ ਦਾ ਵੀ ਇਸ ਵਿਚ ਬਹੁਤ ਯੋਗਦਾਨ ਸੀ। ਅਸਲ ਵਿਚ ਬਾਦਸ਼ਾਹ ਅਕਬਰ ਗੁਰੂ ਜੀ ਦੀ ਵਿਦਵਤਾ ਅਤੇ ਸਮਾਜ ਸੁਧਾਰਾਂ ਤੋਂ ਇਤਨਾ ਕਾਇਲ ਸੀ ਕਿ ਉਹ ਖੁਦ ਗੁਰੂ ਜੀ ਦੇ ਦਰਬਾਰ ਦਾ ਦਰਸ਼ਨ ਅਭਿਲਾਖੀ ਸੀ। ਕਈ ਮੁਸਲਿਮ ਉਪਦਰਵੀਆਂ ਨੂੰ ਤਾਂ ਬਾਦਸ਼ਾਹ ਨੇ ਖੁਦ ਸਜ਼ਾ ਦਿੱਤੀ ਸੀ। ਉਦਾਸੀਆਂ ਨਾਲੋਂ ਸਪੱਸ਼ਟ ਨਿਖੇੜਾ ਕਰਨ ਲਈ ਗੁਰੂ ਜੀ ਨੇ ਸਿਖਾਂ ਨੂੰ ਸਖਤ ਹਦਾਇਤਾਂ ਕਰ ਦਿੱਤੀਆਂ ਸਨ।

ਗੁਰੂ ਅਮਰ ਦਾਸ ਜੀ ਨੇ ਸਿਖ ਸਮਾਜ ਨੂੰ ਜਥੇਬੰਦਕ ਤੌਰ 'ਤੇ ਮਜਬੂਤ ਕਰਨ ਲਈ ਮੰਜੀ ਸਿਸਟਮ ਲਾਗੂ ਕੀਤਾ। ਇਸ ਤਹਿਤ ਸਮੁੱਚੇ ਸਿਖ ਸਮਾਜ ਨੂੰ ਵੱਖ-ਵੱਖ ਖੇਤਰਾਂ ਵਿਚ ਵੰਡ ਕੇ ਹਰ ਖੇਤਰ ਵਿਚ ਇਕ-ਇਕ ਮੰਜੀਦਾਰ ਭਾਵ ਕਿ ਪਰਚਾਰਕ ਜਿਸ ਨੂੰ

---

1. ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ।
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ।
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 967.
2. ਤੇਜਾ ਸਿੰਘ ਗੰਡਾ ਸਿੰਘ ਦੇ ਦਿਤੇ ਹਵਾਲੇ ਅਨੁਸਾਰ *ਪੂਰਵ ਅੰਕ*, ਪੰਨਾ 22.

ਸਿਖ ਸੰਗਤਾਂ ਦੇ ਇਕੱਠ ਵਿਚ ਮੰਜੀ ਉੱਪਰ ਬੈਠਣ ਦਾ ਅਧਿਕਾਰ ਹੁੰਦਾ ਸੀ, ਨੀਅਤ ਕਰ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਮੰਜੀਦਾਰਾਂ ਰਾਹੀਂ ਗੁਰੂ ਜੀ ਅਤੇ ਸਿਖ ਸੰਗਤਾਂ ਦਾ ਲਗਾਤਾਰ ਸੰਪਰਕ ਬਣਿਆ ਰਹਿੰਦਾ ਸੀ।

ਗੁਰੂ ਅਮਰ ਦਾਸ ਜੀ ਨੇ ਹਿੰਦੂ ਤੀਰਥਾਂ ਦੀ ਯਾਤਰਾ ਵੀ ਕੀਤੀ ਤਾਂ ਕਿ ਮਿਥਿਹਾਸਿਕ ਭਰਮਾਂ ਵਿਚ ਜਕੜੇ ਲੋਕਾਂ ਨੂੰ ਅਸਲੀਅਤ ਦਾ ਗਿਆਨ ਕਰਵਾਇਆ ਜਾਵੇ। ਗੁਰੂ ਜੀ ਨੇ ਤੀਰਥਾਂ ਉੱਪਰ ਜਾਣ ਸਮੇਂ ਸਰਕਾਰ ਨੂੰ ਦਿੱਤੇ ਜਾਣ ਵਾਲੇ ਟੈਕਸ ਨੂੰ ਭਰਨ ਤੋਂ ਇਨਕਾਰ ਕੀਤਾ[1] ਅਤੇ ਬਾਕੀ ਲੋਕਾਂ ਨੂੰ ਵੀ ਅਜਿਹਾ ਕਰਨ ਲਈ ਕਿਹਾ। ਇਹ ਪਹਿਲਾਂ ਮੌਕਾ ਸੀ ਜਦੋਂ ਕਿਸੇ ਭਾਰਤੀ ਨੇਤਾ ਨੇ ਸਰਕਾਰ ਦੀ ਬੇਇਨਸਾਫੀ ਨੂੰ ਲਲਕਾਰਿਆ। ਸਿੱਟੇ ਵੱਜੋਂ ਅਕਬਰ ਬਾਦਸ਼ਾਹ ਨੂੰ ਇਹ ਟੈਕਸ ਮੁਆਫ ਕਰਨਾ ਪਿਆ। ਗੋਇੰਦਵਾਲ ਸਾਹਿਬ ਵਿਖੇ ਸੰਨ 1557-59 ਈ. ਵਿਚ ਬਉਲੀ ਸਥਾਪਿਤ ਕੀਤੀ ਗਈ।[2] ਇਸ ਨਾਲ ਸਿਖਾਂ ਨੂੰ ਇਕ ਐਸਾ ਤੀਰਥ ਅਸਥਾਨ ਮਿਲ ਗਿਆ ਜਿੱਥੇ ਉਹ ਜਾਤਪਾਤ ਦੇ ਬੰਧਨਾਂ ਨੂੰ ਤੋੜ ਕੇ ਇਕੱਠੇ ਇਸ਼ਨਾਨ ਕਰਦੇ ਸਨ। ਇਹ ਪਹਿਲਾਂ ਤੀਰਥ ਅਸਥਾਨ ਸੀ ਜਿੱਥੇ ਇਕ ਖਤਰੀ ਅਤੇ ਸ਼ੂਦਰ ਇਕੱਠੇ ਇਸ਼ਨਾਨ ਕਰ ਸਕਦੇ ਸਨ।

ਸਤੀ ਰਸਮ ਹਿੰਦੂ ਸਮਾਜ ਦਾ ਇਕ ਐਸਾ ਕੋਹੜ ਸੀ ਜਿਸ ਨੂੰ ਕੋਈ ਵੀ ਭਗਤੀ ਲਹਿਰ ਦਾ ਨੇਤਾ ਬੰਦ ਨਹੀਂ ਕਰਵਾ ਸਕਿਆ ਪਰ ਗੁਰ ਅਮਰ ਦਾਸ ਜੀ ਨੇ ਇਸ ਦੇ ਖਿਲਾਫ ਜ਼ਬਰਦਸਤ ਆਵਾਜ਼ ਉਠਾਈ ਅਤੇ ਕਈ ਵਿਧਵਾਵਾਂ ਦੇ ਮੁੜ ਤੋਂ ਵਿਆਹ ਕਰਵਾਏ ਸਨ। ਇਸ ਤਰ੍ਹਾਂ ਗੁਰੂ ਅਮਰ ਦਾਸ ਜੀ ਦੇ ਸਮੁੱਚੇ ਜੀਵਨ ਕਾਲ ਵਿਚ ਸਿਖ ਸਮਾਜ ਨੇ ਜੋ ਵਿਕਾਸ ਕੀਤਾ ਉਸ ਨੂੰ ਅਸੀਂ ਹਿੰਦੂ ਭੂਸ਼ਣ ਬੈਨਰਜੀ ਦੇ ਸ਼ਬਦਾਂ ਵਿਚ ਇਉਂ ਬਿਆਨ ਕਰ ਸਕਦੇ ਹਾਂ, 'ਉਨ੍ਹਾਂ ਦੀ ਛਤਰ ਛਾਇਆ ਹੇਠ ਨਵੀਨ ਧਰਮ ਦਾ ਨਾਂ ਦੂਰ-ਦੂਰ ਤੱਕ ਫੈਲ ਗਿਆ ਸੀ। ਇਕ ਵੱਖਰੀ ਜਥੇਬੰਦੀ ਦੇ ਨਿਯਮ ਬਣਾ ਦਿੱਤੇ ਗਏ ਸਨ। ਪਰਾਚੀਨਤਾ ਨੂੰ ਉਲੰਘਣ ਅਤੇ ਨਵ-ਧਰਮੀਆਂ ਨੂੰ ਵਧੇਰੇ ਸੰਗਠਿਤ ਕਰਨ ਲਈ ਨਵੀਨ ਰੂਪ ਅਤੇ ਰਿਵਾਜ ਪਰਚਲਿਤ ਕਰ ਦਿੱਤੇ ਗਏ। ਨਿਰਸੰਦੇਹ ਗੁਰੂ ਅੰਗਦ ਦੇਵ ਜੀ ਨੇ ਸਿਖਾਂ ਨੂੰ ਨਿਜੀ ਵਿਅਕਤਿੱਤਵ ਪ੍ਰਦਾਨ ਕਰਨ ਲਈ ਕਾਫੀ ਕੁਝ ਕੀਤਾ ਸੀ ਪਰ ਗੁਰੂ ਅਮਰ ਦਾਸ ਦੇ ਸਮੇਂ ਵਿਚ ਹੀ ਹਿੰਦੂ ਅਤੇ ਸਿਖ ਵਿਚਲਾ ਅੰਤਰ ਵਧੇਰੇ ਉਘੜ ਸਕਿਆ ਸੀ। ਸਿਖ ਹੌਲੇ-ਹੌਲੇ ਸਨਾਤਨ, ਹਿੰਦੂ ਸਮਾਜ ਤੋਂ ਵੱਖਰੇ ਹੁੰਦੇ ਗਏ ਅਤੇ ਆਪਣੀ ਇਕ ਨਵੀਂ ਸ਼੍ਰੇਣੀ ਅਤੇ ਨਵੇਂ ਭਾਈਚਾਰੇ ਵਿਚ ਬੱਝਦੇ ਗਏ।'[3]

ਸੰਨ 1574 ਈ. ਵਿਚ ਗੁਰੂ ਅਮਰ ਦਾਸ ਜੀ ਪਰਲੋਕ ਸਿਧਾਰ ਗਏ ਅਤੇ ਗੁਰੂ ਰਾਮ

---

1. ਤ੍ਰਿਤਿਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ।
   ਸਭ ਮੋਹੀ ਦੇਖਿ ਦਰਸਨੁ ਗੁਰ ਸੰਤ ਕਿਨੈ ਆਢੁ ਨ ਦਾਮੁ ਲਇਆ।
   ਆਢੁ ਦਾਮੁ ਕਿਛੁ ਪਇਆ ਨ ਬੋਲਕ ਜਾਗਾਤੀਆ ਮੋਹਣ ਮੁੰਦਣਿ ਪਈ।
   ਭਾਈ ਹਮ ਕਰਹ ਕਿਆ ਕਿਸੁ ਪਾਸਿ ਮਾਗਹ ਸਭ ਭਾਗਿ ਸਤਿਗੁਰ ਪਿਛੈ ਪਈ।
   ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ ਭੰਨਿ ਬੋਲਕਾ ਸਭਿ ਉਠਿ ਗਇਆ।
   ਸ੍ਰੀ ਗੁਰੂ ਗ੍ਰੰਥ ਸਾਹਿਬ, ਤੁਖਾਰੀ ਮਹਲਾ 4, ਪੰਨੇ 116-17.
2. ਭਾਈ ਕਾਨ੍ਹ ਸਿੰਘ ਨਾਭਾ ਦਾ ਲੇਖ 'ਇਤਿਹਾਸ,' ਪੁਸਤਕ, ਕਰਮ ਸਿੰਘ ਹਿਸਟੋਰੀਅਨ (ਸੰ.), *ਬਹੁਮੁੱਲੇ ਇਤਿਹਾਸਕ ਲੇਖ*, ਅੰਮ੍ਰਿਤਸਰ 1963, ਪੰਨਾ 58.
3. *Evolution of the Khalsa*, Vol. I, Calcutta, 1972, pp. 182-83.

ਦਾਸ ਜੀ ਚੌਥੇ ਪਾਤਸ਼ਾਹ ਦੇ ਰੂਪ ਵਿਚ ਸੁਸ਼ੋਭਿਤ ਹੋਏ। ਗੁਰੂ ਰਾਮਦਾਸ ਜੀ ਦਾ ਸਮਾ 1574 ਤੋਂ ਲੈ ਕੇ 1581 ਈ. ਤੱਕ ਦਾ ਸੀ। ਇਹ ਵੀ ਬਾਦਸ਼ਾਹ ਅਕਬਰ ਦਾ ਹੀ ਸਮਾਂ ਸੀ। ਜਿਸ ਤਰ੍ਹਾਂ ਸਮੁੱਚੇ ਭਾਰਤ ਦੀ ਰਾਜਨੀਤਿਕ ਸਥਿਤੀ ਸ਼ਾਂਤੀ ਅਤੇ ਸਥਿਰਤਾ ਵਾਲੀ ਸੀ ਉਸੇ ਤਰ੍ਹਾਂ ਗੁਰੂ ਰਾਮ ਦਾਸ ਜੀ ਦਾ ਸਮਾਂ ਵੀ ਸ਼ਾਂਤੀ ਅਤੇ ਸਥਿਰਤਾ ਵਾਲਾ ਸੀ। ਅਕਬਰ ਗੁਰੂ ਜੀ ਦੀ ਬੌਧਿਕਤਾ ਅਤੇ ਉੱਚੇ ਵਿਚਾਰਾਂ ਤੋਂ ਬਹੁਤ ਕਾਇਲ ਸੀ। ਗੁਰੂ ਜੀ ਨੇ ਸਭ ਤੋਂ ਪਹਿਲਾਂ ਅੰਮਿਰਤਸਰ ਵਾਲੀ ਥਾਂ ਸਥਾਨਿਕ ਲੋਕਾਂ ਕੋਲੋਂ ਮੁੱਲ ਲੈ ਕੇ ਇੱਥੇ ਸਿਖ ਧਰਮ ਦਾ ਕੇਂਦਰ ਕਾਇਮ ਕੀਤਾ। ਸ਼ਹਿਰ ਦੇ ਵਿਕਾਸ ਲਈ ਵੱਖ-ਵੱਖ ਕਿੱਤਿਆਂ ਦੇ ਮਾਹਰ ਲੋਕਾਂ ਨੂੰ ਇੱਥੇ ਲਿਆ ਕੇ ਵਸਾਇਆ। ਗੁਰੂ ਰਾਮ ਦਾਸ ਜੀ ਨੇ ਉਹਨਾਂ ਸਭ ਘਟਨਾਵਾਂ ਨੂੰ ਵੀ ਕਲਮਬੰਦ ਕੀਤਾ ਜਿਹੜੀਆਂ ਗੁਰੂ ਅਮਰ ਦਾਸ ਜੀ ਨਾਲ ਸੰਬੰਧਿਤ ਸਨ ਅਤੇ ਗੁਰੂ ਰਾਮ ਦਾਸ ਜੀ ਨੇ ਉਹਨਾਂ ਨੂੰ ਆਪਣੀ ਅੱਖੀਂ ਦੇਖਿਆ ਸੀ। ਇਹ ਸਭ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।[1] ਇਸ ਤਰ੍ਹਾਂ ਸਾਡੇ ਪਾਸ ਇਕ ਬਹੁਤ ਹੀ ਭਰੋਸੇਯੋਗ ਇਤਿਹਾਸਿਕ ਜਾਣਕਾਰੀ ਦਾ ਸਰੋਤ ਪਰਾਪਤ ਹੋ ਗਿਆ। ਸੰਨ 1581 ਈ. ਵਿਚ ਗੁਰੂ ਜੀ ਜੋਤੀ ਜੋਤ ਸਮਾ ਗਏ ਅਤੇ ਗੁਰੂ ਅਰਜਨ ਦੇਵ ਜੀ ਸਿਖਾਂ ਦੇ ਪੰਜਵੇਂ ਪਾਤਸ਼ਾਹ ਬਣੇ।

ਗੁਰੂ ਅਰਜਨ ਦੇਵ ਜੀ ਦਾ ਸਮਾਂ 1581 ਤੋਂ ਲੈ ਕੇ 1606 ਈ. ਤੱਕ ਦਾ ਸੀ। ਇਸ ਸਮੇਂ ਸ਼ਹਿਨਸ਼ਾਹ ਅਕਬਰ ਅਤੇ ਅਖੀਰਲੇ ਦੋ ਸਾਲ ਸ਼ਹਿਨਸ਼ਾਹ ਜਹਾਂਗੀਰ ਦਾ ਰਾਜ ਰਿਹਾ। ਗੁਰੂ ਜੀ ਦਾ ਸਮਾਂ ਸਿਖ ਧਰਮ ਦੇ ਵਿਕਾਸ ਦੇ ਸਿਖਰ ਦਾ ਸਮਾਂ ਸੀ। ਇਸ ਸਮੇਂ ਸਿਖ ਧਰਮ ਪੰਜਾਬ ਦੇ ਮਾਲਵਾ ਅਤੇ ਮਾਝਾ ਦੇ ਪੇਂਡੂ ਖੇਤਰਾਂ ਵਿਚ ਵੀ ਫੈਲ ਗਿਆ ਸੀ। ਪੰਜਾਬ ਦਾ ਕਿਸਾਨ ਤਬਕਾ ਸਮੁੱਚੇ ਰੂਪ ਵਿਚ ਸਿਖ ਧਰਮ ਨੂੰ ਆਪਣਾ ਰਿਹਾ ਸੀ ਪਰ ਇਸ ਸਮੇਂ ਅਨੇਕਾਂ ਐਸੀਆਂ ਮੁਸ਼ਕਿਲਾਂ ਵੀ ਸਾਹਮਣੇ ਆਈਆਂ ਜਿਹੜੀਆਂ ਪਰਿਵਾਰਿਕ ਝਗੜਿਆਂ ਨਾਲ ਸੰਬੰਧਿਤ ਸਨ ਪਰ ਗੁਰੂ ਜੀ ਦੇ ਰਾਹ ਵਿਚ ਜ਼ਬਰਦਸਤ ਰੋੜੇ ਅਟਕਾ ਰਹੀਆਂ ਸਨ। ਇਸ ਦਾ ਜ਼ਿੰਮੇਵਾਰ ਗੁਰੂ ਜੀ ਦਾ ਵੱਡਾ ਭਰਾ ਪਿਰਥੀਆ ਸੀ ਜਿਸ ਨੂੰ ਸੁਲਹੀ ਖਾਂ ਜੈਸੇ ਸਥਾਨਿਕ ਅਫਸਰ ਜਾਂ ਬੀਰਬਲ ਅਤੇ ਚੰਦੂ ਮਲ ਜੈਸੇ ਸਰਕਾਰੀ ਅਸਰ ਰਸੂਖ ਵਾਲੇ ਹਿੰਦੂ ਅਧਿਕਾਰੀ ਸਮੇਂ-ਸਮੇਂ ਤੇ ਮਦਦ ਦੇ ਰਹੇ ਸਨ ਪਰ ਇਕ ਤਾਂ ਗੁਰੂ ਜੀ ਦੀ ਸਹਿਣਸ਼ੀਲਤਾ ਨੇ ਅਤੇ ਦੂਜਾ ਅਕਬਰ ਦੀ ਧਰਮ-ਨਿਰਪੱਖਤਾ ਨੇ ਅਜਿਹੀਆਂ ਮੁਸ਼ਕਿਲਾਂ ਨੂੰ ਛੇਤੀ ਹੀ ਦਬਾ ਦਿੱਤਾ।[2]

ਗੁਰੂ ਜੀ ਨੇ ਸਭ ਤੋਂ ਪਹਿਲਾਂ ਕੰਮ ਸਿਖ ਸੰਗਤਾਂ ਨੂੰ ਸੰਗਠਿਤ ਕਰਨ ਦਾ ਕੀਤਾ। ਭਾਵੇਂ ਮਸੰਦ ਸਿਸਟਮ ਗੁਰੂ ਰਾਮਦਾਸ ਜੀ ਦੇ ਸਮੇਂ ਹੀ ਸਥਾਪਿਤ ਹੋ ਗਿਆ ਸੀ ਪਰ ਇਸ ਨੂੰ ਅਸਲੀ ਅਤੇ ਸਹੀ ਰੂਪ ਗੁਰੂ ਅਰਜਨ ਦੇਵ ਜੀ ਨੇ ਹੀ ਦਿੱਤਾ। ਇਸ ਨਾਲ ਪੂਰੀ ਬਾਕਾਇਦਗੀ ਨਾਲ ਸਿਖ ਧਰਮ ਦਾ ਪਰਚਾਰ ਹੋਣ ਲਗਿਆ ਅਤੇ ਸਿਖ ਕੇਂਦਰ, ਮਾਇਕ ਅਤੇ ਜਥੇਬੰਦਕ ਤੌਰ 'ਤੇ ਹੋਰ ਮਜ਼ਬੂਤ ਹੋ ਗਿਆ।

---

1. ਇਸ ਦਾ ਇਸ਼ਾਰੇ ਮਾਤਰ ਵੇਰਵਾ ਪਿੱਛੇ ਆ ਚੁਕਿਆ ਹੈ। ਵਿਸਥਾਰ ਲਈ ਦੇਖੋ *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 11-16-17.
2. ਸਾਨੂੰ ਇਹ ਗੱਲ ਨਜ਼ਰਅੰਦਾਜ਼ ਨਹੀਂ ਕਰਨੀ ਚਾਹੀਦੀ ਕਿ ਅਕਬਰ ਦੀ ਧਾਰਮਿਕ ਸਹਿਣਸ਼ੀਲਤਾ ਦਾ ਸਿਖ ਧਰਮ ਦੇ ਵਿਕਾਸ ਵਿਚ ਬਹੁਤ ਤਕੜਾ ਯੋਗਦਾਨ ਸੀ। ਅਕਬਰ ਦੇ ਸਮੇਂ ਉਸ ਦਾ ਕੋਈ ਵੀ ਅਧਿਕਾਰੀ ਗੁਰੂ ਘਰ ਦੇ ਖਿਲਾਫ ਕੋਈ ਕਾਰਵਾਈ ਨਹੀਂ ਕਰ ਸਕਿਆ ਸੀ।

ਗੁਰੂ ਅਰਜਨ ਦੇਵ ਜੀ ਦੇ ਸਮੇਂ ਦਾ ਸਭ ਤੋਂ ਵੱਡਾ ਕੰਮ ਅੰਮ੍ਰਿਤਸਰ ਦੇ ਸ਼ਹਿਰ ਨੂੰ ਇਕ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪਰਸਿੱਧੀ 'ਤੇ ਲੈ ਕੇ ਜਾਣ ਦਾ ਸੀ। ਗੁਰੂ ਸਾਹਿਬਾਨ ਦੀ ਅਪਾਰ ਕਿਰਪਾ ਦਰਿਸ਼ਟੀ ਦੁਆਰਾ ਇਹ ਸ਼ਹਿਰ ਨਾ ਹੀ ਸਿਰਫ ਸਿਖ ਸਮਾਜ ਦੀਆਂ ਗਤੀਵਿਧੀਆਂ ਦਾ ਹੀ ਕੇਂਦਰ ਬਣਿਆ ਸਗੋਂ ਇਹ ਲਾਹੌਰ ਸ਼ਹਿਰ ਦੇ ਬਰਾਬਰ ਇਕ ਮੁਕਾਬਲੇ ਦੀ ਤਾਕਤ ਦਾ ਕੇਂਦਰ ਵੀ ਸਮਝਿਆ ਜਾਣ ਲੱਗ ਪਿਆ ਸੀ। ਗੁਰੂ ਸਾਹਿਬਾਨ ਦੇ ਮਨਾਂ ਵਿਚ ਵੀ ਇਹੀ ਵਿਚਾਰ ਪਨਪ ਰਿਹਾ ਸੀ ਕਿ ਅੰਮ੍ਰਿਤਸਰ ਲਾਹੌਰ ਦੇ ਮੁਕਾਬਲੇ ਐਸਾ ਕੇਂਦਰ ਸਥਾਪਿਤ ਹੋ ਜਾਵੇ ਜਿਥੇ ਨਾ ਹੀ ਸਿਰਫ ਵਾਤਾਵਰਣ ਹੀ ਸਾਫ ਹੋਵੇ ਸਗੋਂ ਇੱਥੇ ਵਿਅਕਤੀ ਨੂੰ ਮਾਨਸਿਕ ਸ਼ਾਂਤੀ ਦਾ ਵੀ ਅਹਿਸਾਸ ਹੋਵੇ। ਲਾਹੌਰ ਸ਼ਹਿਰ ਰਾਜਨੀਤਿਕ ਤਾਕਤ ਦਾ ਕੇਂਦਰ ਸੀ। ਇਸ ਦੇ ਰੋਜ਼ਾਨਾ ਦੇ ਉਤਰਾਵਾਂ-ਚੜ੍ਹਾਵਾਂ ਦੇ ਤਣਾਵਾਂ ਭਰੇ ਮਹੌਲ ਅੰਦਰ ਜਿਥੇ ਰਾਜਨੀਤਿਕ ਹਫੜਾ-ਦਫੜੀ ਦੀ ਕੁਰਲਾਹਟ ਪਈ ਰਹਿੰਦੀ ਸੀ ਉੱਥੇ ਵਾਤਾਵਰਣ ਵੀ ਐਸਾ ਦੂਸ਼ਤ ਅਤੇ ਤਣਾਅ ਭਰਿਆ ਰਹਿੰਦਾ ਸੀ ਜਿਹੜਾ ਮਨੁੱਖ ਦੀ ਮਾਨਸਿਕ ਅਤੇ ਸਰੀਰਕ ਸ਼ਾਂਤੀ ਨੂੰ ਖ਼ਤਮ ਕਰ ਦਿੰਦਾ ਸੀ ਪਰ ਅੰਮ੍ਰਿਤਸਰ ਸ਼ਹਿਰ ਇਸ ਦੇ ਮੁਕਾਬਲੇ 'ਤੇ ਇਕ ਅਗੰਮੀ ਸੁੱਖ ਦੇਣ ਵਾਲਾ, ਮਨ ਨੂੰ ਸ਼ਾਂਤੀ ਦੀ ਠੰਡਕ ਪਹੁੰਚਾਉਣ ਵਾਲਾ ਅਤੇ ਮਨੁੱਖ ਦੇ ਅਧਿਕਾਰਾਂ ਦੀ ਸੁਰੱਖਿਆ ਕਰਨ ਵਾਲਾ ਸ਼ਹਿਰ ਸਾਬਤ ਹੋਇਆ। ਸ੍ਰੀ ਗੁਰੂ-ਗ੍ਰੰਥ ਸਾਹਿਬ ਵਿਚ ਦਰਜ ਗੁਰੂ ਸਾਹਿਬਾਨ ਦੀਆਂ ਇਹਨਾਂ ਪਵਿੱਤਰ ਤੁਕਾਂ ਵਿੱਚੋਂ ਇਹੋ ਭਾਵ ਹੀ ਪਰਗਟ ਹੁੰਦੇ ਹਨ :

ਰਾਮ ਰਾਜ ਰਾਮ ਦਾਸ ਪੁਰਿ ਕੀਨੇ ਗੁਰਦੇਵ। (ਪੰਨਾ 317)

....

ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ। (ਪੰਨਾ 1362)

....

ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ।
ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ। (ਪੰਨਾ 1412)

ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਦੀ ਬੁਨਿਆਦ ਤਾਂ ਭਾਵੇਂ ਤੀਜੇ ਪਾਤਸ਼ਾਹ ਸਾਹਿਬ ਸਿਰੀ ਗੁਰੂ ਅਮਰ ਦਾਸ ਜੀ ਨੇ ਹੀ ਰੱਖ ਦਿੱਤੀ ਸੀ ਪਰ ਇਸ ਦੀ ਸੰਪੂਰਨਤਾ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਿ ਗੋਬਿੰਦ ਸਾਹਿਬ ਦੇ ਸਮੇਂ ਵਿਚ ਹੀ ਹੋਈ ਸੀ। ਗੁਰੂ ਅਮਰ ਦਾਸ ਜੀ ਨੇ ਚਾਰ ਪਿੰਡਾਂ, (ਤੁੰਗ, ਸੁਲਤਾਨਵਿੰਡ, ਗੁਮਟਾਲਾ ਅਤੇ ਗਿਲਵਾਲੀ) ਦੀ ਸਾਂਝੀ ਜੂਹ ਦੀ ਜ਼ਮੀਨ ਸਥਾਨਿਕ ਜ਼ਿਮੀਦਾਰਾਂ ਪਾਸੋਂ ਮੁੱਲ ਲੈ ਕੇ ਸਿਖ ਧਰਮ ਦਾ ਕੇਂਦਰ ਬਣਾਉਣ ਦੀ ਵਿਚਾਰ ਕੀਤੀ ਸੀ। ਆਮ ਤੌਰ 'ਤੇ ਕਿਸੇ ਇਕ ਪਿੰਡ ਵਿਚ ਕੋਈ ਕੇਂਦਰ ਸਥਾਪਿਤ ਕਰਨ ਦੀ ਬਜਾਏ ਕਈ ਪਿੰਡਾਂ ਦੀ ਸਾਂਝੀ ਥਾਂ ਉੱਪਰ ਕੇਂਦਰ ਖੋਲ੍ਹਣ ਦੀ ਤਰਜੀਹ ਦਿੱਤੀ ਜਾਂਦੀ ਹੁੰਦੀ ਹੈ। ਇਸੇ ਭਾਵਨਾ ਤਹਿਤ ਅੰਮ੍ਰਿਤਸਰ ਸ਼ਹਿਰ ਵਾਲੀ ਥਾਂ ਵੀ ਚਾਰ ਪਿੰਡਾਂ ਦੀ ਸਾਂਝੀ ਧਰਤੀ ਹੀ ਸੀ।[1]

---

1. ਇਸ ਮਤ ਦੀ ਪੁਸ਼ਟੀ ਲਈ ਹੋਰ ਦੇਖੋ : ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਪੱਥਰ ਛਾਪ ਪਹਿਲੀ), ਸਿਆਲਕੋਟ 1891, ਪੰਨਾ 210; ਭਾਈ ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960, ਪੰਨਾ 37 ਅਤੇ ਗਿਆਨੀ ਕਿਰਪਾਲ ਸਿੰਘ, *ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ*, ਅੰਮ੍ਰਿਤਸਰ1991, ਪੰਨਾ 7.

ਇਹ ਥਾਂ ਬੜੀ ਹੀ ਰਮਣੀਕ, ਸ਼ਾਂਤੀ ਵਾਲੀ ਅਤੇ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਸੀ। ਚਾਰ ਪਿੰਡਾਂ ਦੀ ਸਾਂਝੀ ਥਾਂ ਹੋਣ ਕਰ ਕੇ ਇਹ ਵਾਹੀ-ਬਿਜਾਈ ਕਰਨ ਤੋਂ ਵਿਹਲੀ ਰੱਖੀ ਹੋਈ ਸੀ। ਇਸ ਕਰ ਕੇ ਇੱਥੇ ਇਕ ਤਕੜੀ ਢਾਬ ਅਤੇ ਜੰਗਲ ਸੀ। ਇਸ ਇਕਾਂਤ ਅਤੇ ਹਰੇ ਭਰੇ ਜੰਗਲ ਵਿਚ ਗੁਰੂ ਨਾਨਕ ਦੇਵ ਜੀ ਵੀ ਪਹਿਲਾਂ ਕਈ ਵਾਰ ਆ ਚੁੱਕੇ ਸੀ। ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰ ਦਾਸ ਜੀ ਵੀ ਇੱਥੇ ਆ ਚੁੱਕੇ ਸਨ। ਗੁਰਮੁਖੀ ਲਿਖਤਾਂ ਦੇ ਕੁਝ ਲੇ-ਖਕਾਂ ਨੇ ਭਾਵੇਂ ਇਸ ਥਾਂ ਨਾਲ ਅਨੇਕਾਂ ਮਿਥਿਹਾਸਿਕ ਕਥਾ ਕਹਾਣੀਆਂ ਜੋੜ ਰੱਖੀਆਂ ਹਨ ਪਰ ਸਾਡੇ ਲਈ ਇਸ ਦੀ ਮਹੱਤਤਾ ਸਿਰਫ ਇਸੇ ਕਰ ਕੇ ਹੀ ਹੈ ਕਿ ਇਹ ਥਾਂ ਸਿਖ ਗੁਰੂ ਸਾਹਿਬਾਨ ਦੀ ਆਪਣੀ ਪਵਿੱਤਰ ਕਿਰਪਾ ਦਰਿਸ਼ਟੀ ਹੇਠ ਵਧੀ ਫੁਲੀ ਹੈ।

ਗੁਰੂ ਅਮਰ ਦਾਸ ਜੀ ਨੇ ਹੀ ਇਸ ਅਸਥਾਨ ਦਾ ਨਾਂ ਅੰਮ੍ਰਿਤਸਰ ਰੱਖਿਆ ਭਾਵੇਂ ਕਿ ਸਮੁੱਚੇ ਰਕਬੇ ਨੂੰ ਚੱਕ ਰਾਮਦਾਸ ਪੁਰ ਵੀ ਕਿਹਾ ਜਾਂਦਾ ਸੀ। ਚੱਕ ਦਾ ਭਾਵ ਸਮੁੱਚੇ ਮੁਰੱਬੇ ਤੋਂ ਹੈ ਜਾਂ ਰਕਬੇ ਤੋਂ। ਇਸ ਸਮੁੱਚੇ ਰਕਬੇ ਨੂੰ ਗੁਰੂ ਅਮਰ ਦਾਸ ਜੀ ਨੇ ਆਪਣੇ ਦਾਮਾਦ ਅਤੇ ਅਨਿੰਨ ਸਿਖ ਭਾਈ ਜੇਠਾ ਜਿਹੜੇ ਕਿ ਪਿੱਛੋਂ ਗੁਰੂ ਰਾਮ ਦਾਸ ਜੀ ਦੇ ਤੌਰ 'ਤੇ ਪਰਸਿੱਧ ਹੋਏ, ਦੇ ਨਾਂ ਲਗਵਾ ਦਿੱਤੇ ਜਾਣ ਕਰ ਕੇ ਚੱਕ ਰਾਮ ਦਾਸ ਪੁਰ ਕਿਹਾ ਜਾਣ ਲੱਗ ਪਿਆ ਸੀ। ਲੇਕਿਨ ਇਸ ਰਕਬੇ ਵਿਚਲੀ ਜਿਹੜੀ ਥਾਂ 'ਤੇ ਰਿਹਾਇਸ਼, ਸਰੋਵਰ ਜਾਂ ਹੋਰ ਬਾਜ਼ਾਰ ਵਗੈਰਾ ਬਣਾਏ ਜਾਣੇ ਸਨ ਉਸ ਦਾ ਨਾਂ ਮੁੱਢ ਤੋਂ ਹੀ ਅੰਮ੍ਰਿਤਸਰ ਰੱਖਿਆ ਗਿਆ ਸੀ। ਇਹ ਗੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਸਾਹਿਬ ਦੀਆਂ ਆਪਣੀਆਂ ਤੁਕਾਂ ਤੋਂ ਹੀ ਸਾਬਤ ਹੁੰਦੀ ਹੈ। ਜਿਵੇਂ ਕਿ ਗੁਰੂ ਅਮਰ ਦਾਸ ਜੀ ਦਾ ਇਹ ਮੁੱਖ ਵਾਕ ਹੈ: ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ।

ਗੁਰੂ ਅਮਰ ਦਾਸ ਜੀ ਦੇ ਹੁਕਮ ਅਨੁਸਾਰ ਹੀ ਰਾਮਦਾਸ ਜੀ ਵੱਲੋਂ ਇੱਥੇ ਸੰਤੋਖ ਸਰ ਅਤੇ ਅੰਮ੍ਰਿਤਸਰ ਸਰੋਵਰ ਦੀ ਖੁਦਵਾਈ ਸ਼ੁਰੂ ਕਰਵਾਈ ਗਈ ਸੀ ਜਿਨ੍ਹਾਂ ਦੀ ਸੰਪੂਰਨਤਾ ਸੰਨ 1577 ਈ. ਵਿਚ ਗੁਰੂ ਰਾਮ ਦਾਸ ਜੀ ਦੇ ਸਮੇਂ ਹੋਈ। ਗੁਰੂ ਰਾਮਦਾਸ ਜੀ ਦੇ ਸਮੇਂ ਹੀ ਅੰਮ੍ਰਿਤਸਰ ਸ਼ਹਿਰ ਵਿਚ ਵੱਖ-ਵੱਖ ਕਿੱਤਿਆਂ ਦੇ ਲੋਕ ਲਿਆ ਕੇ ਵਸਾਏ ਗਏ ਕਿਉਂਕਿ ਗੁਰੂ ਰਾਮ ਦਾਸ ਜੀ ਨੇ ਗੁਰਿਆਈ ਧਾਰਨ ਕਰ ਕੇ ਗੋਇੰਦਵਾਲ ਤੋਂ ਆਪਣਾ ਕੇਂਦਰ ਬਦਲ ਕੇ ਅੰਮ੍ਰਿਤਸਰ ਲੈ ਆਂਦਾ ਸੀ ਇਸ ਲਈ ਇਸ ਸ਼ਹਿਰ ਦਾ ਆਬਾਦ ਹੋਣਾ ਸੌਖਾ ਹੋ ਗਿਆ ਸੀ।

ਗੁਰੂ ਅਰਜਨ ਦੇਵ ਜੀ ਵੀ ਭਾਵੇਂ ਗੁਰਿਆਈ ਧਾਰਨ ਕਰ ਕੇ ਅੰਮ੍ਰਿਤਸਰ ਹੀ ਰਹਿੰਦੇ ਰਹੇ ਸਨ ਕਿਉਂਕਿ ਉਨ੍ਹਾਂ ਦੇ ਸਮੇਂ ਹੀ ਸਿਰੀ ਦਰਬਾਰ ਸਾਹਿਬ ਹਰਿਮੰਦਰ ਦੀ ਉਸਾਰੀ ਸੰਨ 1588-89 ਵਿਚ ਕਰਵਾਈ ਗਈ ਸੀ ਪਰ ਪਿੱਛੋਂ ਉਨ੍ਹਾਂ ਦੇ ਗੋਇੰਦਵਾਲ ਸਾਹਿਬ ਅਤੇ ਗੁਰੂ ਕੀ ਵਡਾਲੀ ਵਿਖੇ ਜਾ ਕੇ ਵੀ ਰਿਹਾਇਸ਼ ਕਰਨ ਦੀ ਜਾਣਕਾਰੀ ਮਿਲਦੀ ਹੈ। ਸਿਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਨਾਲ ਅੰਮ੍ਰਿਤਸਰ ਦੀ ਮਹਿਮਾ ਬਹੁਤ ਹੀ ਜ਼ਿਆਦਾ ਵੱਧ ਗਈ ਸੀ। ਪਹਿਲਾ ਤਾਂ ਅੰਮ੍ਰਿਤਸਰ ਨੂੰ ਸਿਰਫ ਇਕ ਤਜਾਰਤੀ ਸ਼ਹਿਰ ਜਾਂ ਗੁਰੂ ਜੀ ਦੀ ਰਿਹਾਇਸ਼ ਵਾਲਾ ਸ਼ਹਿਰ ਹੀ ਮੰਨਿਆ ਜਾਂਦਾ ਸੀ ਪਰ ਹੁਣ ਸਿਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਨਾਲ ਇਸ ਦੀ ਧਾਰਮਿਕ ਮਹੱਤਤਾ ਵੀ ਵੱਧ ਗਈ ਸੀ। ਹੁਣ ਇਹ ਸਿਖ ਧਰਮ ਦਾ ਇਕ ਮੁੱਖ ਕੇਂਦਰ ਬਣ ਗਿਆ ਸੀ ਜਿਥੇ ਸੰਸਾਰ ਦਾ ਅਤੀ ਸੁੰਦਰ ਗੁਰਦੁਆਰਾ ਸਿਰੀ ਦਰਬਾਰ ਸਾਹਿਬ

ਸੋਭਾ ਦੇ ਰਿਹਾ ਸੀ।[1] ਸਿਰੀ ਹਰਿਮੰਦਰ ਸਾਹਿਬ ਦੇ ਰੂਪ ਵਿਚ ਸਿਖ ਸਮਾਜ ਨੂੰ ਇਕ ਐਸਾ ਕੇਂਦਰ ਮਿਲ ਗਿਆ ਸੀ ਜਿਥੇ ਬੈਠ ਕੇ ਉਹ ਆਪਣੇ ਗੁਰੂ-ਸ਼ਬਦਾਂ ਦਾ ਪਾਠ ਕਰ ਸਕਦੇ ਸੀ, ਸਿਖ ਸੰਗਤਾਂ ਦੇ ਦੀਵਾਨ ਸਜਾ ਸਕਦੇ ਸਨ। ਹੁਣ ਤੱਕ ਸਿਖਾਂ ਪਾਸ ਆਪਣੀ ਬੋਲੀ, ਆਪਣੀ ਲਿਪੀ, ਆਪਣਾ ਪਰਬੰਧ (ਮਸੰਦ ਪਰਣਾਲੀ), ਆਪਣੇ ਤੀਰਥ ਅਸਥਾਨ, ਆਪਣੇ ਸਰੋਵਰ ਅਤੇ ਆਪਣੇ ਧਾਰਮਿਕ ਮੰਦਰ ਸਥਾਪਿਤ ਹੋ ਚੁੱਕੇ ਸਨ। ਇਸ ਪਿੱਛੋਂ ਹਰਿਗੋਬਿੰਦਪੁਰ, ਕਰਤਾਰਪੁਰ ਅਤੇ ਤਰਨਤਾਰਨ ਜੈਸੇ ਹੋਰ ਨਗਰ ਵੀ ਵਸਾਏ ਗਏ ਸਨ ਜਿਹੜੇ ਕਿ ਪੂਰੇ ਸਿਖ ਸਭਿਆਚਾਰ ਵਾਲੇ ਨਗਰ ਸਨ। ਇਸ ਤਰ੍ਹਾਂ ਸਿਖ ਸਮਾਜ ਆਪਣੇ ਆਪ ਵਿਚ ਇਕ ਪੂਰੇ ਸਮਾਜ ਦਾ ਰੂਪ ਧਾਰ ਚੁੱਕਿਆ ਸੀ ਅਤੇ ਧਾਰਮਿਕ ਵਿਸ਼ਵਾਸ਼ ਦੇ ਤੌਰ 'ਤੇ ਹਿੰਦੂ ਸਮਾਜਿਕ ਰੀਤੀ ਰਿਵਾਜਾਂ ਨਾਲੋਂ ਬਿਲਕੁਲ ਅਲੱਗ ਹੋ ਚੁੱਕਿਆ ਸੀ।

ਗੁਰੂ ਅਰਜਨ ਦੇਵ ਜੀ ਨੇ ਇਸ ਤੋਂ ਵੀ ਹੋਰ ਅਗੇਰੇ ਜਾਂਦੇ ਹੋਏ ਸਿਖਾਂ ਨੂੰ ਪੰਜਾਬ ਅਤੇ ਭਾਰਤ ਦੀਆਂ ਹੱਦਾਂ ਤੋਂ ਪਰੇ ਪੱਛਮੀ ਏਸ਼ੀਆ ਦੇ ਮੁਸਲਿਮ ਮੁਲਕਾਂ ਵਿਚ ਵੱਖ-ਵੱਖ ਵਸਤੂਆਂ ਦਾ ਵਪਾਰ ਕਰਨ ਲਈ ਭੇਜਿਆ ਜਿਸ ਵਿਚ ਘੋੜਿਆਂ ਦਾ ਵਪਾਰ ਮੁੱਖ ਤੌਰ ਤੇ ਸੀ। ਇਸ ਨਾਲ ਸਿਖਾਂ ਵਿਚ ਵਪਾਰਿਕ ਸੋਝੀ ਤਾਂ ਆਈ ਹੀ ਸੀ ਸਗੋਂ ਉਨ੍ਹਾਂ ਨੂੰ ਅੰਤਰ-ਰਾਸ਼ਟਰੀ ਭਾਈਚਾਰਿਆਂ ਦੀ ਸੋਝੀ ਵੀ ਪਰਾਪਤ ਹੁੰਦੀ ਸੀ। ਅੰਤਰ-ਰਾਸ਼ਟਰੀ ਵਪਾਰ ਵਿਚ ਪੈਣ ਦੀ ਗੱਲ ਭਾਵੇਂ ਸਰਸਰੀ ਜਿਹੇ ਤੌਰ 'ਤੇ ਦੇਖਿਆਂ ਜ਼ਿਆਦਾ ਮਹੱਤਵਪੂਰਨ ਨਹੀ ਲਗੇਗੀ ਪਰ ਜਦੋਂ ਇਸ ਨੂੰ ਉਸ ਸਮੇਂ ਦੀ ਹਿੰਦੂ ਸਮਾਜ ਦੀ ਜਾਤ ਵੰਡ ਨਾਲ ਤੁਲਨਾ ਕੇ ਦੇਖਿਆ ਜਾਂਦਾ ਹੈ ਤਾਂ ਇਹ ਕਦਮ ਵੀ ਆਪਣੇ ਆਪ ਵਿਚ ਇਕ ਬਹੁਤ ਹੀ ਤਕੜਾ ਕਰਾਂਤੀਕਾਰੀ ਜਾਪਣ ਲੱਗ ਜਾਂਦਾ ਹੈ। ਬਰਾਹਮਣਵਾਦ ਨੇ ਹਿੰਦੂ ਲੋਕਾਂ ਨੂੰ ਭਾਰਤ ਦੇਸ਼ ਦੀਆਂ ਪੱਛਮੀ ਹੱਦਾਂ ਨੂੰ ਟੱਪ ਕੇ ਪੱਛਮੀ ਏਸ਼ੀਆਂ ਦੇ ਮੁਲਕਾਂ ਵਿਚ ਜਾਣ 'ਤੇ ਇਸ ਕਦਰ ਬੰਦਸ਼ ਲਾਈ ਹੋਈ ਸੀ ਕਿ ਉਲੰਘਣਾ ਕਰਨ ਵਾਲੇ ਨੂੰ ਸਮਾਜ ਵਿੱਚੋਂ ਛੇਕ ਦਿੱਤਾ ਜਾਂਦਾ ਸੀ। ਪੱਛਮੀ ਏਸ਼ੀਆ ਵਿਚ ਸਾਰੇ ਦੇ ਸਾਰੇ ਮੁਸਲਿਮ ਆਬਾਦੀ ਵਾਲੇ ਦੇਸ਼ ਸਨ। ਮੁਸਲਮਾਨਾਂ ਵਾਲੀ ਆਬਾਦੀ ਵਾਲੇ ਦੇਸ਼ ਵਿਚ ਗਿਆ ਹਿੰਦੂ ਆਪਣੇ ਧਰਮ ਇਮਾਨ ਤੋਂ ਗਿਰਿਆ ਹੋਇਆ ਸਮਝਿਆ ਜਾਂਦਾ ਸੀ। ਇਹੀ ਕਾਰਨ ਸੀ ਕਿ ਮੁਸਲਿਮ ਦੇਸ਼ਾਂ ਨਾਲ ਵਪਾਰ ਕਰਨ ਵਾਲੇ ਭਾਰਤੀ ਵਪਾਰੀਆਂ ਵਿਚ ਹਿੰਦੂ ਵਪਾਰੀ ਬਹੁਤ ਹੀ ਘੱਟ ਸਨ। ਗੁਰੂ ਨਾਨਕ ਦੇਵ ਜੀ ਦੀਆਂ ਮੁਸਲਿਮ ਦੇਸ਼ਾਂ ਵਿਚਲੀਆਂ ਵਿਸ਼ਾਲ ਯਾਤਰਾਵਾਂ ਨੂੰ ਵੀ ਇਸੇ ਪਰਸੰਗ ਵਿਚ ਰੱਖ ਕੇ ਦੇਖਣਾ ਚਾਹੀਦਾ ਹੈ, ਜਿਹੜੇ ਪਰਸੰਗ ਵਿਚ ਅਸੀਂ ਗੁਰੂ ਅਰਜਨ ਦੇਵ ਜੀ ਵੱਲੋਂ ਸਿਖਾਂ ਨੂੰ ਵਪਾਰ ਵਿਚ ਸ਼ਾਮਿਲ ਹੋਣ ਦੀ ਦਿੱਤੀ ਗਈ ਹੱਲਾਸ਼ੇਰੀ ਵਾਲੀ ਗੱਲ ਨੂੰ ਰੱਖ ਰਹੇ ਹਾਂ। ਸਿਖ ਧਰਮ ਦੇ ਵਿਕਾਸ ਦੇ ਇਤਿਹਾਸ ਵਲ ਦੇਖਿਆਂ ਸਾਨੂੰ ਪਤਾ ਲਗਦਾ ਹੈ ਕਿ ਇਹ ਗੁਰੂ ਅਰਜਨ ਦੇਵ ਜੀ ਦਾ ਹੀ ਸਮਾਂ ਸੀ ਜਦੋਂ ਸਮਾਜ ਦੇ ਵੱਖ-ਵੱਖ ਵਰਗਾਂ ਨੇ ਸਿਖ ਧਰਮ ਨੂੰ ਅਪਣਾਇਆ ਸੀ। ਜਿਥੇ ਪੰਜਾਬ ਦੇ ਜੱਟ ਕਬੀਲੇ ਸਿਖ ਧਰਮ ਵਿਚ ਆ ਗਏ ਸਨ ਉਥੇ ਪੰਜਾਬ ਦੀਆਂ ਵਪਾਰੀ ਜਮਾਤਾਂ ਵੀ ਸਿਖ ਧਰਮ

---

1. ਖੁਦ ਗੁਰੂ ਅਰਜਨ ਦੇਵ ਜੀ ਨੇ ਇਸ ਦੀ ਮਹਿਮਾ ਵਿਚ ਇਹ ਖੂਬਸੂਰਤ ਸ਼ਬਦ ਵਰਤੇ ਹਨ: ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ। ਬਧੋਹੁ ਪੁਰਖਿ ਬਿਧਾਤੇ ਤਾਂ ਤੂ ਸੋਹਿਆ।
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1362.

ਵਿਚ ਆਉਣੀਆਂ ਸ਼ੁਰੂ ਹੋ ਗਈਆਂ ਸਨ। ਇਹ ਸਭ ਗੱਲਾਂ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੀ ਹੋਣੀਆਂ ਸ਼ੁਰੂ ਹੋਈਆਂ ਸਨ। ਸਿਖਾਂ ਨੂੰ ਏਸ਼ੀਆ ਦੇ ਮੁਸਲਿਮ ਮੁਲਕਾਂ ਵਿਚ ਭੇਜਣਾ ਬਰਾਹਮਣਵਾਦ ਨੂੰ ਚੈਲਿੰਜ ਵੀ ਸੀ ਅਤੇ ਸਿਖਾਂ ਦੀ ਦਰਿਸ਼ਟੀ ਨੂੰ ਵਿਸ਼ਾਲਤਾ ਪਰਦਾਨ ਕਰਨ ਵਾਲੀ ਗੱਲ ਵੀ ਸੀ। ਕੁਝ ਲਿਖਾਰੀਆਂ ਨੇ ਘੋੜਿਆਂ ਦੇ ਇਸ ਵਪਾਰ ਬਾਰੇ ਇਹ ਕਹਿ ਕੇ ਕਿੰਤੂ-ਪਰੰਤੂ ਕੀਤੇ ਹਨ ਕਿ ਇਹ ਤਾਂ ਸਿਖ ਸਿਰਫ ਆਪਣੀ ਨਿੱਜੀ ਲੋੜ ਲਈ ਘੋੜੇ ਖਰੀਦਣ ਗਏ ਸਨ।[1] ਸ਼ਾਹੀ ਫੌਜਾਂ ਨੂੰ ਸਪਲਾਈ ਕਰਨ ਲਈ ਨਹੀਂ। ਇਹ ਗੱਲ ਵੀ ਦਰੁਸਤ ਹੋ ਸਕਦੀ ਹੈ ਪਰ ਕੀ ਨਿੱਜੀ ਲੋੜ ਲਈ ਬਾਹਰਲੇ ਮੁਲਕਾਂ ਵਿਚ ਜਾਣਾ ਉਪਰੋਕਤ ਗੱਲਾਂ ਤੋਂ ਕੋਈ ਉਲਟ ਗੱਲ ਹੈ ? ਗੱਲ ਤਾਂ ਅੰਤਰ-ਰਾਸ਼ਟਰੀ ਮੰਡੀਆਂ ਤੱਕ ਪਹੁੰਚ ਕਰਨ ਦੀ ਹੈ ਭਾਵੇਂ ਇਹ ਨਿੱਜੀ ਲੋੜ ਲਈ ਕੀਤੀ ਜਾਵੇ ਅਤੇ ਭਾਵੇਂ ਸਮੂਹਿਕ ਜਾਂ ਸਮਾਜ ਦੀ ਲੋੜ ਲਈ।

ਗੁਰੂ ਅਰਜਨ ਦੇਵ ਜੀ ਸਿਰਫ ਧਰਮ ਦੀ ਸਿੱਖਿਆ ਦੇਣ ਵਾਲੇ ਨੇਤਾ ਹੀ ਨਹੀਂ ਸਨ ਸਗੋਂ ਉਹ ਵਿਅਕਤੀ ਦੇ ਹਰ ਦੁੱਖ ਸੁੱਖ ਵਿਚ ਸਹਾਈ ਵੀ ਹੁੰਦੇ ਸਨ। ਜਿਸ ਤਰ੍ਹਾਂ ਉੱਪਰ ਦੱਸੇ ਮੁਤਾਬਿਕ ਗੁਰੂ ਜੀ ਨੇ ਆਪਣੇ ਪੈਰੋਕਾਰਾਂ ਨੂੰ ਅੰਤਰ-ਰਾਸ਼ਟਰੀ ਵਪਾਰ ਵਿਚ ਪਾ ਕੇ ਉਨ੍ਹਾਂ ਦੀ ਆਰਥਿਕ ਜਿੰਦਗੀ ਨੂੰ ਖੁਸ਼ਹਾਲ ਬਣਾਉਣ ਦਾ ਇਕ ਵਧੀਆ ਰਸਤਾ ਦੱਸਿਆ ਸੀ ਉਸ ਤਰ੍ਹਾਂ ਉਨ੍ਹਾਂ ਨੇ ਲੋਕਾਂ ਨੂੰ ਸੰਕਟ ਦੇ ਮੌਕੇ 'ਤੇ ਵੀ ਚੰਗੀ ਅਗਵਾਈ ਦੇਣ ਦੀ ਕੋਸ਼ਿਸ਼ ਕੀਤੀ ਸੀ। ਗੱਲ 1597-98 ਦੇ ਨੇੜੇ-ਤੇੜੇ ਦੀ ਹੈ। ਅਕਬਰ ਬਾਦਸ਼ਾਹ ਦੇ ਕਾਫੀ ਸਮਾਂ ਲਾਹੌਰ ਵਿਚ ਰਹਿਣ ਕਾਰਨ ਨਿੱਤ ਦੀਆਂ ਵਸਤਾਂ ਦੇ ਭਾਅ ਕਾਫੀ ਚੜ੍ਹ ਗਏ ਸਨ ਪਰ ਕਿਸਾਨਾਂ ਕੋਲੋਂ ਉਨ੍ਹਾਂ ਦੀ ਜਿਨਸ ਪਹਿਲਾਂ ਹੀ ਸਸਤੇ ਭਾਅ 'ਤੇ ਲਈ ਜਾ ਚੁੱਕੀ ਸੀ। ਪਿੱਛੋਂ ਕਿਸਾਨਾਂ ਨੂੰ ਉਹੀ ਜਿਨਸ ਮਹਿੰਗੇ ਰੇਟਾਂ 'ਤੇ ਲੈਣੀ ਪੈਂਦੀ ਸੀ। ਇਸ ਗੱਲੋਂ ਕਿਸਾਨਾਂ ਵਿਚ ਹਾਹਾਕਾਰ ਮੱਚ ਗਈ ਸੀ। ਲੋਕਾਂ ਨੇ ਗੁਰੂ ਅਰਜਨ ਤੀਕ ਪਹੁੰਚ ਕੀਤੀ। ਗੁਰੂ ਜੀ ਨੇ ਬਾਦਸ਼ਾਹ ਤੱਕ ਪਹੁੰਚ ਕਰ ਕੇ ਉਸ ਨੂੰ ਕਿਸਾਨਾਂ ਦੀ ਮੁਸ਼ਕਿਲ ਤੋਂ ਜਾਣੂੰ ਕਰਵਾਇਆ ਅਤੇ ਬਾਦਸ਼ਾਹ ਨੇ ਗੁਰੂ ਅਰਜਨ ਦੇਵ ਜੀ ਦੇ ਕਹਿਣ 'ਤੇ ਕਿਸਾਨਾਂ ਦਾ ਮੁਆਮਲਾ ਕਾਫੀ ਹੱਦ ਤੱਕ ਘਟਾ ਦਿੱਤਾ ਸੀ।[2]

ਗੁਰੂ ਅਰਜਨ ਦੇਵ ਜੀ ਦੇ ਜੀਵਨ ਦੀ ਸਭ ਤੋਂ ਵੱਡੀ ਪਰਾਪਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨ ਦੀ ਸੀ। ਇਹ ਕੰਮ 1604 ਵਿਚ ਕੀਤਾ ਗਿਆ। ਇਸ ਨਾਲ ਸਿਖਾਂ ਪਾਸ ਇਕ ਐਸਾ ਧਾਰਮਿਕ ਗ੍ਰੰਥ ਉਪਲਬਧ ਹੋ ਗਿਆ ਜਿਸ ਨੂੰ ਉਹ ਕੁਰਾਨ, ਬਾਈਬਲ ਅਤੇ ਗੀਤਾ ਵਾਂਗ ਪੜ੍ਹ ਸਕਦੇ ਸੀ ਅਤੇ ਇਸ ਵਿੱਚੋਂ ਸਿੱਖਿਆ ਪਰਾਪਤ ਕਰ ਸਕਦੇ ਸਨ। ਕੁੱਝ ਪੱਖੋਂ ਇਹ ਕੰਮ ਬਾਈਬਲ ਅਤੇ ਕੁਰਾਨ ਤੋਂ ਵੀ ਜਿਆਦਾ ਮਹੱਤਤਾ ਪਰਾਪਤ ਕਰ ਗਿਆ ਸੀ। ਬਾਈਬਲ, ਕੁਰਾਨ ਅਤੇ ਗੀਤਾ ਸਿਰਫ ਵਿਸ਼ਵਾਸ਼ ਅਤੇ ਪਰੰਪਰਾ ਪੱਖੋਂ ਹੀ ਆਪਣੇ ਪੈਗੰਬਰਾਂ ਦੁਆਰਾ ਲਿਖੇ ਮੰਨੇ ਜਾਂਦੇ ਹਨ ਪਰ ਇਤਿਹਾਸਿਕ ਤੱਥਾਂ ਦੇ ਤੌਰ 'ਤੇ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਇਤਿਹਾਸਿਕ ਸੱਚਾਈ ਹੈ। ਇਸ ਵਿਚ ਇਕ ਨਹੀਂ ਅਨੇਕਾਂ ਇਤਿਹਾਸਿਕ ਗਵਾਹੀਆਂ ਹਨ ਕਿ ਗੁਰੂ ਗ੍ਰੰਥ ਸਾਹਿਬ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ

1. For example see Indu Bhuhsan Banerjee, *op. cit.*, pp. 208-9.
2. ਸੁਜਾਨ ਰਾਏ ਭੰਡਾਰੀ, *ਖੁਲਾਸਤੁਤ ਤਵਾਰੀਖ* (ਪੰਜਾਬੀ ਅਨੁਵਾਦ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972, ਪੰਨਾ 436.

ਰਾਹੀ ਲਿਖਵਾਇਆ ਗਿਆ ਸੀ। ਇਹੀ ਇਤਿਹਾਸਿਕ ਸੱਚਾਈ ਇਸ ਦੀ ਪਵਿੱਤਰਤਾ ਦੀ ਗਰੰਟੀ ਹੈ।

1605 ਈ. ਵਿਚ ਬਾਦਸ਼ਾਹ ਅਕਬਰ ਦੀ ਮੌਤ ਹੋ ਗਈ ਸੀ। ਉਸ ਦਾ ਪੁੱਤਰ ਜਹਾਂਗੀਰ ਅਗਲਾ ਬਾਦਸ਼ਾਹ ਬਣਿਆ। ਉਸ ਦੇ ਰਾਜ-ਕਾਜ ਸੰਭਾਲਣ ਸਾਰ ਹੀ ਅਕਬਰ ਦੀਆਂ ਅਗਾਂਹ ਵਧੂ ਨੀਤੀਆਂ ਪਲਟ ਦਿੱਤੀਆਂ ਗਈਆਂ ਸਨ। ਸਿੱਟੇ ਵੱਜੋਂ ਪੰਜਾਬ ਦੇ ਵਿਚ ਉਹ ਅਧਿਕਾਰੀ ਅੱਗੇ ਲਿਆਂਦੇ ਗਏ ਜਿਹੜੇ ਸਿਖ ਧਰਮ ਦੇ ਵਿਕਾਸ ਨੂੰ ਕੌੜੀ ਨਿਗਾਹ ਨਾਲ ਵੇਖਦੇ ਸਨ।[1] ਜਹਾਂਗੀਰ ਖੁਦ ਵੀ ਧਾਰਮਿਕ ਤੌਰ 'ਤੇ ਗੁਰੂ ਅਰਜਨ ਦੇ ਖਿਲਾਫ਼ ਸੀ। ਅਖ਼ੀਰ ਨਤੀਜਾ ਇਹ ਹੋਇਆ ਕਿ ਜਹਾਂਗੀਰ ਦੇ ਰਾਜ ਦੇ ਦੂਜੇ ਸਾਲ ਵਿਚ ਹੀ ਗੁਰੂ ਅਰਜਨ ਦੇਵ ਜੀ ਸ਼ਹੀਦ ਕਰ ਦਿਤੇ ਗਏ ਸਨ। ਇਹ ਅਦਭੁਤ ਕਰਿਸ਼ਮਾ ਸੀ ਕੁਦਰਤ ਦਾ। ਸੁਖਮਨੀ ਸਾਹਿਬ ਜਿਹੀ ਦਿਲਾਂ ਨੂੰ ਠੰਢ ਪਹੁੰਚਾਉਣ ਵਾਲੀ ਬਾਣੀ ਦਾ ਰਚਨਹਾਰ ਤੱਤੀਆਂ ਤਵੀਆਂ ਉੱਪਰ ਬਿਠਾ ਕੇ ਅਤੇ ਤੱਤੀ ਰੇਤ ਨਾਲ ਸਾੜ ਕੇ ਸ਼ਹੀਦ ਕੀਤਾ ਗਿਆ ਸੀ। ਜਿਹੜਾ ਗੁਰੂ, ਪਿਰਥੀਆ, ਸੁਲਹੀ ਖਾਨ ਅਤੇ ਹੋਰ ਜ਼ਾਲਮ ਲੋਕਾਂ ਸਾਹਮਣੇ ਕਿਨਾਰਾ ਵੱਟ ਕੇ ਦੂਰ ਚਲਾ ਜਾਂਦਾ ਸੀ ਉਸੇ ਗੁਰੂ ਨੂੰ ਇਤਨੇ ਭਿਆਨਕ ਅਤੇ ਦਰਦਨਾਕ ਤਸੀਹੇ ਦੇ ਕੇ ਸ਼ਹੀਦ ਕਰਨਾ ਅਸੀ ਕੁਦਰਤ ਦਾ ਕਰਿਸ਼ਮਾ ਹੀ ਕਹਿ ਸਕਦੇ ਹਾਂ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿਖ ਧਰਮ ਦੇ ਵਿਕਾਸ ਦਾ ਇਕ ਯੁੱਗ ਪੂਰਾ ਕਰਦੀ ਹੈ। ਇਸ ਸ਼ਹਾਦਤ ਨਾਲ ਸਿਖ ਧਰਮ ਦਾ ਸ਼ਾਂਤ ਅਤੇ ਅਮਨਮਈ ਸੁਭਾਅ ਇਕ ਦਮ ਬਦਲ ਗਿਆ। ਭਾਵ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿਖ ਸਮਾਜ ਅਤੇ ਸਿਖ ਸੋਚ ਲਈ ਇਕ ਨਵਾਂ ਮੋੜ ਦੇਣ ਵਾਲੀ ਘਟਨਾ ਬਣ ਗਈ। ਗੁਰੂ ਸਾਹਿਬਾਨ ਦਾ ਮੁਗਲ ਬਾਦਸ਼ਾਹਾਂ (ਮੁੱਖ ਤੌਰ 'ਤੇ ਅਕਬਰ) ਨਾਲ ਅੱਛਾ ਸੰਬੰਧ ਚਲਿਆ ਆ ਰਿਹਾ ਸੀ ਪਰ ਜਹਾਂਗੀਰ ਦੇ ਫਿਰਕੂ ਸਾੜੇ ਨੇ ਇਸ ਸਭ ਕੁਝ ਨੂੰ ਬਦਲ ਸੁੱਟਿਆ। ਗੁਰੂ ਅਰਜਨ ਤਾਂ ਸ਼ਾਤਮਈ ਤਰੀਕੇ ਅਨੁਸਾਰ ਸ਼ਹਾਦਤ ਦੇ ਗਏ ਸਨ ਪਰ ਨਾ ਹੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਨਾ ਹੀ ਸਿਖ ਸਮਾਜ ਗੁਰੂ ਅਰਜਨ ਦੇਵ ਵਾਂਗ ਸ਼ਾਂਤਮਈ ਰਹਿ ਕੇ ਅਗਲੀ ਸ਼ਹਾਦਤ ਦੇਣ ਵਾਸਤੇ ਤਿਆਰ ਸਨ। ਸਿਖਾਂ ਨੇ ਸੋਚ ਲਿਆ ਸੀ ਕਿ ਜੇ ਜਹਾਂਗੀਰ ਨੇ ਅਗਲੇ ਗੁਰੂ (ਹਰਿਗੋਬਿੰਦ ਸਾਹਿਬ) ਨੂੰ ਵੀ ਗੁਰੂ ਅਰਜਨ ਦੇਵ ਵਾਂਗ ਸ਼ਹੀਦ ਕਰਨਾ ਚਾਹਿਆ ਤਾਂ ਉਹ ਇਸ ਦੀ ਹਰਗਿਜ ਇਜਾਜਤ ਨਹੀ ਦੇਣਗੇ। ਗੁਰੂ ਹਰਿਗੋਬਿੰਦ ਸਾਹਿਬ ਦਾ ਤਖਤ ਉੱਪਰ ਬੈਠ ਕੇ ਗੁਰਿਆਈ ਧਾਰਨ ਕਰਨਾ, ਕਲਗੀਆਂ ਵਾਲੀ ਪੱਗ ਪਹਿਨਣਾ, ਛੱਤਰ ਝੁਲਾਉਣਾ, ਦੋ ਤਲਵਾਰਾਂ ਪਹਿਨਣੀਆਂ ਆਦਿ ਸ਼ਾਹੀ ਠਾਠ-ਬਾਠ ਵਾਲੀਆਂ ਗੱਲਾਂ ਇਸੇ ਸੋਚ ਨੂੰ ਹੀ ਦਰਸਾਉਂਦੀਆਂ ਹਨ। ਅਕਾਲ ਤਖਤ ਸਾਹਿਬ ਇਸ ਸਮੁੱਚੀ ਸੋਚ ਦਾ ਪਰਤੀਕ ਬਣ ਗਿਆ ਸੀ। ਇੱਥੋਂ ਹੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਸ਼ੁਰੂ ਹੁੰਦੀ ਹੈ ਅਤੇ ਇੱਥੋਂ ਹੀ ਅਕਾਲ ਤਖ਼ਤ ਸਾਹਿਬ ਦਾ ਇਤਿਹਾਸ।

---

1. ਅਜਿਹੇ ਵਿਅਕਤੀਆਂ ਦਾ ਆਗੂ ਸ਼ੇਖ ਅਹਿਮਦ ਸਰਹੰਦੀ ਸੀ ਜੋ ਸਿਖ ਧਰਮ ਦੇ ਪਰਚਾਰ ਦਾ ਵਿਰੋਧੀ ਸੀ। ਨਵੇਂ ਬਾਦਸ਼ਾਹ ਦੇ ਉਪਰ ਉਸ ਦਾ ਪੂਰਾ ਪਰਭਾਵ ਸੀ। ਉਸ ਨੇ ਗੁਰੂ ਅਰਜਨ ਦੇਵ ਜੀ ਬਾਰੇ ਜਹਾਂਗੀਰ ਦੇ ਕੰਨ ਭਰਨ ਵਿਚ ਕੋਈ ਕਸਰ ਨਹੀਂ ਛੱਡੀ।

ਇਸ ਤਰ੍ਹਾਂ ਅਸੀਂ ਦੇਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋ ਕੇ, ਸਿਖ ਧਰਮ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੀਕ ਕਿੱਥੇ ਪਹੁੰਚ ਗਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਇਕ ਨਵੇਂ ਯੁੱਗ ਦਾ ਪਰਾਰੰਭ ਕੀਤਾ ਸੀ। ਉਨ੍ਹਾਂ ਨੇ ਸਿਖਾਂ ਨੂੰ ਹਥਿਆਰਬੰਦ ਕਰ ਕੇ ਇਕ ਨਵੀਂ ਸੋਚ ਪੈਦਾ ਕੀਤੀ ਸੀ। ਹਥਿਆਰਬੰਦ ਨੀਤੀ ਨੂੰ ਅਪਣਾਉਣ ਦੇ ਨਾਲ-ਨਾਲ ਉਨ੍ਹਾਂ ਨੇ ਇਕ ਐਸੀ ਸੰਸਥਾ ਦੀ ਸਥਾਪਨਾ ਵੀ ਕੀਤੀ ਸੀ ਜਿਸ ਨੇ ਸਿਖ ਸਮਾਜ ਵਿਚ ਇਕ ਸਵੈ-ਸੁਤੰਤਰਤਾ ਦਾ ਅਹਿਸਾਸ ਕਰਵਾ ਦਿੱਤਾ ਸੀ। ਇਹ ਸੰਸਥਾ ਸੀ ਸਿਰੀ ਅਕਾਲ ਤਖ਼ਤ ਸਾਹਿਬ। ਸਿਰੀ ਅਕਾਲ ਤਖ਼ਤ ਸਾਹਿਬ ਆਪਣਾ ਪਰਬੰਧ ਆਪ ਕਰਨ ਦਾ ਜਾਂ ਆਪਣੇ ਅਧਿਕਾਰਾਂ ਨੂੰ ਤਾਕਤ ਨਾਲ ਪਰਾਪਤ ਕਰ ਲੈਣ ਦਾ ਪਰਤੀਕ ਸੀ। ਅੰਮ੍ਰਿਤਸਰ ਸਿਖ ਸ਼ਕਤੀ ਦਾ ਕੇਂਦਰ ਸੀ। ਇੱਥੇ ਇਕ ਪਾਸੇ ਸਿਰੀ ਦਰਬਾਰ ਸਾਹਿਬ ਦੇ ਰੂਪ ਵਿਚ ਆਤਮਿਕ ਸ਼ਕਤੀ ਦਾ ਸੋਮਾ ਸਥਾਪਿਤ ਹੋ ਚੁਕਿਆ ਸੀ। ਦੂਜੇ ਪਾਸੇ ਜਥੇਬੰਦਕ ਤਾਕਤ ਦਾ ਸੋਮਾ ਅਕਾਲ ਤਖ਼ਤ ਸਾਹਿਬ ਸਥਾਪਿਤ ਕਰ ਦਿੱਤਾ ਸੀ। ਇਨ੍ਹਾਂ ਦੋਵਾਂ ਮਹਾਨ ਸੰਸਥਾਵਾਂ ਦੇ ਇਕ ਪਾਸੇ ਗੁਰੂ ਸਾਹਿਬਾਨ ਦੇ ਰਿਹਾਇਸ਼ੀ ਮਹਿਲ ਸਨ ਜੋ ਤਿੰਨੋਂ ਮਿਲ ਕੇ ਇਕ ਰੂਪ ਵਿਚ ਸਿਖ ਸ਼ਕਤੀ ਦੇ ਪਰਤੀਕ ਬਣ ਗਏ ਸਨ। ਇਹ ਸਮਾਂ ਗੁਰੂ ਹਰਿਗੋਬਿੰਦ ਸਾਹਿਬ ਦਾ ਸੀ ਜਿਨ੍ਹਾਂ ਨੂੰ ਭਾਈ ਗੁਰਦਾਸ ਜੀ ਨੇ 'ਦਲਾਂ ਨੂੰ ਹਰਾਉਣ ਵਾਲਾ ਸੂਰਮਾ ਗੁਰੂ' ਲਿਖਿਆ ਹੈ।

ਰਾਜਨੀਤਿਕ ਹਾਲਾਤ

ਗੁਰੂ ਹਰਿਗੋਬਿੰਦ ਸਾਹਿਬ ਦੇ ਗੁਰਗੱਦੀ ਹਾਸਲ ਕਰਨ ਸਮੇਂ ਪੰਜਾਬ ਦੇ ਰਾਜਨੀਤਿਕ ਹਾਲਾਤ ਬਹੁਤ ਹੀ ਸੰਕਟਮਈ ਅਤੇ ਪੂਰੀ ਫਿਰਕੂ ਨੀਤੀ ਵਾਲੇ ਸਨ। ਉਨ੍ਹਾਂ ਦੇ ਗੁਰਿਆਈ ਧਾਰਨ ਕਰਨ ਤੋਂ ਸਿਰਫ ਦੋ ਸਾਲ ਪਹਿਲਾਂ ਹੀ ਮੁਗਲ ਬਾਦਸ਼ਾਹ ਜਹਾਂਗੀਰ ਨੇ ਤਖ਼ਤ ਹਾਸਲ ਕੀਤਾ ਸੀ ਅਤੇ ਬਾਦਸ਼ਾਹ ਬਣਨ ਉਪਰੰਤ ਉਸ ਦਾ ਸਾਰਾ ਧਿਆਨ ਪੰਜਾਬ ਵਿਚ ਆਪਣੇ ਪੁੱਤਰ ਖੁਸਰੋ ਦੀ ਬਗਾਵਤ ਨੂੰ ਕੁਚਲਣ ਵਿਚ ਹੀ ਲਗਿਆ ਹੋਇਆ ਸੀ। ਸ਼ਹਿਜ਼ਾਦਾ ਖੁਸਰੋ ਸਭ ਪਾਸਿਓਂ ਹਾਰ ਖਾ ਕੇ ਪੰਜਾਬ ਵਿਚ ਪਹੁੰਚਿਆ ਹੋਇਆ ਸੀ। ਨਿਰਸੰਦੇਹ ਉਹ ਪੰਜਾਬੀਆਂ ਵਿਚ ਬਹੁਤ ਹਰਮਨਪਿਆਰਾ ਸੀ। ਸਿਖ ਜਗਤ ਵਿਚ ਉਹ ਸਤਿਕਾਰਿਆ ਜਾਂਦਾ ਸੀ। ਇਹੀ ਗੱਲਾਂ ਉਸ ਦੇ ਲਈ ਹਾਰ ਦਾ ਕਾਰਨ ਬਣ ਗਈਆਂ ਸਨ ਕਿਉਂਕਿ ਖੁਸਰੋ ਦੇ ਧਰਮ ਨਿਰਪੱਖ ਜਾਂ ਗੈਰ-ਮੁਸਲਿਮ ਸਮਾਜ ਵਿਚ ਹਰਮਨਪਿਆਰਾ ਹੋਣ ਕਰ ਕੇ ਪੰਜਾਬ ਦਾ ਕੱਟੜ ਮੁਸਲਿਮ ਜਗਤ ਉਸ ਦੇ ਖਿਲਾਫ ਹੋ ਗਿਆ ਸੀ। ਇਸ ਕਰ ਕੇ ਖੁਸਰੋ ਪੰਜਾਬ ਵਿਚ ਵੀ ਆਪਣੇ ਪੈਰ ਨਹੀਂ ਜਮਾ ਸਕਿਆ। ਜਹਾਂਗੀਰ ਨੇ ਇਥੇ ਪਹੁੰਚ ਕੇ ਖੁਸਰੋ ਦੀਆਂ ਫੌਜਾਂ ਨੂੰ ਹਰਾ ਦਿੱਤਾ ਸੀ ਅਤੇ ਖੁਸਰੋ ਨੂੰ ਪਕੜ ਕੇ ਉਸ ਦੇ ਸਾਹਮਣੇ ਹੀ ਉਸ ਦੇ ਸਭ ਹਮਾਇਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਇਸ ਤਰ੍ਹਾਂ ਪੰਜਾਬ ਜਹਾਂਗੀਰ ਦੀਆਂ ਨਿਗਾਹਾ ਵਿਚ ਸਭ ਤੋਂ ਪਹਿਲੇ ਨੰਬਰ 'ਤੇ ਸੀ। ਸਾਰਾ ਕੱਟੜ ਮੁਸਲਿਮ ਜਗਤ ਜਹਾਂਗੀਰ ਨਾਲ ਸੀ। ਇਸ ਮਾਹੌਲ ਅੰਦਰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਹੋ ਚੁੱਕੀ ਸੀ। ਸਿਖ ਜਗਤ ਲਈ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤਾਂ ਮਾਰੂ ਸੱਟ ਹੈ ਹੀ ਸੀ, ਸ਼ਾਹਜ਼ਾਦਾ ਖੁਸਰੋ ਦਾ ਪਕੜਿਆ ਜਾਣਾ ਵੀ ਸਿਖਾਂ ਲਈ ਇਕ ਮਾਰੂ ਸੱਟ ਦੇ ਬਰਾਬਰ ਹੀ ਸੀ। ਇਨ੍ਹਾਂ ਘਟਨਾਵਾਂ ਨੇ ਸਿਖਾਂ ਨੂੰ ਇਕ ਜ਼ਖ਼ਮੀ ਹੋ ਚੁੱਕੇ ਸ਼ੇਰ ਦੀ ਹਾਲਤ ਦੀ ਸਥਿਤੀ ਵਿਚ ਪਹੁੰਚਾ ਦਿੱਤਾ ਸੀ। ਮਾਹੌਲ ਅਜਿਹਾ ਸੀ ਕਿ ਸਭ ਪਾਸੇ ਸ਼ੱਕ ਦੀਆਂ ਹੀ ਨਜ਼ਰਾਂ ਸਨ। ਥੋੜ੍ਹੀ ਜਿਹੀ ਅੰਗਿਆਰੀ ਸੁੱਟਣ ਦੀ ਹੀ ਦੇਰ ਸੀ ਕਿ ਭਾਂਬੜ ਬਲ ਸਕਦਾ ਸੀ। ਅਜਿਹੇ ਹਾਲਾਤ ਦੇ ਅੰਦਰ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਗੱਦੀ ਧਾਰਨ ਕੀਤੀ ਸੀ।

ਜਹਾਂਗੀਰ ਨੇ ਬਾਦਸ਼ਾਹ ਬਣਦਿਆਂ ਅਤੇ ਖੁਸਰੋ ਨੂੰ ਪਕੜਦਿਆਂ ਹੀ ਪੰਜਾਬ ਦਾ ਸਾਰਾ ਪਰਬੰਧ ਬਦਲਾ ਸੁੱਟਿਆ ਸੀ। ਜਿਥੇ ਸ਼ਹਿਜ਼ਾਦਾ ਖੁਸਰੋ ਦੇ ਪੱਖੀ ਅਧਿਕਾਰੀ ਅਤੇ ਜਰਨੈਲ ਪਕੜ ਕੇ ਮੌਤ ਦੇ ਘਾਟ ਉਤਾਰ ਦਿੱਤੇ ਗਏ ਸਨ ਉਥੇ ਕੱਟੜਵਾਦੀ ਅਧਿਕਾਰੀਆਂ ਨੂੰ ਪੰਜਾਬ ਦਾ ਰਾਜ ਪਰਬੰਧ ਸੌਂਪ ਦਿੱਤਾ ਗਿਆ ਸੀ। ਮੁਰਤਜ਼ਾ ਖਾਨ ਨੂੰ ਲਾਹੌਰ ਦਾ ਗਵਰਨਰ ਬਣਾਇਆ ਗਿਆ ਸੀ। ਇਸ ਦਾ ਅਸਲੀ ਨਾਂ ਸ਼ੇਖ ਫਰੀਦ ਬੁਖਾਰੀ ਸੀ। ਇਹ ਸਰਹਿੰਦ ਦੇ ਧਾਰਮਿਕ ਨੇਤਾ ਮੁਜੱਦਦ ਅਲਫ਼ ਸਾਨੀ ਦਾ ਪੈਰੋਕਾਰ ਸੀ ਅਤੇ ਬਾਦਸ਼ਾਹ ਨਾਲੋਂ ਮੁਜੱਦਦ ਦੇ

ਹੁਕਮਾਂ ਦੀ ਪਾਲਣਾ ਕਰਨ ਵਿਚ ਜਿਆਦਾ ਦਿਲਚਸਪੀ ਰੱਖਦਾ ਸੀ।[1] ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਮੁਰਤਜ਼ਾ ਖਾਨ ਦੀ ਸੂਬੇਦਾਰੀ ਸਮੇਂ ਹੋਈ ਸੀ। ਇਸ ਨੂੰ ਇਹ ਵੀ ਹੁਕਮ ਦਿੱਤਾ ਹੋਇਆ ਸੀ ਕਿ ਉਹ ਗੁਰੂ ਜੀ ਦੇ ਪਰਿਵਾਰ ਨੂੰ ਵੀ, ਸਮੇਤ ਬਾਲ ਹਰਿਗੋਬਿੰਦ ਦੇ, ਗਰਿਫਤਾਰ ਕਰ ਲਵੇ ਅਤੇ ਉਨ੍ਹਾਂ ਦੀ ਸਾਰੀ ਜਾਇਦਾਦ ਜ਼ਬਤ ਕਰ ਲਵੇ[2] ਪਰ ਪਤਾ ਨਹੀਂ ਕਿੰਨਾ ਕਾਰਨਾਂ ਕਰ ਕੇ ਇਹ ਹੁਕਮ ਅਮਲੀ ਰੂਪ ਨਹੀਂ ਧਾਰਨ ਕਰ ਸਕੇ ਪਰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਕੁਝ ਦੇਰ ਬਾਅਦ ਹੀ ਮੁਰਤਜ਼ਾ ਖਾਨ ਨੂੰ ਬਦਲ ਕੇ ਗੁਜਰਾਤ ਭੇਜ ਦਿੱਤਾ ਗਿਆ ਸੀ ਅਤੇ ਸੈਦ ਖਾਨ ਨੂੰ ਲਾਹੌਰ ਦਾ ਗਵਰਨਰ ਬਣਾਇਆ ਗਿਆ ਸੀ। ਕੁਝ ਹੀ ਅਰਸੇ ਬਾਦ ਅਰਥਾਤ 1607 ਈ. ਵਿਚ ਸੈਦ ਖਾਨ ਨੂੰ ਵੀ ਹਟਾ ਦਿੱਤਾ ਗਿਆ ਸੀ। ਇਸ ਦੀ ਥਾਂ ਕੁਲੰਜ ਖਾਨ ਜਾਂ ਕੁਲੀਜ ਖਾਨ ਲਾਹੌਰ ਦਾ ਗਵਰਨਰ ਬਣਿਆ। 1610 ਵਿਚ ਕੁਲੰਜ ਖਾਨ ਨੂੰ ਹਟਾ ਕੇ ਫਿਰ ਮੁੜ ਤੋਂ ਮੁਰਤਜ਼ਾ ਖ਼ਾਨ ਨੂੰ ਲਾਹੌਰ ਦਾ ਗਵਰਨਰ ਬਣਾਇਆ ਗਿਆ ਅਤੇ ਇਹ 1617 ਈ. ਤੱਕ ਰਿਹਾ। ਸੰਭਵ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਦੀ ਗਰਿਫ਼ਤਾਰੀ ਮੁਰਤਜ਼ਾ ਖਾਨ ਦੇ ਦੂਜੀ ਵਾਰ ਗਵਰਨਰ ਬਣਨ ਸਮੇਂ ਹੋਈ ਹੋਵੇ।

ਇਸ ਤਰ੍ਹਾਂ ਇਕ ਪੂਰੀ ਅਨਿਸ਼ਚਤਾ ਵਾਲੇ ਮਾਹੌਲ ਅੰਦਰ ਗੁਰੂ ਹਰਿਗੋਬਿੰਦ ਸਾਹਿਬ ਸਿਖਾਂ ਦੇ ਛੇਵੇਂ ਪਾਤਸ਼ਾਹ ਦੇ ਤੌਰ 'ਤੇ ਸਾਹਮਣੇ ਆਏ ਸਨ।

---

1. ਸੁਜਾਨ ਰਾਏ ਭੰਡਾਰੀ, _ਪੂਰਵ ਅੰਕਤ_, ਪੰਨੇ 457-59.
2. See Ganda Singh (ed.), *Early European Accounts of The Sikhs*, Calcutta, 1962, p. 46.

ਗੁਰੂ ਹਰਿਗੋਬਿੰਦ ਸਾਹਿਬ: ਜੀਵਨ ਬਿਰਤਾਂਤ

ਜਨਮ: ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਪਰਚੱਲਿਤ ਰਵਾਇਤ ਅਨੁਸਾਰ 9 ਜੂਨ, 1595 ਈ. ਨੂੰ ਹੋਇਆ ਮੰਨਿਆ ਜਾਂਦਾ ਹੈ। ਆਧੁਨਿਕ ਸਿਖ ਇਤਿਹਾਸਕਾਰ ਵੀ ਇਸੇ ਤਿਥੀ ਨੂੰ ਅਪਣਾ ਕੇ ਚਲਦੇ ਹਨ ਪਰ ਭੱਟ ਵਹੀਆਂ ਵਿਚ ਗੁਰੂ ਜੀ ਦਾ ਜਨਮ ਇੱਕੀ ਹਾੜ, ਸੰਮਤ ਸਤਾਰਾਂ ਸੌ ਸੰਤਾਲੀ ਬਿ. ਮੁਤਾਬਕ ਜੁਲਾਈ-ਅਗਸਤ, 1590 ਈ. ਵਿਚ ਹੋਇਆ ਦੱਸਿਆ ਗਿਆ ਹੈ :

'ਬਧਾਈ ਲੀ ਸ੍ਰੀ ਹਰਿਗੋਬਿੰਦ ਜੀ ਕੀ ਬੇਟਾ ਗੁਰੂ ਅਰਜਨ ਜੀ ਮਹਲ ਪੰਚਮ ਕਾ, ਪੋਤਾ ਗੁਰੂ ਰਾਮ ਦਾਸ ਜੀ ਕਾ......ਸੰਬਤ ਸੱਤਰਾਂ ਸੈ ਸੰਤਾਲੀਸ ਮਾਂਹ ਅਸਾਢ ਦਿਹੁੰ ਇਕੀਸ ਗਿਆ, ਸਵਾ ਪਹਿਰ ਰੈਣ ਰਹੀ ਮਾਤਾ ਗੰਗਾ ਜੀ ਕੇ ਉਦਰ ਥੀ ਗ੍ਰਾਮ ਬਡਾਲੀ ਪਰਗਣਾ ਗੁਰੂ ਚੱਕ ਮੈ ਏਕ ਚਮਤਕਾਰੀ ਬਾਲ ਪੈਦਾ ਹੂਆ, ਨਾਉਂ ਸ੍ਰੀ ਹਰਿਗੋਬਿੰਦ ਜੀ ਰਾਖਾ ਕੁਲ ਪਰੋਹਤ ਸਿੰਘਾਂ ਕੋ ਮਾਨਾ। ਗੁਰੂ ਕੀ ਕੜਾਹੀ ਕੀ। ਅਤਿਥ ਗਰੀਬ ਗੁਰਬੇ ਕੋ ਦਾਨ ਦੀਆ।'[1]

ਇਨਾਂ ਦੋਹਾਂ ਮਿਤੀਆਂ ਵਿਚ ਛੇ ਸਾਲ ਦਾ ਫ਼ਰਕ ਹੈ। ਭੱਟ ਵਹੀਆਂ ਵਿਚ ਦਿੱਤੀਆਂ ਗਈਆਂ ਮਿਤੀਆਂ ਆਮ ਤੌਰ 'ਤੇ ਸਾਡੇ ਇਤਿਹਾਸਕਾਰਾਂ ਵੱਲੋਂ ਠੀਕ ਹੀ ਮੰਨੀਆਂ ਗਈਆਂ ਹਨ। ਅਗਲੀ ਕੋਈ ਹੋਰ ਭਰੋਸੇਯੋਗ ਗਵਾਹੀ ਮਿਲਣ ਦੀ ਉਡੀਕ ਵਿਚ ਇਸ ਬਾਰੇ ਫੈਸਲਾ ਖੁੱਲਾ ਰੱਖਦੇ ਹਾਂ। ਬਾਲ ਹਰਿਗੋਬਿੰਦ ਜੀ ਦੇ ਜਨਮ ਦੀ ਖੁਸ਼ੀ ਵਿਚ ਗੁਰੂ ਅਰਜਨ ਦੇਵ ਜੀ ਦਾ ਇਕ ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਸ ਦਾ ਸਮੁੱਚਾ ਭਾਵ ਹੈ: 'ਅਕਾਲ ਪੁਰਖ ਨੇ ਬੱਚਾ ਭੇਜਿਆ ਹੈ। ਜਦੋਂ ਇਸ ਨੇ ਆਪਣੀ ਮਾਂ ਦੇ ਪੇਟ ਵਿਚ ਪਰਕਾਸ਼ ਧਾਰਨ ਕੀਤਾ ਸੀ ਤਾਂ ਮਾਤਾ ਬਹੁਤ ਖੁਸ਼ ਹੋਈ ਸੀ। ਇਹ ਸਾਰੀ ਸਰਿਸ਼ਟੀ ਦਾ ਸੰਤ ਪੁੱਤਰ ਹੈ। ਵਾਹਿਗੁਰੂ ਦਾ ਹੁਕਮ ਸਭ ਵਿਚ ਜਾਹਿਰ ਹੋ ਗਿਆ ਹੈ'। ਬਾਲਕ ਨੇ ਦਸ ਮਹੀਨਿਆਂ ਬਾਦ ਜਨਮ ਲਿਆ ਹੈ। ਇਸ ਨਾਲ ਪਰਿਵਾਰ ਵਿਚ ਸਭ ਸੋਗ ਖਤਮ ਹੋ ਕੇ ਖੁਸ਼ੀਆਂ ਫੈਲ ਗਈਆਂ ਹਨ। ਪਰਿਵਾਰ ਦੀ ਵੇਲ ਵਧੀ ਹੈ। ਬੱਚੇ ਦੇ ਰੂਪ ਵਿਚ ਸਤਿਗੁਰਾਂ ਨੇ ਐਸੀ ਦਾਤ ਬਖ਼ਸ਼ ਦਿੱਤੀ ਹੈ ਕਿ ਜਿਸ ਦੀ ਉਨ੍ਹਾਂ ਨੂੰ ਲੋਚਾ ਸੀ। ਜਿਵੇਂ ਕਿ ਬਾਲਕ ਆਪਣੇ ਪਿਤਾ ਉੱਪਰ ਬਹੁਤ ਮਾਣ ਕਰਦਾ ਹੈ ਉਸੇ ਤਰ੍ਹਾਂ ਉਹ (ਗੁਰੂ ਅਰਜਨ) ਵੀ ਵਾਹਿਗੁਰੂ ਦੇ ਹੁਕਮ ਮੁਤਾਬਿਕ ਹੀ ਸਭ ਕੁੱਝ ਬਿਆਨ ਕਰ ਰਹੇ ਹਨ। ਇਹ ਕੋਈ ਲੁਕੀ ਛੁੱਪੀ ਗੱਲ ਨਹੀਂ ਹੈ ਸਗੋਂ ਗੁਰੂ ਨਾਨਕ ਨੇ ਪਰਮ ਪਰਸੰਨ ਹੋ ਕੇ ਇਹ ਦਾਤ ਬਖ਼ਸ਼ੀ ਹੈ।'

---

1. ਪਿਆਰਾ ਸਿੰਘ ਪਦਮ ਰਾਹੀਂ ਕ੍ਰਿਤ, *ਗੁਰੂ ਕੀਆਂ ਸਾਖੀਆਂ*, ਪਟਿਆਲਾ, 1986, ਪੰ. 26.

ਸਤਿਗੁਰ ਸਾਚੈ ਦੀਆ ਭੇਜਿ। ਚਿਰੁ ਜੀਵਨੁ ਉਪਜਿਆ ਸੰਜੋਗਿ।

....

ਗੁਝੀ ਛੰਨੀ ਨਾਹੀ ਬਾਤ। ਗੁਰੁ ਨਾਨਕੁ ਤੁਠਾ ਕੀਨੀ ਦਾਤ ॥[1]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਲ ਹਰਿਗੋਬਿੰਦ ਜੀ ਦੇ ਬਚਪਨ ਦੇ ਸਮੇਂ ਦੌਰਾਨ ਵਾਪਰੀਆਂ ਕੁਝ ਕੁ ਘਟਨਾਵਾਂ ਦਾ ਵੀ ਜਿਕਰ ਹੈ। ਇਹ ਜਾਣਕਾਰੀ ਮੌਲਿਕ ਜਾਣਕਾਰੀ ਹੈ ਜਿਸ ਨੂੰ ਜਰੂਰ ਹੀ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ। ਇਕ ਘਟਨਾ ਬਾਲ ਹਰਿਗੋਬਿੰਦ ਜੀ ਦੇ ਚੇਚਕ ਨਿਕਲਣ ਦੀ ਹੈ ਅਤੇ ਦੂਜੀ ਘਟਨਾ ਬਾਲ ਹਰਿਗੋਬਿੰਦ ਨੂੰ ਕਿਸੇ ਬਰਾਹਮਣ ਵੱਲੋਂ ਜਹਿਰ ਦਿੱਤੇ ਜਾਣ ਦੀ ਹੈ। ਚੇਚਕ ਨਿਕਲਣ ਬਾਰੇ ਅਤੇ ਇਸ ਦੇ ਆਰਾਮ ਆਉਣ ਬਾਰੇ ਗੁਰੂ ਅਰਜਨ ਦੇਵ ਜੀ ਨੇ ਜੋ ਜਾਣਕਾਰੀ ਦਿੱਤੀ ਹੈ ਉਸ ਦਾ ਭਾਵ ਅਰਥ ਇਉਂ ਹੈ: 'ਬੱਚੇ ਨੂੰ ਚੇਚਕ ਦੀ ਬਿਮਾਰੀ ਤੋਂ ਅਕਾਲ ਪੁਰਖ ਨੇ ਆਪਣੀ ਅਪਾਰ ਕਿਰਪਾ ਕਰ ਕੇ ਬਚਾਇਆ ਹੈ। ਨੇਤਰਾਂ ਦਾ ਪਰਕਾਸ਼ ਵਾਹਿਗੁਰੂ ਨੇ ਕਾਇਮ ਰੱਖਿਆ ਹੈ ਅਤੇ ਉਨ੍ਹਾਂ ਦੇ ਸਭ ਸ਼ੰਕੇ ਦੂਰ ਹੋ ਗਏ ਹਨ। ਉਨ੍ਹਾਂ ਦੀ ਸੇਵਾ ਪੂਰਨ ਹੋ ਗਈ ਹੈ। ਹਮੇਸ਼ਾਂ ਵਾਹਿਗੁਰੂ ਦਾ ਜਾਪ ਕਰੋ। ਬਾਲਕ ਨੂੰ ਪ੍ਰਭੂ ਨੇ ਆਪ ਰੱਖਿਆ ਹੈ। ਸੀਤਲਾ ਠੀਕ ਹੋ ਗਈ ਹੈ। ਵਾਹਿਗੁਰੂ ਦਾ ਨਾਮ ਜਪਣ ਕਾਰਨ ਸਭ ਬਿਘਨ ਦੂਰ ਹੋ ਗਏ ਹਨ। ਉਨ੍ਹਾਂ ਦਾ ਵਾਹਿਗੁਰੂ ਹਮੇਸ਼ਾਂ ਦਿਆਲ ਰਹਿੰਦਾ ਹੈ। ਉਸ ਨੇ ਆਪਣੇ ਭਗਤ ਦੀ ਅਰਦਾਸ ਸੁਣ ਲਈ ਹੈ। ਪਰਿਵਾਰ ਦੇ ਸਭ ਮੈਂਬਰ ਬਹੁਤ ਖੁਸ਼ ਹਨ।'[2]

ਬਾਲ ਹਰਿਗੋਬਿੰਦ ਨੂੰ ਕਿਸੇ ਬਰਾਹਮਣ ਵੱਲੋਂ ਜਹਿਰ ਦਿੱਤੇ ਜਾਣ ਦੀ ਘਟਨਾ ਦਾ ਜਿਕਰ ਇਸ ਤਰ੍ਹਾਂ ਹੈ ਕਿ ਜਿਸ ਬਰਾਹਮਣ ਨੇ ਬਾਲ ਗੋਬਿੰਦ ਜੀ ਨੂੰ ਜਹਿਰ ਦਿੱਤੀ ਸੀ ਉਹ ਬਰਾਹਮਣ ਖੁਦ ਹੀ ਆਪਣੇ ਪੇਟ ਵਿਚ ਸੂਲ ਉਠਣ ਨਾਲ ਮਰ ਗਿਆ ਸੀ। ਬੱਚੇ ਉੱਪਰ ਜਹਿਰ ਦਾ ਕੋਈ ਅਸਰ ਨਹੀਂ ਹੋਇਆ। ਇਹ ਸਭ ਕੁਝ ਵਾਹਿਗੁਰੂ ਦੀ ਮਿਹਰ ਨਾਲ ਹੀ ਹੋਇਆ ਹੈ।[3]

ਸੰਭਵ ਤੌਰ 'ਤੇ ਇਹ ਜਹਿਰ ਦਿਵਾਉਣ ਦੀ ਘਟਨਾ ਪਿਰਥੀ ਚੰਦ ਜੈਸੇ ਗੁਰੂ ਘਰ ਦੇ ਦੋਖੀਆਂ ਵੱਲੋਂ ਵਰਤਾਈ ਗਈ ਹੋਵੇ ਕਿਉਂਕਿ ਪਿਰਥੀ ਚੰਦ ਗੁਰੂ ਅਰਜਨ ਦੇਵ ਜੀ ਦਾ ਬਹੁਤ ਤਕੜਾ ਵਿਰੋਧੀ ਸੀ ਪਰ ਇਹ ਕਿਸੇ ਹੋਰ ਵਿਰੋਧੀ ਵੱਲੋਂ ਵੀ ਦਿਵਾਈ ਗਈ ਹੋ ਸਕਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਿਰਫ ਜਹਿਰ ਦੇਣ ਵਾਲੀ ਘਟਨਾ ਦੀ ਸ਼ਨਾਖ਼ਤ ਕੀਤੀ ਗਈ ਹੈ। ਜਹਿਰ ਦਿਵਾਉਣ ਵਾਲੇ ਦੀ ਨਹੀਂ। ਗੁਰਬਿਲਾਸ ਛੇਵੀਂ ਪਾਤਸ਼ਾਹੀ ਜੈਸੀਆਂ ਗੁਰਮੁਖੀ ਦੀਆਂ ਮੁੱਢਲੀਆਂ ਲਿਖਤਾਂ ਵਿਚ ਦਿੱਤੀ ਗਈ ਇਸ ਤਰ੍ਹਾਂ ਦੀ ਜਾਣਕਾਰੀ ਭਰੋਸੇਯੋਗ ਨਹੀ ਹੈ।

ਜਾਪਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਬਾਲ ਹਰਿਗੋਬਿੰਦ ਦੀ ਮੁੱਢਲੀ ਵਿਦਿਆ ਦਾ ਅਤੇ ਘੋੜ ਸੁਆਰੀ ਦਾ ਬਹੁਤ ਅੱਛਾ ਪਰਬੰਧ ਕੀਤਾ ਹੋਇਆ ਸੀ। ਇਸ ਮਕਸਦ ਲਈ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਜੈਸੇ ਮਹਾਨ ਵਿਦਵਾਨ ਗੁਰੂ ਘਰ ਵਿਚ ਸਨ।

---

1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 376.
2. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 200 ਅਤੇ 627.
3. *ਉਕਤ*, ਪੰਨਾ 1139.

ਬਾਲ ਹਰਿਗੋਬਿੰਦ ਜੀ ਦਾ ਵਿਆਹ ਵੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੀ ਹੋ ਗਿਆ ਜਾਪਦਾ ਹੈ ਕਿਉਂਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਤੁਰੰਤ ਬਾਦ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਸਾਰੇ ਪਰਿਵਾਰ ਸਮੇਤ ਆਪਣੇ ਸਾਂਢੂ ਸਾਈਂ ਦਾਸ ਦੇ ਕੋਲ ਡਰੋਲੀ ਭਾਈ ਕੀ ਵਿਖੇ ਚਲੇ ਗਏ ਸਨ। ਭੱਟ ਵਹੀ ਮੁਲਤਾਨੀ ਸਿੰਧੀ ਅਨੁਸਾਰ, 'ਗੁਰੂ ਹਰਿਗੋਬਿੰਦ ਮਹਲ ਛਟਾ ਬੇਟਾ ਗੁਰੂ ਅਰਜਨ ਜੀ ਕਾ ਬਾਸੀ ਗੁਰੂ ਕਾ ਚੱਕ ਪਰਗਨਾ ਨਿਝਰਆਲਾ ਸੰਮਤ ਸੋਲਾਂ ਸੈ ਤ੍ਰੇਸਠ ਜੇਠ ਮਾਸੇ ਸੁਦੀ ਅਸ਼ਟਮੀ ਕੇ ਦਿਹੁੰ ਗੋਇੰਦਆਲ ਸੇ ਜੰਗਲ ਦੇਸ ਗਾਮ ਡਰੋਲੀ ਪਰਗਣਾ ਡਗਰੂ ਭਾਈ ਸਾਂਈਦਾਸ ਕੇ ਗ੍ਰਹਿ ਮੈ ਆਇ। ਗੈਲੋਂ ਮਾਤਾ ਗੰਗਾ ਦੇਈ ਤੇ ਇਸਤਰੀ ਦਮੋਦਰੀ ਜੀ ਆਈ। ਏਕ ਬਰਖ ਛੇ ਮਾਸ ਡਰੋਲੀ ਗਾਮ ਮੈ ਬਾਸ ਕਰ ਗੋਇੰਦਵਾਲ ਆਏ।'

ਗੁਰਗੱਦੀ ਦੀ ਪਰਾਪਤੀ: ਗੁਰੂ ਅਰਜਨ ਦੇਵ ਜੀ ਜੇਠ ਸੁਦੀ ਚੌਥ, ਸੰਮਤ 1663 ਬਿ. ਮੁਤਾਬਕ 30 ਮਈ, 1606 ਈ. ਨੂੰ ਸ਼ਹੀਦ ਹੋ ਗਏ ਸਨ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿਖ ਲਹਿਰ ਲਈ ਇਕ ਬਹੁਤ ਵੱਡਾ ਚੈਲਿੰਜ ਸੀ। ਬਾਲ ਹਰਿਗੋਬਿੰਦ ਨੇ ਇਸ ਚੈਲਿੰਜ ਨੂੰ ਮਨਜ਼ੂਰ ਕੀਤਾ। ਮਨਜ਼ੂਰ ਕਰਨ ਦੇ ਪਰਤੀਕ ਵੱਜੋ ਬਾਲ ਹਰਿਗੋਬਿੰਦ ਨੇ ਆਪਣਾ ਗੁਰਿਆਈ ਤਿਲਕ ਤਖ਼ਤ ਉੱਪਰ ਬੈਠ ਕੇ ਧਾਰਨ ਕੀਤਾ। ਤਖ਼ਤ ਉੱਪਰ ਬੈਠ ਕੇ ਗੁਰਿਆਈ ਤਿਲਕ ਧਾਰਨ ਕਰਨ ਦਾ ਭਾਵ ਸੀ ਕਿ ਹਕੂਮਤ ਦੀ ਕਾਰਵਾਈ ਦਾ ਜਵਾਬ ਉਸ ਦੀ ਆਪਣੀ ਹੀ ਬੋਲੀ ਵਿਚ ਦਿੱਤਾ ਜਾਵੇ। ਜੇ ਹਕੂਮਤ ਨੇ ਇਹ ਸੋਚਿਆ ਸੀ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਸਿਖ ਲਹਿਰ ਦੱਬ ਜਾਵੇਗੀ ਤਾਂ ਗੁਰੂ ਹਰਿਗੋਬਿੰਦ ਦਾ ਜਵਾਬ ਸੀ ਕਿ ਅੱਗੇ ਤੋਂ ਸਿਖ ਲਹਿਰ ਧਾਰਮਿਕ ਸ਼ਕਤੀ ਦੇ ਨਾਲ-ਨਾਲ ਸਿਖ ਸਮਾਜ ਦੇ ਆਤਮ ਨਿਰਣੇ ਦੀ ਸ਼ਕਤੀ ਵੀ ਧਾਰਨ ਕਰੇਗੀ। ਇਸ ਆਤਮ-ਨਿਰਣੇ ਦੀ ਸ਼ਕਤੀ ਨੂੰ ਦੋ ਕਿਰਪਾਨਾਂ ਧਾਰਨ ਕਰ ਕੇ ਦਰਸਾਇਆ ਗਿਆ। ਇਕ ਕਿਰਪਾਨ ਧਾਰਮਿਕ ਸ਼ਕਤੀ ਦੀ ਅਤੇ ਦੂਜੀ ਆਤਮ-ਨਿਰਣੇ ਦੀ ਸੀ। ਇਸ ਨੂੰ ਸਿਖ ਸ਼ਬਦਾਵਲੀ ਵਿਚ ਮੀਰੀ ਅਤੇ ਪੀਰੀ ਦਾ ਧਾਰਨ ਕਰਨਾ ਦੱਸਿਆ ਗਿਆ ਹੈ। ਇਸ ਮਨੋਰਥ ਨੂੰ ਦੋ ਕਿਰਪਾਨਾਂ ਤੋਂ ਇਲਾਵਾ ਕੁਝ ਹੋਰ ਚਿੰਨ ਵੀ ਦਰਸਾ ਰਹੇ ਸਨ। ਜਿਵੇਂ ਕਿ ਸੀਸ ਉੱਪਰ ਕਲਗੀਆਂ ਵਾਲੀ ਪੱਗ ਪਹਿਨਣਾ; ਸੀਸ ਉੱਪਰ ਛਤਰ ਝੁਲਾਉਣਾ; ਹਥਿਆਬੰਦ ਸਿਖ ਘੋੜ-ਸੁਆਰ ਖੜੇ ਕਰਨਾ; ਨਗਾਰਾ ਬਜਾਉਣਾ; ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਦੋ ਕੇਸਰੀ ਨਿਸ਼ਾਨ ਸਾਹਿਬ ਝੁਲਾਉਣਾ ਆਦਿ! ਆਦਿ!!

ਸਿਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ: ਸਿਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦੀ ਮਿਤੀ ਬਾਰੇ ਇਤਿਹਾਸਕਾਰਾਂ ਵਿਚ ਕਾਫੀ ਮੱਤ ਭੇਦ ਹਨ। ਗਯਾਨੀ ਗਯਾਨ ਸਿੰਘ ਇਸ ਦੀ ਸਥਾਪਨਾ ਪੰਜ ਹਾੜ, ਸੰਮਤ 1666 ਬਿ. ਮੁਤਾਬਕ ਮਈ, 1609 ਈ. ਨੂੰ ਹੋਈ ਮੰਨਦਾ ਹੈ।[1] ਗਯਾਨੀ ਲਾਲ ਸਿੰਘ ਸਥਾਪਨਾ ਦਾ ਸਾਲ ਸੰਨ 1608 ਦਾ ਦੱਸਦਾ ਹੈ।[2] ਭਾਈ ਕਾਨ੍ਹ ਸਿੰਘ ਨਾਭਾ 1608 ਈ. ਲਿਖਦੇ ਹਨ।[3] ਤੇਜਾ ਸਿੰਘ ਗੰਡਾ ਸਿੰਘ 1609 ਈ. ਦਾ ਸਾਲ

1. *ਤਵਾਰੀਖ਼ ਗੁਰੂ ਖ਼ਾਲਸਾ* (ਪੱਥਰ ਛਾਪ, ਪਹਿਲੀ), ਸਿਆਲਕੋਟ, 1891 ਈ. ਪੰਨਾ 216.
2. *ਗੁਰੂ ਖ਼ਾਲਸਾ ਤਵਾਰੀਖ਼*, ਪੰਚ ਖ਼ਾਲਸਾ ਦੀਵਾਨ (ਮਿਤੀ ਰਹਿਤ), ਪੰਨਾ 302.
3. *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960, ਪੰਨਾ 27.

ਲਿਖਦੇ ਹਨ।[1] ਪਰ ਇਨ੍ਹਾਂ ਵਿਚੋਂ ਕੋਈ ਵੀ ਸਾਲ ਦਰੁਸਤ ਨਹੀਂ ਹੈ ਕਿਉਂਕਿ ਕਿਸੇ ਵੀ ਲੇਖਕ ਜਾਂ ਇਤਿਹਾਸਕਾਰ ਨੇ ਆਪਣੇ ਵੱਲੋਂ ਦਿੱਤੇ ਗਏ ਸੰਨ ਸੰਮਤ ਦਾ ਕੋਈ ਆਧਾਰ ਨਹੀਂ ਦਿੱਤਾ। *ਗੁਰਬਿਲਾਸ ਛੇਵੀਂ ਪਾਤਸ਼ਾਹੀ,* ਜੋ ਗੁਰਮੁਖੀ ਦੀ ਮੁੱਢਲੀ ਲਿਖਤ ਹੈ, ਵਿਚ ਸਿਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਹਾੜ ਪੰਚਮੀ, ਸੰਮਤ 1763 ਬਿ. ਮੁਤਾਬਕ 15 ਜੂਨ, 1606 ਈ. ਵਿਚ ਹੋਈ ਦੱਸੀ ਗਈ ਹੈ।[2] ਅਜੇ ਤੱਕ ਇਸ ਲਿਖਤ ਤੋਂ ਵੱਧ ਭਰੋਸੇਯੋਗ ਲਿਖਤ ਕੋਈ ਹੋਰ ਨਹੀਂ ਮਿਲੀ ਜਿਹੜੀ ਸਿਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਬਾਰੇ ਇਸ ਤਰ੍ਹਾਂ ਪੂਰੀ ਸਪਸ਼ਟਤਾ ਨਾਲ ਚਾਨਣਾ ਪਾਉਂਦੀ ਹੋਵੇ। ਇਸ ਲਈ ਇਸ ਵਿਚ ਦਿੱਤੀ ਗਈ ਮਿਤੀ ਨੂੰ ਹੀ ਠੀਕ ਮੰਨਿਆ ਗਿਆ ਹੈ।[3] ਇਸ ਮਹਾਨ ਸੰਸਥਾ ਦੀ ਨੀਂਹ ਰੱਖਣ ਦੀ ਰਸਮ ਅਤੇ ਇਸ ਦੀ ਸਾਰੀ ਉਸਾਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਖੁਦ ਹੀ ਕੀਤੀ। ਉਨ੍ਹਾਂ ਨਾਲ ਸਹਾਇਤਾ ਕਰਨ ਵਾਲੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਸਨ। ਕਿਸੇ ਮਿਸਤਰੀ ਜਾਂ ਕਾਰੀਗਰ ਤੋਂ ਇਸ ਦੀ ਉਸਾਰੀ ਨਹੀਂ ਕਰਵਾਈ ਗਈ।

ਰਵਾਇਤ ਹੈ ਕਿ ਜਦੋਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੀਆਂ ਅੰਤਮ ਰਸਮਾਂ (ਭੋਗ) ਅਦਾ ਕੀਤੀਆਂ ਜਾਣੀਆਂ ਸਨ ਤਾਂ ਉਸ ਸਮੇਂ ਹੀ ਬਾਲ ਹਰਿ ਗੋਬਿੰਦ ਨੂੰ ਗੁਰਿਆਈ ਤਿਲਕ ਲਗਾਇਆ ਜਾਣਾ ਸੀ। ਗੁਰਿਆਈ ਤਿਲਕ ਦੀ ਤਿਆਰੀ ਲਈ, ਬਾਲ ਹਰਿਗੋਬਿੰਦ ਜੀ ਦੀਆਂ ਹਦਾਇਤਾਂ ਮੁਤਾਬਿਕ ਇਕ ਉੱਚੇ ਥੜ੍ਹੇ ਦੀ ਸਥਾਪਨਾ ਕੀਤੀ ਗਈ। ਹਦਾਇਤਾਂ ਸਨ ਕਿ ਗੁਰਿਆਈ ਤਿਲਕ ਤਖ਼ਤ ਉੱਪਰ ਬੈਠ ਕੇ ਅਤੇ ਸ਼ਾਹੀ ਵਾਰਸਾਂ ਨਾਲ ਮਿਲਦੀਆਂ-ਜੁਲਦੀਆਂ ਰਸਮਾਂ ਅਪਣਾ ਕੇ ਹੀ ਧਾਰਨ ਕਰਨਾ ਹੈ ਤਾਂ ਕਿ ਹਕੂਮਤ ਨੂੰ ਉਸ ਦੇ ਚੈਲਿੰਜ ਦਾ ਪੂਰਾ-ਪੂਰਾ ਉੱਤਰ ਦਿੱਤਾ ਜਾ ਸਕੇ। ਇਸ ਥੜ੍ਹੇ ਦਾ ਨਾਂ ਰੱਖਿਆ ਗਿਆ 'ਸਿਰੀ ਅਕਾਲ ਤਖ਼ਤ ਸਾਹਿਬ'। ਇਸ ਨੂੰ ਦੂਜੇ ਅਰਥਾਂ ਵਿਚ ਦੁਨਿਆਵੀ ਤਖ਼ਤਾਂ ਦੇ ਮੁਕਾਬਲੇ ਲੋਕ ਸ਼ਕਤੀ ਦਾ ਪਰਤੀਕ ਅਤੇ ਧਾਰਮਿਕ ਅਕੀਦਿਆਂ ਦੀ ਸੁਤੰਤਰਤਾ ਦਾ ਪਰਤੀਕ ਤਖ਼ਤ ਸਮਝਿਆ ਗਿਆ ਸੀ।

ਇਸ ਤਖ਼ਤ ਉੱਪਰ ਬੈਠ ਕੇ ਸਭ ਤੋਂ ਪਹਿਲਾਂ ਐਲਾਨ ਇਹ ਕੀਤਾ ਗਿਆ ਕਿ ਜੋ ਵੀ ਸਿਖ ਗੁਰੂ ਜੀ ਦੇ ਦਰਸ਼ਨਾਂ ਨੂੰ ਆਵੇ ਉਹ ਹਥਿਆਰਬੰਦ ਅਤੇ ਘੋੜਸੁਆਰ ਹੋ ਕੇ ਹੀ ਆਵੇ।[4] ਇਸ ਹੁਕਮ ਦੀ ਤਾਮੀਲ ਕਰਦੇ ਹੋਏ ਛੇਤੀ ਹੀ ਸੈਂਕੜਿਆਂ, ਹਜ਼ਾਰਾਂ ਦੀ ਗਿਣਤੀ ਵਿਚ ਸਿਖ ਗੁਰੂ ਜੀ ਦੇ ਦੁਆਲੇ ਇਕੱਠੇ ਹੋ ਗਏ। ਸਮੁੱਚੇ ਹਥਿਆਰਬੰਦ ਸਿਖਾਂ ਨੂੰ ਚਾਰ ਜੱਥਿਆਂ ਵਿਚ ਜੱਥੇਬੰਦ ਕੀਤਾ ਗਿਆ। ਇਨ੍ਹਾਂ ਚਾਰ ਜੱਥਿਆਂ ਦੇ ਜੱਥੇਦਾਰ ਸਨ: ਭਾਈ ਬਿਧੀ ਚੰਦ, ਪੈਂਦੇ ਖਾਂ, ਭਾਈ ਪਿਰਾਨਾ ਅਤੇ ਭਾਈ ਜੇਠਾ।[5] ਕੁਝ ਲਿਖਤਾਂ ਵਿਚ ਇਨ੍ਹਾਂ ਜੱਥਿਆਂ ਦੀ ਗਿਣਤੀ ਪੰਜ ਦੱਸੀ ਗਈ ਹੈ। ਪੰਜਵੇਂ ਜੱਥੇ ਦੀ ਜੱਥੇਦਾਰੀ ਭਾਈ ਲੰਗਾਹਾ ਕੋਲ ਸੀ। ਸਿਰੀ ਅਕਾਲ ਤਖ਼ਤ

---

1. *ਏ ਸ਼ਾਰਟ ਹਿਸਟਰੀ ਆਫ ਦਾ ਸਿਖਸ,* ਬੰਬੇ, 1950, ਪੰਨਾ 39.
2. *ਗੁਰਬਿਲਾਸ ਛੇਵੀਂ ਪਾਤਸ਼ਾਹੀ* (ਸੰ. ਗਿਆਨੀ ਇੰਦਰ ਸਿੰਘ ਗਿੱਲ), ਅੰਮ੍ਰਿਤਸਰ, 1968, ਪੰਨੇ 146-151.
3. ਹੋਰ ਦੇਖੋ ਸੁਖਦਿਆਲ ਸਿੰਘ, *ਸਿਰੀ ਅਕਾਲ ਤਖ਼ਤ ਸਾਹਿਬ,* ਲੁਧਿਆਣਾ, 1995, ਪੰਨਾ 18.
4. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ* (ਸੰ. ਭਾਈ ਵੀਰ ਸਿੰਘ), ਜਿਲਦ 7, ਅੰਮ੍ਰਿਤਸਰ, 1935, ਪੰਨਾ 2403.
5. ਗੁਰਬਿਲਾਸ ਛੇਵੀਂ ਪਾਤਸ਼ਾਹੀ, ਪੰਨਾ 163.

ਸਾਹਿਬ ਦੇ ਸਾਹਮਣੇ ਦੋ ਕੇਸਰੀ ਨਿਸ਼ਾਨ ਸਾਹਿਬ ਲਹਿਰਾਏ ਗਏ ਜਿਹੜੇ ਧਾਰਨ ਕੀਤੀਆਂ ਗਈਆਂ ਮੀਰੀ-ਪੀਰੀ ਦੀਆ ਦੋ ਤਲਵਾਰਾਂ ਵਾਂਗ ਹੀ ਅਧਿਆਤਮਿਕ ਅਤੇ ਸੰਸਾਰਿਕ ਸ਼ਕਤੀ ਦੀ ਸੁਮੇਲਤਾ ਅਤੇ ਅੰਤਰ-ਸੰਬੰਧਤਾ ਦੇ ਪਰਤੀਕ ਸਨ। ਸਿਖ ਸੰਗਤਾਂ ਦੇ ਸਵੇਰੇ-ਸ਼ਾਮ ਦਰਬਾਰ ਲਗਾਉਣੇ ਸ਼ੁਰੂ ਕੀਤੇ ਗਏ। ਇਨ੍ਹਾਂ ਦਰਬਾਰਾਂ ਵਿਚ ਸਿਖਾਂ ਦੇ ਆਪਣੇ ਮਸਲੇ ਸੁਣੇ ਜਾਂਦੇ ਅਤੇ ਨਿਬੇੜੇ ਜਾਂਦੇ; ਬੀਰ-ਰਸ ਭਰਪੂਰ ਵਾਰਾਂ ਸੁਣਾਈਆਂ ਜਾਂਦੀਆਂ; ਬਾਹਰਲੇ ਰਾਜਿਆਂ ਮਹਾਰਾਜਿਆਂ ਵੱਲੋਂ ਭੇਜੇ ਗਏ ਦੂਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਆਂ ਜਾਂਦਾ ਅਤੇ ਸਿਖਾਂ ਨੂੰ ਜ਼ੁਲਮ ਅਤੇ ਜਬਰ ਦੇ ਖਿਲਾਫ਼ ਡਟਣ ਦੀਆਂ ਸਿੱਖਿਆਵਾਂ ਦਿੱਤੀਆਂ ਜਾਂਦੀਆਂ।[1] ਇਸ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਸਿਖਾਂ ਦਾ ਸਰਬਉੱਚ ਅਦਾਲਤੀ ਅਸਥਾਨ ਬਣ ਕੇ ਸਾਹਮਣੇ ਆਇਆ। ਇਸ ਨਾਲ ਸਿਖ ਜਗਤ ਦੇ ਮਨਾਂ ਵਿਚ ਆਤਮ ਸ਼ਾਸ਼ਨ ਦਾ ਗਯਾਨ ਹੋਣਾ ਸ਼ੁਰੂ ਹੋ ਗਿਆ ਅਤੇ ਦਿੱਲੀ ਤਖ਼ਤ ਦੇ ਮੁਕਾਬਲੇ 'ਤੇ ਇਕ ਵਿਸ਼ੇਸ਼ ਕਿਸਮ ਦੀ ਰਾਜਨੀਤਿਕ ਚੇਤੰਨਤਾ ਆਉਣੀ ਸ਼ੁਰੂ ਹੋ ਗਈ। ਉਨੀਵੀਂ ਸਦੀ ਦੇ ਇਕ ਗੁਰਮੁਖੀ ਲਿਖਤ ਦੇ ਲੇਖਕ ਵੀਰ ਸਿੰਘ ਬਲ ਨੇ ਲਿਖਿਆ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਦਿੱਲੀ ਅਤੇ ਲਾਹੌਰ ਦੇ ਤਖ਼ਤਾਂ ਦੀ ਸ਼ਕਤੀ ਨੂੰ ਰੱਦ ਕਰ ਕੇ ਅੰਮ੍ਰਿਤਸਰ ਵਿਖੇ ਇਕ ਸਿਰਮੌਰ ਤਖ਼ਤ ਦੀ ਸਥਾਪਨਾ ਕੀਤੀ।[2] ਭਾਵੇਂ ਇਸ ਕਥਨ ਨੂੰ ਇੰਨ-ਬਿੰਨ ਅਰਥਾਂ ਵਿਚ ਨਾ ਵੀ ਲਿਆ ਜਾਵੇ ਪਰ ਇਸ ਨਾਲ ਸਿਖ ਹਿਰਦਿਆਂ ਵਿਚ ਆਈ ਇਕ ਵਿਸ਼ੇਸ਼ ਕਿਸਮ ਦੀ ਚੇਤੰਨਤਾ ਦਾ ਪਰਗਟਾਵਾ ਜ਼ਰੂਰ ਹੋਇਆ।

ਅੰਮ੍ਰਿਤਸਰ ਨਗਰ ਦੀ ਚਹੁੰ ਤਰਫ਼ੋ-ਕਿਲਾਬੰਦੀ ਕੀਤੀ ਗਈ ਤਾਂ ਕਿ ਕੋਈ, ਗੁਰੂ ਘਰ ਦਾ ਦੋਖੀ, ਨਗਰ ਉੱਪਰ ਅਚਾਨਕ ਹਮਲਾ ਨਾ ਕਰ ਸਕੇ। ਲੋਹਗੜ੍ਹ ਨਾਮੀ ਇਕ ਕਿਲਾ ਤਿਆਰ ਕੀਤਾ ਗਿਆ ਜਿੱਥੇ ਗੁਰੂ ਜੀ ਦੇ ਘੋੜ ਸੁਆਰ ਸਿਖ ਰਿਹਾ ਕਰਦੇ ਸਨ। ਇਹ ਸਭ ਤਿਆਰੀਆਂ ਗੁਰਿਆਈ ਤਿਲਕ ਧਾਰਨ ਕਰਨ ਦੇ ਤੁਰੰਤ ਬਾਦ ਹੀ ਕੀਤੀਆਂ ਗਈਆਂ।

ਗੁਰੂ ਜੀ ਦੀ ਗਿਰਫ਼ਤਾਰੀ: ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਪਿੱਛੋਂ ਜੋ ਜੰਗੀ ਤਿਆਰੀਆਂ ਗੁਰੂ ਹਰਿਗੋਬਿੰਦ ਸਾਹਿਬ ਨੇ ਕੀਤੀਆਂ ਸਨ ਇਸ ਨਾਲ ਹਕੂਮਤ ਦੇ ਕਰਿੰਦਿਆਂ ਵਿਚ ਅਤੇ ਗੁਰੂ ਘਰ ਦੇ ਦੋਖੀਆਂ ਵਿਚ ਇਕ ਡਰ ਫੈਲ ਜਾਣਾ ਕੁਦਰਤੀ ਗੱਲ ਸੀ। ਗੁਰੂ ਘਰ ਦੇ ਦੋਖੀ ਤਾਂ ਗੁਰੂ ਜੀ ਦੀ ਹਰ ਗੱਲ ਨੂੰ ਵਧਾ ਚੜ੍ਹਾ ਕੇ ਪੇਸ਼ ਕਰਦੇ ਸਨ। ਹਕੂਮਤ ਦੇ ਕਰਿੰਦਿਆਂ ਨੂੰ ਇਸ ਕਰ ਕੇ ਡਰ ਸੀ ਕਿ ਕਿਤੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਪਰਤੀਕਰਮ ਵੱਜੋਂ ਸਿਖ ਗੁਰੂ ਹਰਿਗੋਬਿੰਦ ਸਾਹਿਬ ਦੀ ਅਗਵਾਈ ਹੇਠ ਬਗਾਵਤ ਕਰਨ 'ਤੇ ਨਾ ਆ ਜਾਣ। ਗੁਰੂ ਘਰ ਦੇ ਵਿਰੋਧੀ ਲੋਕ, ਖਾਸ ਕਰ ਕੇ ਪਿਰਥੀ ਚੰਦੀਏ ਤਾਂ ਗੁਰੂ ਜੀ ਦੇ

---

1. ਗਯਾਨ ਸਿੰਘ, *ਪੂਰਵਅੰਕਤ*, ਪੰਨਾ 216; ਗਿਆਨੀ ਠਾਕਰ ਸਿੰਘ, *ਸ੍ਰੀ ਗੁਰਦੁਆਰੇ ਦਰਸ਼ਨ*, ਲਾਭ ਸਿੰਘ ਐਂਡ ਸੰਜ, 1924, ਪੰਨੇ 169-70 ਅਤੇ ਖੁਸ਼ਵੰਤ ਸਿੰਘ, *ਏ ਹਿਸਟਰੀ ਆਫ ਦਾ ਸਿਖਸ*, ਜਿਲਦ ਪਹਿਲੀ, 1964, ਪੰਨੇ 63-64.
2. ਇਹ ਭਾਵ ਇਨ੍ਹਾਂ ਲਾਈਨਾਂ ਵਿਚੋਂ ਭਲੀ ਭਾਂਤ ਪਰਗਟ ਹੁੰਦਾ ਹੈ :

   ਦ੍ਵੈ ਤਖਤਨ ਕੇ ਤੇਜ ਹਰਿ ਦਿਲੀ ਅਵਰ ਲਾਹੌਰ ॥
   ਤਖ਼ਤ ਸਾਜਿਆ ਸੁਧਾਸਰ ਸੋਢ ਬੰਸ ਸਿਰਮੌਰ ॥

   ਵੀਰ ਸਿੰਘ ਬਲ, *ਗੁਰਕੀਰਤ ਪ੍ਰਕਾਸ਼* (1834 ਈ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986, ਪੰਨਾ 161.

ਹਥਿਆਰਬੰਦ ਹੋਣ ਨੂੰ ਹੋਰ ਪੱਖੋਂ ਵੀ ਬਦਨਾਮ ਕਰਨ ਦੀ ਕੋਸ਼ਿਸ਼ ਕਰਦੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਪਹਿਲੇ ਗੁਰੂ ਤਾਂ ਧਰਮ ਦਾ ਪਰਚਾਰ ਕਰਦੇ ਸਨ ਪਰ ਇਹ ਉਨ੍ਹਾਂ ਦਾ ਮਾਰਗ ਛੱਡ ਕੇ ਜੰਗੀ ਤਿਆਰੀਆਂ ਕਰਨ ਲਗਾ ਹੈ; ਬਾਦਸ਼ਾਹਾਂ ਨੂੰ ਵੰਗਾਰਣ ਲਗਿਆ ਹੈ; ਸ਼ਿਕਾਰ ਖੇਡਣ ਲਗਿਆ ਹੈ; ਚੋਰਾਂ ਡਾਕੂਆਂ ਆਦਿ ਨੂੰ ਆਪਣੇ ਲਾਲ ਰਲਾਉਣ ਲਗਿਆ ਹੈ ਆਦਿ! ਆਦਿ!! ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚੋਂ ਕੁੱਝ ਪਾਉੜੀਆਂ ਇਸ ਤਰ੍ਹਾਂ ਦੇ ਪਰਚਾਰ 'ਤੇ ਚਾਨਣਾ ਪਾਉਂਦੀਆਂ ਹਨ। ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਗੁਰੂ ਜੀ ਦੇ ਸਿਖ ਅਜਿਹਾ ਪਰਚਾਰ ਹੋਣ ਦੇ ਬਾਵਜੂਦ ਵੀ ਆਪਣੇ ਗੁਰੂ ਨਾਲ ਜੁੜੇ ਹੋਏ ਸਨ। ਗੁਰੂ ਸਾਹਿਬ ਦਾ ਸਮਕਾਲੀ ਲੇਖਕ ਜ਼ੁਲਫ਼ਕਾਰ ਅਰਧਿਸਤਾਨੀ ਲਿਖਦਾ ਹੈ ਕਿ 'ਉਸ ਨੂੰ (ਗੁਰੂ ਜੀ) ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਵਿਚੋਂ ਇਕ ਇਹ ਸੀ ਕਿ ਉਸ ਨੇ ਇਕ ਸਿਪਾਹੀ ਦਾ ਜੀਵਨ ਅਪਣਾ ਲਿਆ ਸੀ। ਆਪਣੇ ਪਿਤਾ ਦੀ ਨੀਤੀ ਦੇ ਉਲਟ ਤਲਵਾਰ ਪਹਿਨ ਲਈ ਸੀ। ਹਥਿਆਰਬੰਦ ਸੈਨਿਕ ਰੱਖ ਲਏ ਸਨ ਅਤੇ ਸ਼ਿਕਾਰ ਖੇਡਣਾ ਸ਼ੁਰੂ ਕਰ ਦਿੱਤਾ ਸੀ।'[1] ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਰੂ ਜੀ ਦੇ ਮੁੱਢਲੇ ਸਾਲ ਪੂਰੇ ਸੰਕਟਮਈ ਸਨ। ਬੇਸ਼ੱਕ ਉਨ੍ਹਾਂ ਨੇ ਹਥਿਆਰਬੰਦ ਨੀਤੀ ਅਪਣਾਈ ਹੋਈ ਸੀ ਪਰ ਹਕੂਮਤ ਦੇ ਅਧਿਕਾਰੀਆਂ ਦੀ ਸਖ਼ਤ ਨਿਗਰਾਨੀ ਉਨ੍ਹਾਂ ਉੱਪਰ ਰੱਖੀ ਹੋਈ ਸੀ। ਵੈਸੇ ਤਾਂ ਗੁਰੂ ਅਰਜਨ ਦੇਵ ਜੀ ਦੀ ਗਰਿਫਤਾਰੀ ਸਮੇਂ ਹੀ ਉਨ੍ਹਾਂ ਦੇ ਸਾਰੇ ਪਰਿਵਾਰ ਨੂੰ, ਸਮੇਤ ਬਾਲ ਹਰਿਗੋਬਿੰਦ ਦੇ, ਲਾਹੌਰ ਦੇ ਗਵਰਨਰ ਮੁਰਤਜ਼ਾ ਖਾਂ ਦੇ ਹਵਾਲੇ ਕਰਨ ਦੇ ਹੁਕਮ ਜਾਰੀ ਕੀਤੇ ਹੋਏ ਸਨ ਪਰ ਇਨ੍ਹਾਂ ਦੀ ਸ਼ਾਇਦ ਅਮਲੀ ਰੂਪ ਵਿਚ ਵਰਤੋਂ ਨਹੀਂ ਹੋਈ ਸੀ ਪਰ ਹੁਣ ਗੁਰੂ ਜੀ ਦੀਆਂ ਜੰਗੀ ਤਿਆਰੀਆਂ ਨੂੰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਨੂੰ ਦੇਖ ਕੇ ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਗਰਿਫਤਾਰ ਕਰਨ ਦਾ ਮਨ ਬਣਾ ਲਿਆ ਸੀ।

ਗੁਰੂ ਜੀ ਦੀ ਗਰਿਫਤਾਰੀ ਨਾਲ ਸੰਬੰਧਿਤ ਦੋ ਮੁੱਖ ਮੁੱਦੇ ਸਾਡੇ ਸਾਹਮਣੇ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਇਕ ਇਹ ਕਿ ਗਰਿਫ਼ਤਾਰੀ ਦੇ ਕਾਰਨ ਕੀ ਸਨ ਅਤੇ ਦੂਜਾ ਇਹ ਕਿ ਗਰਿਫਤਾਰੀ ਕਿੰਨੇ ਸਮੇਂ ਦੀ ਸੀ ? ਜਿੱਥੋਂ ਤੱਕ ਪਹਿਲੇ ਵਿਸ਼ੇ ਦਾ ਸਵਾਲ ਹੈ ਉਸ ਦਾ ਇਕੋ ਇਕ ਸਿੱਟਾ ਇਹ ਹੀ ਹੈ ਕਿ ਗੁਰੂ ਜੀ ਨੂੰ ਜੰਗੀ ਤਿਆਰੀਆਂ ਕਰਨ ਕਰ ਕੇ ਹੀ ਗਰਿਫ਼ਤਾਰ ਕੀਤਾ ਗਿਆ ਸੀ ਭਾਵੇਂ ਕਿ ਗੁਰਮੁਖੀ ਦੀਆਂ ਕੁਝ ਕੁ ਮੁੱਢਲੀਆਂ ਲਿਖਤਾਂ ਵਿਚ ਅਨੇਕਾਂ ਤਰ੍ਹਾਂ ਦੇ ਬੈਸਿਰਪੈਰ ਜਿਹੇ ਕਾਰਨ ਦਿੱਤੇ ਹੋਏ ਹਨ ਪਰ ਉਨ੍ਹਾਂ ਦਾ ਇਤਿਹਾਸਿਕ ਤੌਰ 'ਤੇ ਕੋਈ ਮਹੱਤਵ ਨਹੀਂ ਹੈ। ਜ਼ੁਲਫ਼ਕਾਰ ਅਧਿਸਤਾਨੀ ਦੀ ਲਿਖਤ ਦਾ ਵੇਰਵਾ ਪਹਿਲੋਂ ਆ ਚੁੱਕਾ ਹੈ। ਉਸ ਕਥਨ ਦੇ ਨਾਲ ਹੀ ਇਹ ਵੀ ਲਿਖਿਆ ਹੈ ਕਿ 'ਬਾਦਸ਼ਾਹ ਨੇ (ਗੁਰੂ) ਅਰਜਨ ਮਲ ਵੱਲ ਰਹਿੰਦਾ ਜੁਰਮਾਨੇ ਦਾ ਬਕਾਇਆ ਲੈਣ ਲਈ ਉਸ (ਗੁਰੂ) ਨੂੰ ਗਵਾਲੀਅਰ ਭੇਜ ਦਿੱਤਾ।' ਕਨਿੰਘਮ ਨੇ ਲਿਖਿਆ ਹੈ ਕਿ 'ਗੁਰੂ ਜੀ ਦਾ ਅਲਬੇਲਾ ਸੁਭਾ ਤੇ ਜੰਗੀ ਝੁਕਾਅ ਗਰਿਫ਼ਤਾਰੀ ਦਾ ਕਾਰਨ ਬਣੇ ਸਨ।' ਸੀ. ਐਚ. ਪੇਨ ਲਿਖਦਾ ਹੈ ਕਿ 'ਗੁਰੂ ਜੀ ਦੇ ਸ਼ਾਹੀ ਤੌਰ ਤਰੀਕੇ ਅਤੇ ਫੌਜ ਨੇ ਜਹਾਂਗੀਰ ਨੂੰ ਖਬਰਦਾਰ ਕਰ ਦਿੱਤਾ ਸੀ ਅਤੇ ਉਸ ਨੇ ਹੁਕਮ ਕਰ ਦਿੱਤਾ ਕਿ ਗੁਰੂ ਨੂੰ ਗਰਿਫਤਾਰ ਕਰ ਕੇ ਗਵਾਲੀਅਰ ਦੇ ਕਿਲੇ ਵਿਚ ਭੇਜ ਦਿੱਤਾ ਜਾਵੇ।' ਮੁਹੰਮਦ ਲਤੀਫ ਵੀ

1. *ਮਾਅਖ਼ਜ਼ਿ ਤਵਾਰੀਖ਼-ਏ-ਸਿਖਾਂ (ਸੰ. ਗੰਡਾ ਸਿੰਘ)*, ਖਾਲਸਾ ਕਾਲਜ, ਅੰਮ੍ਰਿਤਸਰ, 1949, ਪੰਨੇ 33-49.

ਇਸੇ ਧਾਰਨਾ ਨੂੰ ਮੰਨਦਾ ਹੋਇਆ ਲਿਖਦਾ ਹੈ ਕਿ 'ਗੁਰੂ ਜੀ ਦਾ ਗੜ੍ਹ ਅਤੇ ਤਖ਼ਤ ਬਣਾਉਣਾ ਹਕੂਮਤ ਨੂੰ ਸਿੱਧਾ ਸੱਦਾ ਸੀ ਕਿ ਉਹ ਕੋਈ ਕਾਰਵਾਈ ਕਰੇ। ਉਨ੍ਹਾਂ ਦੀ ਸ਼ਾਨ ਅਤੇ ਸ਼ਾਹੀ ਠਾਠ-ਬਾਠ ਹੀ ਉਨ੍ਹਾਂ ਦੀ ਗਰਿਫ਼ਤਾਰੀ ਦਾ ਕਾਰਨ ਬਣੇ।' ਇਨ੍ਹਾਂ ਕਥਨਾਂ ਦੀ ਰੋਸ਼ਨੀ ਵਿਚ ਗੁਰੂ ਜੀ ਕੋਲੋਂ ਪਿਛਲਾ ਜੁਰਮਾਨਾ ਵਸੂਲਣ ਦੀ ਥਾਂ 'ਤੇ ਜੰਗੀ ਤਿਆਰੀਆਂ ਕਰਨ ਕਰ ਕੇ ਗਰਿਫ਼ਤਾਰ ਕਰਨਾ ਜ਼ਿਆਦਾ ਠੀਕ ਹੈ।

ਦੂਜਾ ਮੁੱਦਾ ਹੈ ਗੁਰੂ ਜੀ ਦੀ ਕੈਦ ਦੇ ਅਰਸੇ ਦਾ। ਜ਼ੁਲਫ਼ਕਾਰ ਅਰਧਿਸਤਾਨੀ ਦਾ ਕਹਿਣਾ ਹੈ ਕਿ ਗੁਰੂ ਜੀ ਬਾਰਾਂ ਸਾਲ ਕੈਦ ਵਿਚ ਰਹੇ ਪਰ ਗੁਰਮੁਖੀ ਦੀਆਂ ਮੁੱਢਲੀਆਂ ਲਿਖਤਾਂ ਵਿਚ ਬਹੁਤ ਘੱਟ ਅਰਸਾ ਕੈਦ ਦਾ ਦੱਸਿਆ ਹੋਇਆ ਹੈ। ਭਾਵੇਂ ਕਿ ਇਸ ਘੱਟ ਅਰਸੇ ਬਾਰੇ ਵੀ ਸਾਰੀਆਂ ਲਿਖਤਾਂ ਵਿਚ ਇਕ ਮੱਤ ਨਹੀਂ ਹੈ। ਕਈ ਆਧੁਨਿਕ ਲੇਖਕ ਵੀ ਬਾਰਾਂ ਸਾਲਾਂ ਦੀ ਕੈਦ ਨੂੰ, ਗੁਰੂ ਜੀ ਦੇ ਸਾਹਿਬਜ਼ਾਦਿਆਂ ਦੇ ਜਨਮ ਦੀਆਂ ਮਿਤੀਆਂ ਨੂੰ ਲੈ ਕੇ, ਮੰਨਣ ਨੂੰ ਤਿਆਰ ਨਹੀਂ ਹਨ। ਇਸ ਬਾਰੇ ਦੋਵੇਂ ਗੱਲਾਂ ਨੂੰ ਹੀ ਨਜ਼ਰ-ਅੰਦਾਜ਼ ਕਰਨਾ ਔਖਾ ਹੈ। ਇਕ ਸਮਕਾਲੀ ਲੇਖਕ ਦੀ ਗਵਾਹੀ ਨੂੰ ਪਿਛਲੀਆਂ ਗੁਰਮੁਖੀ ਦੀਆਂ ਲਿਖਤਾਂ ਦੇ ਆਧਾਰ 'ਤੇ ਤਾਂ ਰੱਦ ਨਹੀਂ ਕੀਤਾ ਜਾ ਸਕਦਾ। ਜਦੋਂ ਤੱਕ ਸਾਡੇ ਪਾਸ ਦਬੇਸਤਾਨ-ਏ -ਮਜ਼ਾਹਿਬ ਵਰਗੀ ਕੋਈ ਹੋਰ ਸਮਕਾਲੀ ਲਿਖਤ ਪੂਰੀ ਸਪਸ਼ਟ ਕਰਨ ਵਾਲੀ ਗਵਾਹੀ ਨਹੀਂ ਦਿੰਦੀ ਉਦੋਂ ਤੱਕ ਬਾਰਾਂ ਸਾਲ ਦੀ ਕੈਦ ਦਾ ਅਰਸਾ ਰੱਦ ਨਹੀਂ ਕੀਤਾ ਜਾ ਸਕਦਾ। ਹਾਂ ਦੂਜੇ ਪਾਸੇ ਸਾਹਿਬਜ਼ਾਦਿਆਂ ਦੇ ਜਨਮਾਂ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਦਾ ਸੰਭਵ ਉੱਤਰ ਇਹ ਹੈ ਕਿ ਗੁਰੂ ਜੀ ਦੀ ਕੈਦ ਦਾ ਅਰਸਾ ਕਿਲੇ ਦੀ ਚਾਰ ਦਿਵਾਰੀ ਵਾਲੀ ਕੈਦ ਦਾ ਤਾਂ ਬਹੁਤ ਘੱਟ ਹੈ ਪਰ ਖੁੱਲੀ ਨਜ਼ਰਬੰਦੀ ਦਾ ਜ਼ਿਆਦਾ ਹੈ। ਖੁੱਲੀ ਨਜ਼ਰਬੰਦੀ ਘਰ ਦੀ ਚਾਰ ਦਿਵਾਰੀ ਵਿਚ ਵੀ ਹੋ ਸਕਦੀ ਹੈ ਅਤੇ ਗੁਰੂ ਜੀ ਨੂੰ ਬਾਦਸ਼ਾਹ ਦੇ ਸ਼ਾਹੀ ਕੈਂਪ ਨਾਲ ਇਕ ਅਲਗ ਕੈਂਪ ਵਿਚ ਵੀ ਰੱਖਿਆ ਜਾ ਸਕਦਾ ਹੈ। ਜਦੋਂ ਜ਼ੁਲਫ਼ਕਾਰ ਅਰਧਿਸਤਾਨੀ ਇਹ ਲਿਖਦਾ ਹੈ ਕਿ 'ਉਹ (ਗੁਰੂ ਜੀ) ਹਮੇਸ਼ਾਂ ਜਹਾਂਗੀਰ ਦੇ ਜੇਤੂ ਦਲ ਨਾਲ ਜੁੜੇ ਰਹਿੰਦੇ ਸਨ। ਜਹਾਂਗੀਰ ਦੀ ਮੌਤ ਪਿੱਛੋਂ ਉਹ ਜੇਤੂ ਬਾਦਸ਼ਾਹ ਸ਼ਾਹ ਜਹਾਨ ਦੀ ਸੇਵਾ ਵਿਚ ਸ਼ਾਮਿਲ ਹੋ ਗਏ ।' ਤਾਂ ਵੀ ਇਸ ਦਾ ਇਹੋ ਮਤਲਬ ਹੀ ਨਿਲਕਦਾ ਹੈ ਕਿ ਹੋ ਸਕਦਾ ਹੈ ਕਿ ਇਹ ਕਥਨ ਗੁਰੂ ਜੀ ਦੀ ਖੁੱਲੀ ਨਜ਼ਰਬੰਦੀ ਦਾ ਹੀ ਭਾਵ ਦਰਸਾਉਂਦਾ ਹੋਵੇ ਹੋਰ ਤਾਂ ਇਸ ਦਾ ਕੋਈ ਭਾਵ ਨਿਕਲ ਨਹੀਂ ਸਕਦਾ। ਗੁਰਮੁਖੀ ਦੀ ਇਕ ਮੁੱਢਲੀ ਲਿਖਤ ਇਸ ਗੱਲ ਨੂੰ ਸਪਸ਼ਟ ਕਰਦੀ ਹੈ। ਇਹ ਲਿਖਤ ਹੈ ਸਰੂਪ ਦਾਸ ਭੱਲਾ ਦੀ। ਇਸ ਦੀਆਂ ਇਹ ਲਾਈਨਾਂ ਇਹੋ ਭਾਵ ਦਰਸਾ ਰਹੀਆਂ ਹਨ:

ਪੂਛਾ ਬਾਦਸ਼ਾਹ ਵਜ਼ੀਰ ਬੁਲਾਏ। ਗੁਰੂ ਹਰਿਗੋਬਿੰਦ ਕਾ ਕਹੋ ਉਪਾਇ।
ਨਜ਼ਰਬੰਦ ਚੌਕੀ ਕਰ ਦੀਜੈ। ਹਜ਼ਰਤ ਲਸ਼ਕਰ ਸੰਗ ਰਖੀਜੈ।
ਸੁਨ ਬਾਦਸ਼ਾਹ ਪਸੰਦ ਯਹ ਕੀਆ। ਚੌਕੀ ਤਾਇਨਾਤ ਕਰ ਦੀਆ।[1]

ਇਸ 'ਤੋਂ ਇਲਾਵਾ ਗੁਰੂ ਜੀ ਦੀਆਂ ਲਾਹੌਰ ਵਾਲੇ ਪਾਸੇ ਦੀਆਂ ਅਤੇ ਕਸ਼ਮੀਰ ਵਿਚਲੀਆਂ ਥਾਵਾਂ ਦੀਆਂ ਯਾਤਰਾਵਾਂ ਨਾਲ ਵੀ ਕੁਝ ਇਸ ਤਰ੍ਹਾਂ ਦੀਆਂ ਰਵਾਇਤਾਂ ਜੁੜੀਆਂ

1. *ਮਹਿਮਾ ਪ੍ਰਕਾਸ਼*, ਭਾਗ ਦੂਜਾ, ਪੰਨਾ 447.

ਹੋਈਆਂ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਗੁਰੂ ਜੀ ਇਧਰ ਬਾਦਸ਼ਾਹ ਜਹਾਂਗੀਰ ਨਾਲ ਆਏ ਸਨ। ਇਸ ਦਾ ਭਾਵ ਵੀ ਇਹ ਹੈ ਕਿ ਗੁਰੂ ਜੀ ਇਕ ਵੱਖਰੇ ਕੈਂਪ ਵਿਚ ਨਜ਼ਰਬੰਦ ਕੀਤੇ ਹੋਏ ਸਨ ਅਤੇ ਇਹ ਕੈਂਪ ਬਾਦਸ਼ਾਹ ਦੇ ਨਾਲ-ਨਾਲ ਰਹਿੰਦਾ ਸੀ। ਭੱਟ ਵਹੀ ਤਲੌਂਡਾ ਪਰਗਣਾ ਜੀਂਦ ਦੀ ਟੂਕ ਅਨੁਸਾਰ ਗੁਰੂ ਜੀ ਸੰਮਤ 1676 ਬਿ. ਮੁਤਾਬਿਕ ਸੰਨ 1619 ਈ. ਵਿਚ ਬਟਾਲੇ ਨੇੜੇ ਕਲਾਨੌਰ ਦੇ ਅਸਥਾਨ 'ਤੇ ਬਾਦਸ਼ਾਹ ਦੀ ਕੈਦ ਵਿੱਚੋਂ ਬੰਧਨ ਮੁਕਤ ਹੋਏ ਸਨ। ਇੱਥੇ ਹੀ ਬਾਬਾ ਬੁੱਢਾ ਜੀ ਸਮੇਤ ਮੁੱਖੀ ਸਿਖ ਗੁਰੂ ਜੀ ਨੂੰ ਅੱਗੋਂ ਲੈਣ ਲਈ ਆਏ ਸਨ। ਇਹ ਟੂਕ ਇਸ ਤਰ੍ਹਾਂ ਹੈ:

'ਗੁਰੂ ਹਰਿਗੋਬਿੰਦ ਮਹਲ ਛਟਾ ਬੇਟਾ ਗੁਰੂ ਅਰਜਨ ਜੀ ਕਾ ਬਾਸੀ ਚੱਕ ਗੁਰੂ ਪਰਗਣਾ ਨਿਝਰਿਆਲਾ ਗੜ੍ਹ ਗੁਆਲੀਅਰ ਸੇ ਬੰਧਨ ਮੁਕਤ ਹੋਇ ਗਾਮ ਨਾਰਨੌਲ (ਕਲਾਨੌਰ) ਪਰਗਣਾ ਬਟਾਲਾ ਮੇਂ ਆਏ। ਬਾਦਸ਼ਾਹ ਜਹਾਂਗੀਰ ਕੇ ਗੈਲ ਸੰਮਤ ਸੌਲਾਂ ਸੈ ਛਿਹੱਤਰ ਫਲਗੁਨ ਪ੍ਰਵਿਸ਼ਟੇ ਪਹਿਲੀ ਸੰਗਰਾਂਦ ਕੇ ਦਿਹੁੰ। ਗੁਰੂ ਜੀ ਕਾ ਆਨਾ ਸੁਣਿ ਬਾਬਾ ਬੁੱਢਾ ਬੇਟਾ ਬਾਬਾ ਸੁੱਘਾ ਰੰਧਾਵੇ ਕਾ ਗੁਰਦਾਸ ਬੇਟਾ ਈਸਰਦਾਸ ਭੱਲੇ ਕਾ, ਬੁੱਲ੍ਹ ਰਾਇ ਬੇਟਾ ਜਲਾਨੇ ਕਾ, ਪਦਮ ਰਾਇ ਬੇਟਾ ਕੌਲ ਦਾਸ ਹਜਾਵਤ ਕਾ ਹੋਰ ਸਿਖ ਫਕੀਰ ਆਏ।'

ਇਸ ਤਰ੍ਹਾਂ ਇਹ ਗੱਲ ਸਾਬਤ ਹੀ ਹੈ ਕਿ ਗੁਰੂ ਜੀ ਨੂੰ ਖੁੱਲੀ ਨਜ਼ਰਬੰਦੀ ਵਿਚ ਰੱਖਿਆ ਗਿਆ ਸੀ। ਖੁੱਲੀ ਨਜ਼ਰਬੰਦੀ ਵਿਚ ਗੁਰੂ ਜੀ ਆਪਣੇ ਪਰਿਵਾਰ ਸਮੇਤ ਰਹਿ ਸਕਦੇ ਸਨ ਅਤੇ ਕੁੱਝ ਹੱਦ ਤੱਕ ਬਾਦਸ਼ਾਹ ਦੇ ਕੈਂਪ ਤੋਂ ਉਰਾਂ-ਪਰਾਂ ਵੀ ਆਪਣੀ ਇੱਛਾ ਅਨੁਸਾਰ ਆ ਜਾ ਸਕਦੇ ਸਨ। ਗਵਾਲੀਅਰ ਦੇ ਕਿਲੇ ਦੀ ਕੈਦ ਬਹੁਤ ਘੱਟ ਸੀ। ਜ਼ੁਲਫਕਾਰ ਅਰਧਿਸਤਾਨੀ ਦਾ ਲਿਖਣਾ ਹੈ ਕਿ 'ਇਸ ਸਮੇਂ (ਜੇਲ ਦੌਰਾਨ) ਮਸੰਦ ਅਤੇ ਸਿਖ ਉੱਥੇ (ਗਵਾਲੀਅਰ) ਜਾਂਦੇ ਸਨ ਅਤੇ ਕਿਲੇ ਦੀਆਂ ਦੀਵਾਰਾਂ ਨੂੰ ਨਮਸਕਾਰ ਕਰਦੇ ਸਨ। ਆਖਰ ਬਾਦਸ਼ਾਹ ਨੇ ਤਰਸ ਕਰ ਕੇ ਗੁਰੂ ਨੂੰ ਰਿਹਾ ਕਰ ਦਿੱਤਾ।' ਅਰਧਿਸਤਾਨੀ ਦੀ ਲਿਖਤ ਨੂੰ ਉਸ ਦੇ ਅੱਖਰੀ ਅਰਥਾਂ ਵਿਚ ਨਾ ਲੈ ਕੇ ਉਸ ਦੇ ਭਾਵ ਅਰਥਾ ਵਿਚ ਸਮਝਣਾ ਚਾਹੀਦਾ ਹੈ। ਭੱਟ ਵਹੀਆਂ ਵੱਲੋਂ ਰਿਹਾ ਹੋਣ ਦਾ ਸਾਲ 1619 ਈ. ਦਿੱਤਾ ਗਿਆ ਹੈ। ਆਮ ਤੌਰ 'ਤੇ ਗੁਰੂ ਜੀ ਦੀ ਗਰਿਫਤਾਰੀ ਉਨ੍ਹਾਂ ਵੱਲੋਂ ਗੁਰਗੱਦੀ ਧਾਰਨ ਕਰਨ ਦੇ ਕੁਝ ਹੀ ਸਾਲ ਪਿੱਛੋਂ ਹੋਈ ਮੰਨੀ ਜਾਂਦੀ ਹੈ। 1619 ਦੇ ਸਾਲ ਮੁਤਾਬਿਕ ਉਨ੍ਹਾਂ ਦੇ ਬਾਰਾਂ ਸਾਲ 1608 ਈ. ਤੋਂ ਲੈ ਕੇ 1619 ਈ. ਤੱਕ ਪੂਰੇ ਹੁੰਦੇ ਹਨ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਜੀ ਨੂੰ ਸੰਨ 1608 ਵਿਚ ਗਰਿਫਤਾਰ ਕੀਤਾ ਸੀ ਅਤੇ 1619 ਈ. ਵਿਚ ਰਿਹਾ ਕੀਤਾ ਸੀ।

ਗੁਰੂ ਹਰਿਗੋਬਿੰਦ ਸਾਹਿਬ ਦੇ ਯੁੱਧ

ਗੁਰੂ ਹਰਿਗੋਬਿੰਦ ਸਾਹਿਬ ਨੂੰ ਆਪਣੇ ਜੀਵਨ ਕਾਲ ਵਿਚ ਅਨੇਕਾਂ ਲੜਾਈਆਂ ਦਾ ਵੀ ਸਾਹਮਣਾ ਕਰਨਾ ਪਿਆ ਸੀ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਹ ਲੜਾਈਆਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਤੁਰੰਤ ਪਿੱਛੋਂ ਨਹੀ ਹੋਈਆਂ ਸਗੋਂ ਉਸ ਸਮੇਂ ਹੋਈਆਂ ਸਨ ਜਦੋਂ ਸਿਖ ਜਗਤ ਆਪਣੇ ਸ਼ਹੀਦ ਗੁਰੂ ਦੀ ਸ਼ਹਾਦਤ ਦੇ ਗਮ ਵਿੱਚੋਂ ਸੰਭਲ ਕੇ ਧਰਮ ਪਰਚਾਰ ਵਿਚ ਲੱਗਾ ਹੋਇਆ ਸੀ। ਬਾਦਸ਼ਾਹ ਜਹਾਂਗੀਰ ਦਾ ਪਿਛਲਾ ਸਾਰਾ ਸਮਾਂ ਗੁਰੂ ਘਰ ਪਰਤੀ ਦੋਸਤਾਨਾ ਸੀ ਪਰ ਉਸ ਦੀ ਮੌਤ ਬਾਦ ਜਦੋਂ ਉਸ ਦਾ ਪੁੱਤਰ ਸ਼ਾਹ ਜਹਾਨ ਬਾਦਸ਼ਾਹ ਬਣਿਆ ਤਾਂ ਗੁਰੂ ਸਾਹਿਬ ਨੂੰ ਲੜਾਈਆਂ ਦਾ ਸਮਾਂ ਦੇਖਣਾ ਪਿਆ। ਇਹ ਲੜਾਈਆਂ ਸ਼ਾਹ ਜਹਾਨ ਦੇ ਮੁੱਢਲੇ ਸਮੇਂ ਵਿਚ ਹੀ ਹੋਈਆਂ ਸਨ। ਸ਼ਾਹ ਜਹਾਨ 1627 ਈ. ਵਿਚ ਗੱਦੀ 'ਤੇ ਬੈਠਾ ਸੀ ਅਤੇ ਗੁਰੂ ਜੀ ਨੂੰ ਪਹਿਲੀ ਲੜਾਈ 1629 ਵਿਚ ਕਰਨੀ ਪਈ ਸੀ। ਬਾਦਸ਼ਾਹ ਪੰਜਾਬ ਤੋਂ ਦੂਰ ਸੀ ਅਤੇ ਪੰਜਾਬ ਦੇ ਅਧਿਕਾਰੀ ਆਪਣੀ ਮਨਮਾਨੀ ਕਰਦੇ ਸਨ। ਜਦੋਂ ਬਾਦਸ਼ਾਹ ਪੰਜਾਬ ਵਿਚ ਆਇਆ ਸੀ ਤਾਂ ਗੁਰੂ ਜੀ ਨੂੰ ਵੀ ਕੋਈ ਲੜਾਈ ਨਹੀ ਕਰਨੀ ਪਈ ਸੀ। ਇਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:

ਪਹਿਲੀ ਲੜਾਈ 1629 ਈ: ਨਵੇਂ ਬਣੇ ਬਾਦਸ਼ਾਹ ਸ਼ਾਹ ਜਹਾਨ ਨੇ ਕਿਉਂਕਿ ਨੂਰ ਜਹਾਂ ਨੂੰ ਕੈਦ ਕਰ ਕੇ ਅਤੇ ਆਪਣੇ ਭਰਾਵਾਂ ਅਤੇ ਹੋਰ ਰਿਸ਼ਤੇਦਾਰਾਂ ਨੂੰ ਕਤਲ ਕਰ ਕੇ, ਆਪਣੇ ਸਹੁਰਾ ਆਸਿਫ਼ ਖਾਨ ਦੀ ਮਦਦ ਨਾਲ ਰਾਜ ਭਾਗ ਸੰਭਾਲਿਆ ਸੀ ਇਸ ਕਰ ਕੇ ਉਹ ਮੁਸਲਿਮ ਜਗਤ ਨੂੰ ਖੁਸ਼ ਕਰਨਾ ਚਾਹੁੰਦਾ ਸੀ। ਇਸ ਮਨੋਰਥ ਦੀ ਪੂਰਤੀ ਲਈ ਉਸ ਨੇ ਨਵੀ ਧਾਰਮਿਕ ਨੀਤੀ ਦਾ ਐਲਾਨ ਕੀਤਾ। ਇਸ ਤਹਿਤ ਮੁਸਲਮਾਨਾਂ ਵੱਲੋਂ ਧਰਮ ਬਦਲਣ 'ਤੇ ਪਾਬੰਦੀ ਲਾਈ ਗਈ ਸੀ। ਹਿੰਦੂਆਂ ਦਾ ਕੋਈ ਨਵਾਂ ਮੰਦਿਰ ਨਹੀ ਬਣ ਸਕਦਾ ਸੀ। ਇਉਂ ਇਸ ਨੀਤੀ ਤੋਂ ਹਲਾਸ਼ੇਰੀ ਲੈ ਕੇ ਮੁਸਲਮਾਨ ਜਗਤ ਦੇ ਕੱਟੜ ਪੈਰੋਕਾਰ ਗੈਰ-ਮੁਸਲਮਾਨਾ ਪਰਤੀ ਹਮਲਾ ਕਰੂ ਨੀਤੀ ਅਪਣਾਉਣ ਲਗ ਪਏ ਸਨ। ਇਸ ਦਾ ਅਸਰ ਪੰਜਾਬ ਵਿਚ ਵੀ ਹੋਇਆ। ਸਿਖ ਧਰਮ ਦੀ ਵਿਰੋਧਤਾ ਕਰਨ ਵਾਲੇ ਮੁਸਲਿਮ ਕੱਟੜ ਪੰਥੀ ਮੁਲਾਣੇ ਅਤੇ ਅਧਿਕਾਰੀ ਗੁਰ ਹਰਿ ਗੋਬਿੰਦ ਸਾਹਿਬ ਪਰਤੀ ਅਤੇ ਸਿਖ ਗੁਰਦੁਆਰਿਆਂ ਪਰਤੀ ਹਮਲਾ ਕਰੂ ਰੁਖ ਅਖਤਿਆਰ ਕਰਨ ਲੱਗ ਪਏ ਸਨ। ਲਾਹੌਰ ਵਿਚ ਗੁਰੂ ਰਾਮਦਾਸ ਜੀ ਵੱਲੋਂ ਲਗਵਾਈ ਗਈ ਬਾਉਲੀ ਸਾਹਿਬ ਨੂੰ ਮਿੱਟੀ ਨਾਲ ਭਰ ਦਿੱਤਾ

ਗਿਆ ਸੀ ਅਤੇ ਉੱਥੇ ਉਸਾਰੇ ਗਏ ਧਾਰਮਿਕ ਅਸਥਾਨ ਨੂੰ ਢਾਹ ਦਿੱਤਾ ਗਿਆ ਸੀ।[1] ਗੁਰੂ ਘਰ ਦੇ ਵਿਰੋਧੀ ਸੈਨਿਕ ਅਧਿਕਾਰੀ ਗੁਰੂ ਜੀ ਉੱਪਰ ਹਮਲਾ ਕਰਨ ਦੇ ਮਨਸੂਬੇ ਬਣਾਉਣ ਲਗ ਪਏ ਸਨ।

ਲਾਹੌਰ ਦਾ ਗਵਰਨਰ ਕੁਲੀਜ ਖਾਨ ਸੀ। ਉਸ ਨੇ ਆਪਣੇ ਇਕ ਫੌਜਦਾਰ ਮੁਖਲਿਸ ਖਾਨ ਨੂੰ ਅੰਮ੍ਰਿਤਸਰ ਗੁਰੂ ਜੀ ਉੱਪਰ ਹਮਲਾ ਕਰਨ ਲਈ ਭੇਜਿਆ ਤਾਂ ਕਿ ਗੁਰੂ ਜੀ ਨੂੰ ਅੰਮ੍ਰਿਤਸਰੋਂ ਕੱਢ ਦਿੱਤਾ ਜਾਵੇ। ਇਹ ਗੱਲ ਅਪਰੈਲ, 1629 ਈ. ਦੀ ਹੈ।[2] ਉਧਰ ਗੁਰੂ ਜੀ ਆਪਣੀ ਬੇਟੀ ਬੀਬੀ ਵੀਰੋ ਜੀ ਦੇ ਵਿਆਹ ਦੀਆਂ ਰਸਮਾਂ ਵਿਚ ਰੁੱਝੇ ਹੋਏ ਸਨ। ਅਚਨਚੇਤ ਗੁਰੂ ਜੀ ਉੱਪਰ ਹਮਲਾ ਕੀਤਾ ਗਿਆ। ਜਿਨੀਆਂ ਕੁ ਸਿਖ ਸੰਗਤਾ ਅੰਮ੍ਰਿਤਸਰ ਵਿਖੇ ਸਨ ਉਨ੍ਹਾਂ ਨੇ ਪੂਰੀ ਦ੍ਰਿੜ੍ਹਤਾ ਨਾਲ ਹਮਲਾਵਰ ਫੌਜ ਦਾ ਮੁਕਾਬਲਾ ਕੀਤਾ। ਇਸ ਝੜਪ ਵਿਚ ਗੁਰੂ ਜੀ ਦਾ ਘਰਬਾਰ ਲੁੱਟ ਲਿਆ ਗਿਆ ਸੀ। ਲੜਕੀ ਦੀ ਸ਼ਾਦੀ ਲਈ ਤਿਆਰ ਕੀਤਾ ਸਮਾਨ ਲੁੱਟ ਲਿਆ ਗਿਆ ਸੀ। ਬਰਾਤ ਲਈ ਤਿਆਰ ਕੀਤੀ ਮਠਿਆਈ ਲੁੱਟ ਲਈ ਗਈ ਸੀ। ਜੁਲਫਕਾਰ ਅਰਧਿਸਤਾਨੀ ਲਿਖਦਾ ਹੈ ਕਿ 'ਉਸ (ਗੁਰੂ ਜੀ) ਦਾ ਸ਼ਹਿਨਸ਼ਾਹੀ ਗੁਮਾਸ਼ਤਿਆਂ ਦੀ ਫੌਜ ਅਤੇ ਸ਼ਾਹਜਹਾਨ ਦੇ ਨੌਕਰਾਂ ਨਾਲ, ਜੋ ਬਾਦਸ਼ਾਹੀ ਫੁਰਮਾਨ ਅਨੁਸਾਰ ਉਸ ਦੇ ਉੱਪਰ ਚੜ੍ਹ ਕੇ ਗਏ ਸੀ ਟਾਕਰਾ ਹੋ ਗਿਆ। ਗੁਰੂ ਦਾ ਘਰ ਬਾਰ ਲੁਟਿਆ ਗਿਆ।' ਪਰ ਇੱਥੇ ਇਕ ਗੱਲ ਨੋਟ ਕਰਨ ਵਾਲੀ ਹੈ ਕਿ ਗੁਰੂ ਜੀ ਉੱਪਰ ਹਮਲਾ ਕਰਨ ਬਾਰੇ ਬਾਦਸ਼ਾਹ ਦਾ ਸ਼ਾਹੀ ਫੁਰਮਾਨ ਕੋਈ ਨਹੀਂ ਸੀ ਅਤੇ ਨਾ ਹੀ ਬਾਦਸ਼ਾਹ ਦੀ ਗੁਰੂ ਜੀ ਉੱਪਰ ਹਮਲਾ ਕਰਨ ਵਿਚ ਕੋਈ ਦਿਲਚਸਪੀ ਹੀ ਸੀ। ਇਹ ਹਮਲਾ ਨਿਰੋਲ ਸਥਾਨਿਕ ਅਧਿਕਾਰੀਆਂ ਵੱਲੋਂ ਸੀ ਅਤੇ ਇਹ ਵੀ ਸਿਰਫ ਸੀਮਿਤ ਹੱਦ ਤੱਕ ਹੀ ਸੀ। ਪੰਜਾਬ ਦੀ ਸਮੁੱਚੀ ਹਕੂਮਤ ਦੀ ਵੀ ਇਸ ਵਿਚ ਕੋਈ ਦਿਲਚਸਪੀ ਨਹੀਂ ਸੀ।

ਗੁਰੂ ਜੀ ਦੇ ਸਿਖਾਂ ਵੱਲੋਂ ਜੋ ਸਿਖ ਸ਼ਹੀਦ ਹੋਏ ਸਨ ਉਨ੍ਹਾਂ ਦੀ ਗਿਣਤੀ ਤੇਰਾਂ ਦੱਸੀ ਗਈ ਹੈ ਅਤੇ ਇਨ੍ਹਾਂ ਦੇ ਨਾਂ ਇਉਂ ਹਨ: ਭਾਈ ਨੰਦ ਜੀ, ਭਾਈ ਜੇਤਾ ਜੀ, ਭਾਈ ਪਿਰਾਨਾ, ਭਾਈ ਤੋਤਾ, ਭਾਈ ਤ੍ਰਿਲੋਕਾ, ਭਾਈ ਸਾਂਈ ਦਾਸ, ਭਾਈ ਪੈੜਾ, ਭਾਈ ਭਗਤੂ, ਭਾਈ ਅਨੰਤਾ, ਭਾਈ ਨਿਹਾਲਾ, ਭਾਈ ਤਖਤੂ, ਭਾਈ ਮੋਹਨ ਅਤੇ ਭਾਈ ਗੋਪਾਲ ਜੀ।

ਅੰਮ੍ਰਿਤਸਰ ਦੇ ਨੇੜੇ ਹੀ ਝਬਾਲ ਪਿੰਡ ਹੈ। ਝਬਾਲ ਦਾ ਚੌਧਰੀ ਲੰਗਾਹ ਸੀ ਜੋ ਗੁਰੂ ਅਰਜਨ ਦੇਵ ਜੀ ਦੇ ਮੁੱਖੀ ਸਿਖਾਂ ਵਿੱਚੋਂ ਸੀ। ਇਸ ਲੜਾਈ ਵਿਚ ਚੌਧਰੀ ਲੰਗਾਹਾ ਵੀ ਗੁਰੂ ਜੀ ਦੀ ਮਦਦ ਕਰਨ ਲਈ ਆਇਆ ਸੀ। ਲੜਾਈ ਦਾ ਮੁਕਾਬਲਾ ਕਰਦੇ ਹੋਏ ਗੁਰੂ ਸਾਹਿਬ ਨੇ ਆਪਣਾ ਸਾਰਾ ਪਰਿਵਾਰ ਝਬਾਲ ਵਿਖੇ, ਚੌਧਰੀ ਲੰਗਾਹ ਦੀ ਨਿਗਰਾਨੀ ਹੇਠ ਤੋਰ ਦਿੱਤਾ ਸੀ। ਹਮਲਾ ਕਰਨ ਆਏ ਅਧਿਕਾਰੀ ਚੌਧਰੀ ਲੰਗਾਹ ਦੀ ਜਾਗੀਰ ਵਿਚ ਨਹੀਂ ਜਾ ਸਕਦੇ ਸਨ। ਝਟ ਪਟ ਦੇ ਹਮਲੇ ਵਿਚ ਦੁਸ਼ਮਣ ਜਿਨ੍ਹਾਂ ਕੁ ਨੁਕਸਾਨ ਗੁਰੂ ਜੀ ਦਾ ਕਰ ਸਕਦਾ ਸੀ ਉਤਨਾ ਕੁ ਕਰ ਦਿੱਤਾ। ਉਪਰੰਤ ਉਹ ਜਿਧਰੋਂ ਆਏ ਸਨ ਉਧਰ ਹੀ ਤੇਜੀ ਨਾਲ ਮੁੜ ਗਏ ਸਨ। ਗੁਰੂ ਜੀ ਝਬਾਲ ਵਿਖੇ ਪਹੁੰਚੇ ਅਤੇ ਉੱਥੇ ਜਾ ਕੇ ਆਪਣੀ ਪੁੱਤਰੀ ਬੀਬੀ ਵੀਰੋ ਜੀ ਦੀ ਸ਼ਾਦੀ ਕੀਤੀ। ਸ਼ਾਦੀ ਕਰਨ

---

1. ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਪਟਿਆਲਾ, 1960, ਪੰਨਾ 644; ਗਯਾਨ ਸਿੰਘ, *ਤਵਾਰੀਖ ਗੁਰੂ ਖਾਲਸਾ*, ਸਿਆਲਕੋਟ, 1891, ਪੰਨਾ 230 ; ਅਤੇ
   ਤੇਜਾ ਸਿੰਘ ਗੰਡਾ ਸਿੰਘ, *ਸਿਖ ਇਤਿਹਾਸ* (1469-1765), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985, ਪੰਨਾ 48
2. ਗਯਾਨ ਸਿੰਘ, *ਪੂਰਵਅੰਕਿਤ*, ਪੰਨਾ 232

ਉਪਰੰਤ ਗੁਰੂ ਜੀ ਉੱਥੇ ਨਹੀਂ ਠਹਿਰੇ ਅਤੇ ਆਪਣੀਆਂ ਸਿਖ ਸੰਗਤਾਂ ਨੂੰ ਨਾਲ ਲੈ ਕੇ ਕਰਤਾਰਪੁਰ ਵੱਲ ਆ ਗਏ।

ਅਮ੍ਰਿਤਸਰ ਦੀ ਲੜਾਈ ਸਿਖ ਇਤਿਹਾਸ ਵਿਚ ਪਹਿਲੀ ਲੜਾਈ ਹੈ ਜੋ ਸਿਖਾਂ ਨੇ ਗੁਰੂ ਜੀ ਦੀ ਅਗਵਾਈ ਹੇਠ ਮੁਗਲ ਹਕੂਮਤ ਦੇ ਸਥਾਨਿਕ ਅਧਿਕਾਰੀਆਂ ਨਾਲ ਕੀਤੀ ਸੀ। ਸਿਖਾਂ ਨੇ ਆਪਣੀ ਸਵੈ-ਰੱਖਿਆ ਲਈ ਤਲਵਾਰ ਚੁੱਕੀ ਸੀ ਅਤੇ ਦੁਸ਼ਮਣ ਨੂੰ ਦੱਸ ਦਿੱਤਾ ਗਿਆ ਸੀ ਕਿ ਸਿਖ ਨਿਰੋਲ ਭਾਣਾ ਮਿਠਾ ਕਰ ਕੇ ਮੰਨਣ ਵਾਲੇ ਭਗਤ ਨਹੀਂ ਹਨ ਸਗੋਂ ਉਹ ਲੋੜ ਪੈਣ 'ਤੇ ਜੰਗ ਦੇ ਮੈਦਾਨ ਵਿਚ ਵੀ ਖੜੋ ਸਕਦੇ ਹਨ। ਅਹਿਮੀਅਤ ਇਸ ਗੱਲ ਦੀ ਨਹੀਂ ਹੈ ਕਿ ਇਸ ਲੜਾਈ ਵਿਚ ਸਿਖ ਜਿਤੇ ਜਾਂ ਹਾਰੇ। ਸਗੋਂ ਦੇਖਣ ਵਾਲੀ ਗੱਲ ਇਹ ਹੈ ਕਿ ਜਿਸ ਸਿਧਾਂਤ ਲਈ ਗੁਰੂ ਸਾਹਿਬ ਜੂਝ ਰਹੇ ਸਨ ਕੀ ਇਸ ਲੜਾਈ ਬਾਦ ਉਸ ਸਿਧਾਂਤ ਨੂੰ ਛੱਡ ਤਾਂ ਨਹੀਂ ਦਿੱਤਾ ਗਿਆ ਸੀ? ਗੁਰੂ ਜੀ ਸਿਖਾਂ ਦੀ ਸੁਤੰਤਰਤਾਂ ਲਈ ਜੂਝ ਰਹੇ ਸਨ। ਉਨ੍ਹਾਂ ਨੇ ਇਸ ਸੁਤੰਤਰਤਾ ਦੀ ਕੀਮਤ 'ਤੇ ਆਪਣੇ ਦੁਸ਼ਮਣਾਂ ਨਾਲ ਸੌਦਾ ਨਹੀਂ ਕੀਤਾ। ਇਸ ਸੁਤੰਤਰਤਾਂ ਦੀ ਰਾਖੀ ਲਈ ਉਨ੍ਹਾਂ ਨੂੰ ਜੇ ਤਲਵਾਰ ਵੀ ਚੁਕਣੀ ਪਈ ਤਾਂ ਇਸ ਤੋਂ ਸੰਕੋਚ ਨਹੀਂ ਕੀਤਾ। ਦੁਸ਼ਮਣ ਨੂੰ ਪਤਾ ਲੱਗ ਗਿਆ ਸੀ ਕਿ ਗੁਰੂ ਕਮਜ਼ੋਰ ਨਹੀਂ ਹੈ ਸਗੋਂ ਹਮਲਾਵਰਾਂ ਦੇ ਦੰਦ ਖੱਟੇ ਕਰਨ ਵਾਲਾ ਹੈ। ਇਸ ਲੜਾਈ ਦਾ ਪੰਜਾਬ ਦੇ ਮੁਗਲ ਅਧਿਕਾਰੀਆਂ 'ਤੇ ਵੀ ਬੁਰਾ ਅਸਰ ਹੋਇਆ। ਜਦੋਂ ਵਜ਼ੀਰੇ ਆਜ਼ਮ ਆਸਿਫ ਖਾਨ ਨੂੰ ਇਸ ਘਟਨਾ ਦਾ ਪਤਾ ਲਗਿਆ ਕਿ ਲਾਹੌਰ ਦੇ ਹਾਕਮਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਨਾਲ ਬਿਨਾ ਬਜ਼ਾਹ ਲੜਾਈ ਕੀਤੀ ਹੈ ਤਾਂ ਉਸ ਨੇ ਲਾਹੌਰ ਦੇ ਗਵਰਨਰ ਕੁਲੀਜ ਖਾਨ ਨੂੰ ਹਟਾ ਦਿੱਤਾ ਸੀ ਅਤੇ ਉਸ ਦੀ ਥਾਂ ਅਨਾਇਤ-ਉਲਾ ਏਜ਼ਦੀ ਨੂੰ ਨਵਾਂ ਗਵਰਨਰ ਥਾਪ ਦਿੱਤਾ ਸੀ।[1] ਇਸ ਤੋਂ ਵੀ ਸਾਬਤ ਹੁੰਦਾ ਹੈ ਕਿ ਲਾਹੌਰ ਦੇ ਹਾਕਮਾਂ ਨੇ ਸ਼ਾਹੀ ਮਨਜ਼ੂਰੀ ਤੋਂ ਬਿਨਾਂ ਹੀ ਗੁਰੂ ਜੀ ਉੱਪਰ ਹਮਲਾ ਕੀਤਾ ਸੀ।

ਇਹ ਲੜਾਈ ਅੰਮ੍ਰਿਤਸਰ ਵਿਖੇ, ਜਿੱਥੇ ਖਾਲਸਾ ਕਾਲਜ ਹੈ ਉਸ ਅਸਥਾਨ 'ਤੇ ਲੜੀ ਗਈ ਸੀ।[2] ਭਾਵੇਂ ਗੋਕਲ ਚੰਦ ਨਾਰੰਗ ਨੇ ਇਸ ਲੜਾਈ ਦਾ ਅਸਥਾਨ ਵਡਾਲੀ ਪਿੰਡ ਦੱਸਿਆ ਹੈ[3] ਪਰ ਵਡਾਲੀ ਦਾ ਵੀ ਖਾਲਸਾ ਕਾਲਜ ਵਾਲੀ ਥਾਂ ਤੋਂ ਕੋਈ ਜ਼ਿਆਦਾ ਫਰਕ ਨਹੀਂ ਹੈ।

ਦੂਜੀ ਲੜਾਈ : ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਦੀ ਲੜਾਈ ਪਿੱਛੋਂ, ਝੁਬਾਲ ਵਿਖੇ ਆਪਣੀ ਪੁੱਤਰੀ ਦੀ ਸ਼ਾਦੀ ਦਾ ਕੰਮ ਨਿਬੇੜ ਕੇ, ਸਿਖ ਸੰਗਤਾਂ ਸਮੇਤ ਕਰਤਾਰਪੁਰ[4] (ਦੁਆਬੇ) ਵਿਚ ਆ ਗਏ ਸਨ। ਉਹ ਨਹੀਂ ਚਾਹੁੰਦੇ ਸਨ ਕਿ ਦੁਸ਼ਮਣਾਂ ਨੂੰ ਹੋਰ ਹਮਲਾ ਕਰਨ ਦਾ ਸਮਾਂ ਦਿੱਤਾ ਜਾਵੇ। ਕਰਤਾਰਪੁਰ ਦੇ ਨੇੜੇ ਹੀ ਦਰਿਆ ਬਿਆਸ ਦੇ ਇਕ ਕਿਨਾਰੇ ਉੱਪਰ ਗੁਰੂ ਅਰਜਨ ਦੇਵ ਜੀ ਦਾ ਵਸਾਇਆ ਹੋਇਆ ਨਗਰ ਸ੍ਰੀ ਹਰਿਗੋਬਿੰਦ ਪੁਰ ਸੀ।[5] ਇਹ

1. ਸਤਿਬੀਰ ਸਿੰਘ, *ਗੁਰ ਭਾਰੀ : ਜੀਵਨੀ ਗੁਰੂ ਹਰਿਗੋਬਿੰਦ ਸਾਹਿਬ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰਨਾ 90.
2. ਤੇਜਾ ਸਿੰਘ ਗੰਡਾ ਸਿੰਘ, *ਪੂਰਵ ਅੰਕਤ*, ਪੰਨਾ 48.
3. *Transformation of Sikhism*, New Delhi; 1960, p. 62.
4. ਕਰਤਾਰਪੁਰ ਨਗਰ ਅੰਮ੍ਰਿਤਸਰ ਵਲੋਂ ਬਿਆਸ ਦਰਿਆ ਪਾਰ ਕਰਕੇ ਤਕਰੀਬਨ ਪੰਦਰਾਂ ਕੁ ਕਿਲੋਮੀਟਰ ਦੀ ਵਿੱਥ 'ਤੇ ਜਲੰਧਰ ਦੇ ਨੇੜੇ ਸਥਿਤ ਹੈ। ਇਹ ਗੁਰੂ ਅਰਜਨ ਦੇਵ ਜੀ ਵਲੋਂ ਵਸਾਇਆ ਗਿਆ ਸੀ।
5. ਇਹ ਥਾਂ ਵੀ ਗੁਰੂ ਅਰਜਨ ਦੇਵ ਜੀ ਦੀ ਹੀ ਆਪਣੇ ਸਪੁੱਤਰ ਹਰਿਗੋਬਿੰਦ ਸਾਹਿਬ ਦੇ ਜਨਮ ਦੀ ਖੁਸ਼ੀ ਵਿਚ ਵਸਾਈ ਹੋਈ ਸੀ। ਅਜ ਕਲ ਇਹ ਜ਼ਿਲਾ ਗੁਰਦਾਸਪੁਰ ਵਿੱਚ ਹੈ।

ਇਕ ਵਿਸ਼ਾਲ ਖਾਲੀ ਜਗਾਹ ਸੀ ਅਤੇ ਦਰਿਆ ਬਿਆਸ ਦੇ ਨੇੜੇ ਹੋਣ ਕਰ ਕੇ ਰਮਣੀਕ ਵੀ ਸੀ, ਗੁਰੂ ਜੀ ਨੇ ਇੱਥੇ ਹੀ ਆਪਣਾ ਠਹਿਰਾ ਕਰਨ ਦਾ ਫੈਸਲਾ ਕੀਤਾ। ਸਿਖ ਸੰਗਤਾਂ ਦੇ ਇੱਥੇ ਕੈਂਪ ਲਗਾ ਕੇ ਇਸ ਥਾਂ ਦੀ ਨਵੀਂ ਉਸਾਰੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਨਗਰ ਦੇ ਆਲੇ -ਦੁਆਲੇ ਕੋਟ ਬਗਲ ਕੇ ਸਾਧਾਰਣ ਕਿਲਾਬੰਦੀ ਦਾ ਰੂਪ ਦੇਣਾ ਸ਼ੁਰੂ ਕਰ ਦਿੱਤਾ। ਪਿੰਡਾਂ ਦੇ ਦੁਆਲੇ ਕੋਟ ਬਗਲ ਕੇ ਕਿਲਾ ਬੰਦੀ ਦਾ ਰੂਪ ਦੇਣਾ ਉਨ੍ਹੀਂ ਦਿਨੀ ਕੋਈ ਵੱਡੀ ਗੱਲ ਨਹੀਂ ਸੀ ਸਮਝੀ ਜਾਂਦੀ ਸਗੋਂ ਇਹ ਪਿੰਡ ਦੀ, ਬਾਹਰਲੇ ਹਮਲਾਵਰਾਂ ਜਾਂ ਡਾਕੂਆਂ ਤੋਂ ਬਚਾਓ ਕਰਨ ਲਈ ਜ਼ਰੂਰੀ ਵੀ ਹੁੰਦਾ ਸੀ। ਜਿਥੇ ਵੀ ਕੋਈ ਸਰਦਾ-ਪੁੱਜਦਾ ਚੌਧਰੀ ਰਹਿੰਦਾ ਸੀ ਉਸ ਦਾ ਪਿੰਡ ਕੋਟ-ਨੁਮਾ ਦੀਵਾਰ ਨਾਲ ਬਗਲਿਆ ਹੁੰਦਾ ਸੀ। ਇਸ ਕਰ ਕੇ ਜੇਕਰ ਗੁਰੂ ਸਾਹਿਬ ਨੇ ਸ੍ਰੀ ਹਰਿਗੋਬਿੰਦ ਪੁਰ ਨੂੰ ਕੋਟ ਬਗਲ ਕੇ ਆਪਣੀ ਸਵੈ ਰੱਖਿਆ ਲਈ ਮਜ਼ਬੂਤ ਕਰ ਲਿਆ ਸੀ ਤਾਂ ਇਹ ਕੋਈ ਹਕੂਮਤ ਦੇ ਖਿਲਾਫ਼ ਜੰਗੀ ਤਿਆਰੀ ਨਹੀਂ ਸੀ।

ਇਹ ਇਲਾਕਾ ਕਿਸੇ ਭਗਵਾਨ ਦਾਸ ਘੇਰੜ ਦੀ ਜਾਗੀਰ ਵਿਚ ਸੀ। ਗੁਰੂ ਜੀ ਦੇ ਇੱਥੇ ਠਹਿਰਾ ਕਰਨ ਨਾਲ ਉਸ ਨੇ ਆਪਣੇ ਆਪ ਨੂੰ ਖਤਰਾ ਸਮਝਿਆ। ਪਹਿਲਾਂ-ਪਹਿਲਾਂ ਉਸ ਨੇ ਇਥੇ ਗੁਰੂ ਜੀ ਲਈ ਕਈ ਮੁਸ਼ਕਿਲਾਂ ਖੜੀਆਂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਿ ਗੁਰੂ ਜੀ ਇੱਥੋਂ ਚਲੇ ਜਾਣ ਪਰ ਜਦੋਂ ਗੁਰੂ ਜੀ ਨੇ ਉਸ ਦੀ ਕੋਈ ਪਰਵਾਹ ਨਾ ਕੀਤੀ ਤਾਂ ਉਸ ਨੇ ਸਿੱਧੀ ਦਖ਼ਲ-ਅੰਦਾਜ਼ੀ ਕਰਨੀ ਸ਼ੁਰੂ ਕਰ ਦਿੱਤੀ। ਇਕ ਦਿਨ ਇਸੇ ਤਰ੍ਹਾਂ ਦੀ ਦਖ਼ਲ-ਅੰਦਾਜ਼ੀ ਕਰਦਾ ਹੋਇਆ ਉਹ ਸਿਖ ਸੰਗਤਾਂ ਦੁਆਰਾ ਮਾਰਿਆ ਗਿਆ। ਇਸ ਗੱਲ ਨੇ ਸਾਰੇ ਝਗੜੇ ਨੂੰ ਵਧਾ ਦਿੱਤਾ ਸੀ। ਉਸ ਦਾ ਪੁੱਤਰ ਰਤਨ ਚੰਦ ਜਲੰਧਰ ਦੇ ਹਾਕਮ ਕੋਲ ਜਾ ਫਰਿਆਦੀ ਹੋਇਆ। ਜਲੰਧਰ ਦਾ ਹਾਕਮ ਉਸ ਵੇਲੇ ਅਬਦੁੱਲਾ ਖਾਨ ਸੀ। ਉਹ ਵੀ ਗੁਰੂ ਜੀ ਦੇ ਦੁਆਬੇ ਵਿਚ ਆ ਕੇ ਵਸਣ ਕਰ ਕੇ ਖਤਰਾ ਮਹਿਸੂਸ ਕਰ ਰਿਹਾ ਸੀ। ਇਕ ਹੋਰ ਕਰਮ ਚੰਦ, ਜੋ ਚੰਦੂ ਸ਼ਾਹ ਦਾ ਪੁੱਤਰ ਸੀ, ਰਤਨ ਚੰਦ ਨਾਲ ਮਿਲ ਗਿਆ ਸੀ। ਸਭ ਨੇ ਮਿਲ ਕੇ ਜਲੰਧਰ ਦੇ ਹਾਕਮ ਨੂੰ ਸੈਨਿਕ ਮੱਦਦ ਕਰਨ ਲਈ ਉਕਸਾਇਆ। ਇਸ ਤਰ੍ਹਾਂ ਤਕਰੀਬਨ ਚਾਰ ਹਜ਼ਾਰ ਦੀ ਗਿਣਤੀ ਵਿਚ ਸੈਨਾ ਅਤੇ ਇਲਾਕੇ ਦੇ ਲੋਕ ਇਕੱਠੇ ਹੋ ਕੇ ਗੁਰੂ ਸਾਹਿਬ ਉੱਪਰ ਚੜ੍ਹ ਕੇ ਆ ਗਏ। ਸਿਖ ਸੰਗਤਾਂ ਨੇ ਇਨ੍ਹਾਂ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਪਿੱਛੇ ਮੁੜਨ ਲਈ ਮਜਬੂਰ ਕਰ ਦਿੱਤਾ। ਅਬਦੁੱਲਾ ਖਾਂ ਮਾਰਿਆ ਗਿਆ ਸੀ। ਬਾਕੀ ਦੇ ਧਾੜਵੀ ਭੱਜ ਗਏ ਸਨ। ਸਿਖ ਸੰਗਤਾਂ ਨੇ ਪੂਰੀ ਕਾਮਯਾਬੀ ਨਾਲ ਹਮਲਾਵਰਾਂ ਨੂੰ ਨਸਾ ਦਿੱਤਾ ਸੀ। ਇਹ ਗੱਲ ਸਤੰਬਰ, 1630 ਈ. ਦੀ ਹੈ।[1]

ਇਕ ਗੱਲ ਵਿਚਾਰਯੋਗ ਹੈ ਕਿ ਜਿਥੇ ਕੋਈ ਲੜਾਈ ਲੋਕ-ਸਮੂਹ ਦੇ ਨਾਲ ਹੁੰਦੀ ਹੈ ਉਥੇ ਜਿੱਤ ਵੀ ਲੋਕ-ਸਮੂਹ ਦੀ ਹੀ ਹੁੰਦੀ ਹੈ। ਹਮਲਾਵਰ ਜਾਗੀਰਦਾਰ ਸਨ ਜਾਂ ਫੌਜਦਾਰ। ਇਹ ਤਨਖ਼ਾਹਦਾਰ ਜਾਂ ਕਿਰਾਏ ਦੇ ਲੋਕਾਂ ਦੀ ਧਾੜ ਸੀ। ਗੁਰੂ ਜੀ ਲੋਕ-ਨੇਤਾ ਸਨ ਅਤੇ ਲੋਕ-ਸਮੂਹ ਉਨ੍ਹਾਂ ਦੀ ਮਦਦ 'ਤੇ ਸੀ। ਜਦੋਂ ਕਿਰਾਏ ਦੇ ਧਾੜਵੀ ਹਮਲਾ ਕਰ ਕੇ ਆਏ ਤਾਂ ਅੱਗੋਂ ਸਿਖ ਸੰਗਤਾਂ ਦੇ ਰੂਪ ਵਿਚ ਲੋਕ-ਸਮੂਹ ਇਕੱਠਾ ਹੋ ਕੇ ਇਨ੍ਹਾਂ ਧਾੜਵੀਆਂ ਦੇ ਵਿਰੁੱਧ ਡਟ ਕੇ ਖੜਾ ਹੋ ਗਿਆ ਸੀ। ਧਾੜਵੀ ਆਪਣੇ ਸੁਆਰਥਾਂ ਲਈ ਲੜਦੇ ਸਨ ਜਦੋਂ ਕਿ ਗੁਰੂ ਜੀ

1. ਗ਼ਜਾਨ ਸਿੰਘ, ਪੂਰਵ ਅੰਕਿਤ, ਪੰਨਾ 235.

ਆਪਣੀ ਰੱਖਿਆ ਲਈ ਮੁਕਾਬਲਾ ਕਰਦੇ ਸਨ। ਆਪਣੀ ਰੱਖਿਆ ਲਈ ਲੜਾਈ ਕਰਨਾ ਸ਼ਹੀਦ ਹੋਣ ਲਈ ਪਰੇਰਣਾ ਸਰੋਤ ਘਟਨਾ ਹੁੰਦੀ ਹੈ। ਸਿਖਾਂ ਲਈ, ਜੂਝਦੇ ਹੋਏ ਸ਼ਹੀਦੀ ਪਰਾਪਤ ਕਰਨਾ ਇਕ ਮਾਣ ਵਾਲੀ ਗੱਲ ਸੀ। ਇਸ ਕਰ ਕੇ ਹਮਲਾਵਰ ਦੁਸ਼ਮਣ, ਟਰੇਂਡ ਫੌਜ ਦੀ ਮਦਦ ਨਾਲ ਵੀ ਲੋਕ-ਸਮੂਹ ਦੇ ਵਿਸ਼ਾਲ ਇਕੱਠ ਸਾਹਮਣੇ ਖੜੋ ਨਹੀਂ ਸਕਿਆ। ਇੰਦੂ ਭੂਸ਼ਨ ਬੈਨਰਜੀ ਲਿਖਦਾ ਹੈ: 'ਹਰਿਗੋਬਿੰਦ ਨੇ ਇਨਾਂ ਨੂੰ ਕਾਮਯਾਬੀ ਨਾਲ ਕੁੱਟ ਕੇ ਭਜਾ ਦਿੱਤਾ ਸੀ ਅਤੇ ਸ੍ਰੀ ਹਰਿਗੋਬਿੰਦ ਪੁਰ, ਜਿਵੇਂ ਕਿ ਇਸ ਥਾਂ ਨੂੰ ਹੁਣ ਕਹਿਣਾ ਸ਼ੁਰੂ ਕਰ ਦਿੱਤਾ ਸੀ, ਦੀ ਸਥਾਪਨਾ ਬਿਨਾਂ ਕਿਸੇ ਹੋਰ ਬਿਘਨ ਦੇ ਚਲਦੀ ਰਹੀ।'[1] ਗਯਾਨ ਸਿੰਘ ਅਨੁਸਾਰ ਲੜਾਈ ਪਿਛੋਂ ਗੁਰੂ ਸਾਹਿਬ ਕਾਫੀ ਸਮਾਂ ਸ੍ਰੀ ਹਰਿਗੋਬਿੰਦ ਪੁਰ ਸਾਹਿਬ ਵਿਖੇ ਹੀ ਰਹਿੰਦੇ ਰਹੇ ਸਨ ਅਤੇ ਇੱਥੇ ਹੀ ਉਨ੍ਹਾਂ ਨੇ ਆਪਣੇ ਪਰਿਵਾਰ ਨੂੰ ਬੁਲਾ ਲਿਆ ਸੀ। ਇਕ ਮਸੀਤ ਵੀ ਇੱਥੇ ਉਸਰਵਾਈ ਗਈ ਸੀ ਤਾਂ ਕਿ ਗੁਰੂ ਜੀ ਦੇ ਮੁਸਲਿਮ ਪੈਰੋਕਾਰ ਆਪਣੇ ਧਾਰਮਿਕ ਅਕੀਦੇ ਪੂਰੇ ਕਰ ਸਕਣ।[2]

ਤੀਜੀ ਲੜਾਈ : ਗੁਰੂ ਹਰਿਗੋਬਿੰਦ ਸਾਹਿਬ ਵਧੀਆ ਤੋਂ ਵਧੀਆ ਘੋੜੇ ਰੱਖਣ ਦੇ ਸ਼ੌਕੀਨ ਸਨ। ਇਸ ਮਕਸਦ ਲਈ ਉਨ੍ਹਾਂ ਨੇ ਆਪਣੇ ਸਿਖਾਂ ਨੂੰ ਮੱਧ ਏਸ਼ੀਆਂ ਦੇ ਦੇਸ਼ਾਂ ਵਿਚ ਘੋੜੇ ਖਰੀਦਣ ਲਈ ਵੀ ਭੇਜਿਆ ਸੀ। ਇਸ ਤਰ੍ਹਾਂ ਹੀ ਜਦੋਂ ਮੱਧ ਏਸ਼ੀਆ ਦੇ ਮੁਲਕਾਂ ਵਿੱਚੋਂ ਖਰੀਦੇ ਹੋਏ ਦੋ ਅਤੀ ਸੁੰਦਰ ਘੋੜੇ, ਸਿਖ ਸੰਗਤਾਂ ਗੁਰੂ ਜੀ ਦੀ ਹਜ਼ੂਰੀ ਵਿਚ ਲਿਆ ਰਹੀਆਂ ਸਨ ਤਾਂ ਉਨ੍ਹਾਂ ਨੂੰ ਰਸਤੇ ਵਿੱਚੋਂ ਲਾਹੌਰ ਦੇ ਅਧਿਕਾਰੀਆਂ ਨੇ ਜ਼ਬਰਦਸਤੀ ਖੋਹ ਲਿਆ ਸੀ ਇਹ ਗੱਲ ਗੁਰੂ ਜੀ ਨੂੰ ਸ੍ਰੀ ਹਰਿਗੋਬਿੰਦ ਸਾਹਿਬ ਪੁਰ ਵਿਖੇ ਆ ਕੇ ਦੱਸੀ ਗਈ। ਗੁਰੂ ਜੀ ਨੇ ਆਪਣੇ ਸਿਖਾਂ ਰਾਹੀਂ ਭਾਈ ਬਿਧੀ ਚੰਦ ਦੀ ਅਗਵਾਈ ਹੇਠ ਇਨ੍ਹਾਂ ਘੋੜਿਆਂ ਨੂੰ ਵਾਪਸ ਖੋਹ ਲਿਆ ਸੀ। ਇੰਜ ਘੋੜੇ ਵਾਪਸ ਖੋਹ ਲੈਣ ਨਾਲ ਲਾਹੌਰ ਦੇ ਅਧਿਕਾਰੀਆਂ ਦੀ ਬੇਇੱਜ਼ਤੀ ਹੋਈ। ਇਸ ਬੇਇੱਜ਼ਤੀ ਦਾ ਬਦਲਾ ਲੈਣ ਲਈ ਉਨ੍ਹਾਂ ਨੇ ਗੁਰੂ ਜੀ ਉੱਪਰ ਹਮਲਾ ਕਰਨ ਦਾ ਫੈਸਲਾ ਕੀਤਾ।

ਗੁਰੂ ਸਾਹਿਬ ਨੇ ਭਾਂਪ ਲਿਆ ਸੀ ਕਿ ਉਨ੍ਹਾਂ 'ਤੇ ਜ਼ਰੂਰ ਹਮਲਾ ਹੋਵੇਗਾ। ਇਸ ਲਈ ਉਹ ਸ੍ਰੀ ਹਰਿਗੋਬਿੰਦ ਪੁਰ ਸਾਹਿਬ ਤੋਂ ਸਿਖ ਸੰਗਤਾਂ ਸਮੇਤ ਪੰਜਾਬ ਦੇ ਮਾਲਵੇ ਖੇਤਰ ਵੱਲ ਨੂੰ ਰਵਾਨਾ ਹੋ ਗਏ। ਮਾਲਵਾ ਸਾਰਾ ਹੀ ਗੁਰੂ ਘਰ ਦਾ ਸ਼ਰਧਾਲੂ ਸੀ। ਮਾਲਵੇ ਵਿਚਲੇ ਸਾਰੇ ਹੀ ਜੱਟ ਕਬੀਲੇ ਗੁਰੂ ਜੀ ਲਈ ਮਰ ਮਿਟਣ ਨੂੰ ਤਿਆਰ ਸਨ। ਲਾਹੌਰ ਵੱਲੋਂ ਬਹੁਤ ਵੱਡੀ ਵਿਸ਼ਾਲ ਫੌਜ ਨਾਲ ਗੁਰੂ ਜੀ ਉੱਪਰ ਹਮਲਾ ਕੀਤਾ ਗਿਆ। ਇਤਿਹਾਸਕਾਰਾਂ ਨੇ ਭਾਵੇਂ ਇਸ ਫੌਜ ਦੀ ਗਿਣਤੀ 20-22 ਹਜ਼ਾਰ ਤੱਕ ਦੀ ਦੱਸੀ ਹੈ। ਇਤਨੀ ਫੌਜ ਭਾਵੇਂ ਨਾਂ ਵੀ ਹੋਵੇ ਪਰ ਇਹ ਹਮਲਾਵਰ ਫੌਜ ਬਹੁਤ ਵੱਡੀ ਗਿਣਤੀ ਵਿਚ ਸੀ। ਇਸੇ ਕਰ ਕੇ ਗੁਰੂ ਸਾਹਿਬ ਆਪਣੀ ਰਿਹਾਇਸ਼ ਛੱਡ ਕੇ ਮਾਲਵੇ ਵੱਲ ਰਵਾਨਾ ਹੋਏ ਸਨ। ਮਾਲਵੇ ਵਿਚ ਜੱਟ ਕਬੀਲਿਆਂ ਦੇ ਭਰਵੇਂ ਸਹਿਯੋਗ ਤੋਂ ਇਲਾਵਾ ਉੱਥੋਂ ਦਾ ਰੇਤਲਾ ਅਤੇ ਜੰਗਲੀ ਇਲਾਕਾ ਗੁਰੂ ਜੀ ਲਈ ਫਾਇਦੇਮੰਦ ਸੀ। ਮਾਲਵੇ ਦੇ ਜੱਟ ਕਬੀਲਿਆਂ ਦੀ ਮਦਦ ਨਾਲ ਗੁਰੂ ਜੀ ਨਥਾਣੇ ਦੇ ਇਲਾਕੇ ਵਿਚ ਇਕੋ

1. *Evolution of The Khalsa*, Vol. 2, p. 23.
2. *ਤਵਾਰੀਖ਼ ਗੁਰੂ ਖ਼ਾਲਸਾ*, ਪੰਨਾ 236.

ਇਕ ਪਾਣੀ ਵਾਲੀ ਢਾਬ ਰੋਕ ਕੇ ਡੱਟ ਗਏ। ਆਲੇ ਦੁਆਲੇ ਰੇਤੀਲੇ ਟਿੱਬੇ ਸਨ ਅਤੇ ਕੰਡੀਲੇ ਦਰਖਤ ਸਨ। ਜੇਕਰ ਦੁਸ਼ਮਣ ਇੱਥੇ ਆ ਕੇ ਗੁਰੂ ਜੀ ਉੱਪਰ ਹਮਲਾ ਕਰਦਾ ਸੀ ਤਾਂ ਆਲੇ ਦੁਆਲੇ ਟਿੱਬਿਆਂ ਦੀ ਓਟ ਵਿਚ ਬੈਠੇ ਸਿਖ ਉਸ ਉੱਪਰ ਚਾਰੇ ਪਾਸਿਆਂ ਤੋਂ ਹਮਲਾ ਕਰਨ ਲਈ ਤਿਆਰ ਸਨ। ਆਲੇ ਦੁਆਲੇ ਕਿਤੇ ਵੀ ਪਾਣੀ ਨਾ ਹੋਣ ਕਾਰਨ ਦੁਸ਼ਮਣ ਜਿਆਦਾ ਸਮਾਂ ਸਿਖਾਂ ਦੀ ਮਿਲਵੀ ਤਾਕਤ ਸਾਹਮਣੇ ਠਹਿਰ ਨਹੀਂ ਸਕਦਾ ਸੀ। ਗਯਾਨ ਸਿੰਘ ਲਿਖਦਾ ਹੈ: 'ਏਧਰ ਕਾਂਗੜ, ਧੌਲੇ ਤੇ ਦੇਸ ਮਾਲਵੇ ਦੇ ਸਭ ਬਹਾਦਰ ਸਿਖ ਗੁਰੂ ਸਾਹਿਬ ਵੱਲ ਭੀ ਆ ਗਏ। ਰਾਇ ਜੋਧ, ਸਲੇਮ ਦੋਵੇਂ ਭਾਈ, ਭੱਲਣ, ਰੂਪਾ, ਸੂਰਾ, ਕਰਮਾ, ਫੱਤਾ, ਆਕਲ, ਬੀਰਾ, ਸਾਗਰ, ਤਖਤਾ, ਕਾਲਾ ਦੁੱਲਟ, ਕਾਲਾ, ਕਰਮ ਚੰਦ ਆਦਿਕ ਇਹ ਸਭ ਢੋਲ ਵਜਾਉਂਦੇ ਹੋਏ ਆਪਣੇ ਨਾਲ ਬਹੁਤ-ਬਹੁਤ ਆਦਮੀ ਲੈ ਕੇ ਆ ਗਏ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਨਾਲ ਲੈ ਕੇ ਬੜੇ ਭਾਰੀ ਜੰਗਲ ਵਿਚ (ਜਿੱਥੇ ਹੁਣ ਲਹਿਰਾ ਪਿੰਡ ਤੇ ਗੁਰੂ ਸਰ ਤਲਾਉ ਹੈ। ਪਾਣੀ ਦੀ ਢਾਬ ਦੇ ਕਿਨਾਰੇ 17 ਪੋਹ ਸੰਮਤ 1690 ਬਿ. ਮੁਤਾਬਿਕ ਜਨਵਰੀ, 1633 ਈ.) ਨੂੰ ਮੋਰਚਾ ਬੰਨ ਕੇ ਲੜਾਈ ਸ਼ੁਰੂ ਕਰ ਦਿੱਤੀ।'[1]

ਹਮਲਾਵਰ ਦੁਸ਼ਮਣ ਦੀ ਫੌਜ ਦੇ ਪਾਸ ਪਾਣੀ ਦਾ ਕੋਈ ਸੋਮਾ ਨਹੀਂ ਸੀ। ਮਾਲਵੇ ਦੇ ਜੱਟ ਕਬੀਲੇ ਆਪਣੇ ਜੰਗਲਾਂ ਦੇ ਭੇਤੀ ਸਨ। ਸਭ ਪਿੰਡਾਂ ਦੇ ਲੋਕ ਦੁਸ਼ਮਣ ਉੱਪਰ ਚਹੁੰ ਪਾਸਿਆਂ ਤੋਂ ਟੁੱਟ ਕੇ ਪੈ ਗਏ। ਸਾਰਾ ਦਿਨ ਲੜਾਈ ਹੋਈ। ਦੁਸ਼ਮਣ ਪਾਣੀ ਤੋਂ ਬਿਨਾ ਪਿਆਸ ਨਾਲ ਵਿਆਕੁਲ ਹੋਇਆ, ਆਪਣਾ ਜਾਨੀ ਨੁਕਸਾਨ ਕਰਵਾ ਕੇ ਵਾਪਸ ਨੱਸ ਆਇਆ। ਗੁਰੂ ਜੀ ਦੀ ਪੂਰਨ ਫਤਿਹ ਹੋਈ। ਮੈਕਾਲਿਫ ਅਨੁਸਾਰ, ਗੁਰੂ ਜੀ ਦੀ ਫੌਜ ਪਾਣੀ ਦੇ ਇਕੋ ਇਕ ਤਲਾਅ ਦੁਆਲੇ ਇਸ ਤਰ੍ਹਾਂ ਘੇਰਾ ਘੱਤੀ ਖੜੀ ਸੀ ਕਿ ਜਦੋ ਦੁਸ਼ਮਣ ਇੱਥੇ ਪਹੁੰਚਿਆ ਤਾਂ ਉਹ ਪਾਣੀ ਤੱਕ ਪਹੁੰਚ ਹੀ ਨਹੀਂ ਸਕਿਆ। ਇਸ ਤਰ੍ਹਾਂ ਤਰੇਹ ਨਾਲ ਵਿਆਕੁਲ ਹੋਇਆ ਭੱਜ ਗਿਆ।[2] ਭਾਵੇਂ ਇਸ ਲੜਾਈ ਦਾ ਜ਼ੁਲਫ਼ਕਾਰ ਅਰਧਿਸਤਾਨੀ ਨੇ ਕੋਈ ਉਲੇਖ ਨਹੀ ਕੀਤਾ ਪਰ ਗੁਰਮੁੱਖੀ ਦੀਆਂ ਸਾਰੀਆਂ ਹੀ ਮੁੱਢਲੀਆਂ ਲਿਖਤਾਂ ਅਤੇ ਆਧੁਨਿਕ ਇਤਿਹਾਸਕਾਰ ਇਸ ਮੱਤ ਨਾਲ ਸਹਿਮਤ ਹਨ ਕਿ ਗੁਰੂ ਸਾਹਿਬ ਨੂੰ ਨਥਾਣੇ ਜਾਂ ਲਹਿਰਾਂ ਮਹੱਬਤ ਜਾਂ ਮਹਿਰਾਜ ਦੇ ਅਸਥਾਨ 'ਤੇ ਦੁਸ਼ਮਣ ਨਾਲ ਫੈਸਲਾਕੁਨ ਲੜਾਈ ਲੜਨੀ ਪਈ ਸੀ। ਇੰਦੂ ਭੂਸ਼ਨ ਬੈਨਰਜੀ ਲਿਖਦਾ ਹੈ ਕਿ ਇਉਂ ਪਰਤੀਤ ਹੁੰਦਾ ਹੈ ਕਿ ਸ਼ਾਹੀ ਅਧਿਕਾਰੀ ਸਥਿਤੀ ਦੀਆਂ ਕੁਦਰਤੀ ਮੁਸ਼ਕਿਲਾਂ ਦਾ ਮੁਕਾਬਲਾ ਨਹੀਂ ਕਰ ਸਕੇ ਅਤੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਉਨ੍ਹਾਂ ਨੂੰ ਕੁੱਟ ਕੇ ਵਾਪਸ ਭਜਾਉਣ ਵਿਚ ਕੋਈ ਜਿਆਦਾ ਮੁਸ਼ਕਿਲ ਦਾ ਸਾਹਮਣਾ ਨਹੀਂ ਕਰਨਾ ਪਿਆ।[3] ਭਾਵੇਂ ਇਸ ਲੜਾਈ ਵਿਚ ਸਿਖਾਂ ਦਾ ਵੀ ਬਹੁਤ ਜਾਨੀ ਨੁਕਸਾਨ ਹੋਇਆ ਸੀ ਪਰ ਲੜਾਈ ਇਹ ਫੈਸਲਾਕੁਨ ਸੀ। ਗੁਰੂ ਜੀ ਨੇ ਸਭ ਸ਼ਹੀਦ ਹੋਏ ਸਿਪਾਹੀਆਂ ਨੂੰ ਉਨ੍ਹਾਂ ਦੀਆਂ ਧਾਰਮਿਕ ਰਸਮਾਂ ਮੁਤਾਬਿਕ ਦਫਨਾਇਆ। ਜਿਸ ਥਾਂ 'ਤੇ ਲੜਾਈ ਹੋਈ ਸੀ ਉੱਥੇ ਅੱਜ ਕੱਲ੍ਹ ਗੁਰਦੁਆਰਾ ਗੁਰੂ ਸਰ ਸ਼ਸੋਭਤ ਹੈ।

ਚੌਥੀ ਲੜਾਈ : ਨਥਾਣਾ ਗੁਰੂ ਸਰ ਵਿਖੇ ਦੁਸ਼ਮਣ ਨੂੰ ਹਰਾਉਣ ਬਾਦ ਗੁਰੂ

---

1. *ਤਵਾਰੀਖ ਗੁਰੂ ਖਾਲਸਾ*, ਪੰਨਾ 239.
2. *History of Sikh Religion*, Vol. IV, p. 179.
3. Op. cit., p. 24.

ਹਰਿਗੋਬਿੰਦ ਸਾਹਿਬ ਦੁਆਬੇ ਵਿਚ ਕਰਤਾਰਪੁਰ ਵਿਖੇ ਆ ਗਏ ਸਨ। ਇੱਥੇ ਕੁਝ ਸਮਾਂ ਸ਼ਾਂਤੀ ਨਾਲ ਬਤੀਤ ਹੋਇਆ ਪਰ ਛੇਤੀ ਹੀ ਗੁਰੂ ਜੀ ਦੇ ਆਪਣੇ ਹੀ ਇਕ ਮੁੱਖੀ ਜਰਨੈਲ ਪੈਂਦੇ ਖਾਨ ਨਾਲ ਕੁਝ ਮੱਤਭੇਦ ਪੈਦਾ ਹੋ ਗਏ ਸਨ। ਪੈਂਦੇ ਖਾਂ ਫਤਿਹ ਖਾਂ ਗਨੈਦਾ ਪਠਾਣ ਦਾ ਪੁੱਤਰ ਸੀ।[1] ਇਸ ਦੀ ਮਾਂ ਗੁਰੂ ਹਰਿਗੋਬਿੰਦ ਸਾਹਿਬ ਦੀ ਪਾਲਣਾ-ਪੋਸ਼ਣਾ ਕਰਨ ਵਾਲੀ ਮਾਈ ਸੀ। ਪੈਂਦੇ ਖਾਂ ਅਤੇ ਗੁਰੂ ਜੀ ਤਕਰੀਬਨ ਹਮਉਮਰ ਹੀ ਸਨ।[2] ਗੁਰੂ ਘਰ ਵਿਚ ਪੈਂਦੇ ਖਾਂ ਗੁਰੂ ਜੀ ਦੇ ਸਭ ਤੋਂ ਵੱਧ ਵਿਸਵਾਸ ਪਾਤਰ ਸਿਖਾਂ ਵਿੱਚੋਂ ਸੀ। ਗੁਰਮੁੱਖੀ ਲਿਖਤਾਂ ਵਿਚ, ਗੁਰੂ ਸਾਹਿਬ ਅਤੇ ਪੈਂਦੇ ਖਾਂ ਵਿਚਕਾਰ ਮੱਤ-ਭੇਦ ਪੈਦਾ ਹੋਣ ਦੇ ਜੋ ਕਾਰਨ ਲਿਖੇ ਗਏ ਹਨ ਉਹ ਯਕੀਨ ਕਰਨ ਵਾਲੇ ਨਹੀਂ ਜਾਪਦੇ। ਇਉਂ ਲਗਦਾ ਹੈ ਕਿ ਜਾਂ ਤਾਂ ਪੈਂਦੇ ਖਾਂ ਨੂੰ ਦੁਸ਼ਮਣਾਂ ਨੇ ਕਿਸੇ ਤਰ੍ਹਾਂ ਕੋਈ ਯਕੀਨ ਦਿਵਾ ਕੇ ਆਪਣੇ ਨਾਲ ਰਲਾ ਲਿਆ ਹੋਵੇਗਾ ਅਤੇ ਜਾਂ ਫਿਰ ਪੈਂਦੇ ਖਾਂ ਕੋਈ ਮੁਗਲ ਅਧਿਕਾਰੀ ਹੋਵੇਗਾ। ਜੁਲਫਕਾਰ ਅਰਧਿਸਤਾਨੀ ਨੇ ਲਿਖਿਆ ਹੈ ਕਿ ਕਰਤਾਰਪੁਰ ਵਿਖੇ ਮੀਰ ਬਡੈਹਰਾ ਅਤੇ ਪੈਂਦੇ ਖਾਂ ਦੀ ਕਮਾਂਡ ਹੇਠ ਹਮਲਾ ਕੀਤਾ ਗਿਆ। ਇਰਵਿਨ ਵੀ ਉਸ ਨੂੰ ਸ਼ਾਹੀ ਕਮਾਂਡਰ ਹੀ ਲਿਖਦਾ ਹੈ। ਇਸ ਲਈ ਇਸ ਗੱਲ ਵਿਚ ਕੁਝ ਵਜ਼ਨ ਹੋ ਸਕਦਾ ਹੈ ਕਿ ਪੈਂਦਾ ਖਾਂ ਮੁਗਲ ਹਕੂਮਤ ਦਾ ਹੀ ਕੋਈ ਅਧਿਕਾਰੀ ਹੋਵੇ। ਗੁਰੂ ਜੀ ਦੇ ਘਰ ਵਿਚ ਪਲਣ ਵਾਲਾ ਪੈਂਦੇ ਖਾਂ ਕੋਈ ਹੋਰ ਹੋਵੇ। ਗੁਰੂ ਜੀ ਉੱਪਰ ਹਮਲਾ ਕੀਤਾ ਗਿਆ ਪਰ ਇਹ ਹਮਲਾ ਸੌਖਿਆਂ ਹੀ ਪਛਾੜ ਦਿੱਤਾ ਗਿਆ। ਮੀਰ ਬਡੈਹਰਾ ਅਤੇ ਪੈਂਦੇ ਖਾਂ ਦੋਵੇਂ ਹੀ ਮਾਰੇ ਗਏ ਸਨ। ਜਿਸ ਤਰ੍ਹਾਂ ਜਿਕਰ ਆਉਂਦਾ ਹੈ ਕਿ ਇਸ ਲੜਾਈ ਨੂੰ ਗੁਰੂ ਜੀ ਦੇ ਪਰਿਵਾਰਾਂ ਨੇ ਵੀ ਆਪਣੇ ਮਕਾਨਾਂ ਦੀਆਂ ਛੱਤਾਂ ਜਾਂ ਬਾਰੀਆਂ ਵਿੱਚੋਂ ਦੀ ਖੜ੍ਹ ਕੇ ਦੇਖਿਆ ਸੀ ਅਤੇ ਬਾਲ ਤੇਗ ਬਹਾਦੁਰ ਜੀ ਨੇ ਵੀ ਇਸ ਵਿਚ ਕੁੱਝ ਭਾਗ ਲਿਆ ਸੀ ਇਸ ਤੋਂ ਜਾਪਦਾ ਹੈ ਕਿ ਇਹ ਹਮਲਾ ਸਥਾਨਿਕ ਪੱਧਰ ਦਾ ਸੀ ਅਤੇ ਬਹੁਤਾ ਭਿਆਨਕ ਨਹੀਂ ਸੀ। ਸਿਖ ਸੰਗਤਾਂ ਨੇ ਇਸ ਨੂੰ ਸੌਖਿਆਂ ਹੀ ਪਛਾੜ ਦਿੱਤਾ ਸੀ। ਇਸੇ ਝੜੱਪ ਵਿਚ ਹੀ ਕਿਸੇ ਕਾਲੇ ਖਾਂ ਕਮਾਂਡਰ ਦਾ ਵੀ ਜਿਕਰ ਆਉਂਦਾ ਹੈ ਜਿਸ ਨੂੰ ਗੁਰੂ ਸਾਹਿਬ ਨੇ ਬੜੇ ਆਰਾਮ ਅਤੇ ਨਰਮੀ ਨਾਲ ਆਹਮੋ ਸਾਹਮਣੇ ਦੀ ਲੜਾਈ ਕਰ ਕੇ ਮਾਰ ਦਿੱਤਾ ਸੀ। ਜਦ ਕਾਲੇ ਖਾਂ ਦਾ ਵਾਰ ਖਾਲੀ ਗਿਆ ਸੀ ਤਾਂ ਗੁਰੂ ਜੀ ਨੇ ਆਪਣਾ ਵਾਰ ਕਰਨ ਸਮੇ ਉਸ ਨੂੰ ਕਿਹਾ ਸੀ ਕਿ 'ਤਲਵਾਰ ਇਸ ਤਰ੍ਹਾਂ ਨਹੀਂ ਸਗੋਂ ਇਉਂ ਚਲਾਈ ਦੀ ਹੈ।' ਇਹ ਕਹਿ ਕੇ ਇਕੋ ਵਾਰ ਨਾਲ ਕਾਲੇ ਖਾਂ ਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ ਸੀ।

ਇਸ ਲੜਾਈ ਵਿਚ ਗੁਰੂ ਜੀ ਦੀ ਭਾਵੇਂ ਜਿੱਤ ਹੋਈ ਸੀ ਪਰ ਉਹ ਜਿਆਦਾ ਸਮਾਂ ਕਰਤਾਰਪੁਰ ਵਿਖੇ ਨਹੀਂ ਠਹਿਰੇ। ਗੁਰੂ ਜੀ ਪੂਰੇ ਲਾਓ ਲਸ਼ਕਰ ਸਮੇਤ ਫਗਵਾੜੇ ਵੱਲ ਨੂੰ ਚੱਲ ਪਏ ਸਨ। ਫਗਵਾੜੇ ਵਿਖੇ ਪਲਾਹੀ ਸਾਹਿਬ ਦੇ ਅਸਥਾਨ 'ਤੇ ਅਚਨਚੇਤ ਹੀ ਦੁਸ਼ਮਣ ਵੱਲੋਂ ਗੁਰੂ ਜੀ ਉੱਪਰ ਲੁਕਵਾਂ ਹਮਲਾ ਕੀਤਾ ਗਿਆ ਸੀ ਜਿਸ ਨੂੰ ਪਛਾੜ ਦਿੱਤਾ ਗਿਆ ਸੀ। ਗੁਰੂ ਜੀ ਅੱਗੇ ਚਲਦੇ ਗਏ ਅਤੇ ਕੀਰਤਪੁਰ ਪਹੁੰਚ ਕੇ ਆਪਣਾ ਠਿਕਾਣਾ ਕੀਤਾ। ਜੁਲਫਕਾਰ ਅਰਧਿਸਤਾਨੀ ਨੇ ਲਿਖਿਆ ਹੈ ਕਿ ਆਖਰਕਾਰ ਗੁਰੂ ਹਰਿਗੋਬਿੰਦ ਸਾਹਿਬ ਕਰਤਾਰਪੁਰ ਤੋਂ

---

1 ਜੁਲਫਕਾਰ ਅਰਧਿਸਤਾਨੀ, *ਪੂਰਵ ਅੰਕਤ*, ਪੰਨਾ 35.

2 ਕਨਿੰਘਮ, *ਹਿਸਟਰੀ ਆਫ ਦਾ ਸਿਖਸ*, ਨਵੀ ਦਿੱਲੀ, 1985, ਪੰਨਾ 58.

ਫਗਵਾੜੇ ਵੱਲ ਨੂੰ ਚੱਲ ਪਏ ਸਨ ਅਤੇ ਕਿਉਂਕਿ ਇਹ ਲਾਹੌਰ ਦੇ ਨੇੜੇ ਸੀ ਇਸ ਲਈ ਉਨ੍ਹਾਂ ਨੂੰ ਕੁਝ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਸੀ। ਫਿਰ ਉਹ ਛੇਤੀ ਹੀ ਕੀਰਤਪੁਰ ਵੱਲ ਨੂੰ ਰਵਾਨਾ ਹੋ ਗਏ।

ਲੜਾਈਆਂ ਦਾ ਮੁੱਲ ਅੰਕਣ: ਅਸੀਂ ਦੇਖਿਆ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੂੰ ਛੋਟੀਆਂ ਜਾਂ ਵੱਡੀਆਂ, ਤਕਰੀਬਨ ਚਾਰ ਲੜਾਈਆਂ ਕਰਨੀਆਂ ਪਈਆਂ ਸਨ। ਭਾਵੇਂ ਹਰੀ ਰਾਮ ਗੁਪਤਾ ਨੇ ਇਨ੍ਹਾਂ ਦੀ ਤਾਦਾਤ ਕਾਫੀ ਵਧਾ ਕੇ ਲਿਖੀ ਹੈ ਕਿਉਂਕਿ ਉਸ ਨੇ ਹਰ ਇਕ ਨਿੱਕੀ ਮੋਟੀ ਘਟਨਾ ਨੂੰ ਸੁਤੰਤਰ ਲੜਾਈ ਦਾ ਰੂਪ ਦਿੱਤਾ ਹੈ। ਮਿਸਾਲ ਦੇ ਤੌਰ 'ਤੇ ਉਹ ਪਹਿਲੀ ਲੜਾਈ ਜੱਲੋ ਦੇ ਅਸਥਾਨ 'ਤੇ ਹੋਈ ਦੱਸਦਾ ਹੈ। ਇਹ ਜੱਲੋ ਦਾ ਥਾਂ ਕਿੱਥੇ ਹੈ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਫਿਰ ਉਹ ਫਗਵਾੜੇ ਨੇੜੇ ਹੋਈ ਝੜੱਪ ਨੂੰ ਅਲੱਗ ਲੜਾਈ ਦਾ ਰੂਪ ਦਿੰਦਾ ਹੈ। ਇਹ ਠੀਕ ਨਹੀਂ ਹੈ। ਫਗਵਾੜੇ ਦੀ ਝੜੱਪ ਨੂੰ ਕਰਤਾਰਪੁਰ ਦੀ ਲੜਾਈ ਦੇ ਨਾਲ ਹੀ ਰਲਾ ਕੇ ਦੇਖਣਾ ਚਾਹੀਦਾ ਹੈ। ਸਭ ਇਤਿਹਾਸਕਾਰਾਂ ਨੇ ਕੁੱਲ ਲੜਾਈਆਂ ਚਾਰ ਹੀ ਵਰਣਨ ਕੀਤੀਆਂ ਹਨ।

ਇਨ੍ਹਾਂ ਲੜਾਈਆਂ ਦਾ ਮੁੱਲ ਅੰਕਣ ਕਰਦੇ ਸਮੇਂ ਸਾਨੂੰ ਚਾਰ ਪੱਖਾਂ ਦਾ ਜ਼ਰੂਰ ਹੀ ਅਧਿਐਨ ਕਰਨਾ ਚਾਹੀਦਾ ਹੈ। ਪਹਿਲਾ, ਇਨ੍ਹਾਂ ਲੜਾਈਆਂ ਦੀਆਂ ਮਿਤੀਆਂ ਦਾ; ਦੂਸਰਾ, ਇਨ੍ਹਾਂ ਲੜਾਈਆਂ ਦੇ ਕਾਰਨਾਂ ਦਾ; ਤੀਜਾ, ਇਨ੍ਹਾਂ ਲੜਾਈਆਂ ਦੇ ਮਨੋਰਥਾਂ ਦਾ ਅਤੇ ਚੌਥਾ ਇਹ ਕਿ ਕੀ ਬਾਦਸ਼ਾਹ ਇਨ੍ਹਾਂ ਵਿਚ ਖੁਦ ਸ਼ਾਮਿਲ ਸੀ? ਜਿੰਨੇ ਵੀ ਇਤਿਹਾਸਕਾਰਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਲੜਾਈਆਂ ਬਾਰੇ ਲਿਖਿਆ ਹੈ ਉਨ੍ਹਾਂ ਸਭ ਵਿਚ ਉਪਰੋਕਤ ਚਾਰ ਪੱਖਾਂ ਬਾਰੇ ਇਕ ਮੱਤ ਨਹੀਂ ਹੈ। ਸਭ ਤੋਂ ਪਹਿਲਾਂ ਅਸੀਂ ਲੜਾਈਆਂ ਦੀਆਂ ਮਿਤੀਆਂ ਬਾਰੇ ਗੱਲ ਕਰਦੇ ਹਾਂ।

ਸਾਰੇ ਇਤਿਹਾਸਕਾਰਾਂ ਨੇ ਮਿਤੀਆਂ ਵੱਖ-ਵੱਖ ਦਿੱਤੀਆਂ ਹਨ ਜਾਂ ਉਹ ਇਨ੍ਹਾਂ ਬਾਰੇ ਚੁੱਪ ਹਨ। ਇੰਦੂ ਭੂਸ਼ਨ ਬੈਨਰਜੀ ਨੇ ਸਿਵਾਏ ਕਰਤਾਰਪੁਰ ਦੀ ਲੜਾਈ ਤੋਂ ਹੋਰ ਕਿਸੇ ਵੀ ਲੜਾਈ ਦੀ ਮਿਤੀ ਨਹੀਂ ਦਿੱਤੀ। ਵੈਸੇ ਗਲਤ ਮਿਤੀ ਦੇਣ ਨਾਲੋਂ ਚੁੱਪ ਰਹਿਣਾ ਹੀ ਠੀਕ ਹੈ। ਹਰੀ ਰਾਮ ਗੁਪਤਾ ਨੇ ਜੋ ਮਿਤੀਆਂ ਦਿੱਤੀਆਂ ਹਨ ਉਨ੍ਹਾਂ ਦਾ ਕੋਈ ਸਰੋਤ ਨਹੀਂ ਦਿੱਤਾ ਗਿਆ ਅਤੇ ਨਾ ਹੀ ਉਹ ਬਾਕੀ ਦੇ ਇਤਿਹਾਸਕਾਰਾਂ ਵੱਲੋਂ ਅਪਣਾਈਆਂ ਹੀ ਗਈਆਂ ਹਨ। ਇਸ ਅਨੁਸਾਰ ਅੰਮ੍ਰਿਤਸਰ ਦੀ ਲੜਾਈ 14 ਅਪ੍ਰੈਲ, 1634 ਈ. ਨੂੰ, ਗੁਰੂਸਰ ਦੀ ਲੜਾਈ ਦਿਸੰਬਰ, 1634 ਨੂੰ; ਕਰਤਾਰਪੁਰ ਦੀ ਲੜਾਈ 26 ਅਪ੍ਰੈਲ, 1635 ਨੂੰ; ਫਗਵਾੜੇ ਦੀ ਲੜਾਈ 29 ਅਪ੍ਰੈਲ, 1635 ਨੂੰ ਹੋਈ ਦੱਸੀ ਹੈ।[1] ਇੰਦੂ ਭੂਸ਼ਣ ਬੈਨਰਜੀ ਅੰਮ੍ਰਿਤਸਰ ਦੀ ਲੜਾਈ ਦੀ ਮਿਤੀ 1628 ਈ., ਲਹਿਰਾ ਮਹੱਬਤ ਜਾਂ ਨਥਾਣਾ ਦੀ ਲੜਾਈ ਦੀ 1631; ਅਤੇ ਕਰਤਾਰਪੁਰ ਦੀ ਲੜਾਈ ਦੀ 1634 ਈ. ਦਿੱਤੀ ਹੈ।[2] ਤੇਜਾ ਸਿੰਘ ਗੰਡਾ ਸਿੰਘ ਨੇ ਅੰਮ੍ਰਿਤਸਰ ਦੀ ਲੜਾਈ ਦੀ 1628 ਈ.; ਸ੍ਰੀ ਹਰਿਗੋਬਿੰਦਪੁਰ ਦੀ 1630; ਅਤੇ ਕਰਤਾਰਪੁਰ ਦੀ 1634 ਵਿਚ ਹੋਈ ਦੱਸੀ ਹੈ।[3] ਸਤਿਬੀਰ ਸਿੰਘ ਨੇ ਇਨ੍ਹਾਂ ਲੜਾਈਆਂ ਦੀਆਂ ਮਿਤੀਆਂ

1. *History of The Sikhs* (The Sikh Gurus : 1469-1708), New Delhi; 1994, pp. 166-170.
2. *ਪੂਰਵ ਅੰਕਤ*, ਪੰਨਾ 167.
3. *ਪੂਰਵਅੰਕਤ*, ਪੰਨੇ 48-50.

ਇਉਂ ਦਿੱਤੀਆਂ ਹਨ। ਅੰਮ੍ਰਿਤਸਰ ਦੀ ਲੜਾਈ ਦੀ 15 ਮਈ, 1629; ਸ੍ਰੀ ਹਰਿਗੋਬਿੰਦਪੁਰ ਸਾਹਿਬ ਵਿਖੇ ਹੋਈ ਲੜਾਈ ਦੀ ਸਤੰਬਰ, 1629; ਨਥਾਣਾ ਵਿਖੇ ਹੋਈ ਲੜਾਈ ਦੀ ਨਵੰਬਰ, 1631; ਕਰਤਾਰਪੁਰ ਵਿਖੇ ਹੋਈ ਲੜਾਈ ਦੀ (ਅੰਦਾਜਨ) 1633 ਈ. ਲਿਖਿਆ ਹੈ।[1] ਗਯਾਨੀ ਗਯਾਨ ਸਿੰਘ ਨੇ ਇਹ ਮਿਤੀਆਂ ਇਉਂ ਦਿੱਤੀਆਂ ਹਨ। ਅੰਮ੍ਰਿਤਸਰ ਦੀ ਲੜਾਈ ਦੀ ਬਿਸਾਖ, ਸੰਮਤ 1687 ਮੁਤਾਬਿਕ ਅਪ੍ਰੈਲ 1629, ਸ੍ਰੀ ਹਰਿਗੋਬਿੰਦਪੁਰ ਦੀ ਲੜਾਈ ਦੀ ਸਤੰਬਰ, 1630; ਨਥਾਣਾ ਸਾਹਿਬ ਦੀ ਲੜਾਈ ਦੀ 17 ਪੋਹ, ਸੰਮਤ 1690 ਬਿ. ਮੁਤਾਬਿਕ ਜਨਵਰੀ 1633 ਈ.। ਗਯਾਨ ਸਿੰਘ ਪਹਿਲਾਂ ਸਿਖ ਇਤਿਹਾਸਕਾਰ ਹੈ ਜਿਸ ਨੇ ਸਿਖ ਇਤਿਹਾਸ ਨੂੰ ਖੋਜ ਦੇ ਨੁਕਤਾ ਨਿਗਾਹ ਤੋਂ ਲਿਖਿਆ ਹੈ। ਉਸ ਵੱਲੋਂ ਦਿੱਤੀਆਂ ਗਈਆਂ ਮਿਤੀਆਂ ਆਮ ਤੌਰ 'ਤੇ ਆਧੁਨਿਕ ਇਤਿਹਾਸਕਾਰਾਂ ਵੱਲੋਂ ਪਰਵਾਨ ਕੀਤੀਆਂ ਗਈਆਂ ਹਨ। ਉਹ ਅੱਜ ਦੇ ਯੁਗ ਤੋਂ 100 ਸਾਲ ਤੋਂ ਵੱਧ ਸਮਾਂ ਪਹਿਲਾਂ ਹੋਇਆ ਹੈ। ਇਸ ਲਈ ਉਸ ਵੱਲੋਂ ਦਿੱਤੀਆਂ ਗਈਆਂ ਮਿਤੀਆਂ ਇਤਿਹਾਸਿਕ ਸੱਚਾਈ ਦੇ ਜ਼ਿਆਦਾ ਨੇੜੇ ਹਨ। ਇਸ ਲੇਖ ਵਿਚ ਗਯਾਨ ਸਿੰਘ ਵੱਲੋਂ ਦਿੱਤੀਆਂ ਗਈਆਂ ਮਿਤੀਆਂ ਨੂੰ ਹੀ ਅਪਣਾਇਆ ਗਿਆ ਹੈ।

ਜਿੱਥੇ ਤੱਕ ਲੜਾਈਆਂ ਦੇ ਕਾਰਨਾਂ ਦਾ ਸੰਬੰਧ ਹੈ ਇਨ੍ਹਾਂ ਦਾ ਜੋ ਵੇਰਵਾ ਗੁਰਮੁਖੀ ਦੀਆਂ ਮੁੱਢਲੀਆਂ ਲਿਖਤਾਂ ਵਿਚ ਦਿੱਤਾ ਗਿਆ ਹੈ ਉਹ ਯਕੀਨ ਕਰਨਯੋਗ ਨਹੀਂ ਹੈ। ਮਿਸਾਲ ਦੇ ਤੌਰ 'ਤੇ ਪਹਿਲੀ ਅੰਮ੍ਰਿਤਸਰ ਦੀ ਲੜਾਈ ਦਾ ਮੁੱਖ ਕਾਰਨ ਬਾਜ ਨਾ ਮੋੜਨ ਦੇ ਕਾਰਣ ਹੋਈ ਸੀ। ਇਸ ਅਨੁਸਾਰ ਬਾਦਸ਼ਾਹ ਸ਼ਾਹ ਜਹਾਨ ਅੰਮ੍ਰਿਤਸਰ ਦੇ ਨੇੜੇ ਗੁਮਟਾਲੇ ਪਿੰਡ ਦੇ ਜੰਗਲਾਂ ਵਿਚ ਸ਼ਿਕਾਰ ਖੇਡਦਾ ਫਿਰਦਾ ਸੀ। ਉੱਥੇ ਹੀ ਗੁਰੂ ਜੀ ਸਿਖਾਂ ਸਮੇਤ ਸ਼ਿਕਾਰ ਖੇਡ ਰਹੇ ਸਨ। ਗੁਰੂ ਜੀ ਦੇ ਬਾਜ ਨੇ ਬਾਦਸ਼ਾਹ ਦੇ ਬਾਜ ਨੂੰ ਮਾਰ ਗਿਰਾਇਆ। ਪਿੱਛੋਂ ਬਾਦਸ਼ਾਹ ਦੇ ਅਧਿਕਾਰੀਆਂ ਵੱਲੋਂ ਬਾਜ ਦੀ ਮੰਗ ਕਰਨ 'ਤੇ ਬਾਜ ਨੂੰ ਵਾਪਸ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਸਿੱਟੇ ਵੱਜੋਂ ਅੰਮ੍ਰਿਤਸਰ ਦੀ ਲੜਾਈ ਹੋਈ ਅਤੇ ਗੁਰੂ ਜੀ ਨੂੰ ਸਭ ਕੁਝ ਲੁਟਾ ਕੇ ਇਸ ਥਾਂ ਨੂੰ ਛੱਡ ਕੇ ਜਾਣਾ ਪਿਆ। ਇਨ੍ਹਾਂ ਕਥਨਾਂ ਨੂੰ ਇਤਿਹਾਸ ਦੀ ਕਸਵੱਟੀ ਉੱਪਰ ਪਰਖਿਆ ਜਾਵੇ, ਜਾਂ ਦਲੀਲ ਦੇ ਜੋਰ ਨਾਲ ਪੜਚੋਲਿਆ ਜਾਵੇ ਜਾਂ ਸਿਖ ਧਰਮ ਦੇ ਆਸ਼ੇ ਅਤੇ ਉਦੇਸ਼ਾਂ ਨਾਲ ਤੁਲਨਾਇਆ ਜਾਵੇ ਤਾਂ ਇਹ ਗੱਲਾਂ ਇਕ ਦਮ ਗਲਤ ਹੋ ਜਾਂਦੀਆਂ ਹਨ। ਬਾਦਸ਼ਾਹ ਸ਼ਾਹ ਜਹਾਨ 1638 ਈ. ਤੀਕ ਪੰਜਾਬ ਵਿਚ ਨਹੀਂ ਆਇਆ ਇਸ ਕਰ ਕੇ ਬਾਦਸ਼ਾਹ ਦੇ ਸ਼ਿਕਾਰ ਖੇਡਣ ਵਾਲੀ ਗੱਲ ਆਪਣੇ ਆਪ ਹੀ ਗਲਤ ਹੋ ਜਾਂਦੀ ਹੈ। ਫਿਰ ਵੀ ਜੇਕਰ ਦੋ ਪਾਰਟੀਆਂ ਸ਼ਿਕਾਰ ਖੇਡਦੀਆਂ ਫਿਰਦੀਆਂ ਹਨ ਅਤੇ ਇਕ ਧਿਰ ਦਾ ਸ਼ਿਕਾਰੀ ਜਾਨਵਰ ਜੇ ਦੂਜੀ ਧਿਰ ਦੇ ਹੱਥ ਆ ਗਿਆ ਤਾਂ ਕੀ ਉਸ ਨੂੰ ਪਹਿਲੀ ਧਿਰ ਵੱਲੋਂ ਮੰਗਣ 'ਤੇ ਵਾਪਸ ਕਰਨਾ ਸਦਾਚਾਰ ਦੀ ਗੱਲ ਨਹੀਂ ਹੈ? ਬਾਜ ਵਾਪਸ ਨਾ ਕਰਨ ਵਿਚ ਕੀ ਵਡਿਆਈ ਸੀ? ਸਿਰਫ ਬਾਜ ਨਾ ਵਾਪਸ ਕਰਨ ਕਰ ਕੇ ਸਿਖ ਸੰਗਤਾਂ ਦਾ ਖਾਹਮੁਖਾਹ ਘਾਣ ਕਰਵਾਉਣਾ ਅਤੇ ਆਪਣੀ ਰਿਹਾਇਸ਼ਗਾਹ ਅਤੇ ਹਰਿਮੰਦਰ ਸਾਹਿਬ ਜੈਸੇ ਮਹਾਨ ਧਾਰਮਿਕ ਅਸਥਾਨ ਦੀ ਲੁੱਟ-ਪੁੱਟ ਕਰਵਾ ਲੈਣਾ ਕਿਹੜੀ ਸਿਆਣਪ ਵਾਲੀ ਗੱਲ ਸੀ? ਮਹਾਨ ਧਾਰਮਿਕ ਆਗੂ ਤਾਂ ਮਨੁੱਖਾਂ ਦਾ ਖੂੰਨ ਡੁੱਲਣ ਤੋਂ ਰੋਕਣ ਲਈ ਛੋਟੇ-ਛੋਟੇ ਕਾਰਨਾਂ ਨੂੰ ਵੈਸੇ ਹੀ

1. ਗੁਰਬਾਰੀ, ਪੰਨੇ 84, 93, 112 ਅਤੇ 166 ਕਰਮਵਾਰ।

ਅੱਗੇ ਨਹੀਂ ਆਉਣ ਦਿੰਦੇ। ਸਿਖ ਧਰਮ ਦੇ ਆਸ਼ੇ ਅਤੇ ਉਦੇਸ਼ ਤਾਂ ਵੈਸੇ ਹੀ ਦੂਸਰੇ ਦੀ ਵਸਤੂ ਖੋਹਣ ਤੋਂ ਵਰਜਦੇ ਹਨ। ਇਸ ਕਰ ਕੇ ਬਾਜ ਦੇ ਖੋਹਣ ਦੀ ਗੱਲ ਜਾਂ ਬਾਜ ਨੂੰ ਵਾਪਸ ਨਾ ਕਰਨ ਦੀ ਗੱਲ ਠੀਕ ਨਹੀਂ ਹੈ। ਇਕ ਪਾਸੇ ਤਾਂ ਅਸੀ ਇਹ ਸਿੱਧ ਕਰਨ 'ਤੇ ਜ਼ੋਰ ਲਾ ਰਹੇ ਹਾਂ ਕਿ ਗੁਰੂ ਜੀ ਆਪਣੇ ਬਚਾਓ ਦੀ ਲੜਾਈ ਲੜ ਰਹੇ ਸਨ ਪਰ ਦੂਜੇ ਪਾਸੇ ਅਸੀਂ ਅਚੇਤ ਤੌਰ 'ਤੇ ਹੀ ਗੁਰੂ ਜੀ ਵੱਲੋਂ ਖੋਹਿਆ ਗਿਆ ਬਾਜ ਵਾਪਸ ਨਾ ਕਰ ਕੇ ਖਾਹਮੁਖ਼ਾਹ ਦੁਸ਼ਮਣ ਨੂੰ ਹਮਲਾ ਕਰਨ ਲਈ ਉਕਸਾਹਟ ਵਿਚ ਲਿਅਉਣ ਦੀਆਂ ਗੱਲਾਂ ਕਰ ਰਹੇ ਹਾਂ। ਇਹ ਨਾ ਹੀ ਤਾਂ ਇਤਿਹਾਸਿਕ ਦਰਿਸ਼ਟੀਕੋਣ ਤੋਂ ਠੀਕ ਹੈ ਅਤੇ ਨਾ ਹੀ ਇਸ ਤਰ੍ਹਾਂ ਅਸੀਂ ਗੁਰੂ ਸਾਹਿਬ ਦੇ ਮਿਸ਼ਨ ਨਾਲ ਹੀ ਇਨਸਾਫ਼ ਕਰ ਰਹੇ ਹਾਂ। ਇਸੇ ਤਰ੍ਹਾਂ ਹੀ ਕੌਲਾਂ ਦੇ ਨਾਂ ਲੜਾਈ ਦੀ ਨੌਬਤ ਲੈ ਆਉਣਾ, ਜਾਂ ਪੈਂਦੇ ਖਾਂ ਜੈਸੇ ਵਫ਼ਾਦਾਰ ਯੋਧੇ ਨੂੰ ਸਿਰਫ ਬਖ਼ਸ਼ੀ ਹੋਈ ਖਿੱਲਤ ਨਾ ਪਹਿਨਣ ਕਰ ਕੇ ਬਾਗੀ ਕਰਵਾ ਦੇਣ ਵਾਲੀਆਂ ਗੱਲਾਂ ਵੀ ਨਿਰ-ਆਧਾਰ ਹਨ। ਗੁਰੂ ਜੀ ਨਾਲ ਲੜਾਈ ਕਰਨ ਵਾਲਾ ਪੈਂਦੇ ਖਾਂ ਜ਼ਰੂਰ ਹੀ ਕੋਈ ਹੋਰ ਪੈਂਦੇ ਖਾਂ ਹੋਣਾ ਹੈ ਗੁਰੂ ਜੀ ਦੇ ਘਰ ਵਿਚ ਪਲਣ ਵਾਲਾ ਪੈਂਦੇ ਖਾਂ ਨਹੀ ਹੋ ਸਕਦਾ।

ਲੜਾਈਆਂ ਦੀ ਅਸਲ ਵਿਚ ਗੱਲ ਇਹ ਸੀ ਕਿ ਸ਼ਾਹ ਜਹਾਨ ਜਿਸ ਤਰ੍ਹਾਂ ਗੱਦੀ ਉੱਪਰ ਬੈਠਾ ਸੀ ਉਸ ਨਾਲ ਉਸ ਦੇ ਸ਼ਾਹੀ ਖਾਨਦਾਨ ਦੇ ਅਨੇਕਾਂ ਵਿਅਕਤੀਆਂ ਦਾ ਖ਼ੂਨ ਡੋਲ੍ਹਿਆ ਸੀ। ਆਪਣੇ ਪਿਤਾ ਦੀ ਅਤੀ ਪਿਆਰੀ ਬੇਗਮ ਨੂਰਜਹਾਂ ਨੂੰ ਕੈਦ ਕਰ ਦਿੱਤਾ ਗਿਆ ਸੀ; ਉਸ ਦੇ ਜਵਾਈ ਸਹਰਯਾਰ ਨੂੰ ਮਰਵਾ ਦਿੱਤਾ ਗਿਆ ਸੀ; ਸਵਰਗਵਾਸੀ ਸ਼ਹਿਜ਼ਾਦਾ ਖ਼ੁਸਰੋ ਦੇ ਪੁੱਤਰ ਦਵਾਰ ਬਖ਼ਸ਼ ਨੂੰ ਵੀ ਮਰਵਾ ਦਿੱਤਾ ਗਿਆ ਸੀ ਜਿਸ ਦਾ ਬਾਦਸ਼ਾਹ ਬਣਨ ਲਈ ਜ਼ਿਆਦਾ ਅਧਿਕਾਰ ਬਣਦਾ ਸੀ ਆਦਿ ਆਦਿ। ਅਜਿਹੇ ਖ਼ੂੰਨ ਖਰਾਬੇ ਵਿਚ ਸ਼ਾਹ ਜਹਾਨ ਨੇ ਬਾਦਸ਼ਾਹ ਬਣ ਕੇ ਮੁਸਲਿਮ ਜਗਤ ਨੂੰ ਖ਼ੁਸ਼ ਕਰਨ ਲਈ ਨਵੀਂ ਧਾਰਮਿਕ ਨੀਤੀ ਨੂੰ ਧਾਰਨ ਕਰਨ ਦਾ ਐਲਾਨ ਕੀਤਾ ਸੀ। ਇਸ ਨੀਤੀ ਅਨੁਸਾਰ ਮੁਸਲਮਾਨਾਂ ਵੱਲੋਂ ਧਰਮ ਬਦਲਣ 'ਤੇ ਅਤੇ ਨਵੇਂ ਹਿੰਦੂ ਮੰਦਿਰ ਉਸਾਰੇ ਜਾਣ 'ਤੇ ਮੁਕੰਮਲ ਪਾਬੰਦੀ ਲਗਾ ਦਿੱਤੀ ਗਈ ਸੀ। ਇਸ ਨੀਤੀ ਦਾ ਸਹਾਰਾ ਲੈ ਕੇ ਪੰਜਾਬ ਵਿਚ ਵੀ ਉਹ ਲੋਕ ਸਿਖ ਧਰਮ ਦੇ ਵਿਰੁੱਧ ਖੜੇ ਹੋ ਗਏ ਸਨ ਜੋ ਸਿਖ ਧਰਮ ਦੀ ਵਿਰੋਧਤਾ ਕਰਦੇ ਸਨ ਪਰ ਅਕਬਰ ਅਤੇ ਜਹਾਂਗੀਰ ਵੱਲੋਂ ਸਹਿਯੋਗ ਨਾ ਮਿਲਣ ਕਾਰਨ ਦਬੇ ਬੈਠੇ ਸਨ। ਹੁਣ ਇਨ੍ਹਾਂ ਲੋਕਾਂ ਜਾਂ ਅਧਿਕਾਰੀਆਂ ਨੂੰ ਗੁਰੂ ਜੀ ਦੇ ਖਿਲਾਫ਼ ਉੱਠਣ ਦਾ ਬਹਾਨਾ ਮਿਲ ਗਿਆ ਸੀ। ਇਸੇ ਬਹਾਨੇ ਰਾਹੀਂ ਪਹਿਲਾਂ ਲਾਹੌਰ ਵਿਚ ਬਣਿਆਂ ਸਿਖ ਧਾਰਮਿਕ ਅਸਥਾਨ ਢਾਹ ਦਿੱਤਾ ਗਿਆ ਸੀ ਫਿਰ ਅੰਮ੍ਰਿਤਸਰ ਉੱਪਰ ਹਮਲਾ ਕਰਨ ਦੇ ਮਨਸੂਬੇ ਬਣਨ ਲੱਗ ਪਏ ਸਨ। ਅੰਮ੍ਰਿਤਸਰ ਦੀ ਲੜਾਈ ਉਦੋਂ ਹੋਈ ਸੀ ਜਦੋਂ ਗੁਰੂ ਸਾਹਿਬ ਆਪਣੀ ਬੇਟੀ ਦੀ ਸ਼ਾਦੀ ਕਰਨ ਵਿਚ ਰੁਝੇ ਹੋਏ ਸਨ। ਇਕ ਪਾਸੇ ਬੇਟੀ ਦੀ ਸ਼ਾਦੀ ਦੀਆਂ ਤਿਆਰੀਆਂ ਹੋ ਰਹੀਆਂ ਹੋਣ ਤੇ ਦੂਜੇ ਪਾਸੇ ਗੁਰੂ ਸਾਹਿਬ ਦੁਸ਼ਮਣ ਦਾ ਬਾਜ਼ ਖੋਹ ਕੇ ਉਸ ਨੂੰ ਖਾਹਮੁਖਾਹ ਭੜਕਾਉਣ ਦੀ ਕੋਸ਼ਿਸ਼ ਕਰ ਰਹੇ ਹੋਣ ਇਹ ਗੱਲ ਹੋ ਨਹੀਂ ਸਕਦੀ ਸੀ। ਦੁਸ਼ਮਣਾਂ ਨੇ ਗੁਰੂ ਸਾਹਿਬ ਨੂੰ ਘਰੇਲੂ ਮਾਮਲਿਆਂ ਵਿਚ ਰੁੱਝਿਆ ਹੋਇਆ ਦੇਖ ਕੇ ਅੰਮ੍ਰਿਤਸਰ 'ਤੇ ਹਮਲਾ ਕਰ ਦਿੱਤਾ ਅਤੇ ਸ਼ਾਦੀ ਲਈ ਤਿਆਰ ਕੀਤੇ ਸਾਮਾਨ ਨੂੰ ਲੁੱਟ ਲਿਆ ਗਿਆ ਸੀ। ਗੁਰੂ ਜੀ ਨੂੰ ਆਪਣੀ ਬੇਟੀ ਦੀ ਸ਼ਾਦੀ ਅੰਮ੍ਰਿਤਸਰ ਤੋਂ ਦੂਰ ਝਬਾਲ ਜਾ ਕੇ ਕਰਨੀ ਪਈ ਸੀ। ਇਹ ਸਭ ਕੁਝ ਸਿਖ ਧਰਮ ਦੇ ਦੁਸ਼ਮਣਾਂ ਵੱਲੋਂ ਅਤੇ ਨਵੇਂ ਬਣੇ ਬਾਦਸ਼ਾਹ

ਵੱਲੋਂ ਕੱਟੜ ਰਵਈਆਂ ਅਖ਼ਤਿਆਰ ਕਰਨ ਦੀ ਓਟ ਵਿਚ ਕੀਤਾ ਗਿਆ ਸੀ।

ਗੁਰੂ ਸਾਹਿਬ ਦਾ ਮਨੋਰਥ ਜਾਂ ਉਦੇਸ਼ ਆਪਣੇ ਸਮਾਜ ਦੀ ਅੰਦਰੂਨੀ ਤੌਰ 'ਤੇ ਸੁਤੰਤਰ ਹੋਂਦ ਬਣਾ ਕੇ ਰੱਖਣ ਦਾ ਸੀ। ਇਸੇ ਮਨੋਰਥ ਦੀ ਪੂਰਤੀ ਲਈ ਪਹਿਲਾ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ ਸੀ ਅਤੇ ਗਵਾਲੀਅਰ ਦੇ ਕਿਲੇ ਵਿਚ ਕੈਦ ਵੀ ਭੁਗਤਣੀ ਪਈ ਸੀ। ਇਹ ਸੁਤੰਤਰ ਹੋਂਦ ਰਾਜਨੀਤਿਕ ਤਾਕਤ ਹਾਸਲ ਕਰਨ ਦੀ ਗੱਲ ਨਹੀ ਸੀ ਅਤੇ ਨਾ ਹੀ ਰਾਜਨੀਤਿਕ ਬਗਾਵਤ ਸੀ। ਇਹ ਨਿਰੋਲ ਮੁਗਲ ਹਕੂਮਤ ਦੇ ਪਰਬੰਧ ਹੇਠ ਸਿਖ ਸਮਾਜ ਦੀ ਅੰਦਰੂਨੀ ਖੁਦਮੁਖ਼ਤਿਆਰੀ ਦੀ ਭਾਵਨਾ ਸੀ। ਜਦੋਂ ਜਹਾਂਗੀਰ ਨੂੰ ਇਸ ਬਾਰੇ ਯਕੀਨ ਹੋ ਗਿਆ ਸੀ ਤਾਂ ਉਸ ਦਾ ਰਵਈਆ ਵੀ ਗੁਰੂ ਜੀ ਪਰਤੀ ਦੋਸਤਾਨਾ ਹੋ ਗਿਆ ਸੀ। ਕੁਝ ਸਮੇ ਬਾਦ ਜਦੋਂ ਸ਼ਾਹ ਜਹਾਨ ਵੀ ਆਪਣੇ ਪੈਰਾਂ 'ਤੇ ਪੱਕਾ ਹੋ ਗਿਆ ਸੀ ਤਾਂ ਉਸ ਨੇ ਵੀ ਧਾਰਮਿਕ ਕੱਟੜਤਾ ਛੱਡ ਦਿੱਤੀ ਸੀ ਅਤੇ ਇਸ ਸਮੇਂ ਕਿਸੇ ਮੁਗਲ ਅਧਿਕਾਰੀ ਦੀ ਗੁਰੂ ਜੀ ਉੱਪਰ ਹਮਲਾ ਕਰਨ ਦੀ ਹਿੰਮਤ ਨਹੀਂ ਪਂਈ ਸੀ।

ਬਾਦਸ਼ਾਹ ਸ਼ਾਹ ਜਹਾਨ ਵੱਲੋਂ ਨਵੀਂ ਧਾਰਮਿਕ ਕੀਤੀ ਧਾਰਨ ਕਰ ਲੈਣ ਦੇ ਬਾਵਜੂਦ ਵੀ ਉਸ ਦਾ ਗੁਰੂ ਹਰਿਗੋਬਿੰਦ ਸਾਹਿਬ ਵਿਰੁੱਧ ਕੋਈ ਫ਼ੁਰਮਾਨ ਜਾਰੀ ਨਹੀਂ ਹੋਇਆ। ਜਿੰਨੀਆਂ ਵੀ ਗੁਰੂ ਜੀ ਨੂੰ ਲੜਾਈਆਂ ਕਰਨੀਆਂ ਪਈਆਂ ਸਨ ਉਨ੍ਹਾਂ ਵਿੱਚੋਂ ਕੋਈ ਵੀ ਬਾਦਸ਼ਾਹ ਦੇ ਹੁਕਮ ਨਾਲ ਨਹੀਂ ਹੋਈ। ਇਹ ਸਭ ਸਥਾਨਿਕ ਅਧਿਕਾਰੀਆਂ ਦੀ ਨਿੱਜੀ ਈਰਖਾ ਕਾਰਨ ਹੋਈਆਂ ਸਨ। ਸਗੋਂ ਕੁਝ ਹੱਦ ਤੱਕ ਸ਼ਾਹ ਜਹਾਨ ਨੇ ਅਜਿਹੇ ਅਧਿਕਾਰੀਆਂ ਨੂੰ ਝਿੜਕਿਆ ਵੀ ਸੀ। ਤੇਜਾ ਸਿੰਘ ਗੰਡਾ ਸਿੰਘ ਲਿਖਦੇ ਹਨ ਕਿ ਜਦੋਂ ਸ੍ਰੀ ਹਰਿਗੋਬਿੰਦਪੁਰ ਦੀ ਲੜਾਈ ਪਿੱਛੋਂ 'ਅਬਦੁੱਲਾ ਦੇ ਪੁੱਤਰ ਨੇ ਮੱਦਦ ਲਈ ਬਾਦਸ਼ਾਹ ਪਾਸ ਬੇਨਤੀ ਕੀਤੀ ਪਰ ਉਸ ਨੂੰ ਦੱਸਿਆ ਗਿਆ ਕਿ ਉਸ ਦੇ ਪਿਤਾ ਦੀ ਮੁਹਿੰਮ ਬਿਨਾ ਆਗਿਆ ਦੇ ਸੀ। ਇਸ ਲਈ ਉਸ ਸੰਬੰਧ ਵਿਚ ਕੁਝ ਵੀ ਨਹੀਂ ਕੀਤਾ ਜਾ ਸਕਦਾ ਸੀ।'[1] ਸ਼ਾਹ ਜਹਾਨ ਦਾ ਵਜ਼ੀਰੇ ਆਜਮ ਆਸਿਫ ਖਾਨ, ਜਿਹੜਾ ਕਿ ਰਿਸ਼ਤੇ ਵਿਚ ਉਸ ਦਾ ਸਹੁਰਾ ਲਗਦਾ ਸੀ, ਗੁਰੂ ਹਰਿਗੋਬਿੰਦ ਸਾਹਿਬ ਦਾ ਸ਼ੁਭਚਿੰਤਕ ਸੀ। ਉਸ ਨੇ ਅੰਮ੍ਰਿਤਸਰ ਦੀ ਲੜਾਈ ਦੇ ਤੁਰੰਤ ਬਾਦ, ਪਤਾ ਲੱਗਣ 'ਤੇ, ਲਾਹੌਰ ਦੇ ਗਵਰਨਰ ਕੁਲੀਜ ਖ਼ਾਨ ਨੂੰ ਹਟਾ ਦਿੱਤਾ ਸੀ।[2] ਹਰਿਗੋਬਿੰਦਪੁਰ ਸਾਹਿਬ ਦੀ ਝੜੱਪ ਹੋਣ ਪਿੱਛੋਂ ਆਸਿਫ ਖਾਨ ਨੇ ਪੂਰੀ ਰਿਪੋਰਟ ਮੰਗੀ ਅਤੇ ਇਹ ਪਤਾ ਲੱਗਣ 'ਤੇ ਕਿ ਗੁਰੂ ਜੀ ਨੇ ਸ੍ਰੀ ਹਰਿਗੋਬਿੰਦਪੁਰ ਵਿਖੇ ਮੁਸਲਮਾਨਾ ਲਈ ਇਕ ਮਸੀਤ ਵੀ ਬਣਵਾਈ ਹੈ, ਗੁਰੂ ਜੀ ਦੀ ਪਰਸ਼ੰਸਾ ਵੀ ਕੀਤੀ ਸੀ।[3]

ਤੇਜਾ ਸਿੰਘ ਗੰਡਾ ਸਿੰਘ ਅਨੁਸਾਰ, 'ਗੁਰੂ ਹਰਿਗੋਬਿੰਦ ਜੀ ਨੇ ਚਾਰ ਲੜਾਈਆਂ ਜਿੱਤੀਆਂ ਪਰ ਕਿਉਂਕਿ ਉਨ੍ਹਾਂ ਦਾ ਮਨੋਰਥ ਸਦਾ ਆਪਣੇ ਬਚਾਅ ਵਿਚ ਲੜਨ ਦਾ ਰਿਹਾ ਸੀ ਇਸ ਲਈ ਉਨ੍ਹਾਂ ਨੇ ਇਨ੍ਹਾਂ ਜਿੱਤਾਂ ਦੇ ਫਲਸਰੂਪ ਇਕ ਇੰਚ ਭਰ ਵੀ ਇਲਾਕੇ ਉੱਤੇ ਕਬਜਾ ਨਹੀਂ ਸੀ ਕੀਤਾ। ਇਨ੍ਹਾਂ ਲੜਾਈਆਂ ਦੇ ਪਿੱਛੇ ਨਿਰੇ ਬਾਜ ਜਾਂ ਘੋੜੇ ਦੇ ਝਗੜੇ ਨਾਲੋਂ ਕਿਤੇ

---

1. *ਪੂਰਵਅੰਕਤ*, ਪੰਨਾ 49.
2. ਸਤਿਬੀਰ ਸਿੰਘ, *ਪੂਰਵਅੰਕਤ*, ਪੰਨਾ 90.
3. *ਉਕਤ* ਪੰਨਾ 96.

ਡੂੰਘਾ ਮਸਲਾ ਸੀ। ਪੰਜਾਬ ਦੀ ਧਰਤੀ 'ਤੇ ਇਕ ਨਵੀਂ ਬੀਰਤਾ ਦਾ ਜਨਮ ਹੋ ਰਿਹਾ ਸੀ।'[1]

ਏ. ਸੀ. ਬੈਨਰਜੀ ਨੇ ਬੜੇ ਅੱਛੇ ਸ਼ਬਦਾਂ ਵਿਚ ਗੁਰੂ ਸਾਹਿਬ ਦੀਆਂ ਲੜਾਈਆਂ ਅਤੇ ਮੁਗਲ ਹਕੂਮਤ ਦੇ ਰਵਈਏ ਦਾ ਪੱਖ ਪੇਸ਼ ਕੀਤਾ ਹੈ। ਇਸ ਅਨੁਸਾਰ, 'ਜਿਵੇਂ ਕਿ ਉੱਪਰ ਦਿੱਤੇ ਵਿਸਥਾਰ ਤੇ ਸਪਸ਼ਟ ਦਿਖਾਈ ਦਿੰਦਾ ਹੈ ਕਿ ਗੁਰੂ ਜੀ ਦੀਆਂ ਲੜਾਈਆਂ ਨਿਰੋਲ ਸਥਾਨਿਕ ਮਸਲੇ ਸਨ। ਭੜਕਾਹਟ ਪੰਜਾਬ ਦੇ ਅਧਿਕਾਰੀਆਂ ਵੱਲੋਂ ਪੈਦਾ ਕੀਤੀ ਗਈ ਸੀ। ਸਿਖ ਲਿਖਤਾਂ ਵਿਚ ਬਾਦਸ਼ਾਹ ਦਾ ਜਿਕਰ ਵਾਰ-ਵਾਰ ਆਉਣ ਦੇ ਬਾਵਜੂਦ ਵੀ ਇਹ ਮੰਨਣਾ ਮੁਸ਼ਕਿਲ ਹੈ ਕਿ ਕੀ ਕੇਂਦਰ ਦੀ ਸ਼ਾਹੀ ਹਕੂਮਤ ਦਾ ਇਨ੍ਹਾਂ ਛੋਟੇ-ਛੋਟੇ ਮਸਲਿਆਂ ਨਾਲ ਸੱਚ-ਮੁੱਚ ਹੀ ਕੋਈ ਸੰਬੰਧ ਸੀ? ਗੁਰੂ ਜੀ ਨੇ ਆਤਮ ਰੱਖਿਆ ਲਈ ਸਭ ਕੁੱਝ ਕੀਤਾ ਸੀ। ਉਨ੍ਹਾਂ ਨੇ ਕੋਈ ਬਾਕਾਇਦਾ ਬਗਾਵਤ ਨਹੀਂ ਕੀਤੀ ਸੀ। ਗੁਰੂ ਸਾਹਿਬ ਵੱਲੋਂ ਜਿੱਤੀਆਂ ਗਈਆਂ ਲੜਾਈਆਂ ਦਾ ਨਾ ਹੀ ਤਾਂ ਪੰਜਾਬ ਦੇ ਰਾਜ ਪਰਬੰਧ ਤੇ ਕੋਈ ਅਸਰ ਹੋਇਆ ਸੀ ਅਤੇ ਨਾ ਹੀ ਬਾਦਸ਼ਾਹ ਦੀ ਆਪਣੀ ਹਕੂਮਤ ਤੇ।'[2]

ਇਸ ਲਈ ਅਸੀਂ ਸਿੱਟੇ ਦੇ ਤੌਰ 'ਤੇ ਕਹਿ ਸਕਦੇ ਹਾਂ ਕਿ ਗੁਰੂ ਜੀ ਦੀਆਂ ਲੜਾਈਆਂ ਨਾਲ ਸ਼ਾਹ ਜਹਾਨ ਦਾ ਕੋਈ ਸੰਬੰਧ ਨਹੀਂ ਸੀ। ਇਹ ਨਿਰੋਲ ਸਥਾਨਿਕ ਅਧਿਕਾਰੀਆਂ ਜਾਂ ਚੌਧਰੀਆਂ ਵੱਲੋਂ ਆਪਣੀ ਈਰਖਾ ਕਾਰਨ ਕੀਤੀਆਂ ਗਈਆਂ ਸਨ। ਗੁਰੂ ਜੀ ਨੇ ਸਿਰਫ ਆਤਮ ਰੱਖਿਆ ਲਈ ਤਲਵਾਰ ਚੁੱਕੀ ਸੀ ਅਤੇ ਜਦੋਂ ਹੀ ਉਨ੍ਹਾਂ ਦੀ ਆਤਮ ਰੱਖਿਆ ਯਕੀਨੀ ਹੋ ਗਈ ਤਾਂ ਉਨ੍ਹਾਂ ਨੇ ਵੀ ਤਲਵਾਰ ਨੂੰ ਰੱਖ ਕੇ ਧਰਮ ਦਾ ਪਰਚਾਰ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਸੀ।

---

1. *ਪੂਰਵਅੰਕਤ,* ਪੰਨੇ 50-51
2. A.C. Banerjee, *Guru Nanak to Guru Gobind Singh*, New Delhi, 1978, p. 146

ਗੁਰੂ ਹਰਿਗੋਬਿੰਦ ਸਾਹਿਬ-ਇਕ ਮੁੱਲਅੰਕਣ

ਦਸ ਸਿਖ ਗੁਰੂ ਸਾਹਿਬਾਨ ਵਿੱਚੋਂ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੇ ਸੰਬੰਧ ਵਿਚ ਸਿਖ ਇਤਿਹਾਸ ਦੇ ਲੇਖਕਾਂ ਵੱਲੋਂ ਸਭ ਤੋਂ ਵੱਧ ਭੁਲੇਖੇ ਪਾਏ ਗਏ ਹਨ ਅਤੇ ਆਪਾ ਵਿਰੋਧੀ ਕਥਨ ਬਿਆਨ ਕੀਤੇ ਗਏ ਹਨ। ਉਨ੍ਹਾਂ ਨੂੰ ਪਹਿਲੇ ਪੰਜ ਗੁਰੂ ਸਾਹਿਬਾਨ ਦੇ ਮਾਰਗ ਨੂੰ ਤਿਆਗ ਕੇ ਨਵੇਂ ਮਾਰਗ ਦਾ ਧਾਰਨੀ ਵੀ ਕਿਹਾ ਗਿਆ ਹੈ। ਇਹ ਨਵਾਂ ਮਾਰਗ, ਸਿਖਾਂ ਨੂੰ ਹਥਿਆਰ ਚੁਕਵਾ ਕੇ ਲੜਾਈ ਵਾਲੇ ਪਾਸੇ ਪਾਉਣ ਦਾ ਦੱਸਿਆ ਗਿਆ ਹੈ। ਉਨ੍ਹਾਂ ਨੂੰ ਸਰਕਾਰੀ ਅਧਿਕਾਰੀਆਂ ਹੇਠ ਸਰਕਾਰੀ ਅਹੁਦਾ ਕਬੂਲਦਿਆਂ ਹੋਇਆਂ ਵੀ ਦਰਸਾਇਆ ਗਿਆ ਹੈ ਅਤੇ ਮੁਗਲ ਹਕੂਮਤ ਨਾਲ ਟੱਕਰ ਲੈਣ ਲਈ ਤਨਖਾਹਦਾਰ ਅਤੇ ਭਗੌੜੇ ਪਠਾਣ ਸਿਪਾਹੀ ਵੀ ਭਰਤੀ ਕਰਦਿਆਂ ਦਰਸਾਇਆ ਗਿਆ ਹੈ। ਉਨ੍ਹਾਂ ਵੱਲੋਂ ਸਿਖਾਂ ਨੂੰ ਮਾਸ ਖਾਣ ਦੀ ਖੁੱਲ ਦੇਣ ਬਾਰੇ ਵੀ ਕਿਹਾ ਗਿਆ ਹੈ। ਇਹ ਸਭ ਗੱਲਾਂ ਐਸੀਆਂ ਹਨ ਜੋ ਸਿਖ ਵਿਚਾਰਧਾਰਾ, ਸਿਖ ਵਿਸ਼ਵਾਸ਼ ਜਾਂ ਸਿਖ ਰਵਾਇਤਾਂ ਨਾਲ ਮੇਲ ਨਹੀਂ ਖਾਂਦੀਆਂ। ਇਨ੍ਹਾਂ ਤੋਂ ਇਲਾਵਾ ਕੁਝ ਗੱਲਾਂ ਐਸੀਆਂ ਵੀ ਉਨ੍ਹਾਂ ਨਾਲ ਜੋੜੀਆਂ ਗਈਆਂ ਹਨ ਜਿਨ੍ਹਾਂ ਦੀ ਇਤਿਹਾਸਿਕ ਤੌਰ 'ਤੇ ਕੋਈ ਪਰਮਾਣੀਕਤਾ ਨਹੀ ਹੈ।

ਇਨ੍ਹਾਂ ਸਭ ਭੁਲੇਖਿਆਂ ਦਾ ਅਤੇ ਇਤਿਹਾਸਿਕ ਪਰਮਾਣੀਕਤਾ ਨਾ ਰੱਖਣ ਵਾਲੀਆਂ ਗੱਲਾਂ ਦਾ ਨਿਬੇੜਾ ਕਰਨ ਲਈ ਜ਼ਰੂਰੀ ਹੈ ਕਿ ਪਹਿਲਾਂ ਇਸ ਗੱਲ ਦਾ ਫੈਸਲਾ ਕਰ ਕੇ ਚੱਲਿਆ ਜਾਵੇ ਕਿ ਗੁਰੂ ਹਰਿਗੋਬਿੰਦ ਸਾਹਿਬ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਹੀ ਲਾਈਨ ਵਿਚ ਖੜੇ ਹੋਏ ਸਨ ਅਤੇ ਉਹ ਗੁਰੂ ਨਾਨਕ ਦੇਵ ਜੀ ਦਾ ਹੀ ਛੇਵਾਂ ਸਰੂਪ ਸਨ। ਇਸ ਗੱਲ ਵਿਚ ਕੋਈ ਵੀ ਦੂਜਾ ਮੱਤ ਨਹੀਂ ਹੈ। ਇਹ ਗੱਲ ਇਕ ਤੋਂ ਵੱਧ ਮੌਲਿਕ ਸਰੋਤਾਂ ਤੋਂ ਵੀ ਸਾਬਤ ਹੋ ਜਾਂਦੀ ਹੈ ਅਤੇ ਸਿਖ ਰਵਾਇਤ ਵੀ ਇਸ ਨੂੰ ਪਰਵਾਨ ਕਰਦੀ ਹੈ। ਇਸ ਕਰ ਕੇ ਜਦੋਂ ਅਸੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰੂ ਨਾਨਕ ਦੇਵ ਜੀ ਦਾ ਹੀ ਛੇਵਾਂ ਸਰੂਪ ਮੰਨ ਕੇ ਚਲਦੇ ਹਾਂ ਤਾਂ ਉਨ੍ਹਾਂ ਨਾਲ ਉਕਤ ਗੱਲਾਂ ਜੋੜਨ ਦੀ ਕੋਈ ਤੁਕ ਨਹੀਂ ਬਣਦੀ ਅਤੇ ਜੇ ਅਸੀਂ ਗੁਰੂ ਸਾਹਿਬ ਨੂੰ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਲਾਈਨ ਵਿਚ ਵੀ ਖੜਿਆਂ ਕਰਦੇ ਹਾਂ ਅਤੇ ਉਕਤ ਗੱਲਾਂ ਵੀ ਜੋੜਦੇ ਹਾਂ ਤਾਂ ਸਾਡੇ ਕਥਨ ਆਪਾ ਵਿਰੋਧੀ ਵੀ ਹੁੰਦੇ ਹਨ ਅਤੇ ਇਤਿਹਾਸਿਕ ਪਰਮਾਣੀਕਤਾ ਤੋਂ ਵੀ ਕੋਰੇ ਹੁੰਦੇ ਹਨ।

ਆਓ ਸਭ ਤੋਂ ਪਹਿਲਾਂ ਉਨ੍ਹਾਂ ਸਮਕਾਲੀ ਗਵਾਹੀਆਂ ਦਾ ਵਰਣਨ ਕਰੀਏ ਜਿਹੜੀਆਂ ਦਸੇ ਗੁਰੂ ਸਾਹਿਬਾਨ ਨੂੰ ਇਕੋ ਜੋਤ ਜਾਂ ਗੁਰੂ ਨਾਨਕ ਸਾਹਿਬ ਦਾ ਹੀ ਸਰੂਪ ਬਿਆਨ ਕਰਦੀਆਂ ਹਨ। ਭਾਈ ਗੁਰਦਾਸ ਜੀ ਲਿਖਦੇ ਹਨ:

ਨਿਰੰਕਾਰੁ ਨਾਨਕ ਦੇਉ ਨਿਰੰਕਾਰਿ ਆਕਾਰ ਬਣਾਇਆ।
ਗੁਰ ਅੰਗਦੁ ਗੁਰੁ ਅੰਗ ਤੇ ਗੰਗਿਹੁ ਜਾਣੁ ਤਰੰਗ ਉਠਾਇਆ।
ਅਮਰ ਦਾਸੁ ਗੁਰੁ ਅੰਗਦਹੁ ਜੋਤਿ ਸਰੂਪ ਚਲਤੁ ਵਰਤਾਇਆ।
ਗੁਰ ਅਮਰਹੁ ਗੁਰੁ ਰਾਮਦਾਸ ਅਨਹਦ ਨਾਦਹੁ ਸਬਦੁ ਸੁਣਾਇਆ।
ਰਾਮ ਦਾਸਹੁ ਅਰਜਨੁ ਗੁਰੂ ਦਰਸਨੁ ਦਰਪਨਿ ਵਿਚਿ ਦਿਖਾਇਆ।
ਹਰਿਗੋਬਿੰਦ ਗੁਰ ਅਰਜਨਹੁ ਗੁਰੁ ਗੋਬਿੰਦ ਨਾਉ ਸਦਵਾਇਆ।
ਗੁਰ ਮੂਰਤਿ ਗੁਰ ਸ਼ਬਦੁ ਹੈ ਸਾਧ ਸੰਗਤਿ ਵਿਚਿ ਪਰਗਟੀ ਆਇਆ।
ਪੈਰੀ ਪਾਇ ਸਭ ਜਗਤੁ ਤਰਾਇਆ॥

ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਇਸ ਗੱਲ ਨੂੰ ਇਤਨਾ ਵਧੇਰੇ ਸਪਸ਼ਟਤਾ ਨਾਲ ਲਿਖਦਿਆਂ ਸਿੱਧੀ ਤਰਾਂ ਹੀ ਕਹਿ ਦਿੱਤਾ ਹੈ ਕਿ ਜੋ ਲੋਕ ਦਸਾਂ ਗੁਰੂ ਸਾਹਿਬਾਨ ਨੂੰ ਇਕੋ ਹੀ ਜੋਤ ਨਹੀਂ ਸਮਝਦੇ ਉਹ ਮੂਰਖ ਹਨ।

ਸ੍ਰੀ ਨਾਨਕ ਅੰਗਦ ਕਰ ਜਾਨਾ। ਅਮਰਦਾਸ ਅੰਗਦ ਪਹਿਚਾਨਾ।
ਅਮਰਦਾਸ ਰਾਮਦਾਸ ਕਹਾਯੋ। ਸਾਧਨ ਲਖਾ ਮੂੜ ਨਾ ਪਾਯੋ।
ਜਿਨ ਜਾਨਾ ਤਿਨ ਹੀ ਸਿਧ ਪਾਈ। (ਬਚਿੱਤ੍ਰ ਨਾਟਕ)

ਗੁਰੂ ਹਰਿਗੋਬਿੰਦ ਸਾਹਿਬ ਦੇ ਸਮਕਾਲੀ ਲੇਖਕ ਜ਼ੁਲਫਕਾਰ ਅਰਦਿਸਤਾਨੀ ਨੇ ਵੀ ਇਹ ਲਿਖਿਆ ਹੈ ਕਿ ਗੁਰੂ ਜੀ ਆਪਣੇ ਖਤੋ-ਖਿਤਾਬਤ ਵਿਚ ਆਪਣੇ ਆਪ ਨੂੰ ਨਾਨਕ ਹੀ ਲਿਖਦੇ ਹੁੰਦੇ ਸਨ।[2] ਇਉਂ ਅਸੀਂ ਇਤਨੀਆਂ ਠੋਸ ਗਵਾਹੀਆਂ ਦੇ ਆਧਾਰ 'ਤੇ ਇਹ ਨਿਰਣਾ ਕਰ ਕੇ ਚਲਦੇ ਹਾਂ ਕਿ ਗੁਰੂ ਹਰਿ ਗੋਬਿੰਦ ਸਾਹਿਬ ਗੁਰੂ ਨਾਨਕ ਦੇਵ ਜੀ ਦਾ ਹੀ ਛੇਵਾਂ ਆਤਮਿਕ ਰੂਪ ਸਨ ਅਤੇ ਉਨ੍ਹਾਂ ਨੂੰ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਲਾਈਨ ਵਿਚ ਖੜਿਆਂ ਕਰ ਕੇ ਹੀ ਉਨ੍ਹਾਂ ਦਾ ਅਧਿਐਨ ਕੀਤਾ ਜਾਣਾ ਚਾਹੀਦਾ ਹੈ।

ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਕੋਈ ਵੀ ਲਿਖਤ ਭਾਵੇਂ ਕਿੰਨੀ ਵੀ ਸਮਕਾਲੀ ਕਿਉਂ ਨਾ ਹੋਵੇ ਜਦੋਂ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ, ਸਿਖ ਵਿਸ਼ਵਾਸ ਦੇ ਅਤੇ ਸਿਖ ਰਵਾਇਤ ਦੇ ਅਨੁਕੂਲ ਨਹੀਂ ਹੋਵੇਗੀ, ਉਸ ਦਾ ਸਾਡੇ ਲਈ ਕੋਈ ਇਤਿਹਾਸਿਕ ਮਹੱਤਵ ਨਹੀਂ ਹੋਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰਬਾਣੀ ਵਿੱਚੋਂ ਸਿਖ ਗੁਰੂ ਸਾਹਿਬਾਨ ਪਰਤੀ ਵਿਸ਼ਵਾਸ਼ ਪੈਦਾ ਹੁੰਦਾ ਹੈ ਅਤੇ ਇਸੇ ਵਿਸਵਾਸ਼ ਵਿੱਚੋਂ ਹੀ ਉਨ੍ਹਾਂ ਪਰਤੀ ਕੋਈ ਰਵਾਇਤ ਪਰਚਲਤ ਹੁੰਦੀ ਹੈ। ਦੂਜੇ ਸ਼ਬਦਾਂ ਵਿਚ ਰਵਾਇਤ ਵਿਸ਼ਵਾਸ਼ ਵਿੱਚੋਂ ਜਨਮ ਲੈਂਦੀ ਹੈ ਅਤੇ ਵਿਸ਼ਵਾਸ਼ ਵਿਚਾਰਧਾਰਾ ਵਿੱਚੋਂ ਵਿਗਸਦਾ ਹੈ। ਸਿਖ ਵਿਚਾਰਧਾਰਾ ਗੁਰੂ ਗ੍ਰੰਥ ਸਾਹਿਬ ਹੈ। ਇਸ ਕਰ ਕੇ ਸਿਖ ਇਤਿਹਾਸ ਦੇ ਸੰਦਰਭ ਵਿਚ ਕਿਸੇ ਵੀ ਲਿਖਤ ਦੀ ਪਰਮਾਣੀਕਤਾ ਉਕਤ ਤਿੰਨ ਨੁਕਤਿਆਂ 'ਤੇ ਪੂਰੀ ਉਤਰ ਕੇ ਹੀ ਸਥਾਪਿਤ ਹੋ ਸਕਦੀ ਹੈ। ਜੇ ਕਰ ਕੋਈ ਲਿਖਤ ਉਕਤ ਪੜਚੋਲ ਅਨੁਸਾਰ ਪੂਰੀ ਨਹੀਂ ਉਤਰਦੀ ਉਸ ਦੀ ਸਿਖ ਇਤਿਹਾਸ ਲਈ ਕੋਈ ਪਰਮਾਣੀਕਤਾ ਨਹੀਂ ਹੋ ਸਕਦੀ।

---

1. ਵਾਰਾਂ ਭਾਈ ਗੁਰਦਾਸ ਜੀ, ਸ਼੍ਰੋਮਣੀ ਕਮੇਟੀ, ਅੰਮ੍ਰਿਤਸਰ, 1981, ਪੰਨਾ 266
2. *ਮਾਖ਼ਿਜ਼-ਏ-ਤਵਾਰੀਖ਼-ਏ-ਸਿਖਾਂ* (ਸੰ. ਗੰਡਾ ਸਿੰਘ), ਅੰਮ੍ਰਿਤਸਰ, 1949, ਪੰਨੇ 35-49

ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਬਿਰਤਾਂਤ ਬਾਰੇ ਸਾਨੂੰ ਸੰਖੇਪ ਜਾਂ ਵਿਸਥਾਰ ਵਿਚ ਕਈ ਮੌਲਿਕ ਅਤੇ ਸਮਕਾਲੀ ਸਰੋਤ ਪਰਾਪਤ ਹਨ। ਇਨ੍ਹਾਂ ਵਿਚ ਦੋ ਮੌਲਿਕ ਸਰੋਤ ਹਨ ਅਤੇ ਦੋ ਸਮਕਾਲੀ। ਮੌਲਿਕ ਸਰੋਤ ਉਹ ਹੁੰਦੇ ਹਨ ਜੋ ਪਹਿਲੀ ਅਤੇ ਸਿੱਧੀ ਜਾਣਕਾਰੀ ਦੇਣ ਵਾਲੇ ਹੁੰਦੇ ਹਨ। ਇਨ੍ਹਾਂ ਵਿਚ ਸ਼ਾਮਿਲ ਹਨ: ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਦੇ ਉਹ ਸ਼ਬਦ ਜੋ ਉਨ੍ਹਾਂ ਨੇ ਬਾਲ ਹਰਿ ਗੋਬਿੰਦ ਜੀ ਦੇ ਜਨਮ ਬਾਰੇ, ਬਚਪਨ ਵਿਚ ਆਈ ਕਿਸੇ ਭਿਆਨਕ ਬਿਮਾਰੀ ਬਾਰੇ ਅਤੇ ਦੋਖੀਆਂ ਵਲੋਂ ਬਾਲ ਹਰਿਗੋਬਿੰਦ ਜੀ ਨੂੰ ਜ਼ਹਿਰ ਦੇਣ ਦੇ ਸੰਬੰਧ ਵਿਚ ਉਚਾਰੇ ਹਨ। ਇਹ ਗੁਰੂ ਹਰਿਗੋਬਿੰਦ ਸਾਹਿਬ ਦੇ ਪਿਤਾ ਵੱਲੋਂ ਦਿੱਤੀ ਗਈ ਸਿੱਧੀ ਜਾਣਕਾਰੀ ਹੈ। ਦੂਜਾ ਹਨ ਗੁਰੂ ਹਰਿਗੋਬਿੰਦ ਸਾਹਿਬ ਦੇ ਆਪਣੇ ਦੋ ਹੁਕਮਨਾਮੇ। ਇਨ੍ਹਾਂ ਵਿਚ ਖੁਦ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਆਪਣੀਆਂ ਲਿਖੀਆਂ ਹੋਈਆਂ ਗੱਲਾਂ ਦੀ ਸਿੱਧੀ ਜਾਣਕਾਰੀ ਮਿਲਦੀ ਹੈ। ਦੂਸਰੇ ਦੋ ਸਮਕਾਲੀ ਸਰੋਤ ਹਨ: ਭਾਈ ਗੁਰਦਾਸ ਦੀਆਂ ਵਾਰਾਂ ਅਤੇ ਜ਼ੁਲਫ਼ਕਾਰ ਅਰਧਿਸਤਾਨੀ ਦੀ ਲਿਖਤ ਦਬੇਸਤਾਨੇ-ਮਜ਼ਾਹਿਬ। ਭਾਈ ਗੁਰਦਾਸ ਗੁਰੂ ਸਾਹਿਬ ਦੇ ਮੁੱਖੀ ਸਿਖਾਂ ਵਿੱਚੋਂ ਵਿਦਵਾਨ ਸਿਖ ਸੀ ਅਤੇ ਉਹ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਦਾ ਸਮਕਾਲੀ ਸੀ। ਭਾਵੇਂ ਉਸ ਦੀਆਂ ਵਾਰਾਂ ਵਿੱਚੋਂ ਗੁਰੂ ਜੀ ਪਰਤੀ ਉਤਨੀ ਜਾਣਕਾਰੀ ਨਹੀਂ ਮਿਲਦੀ ਜਿਤਨੀ ਦੀ ਉਨ੍ਹਾਂ ਕੋਲੋਂ ਆਸ ਕੀਤੀ ਜਾ ਸਕਦੀ ਸੀ। ਇਹ ਜਾਣਕਾਰੀ ਬਹੁਤ ਹੀ ਸੰਖੇਪ ਹੈ ਪਰ ਹੈ ਨਿਰਣੈਜਨਕ। ਇਸ ਜਾਣਕਾਰੀ ਵਿਚ ਕੋਈ ਵੀ ਐਸੀ ਗੱਲ ਨਹੀਂ ਜਿਸ ਨੂੰ ਅਸੀਂ ਅਣਗੌਲਿਆਂ ਕਰ ਸਕੀਏ। ਇਸ ਕਰ ਕੇ ਇਹ ਵੀ ਗੁਰੂ ਸਾਹਿਬ ਬਾਰੇ ਇਕ ਪਰਮਾਣੀਕ ਸਮਕਾਲੀ ਸਰੋਤ ਹੈ। ਜ਼ੁਲਫ਼ਕਾਰ ਅਰਧਿਸਤਾਨੀ ਗੁਰੂ ਸਾਹਿਬ ਦਾ ਗੈਰ-ਸਿੱਖ ਸਮਕਾਲੀ ਲੇਖਕ ਹੈ। ਉਹ ਗੁਰੂ ਸਾਹਿਬ ਦਾ ਦੋਸਤ ਸੀ ਅਤੇ ਉਹ ਕਾਫੀ ਸਮਾਂ ਗੁਰੂ ਸਾਹਿਬ ਦੇ ਪਾਸ ਵੀ ਰਿਹਾ ਸੀ ਪਰ ਉਸ ਦੀ ਲਿਖਤ ਉਤਨੀ ਪਰਮਾਣੀਕ ਨਹੀਂ ਹੋ ਸਕੀ ਜਿਤਨੀ ਇਸ ਤਰ੍ਹਾਂ ਦੇ ਲੇਖਕ ਦੀ ਹੋਣੀ ਚਾਹੀਦੀ ਸੀ। ਇਸ ਦੀਆਂ ਕੁਝ ਗੱਲਾਂ ਤਾਂ ਉੱਕਾ ਹੀ ਮੰਨਣਯੋਗ ਨਹੀਂ ਹਨ ਕਿਉਂਕਿ ਉਹ ਸਿਖ ਵਿਚਾਰਧਾਰਾ, ਸਿਖ ਵਿਸ਼ਵਾਸ ਅਤੇ ਸਿਖ ਰਵਾਇਤਾਂ ਦੇ ਹੀ ਉਲਟ ਹਨ। ਕੁਝ ਗੱਲਾਂ ਸਪਸ਼ਟ ਨਹੀ ਹਨ ਜਿਨ੍ਹਾਂ ਨੂੰ ਕੁਝ ਕਿੰਤੂ-ਪਰੰਤੂ ਕੀਤੇ ਬਿਨਾਂ ਮੰਨਿਆ ਨਹੀਂ ਜਾ ਸਕਦਾ। ਹਾਂ ਕੁਝ ਗੱਲਾਂ ਗੁਰੂ ਸਾਹਿਬ ਦੇ ਸੰਬੰਧ ਵਿਚ ਬਹੁਤ ਨਿਰਣਈ ਕਿਸਮ ਦੀਆਂ ਹੋ ਨਿਬੜੀਆਂ ਹਨ। ਇਨ੍ਹਾਂ ਦਾ ਸਿਲਸਿਲੇਵਾਰ ਵੇਰਵਾ ਲੇਖ ਦੇ ਅੱਗੇ ਜਾ ਕੇ ਦਿੱਤਾ ਜਾਵੇਗਾ।

ਸਭ ਤੋਂ ਪਹਿਲਾਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੀ ਗਈ ਜਾਣਕਾਰੀ ਸਾਹਮਣੇ ਲਿਆਉਂਦੇ ਹਾਂ। ਗੁਰੂ ਅਰਜਨ ਦੇਵ ਜੀ ਨੇ ਬਾਲ ਹਰਿਗੋਬਿੰਦ ਦੇ ਜਨਮ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਾਣਕਾਰੀ ਦਿੰਦਿਆਂ ਲਿਖਿਆ ਹੈ ਕਿ ਅਕਾਲ ਪੁਰਖ ਨੇ ਬੱਚਾ ਭੇਜਿਆ ਹੈ। ਜਦੋਂ ਇਸ ਨੇ ਆਪਣੀ ਮਾਤਾ ਦੇ ਪੇਟ ਵਿਚ ਪ੍ਰਕਾਸ਼ ਧਾਰਿਆ ਸੀ ਤਾਂ ਮਾਂ ਬਹੁਤ ਖੁਸ਼ ਹੋਈ ਸੀ। ਇਹ ਸਾਰੀ ਸਰਿਸ਼ਟੀ ਦਾ ਸੰਤ ਪੁੱਤਰ ਹੈ। ਵਾਹਿਗੁਰੂ ਦਾ ਹੁਕਮ ਸਭ ਵਿਚ ਜ਼ਾਹਿਰ ਹੋ ਗਿਆ ਹੈ, ਬਾਲਕ ਨੇ ਦਸ ਮਹੀਨਿਆਂ ਬਾਦ ਜਨਮ ਲਿਆ ਹੈ। ਇਸ ਨਾਲ ਪਰਿਵਾਰ ਵਿਚ ਸਭ ਸੋਗ ਖ਼ਤਮ ਹੋ ਕੇ ਖੁਸ਼ੀਆਂ ਫੈਲ ਗਈਆਂ ਹਨ। ਸਭ ਵਾਹਿਗੁਰੂ ਦੇ ਸ਼ੁਕਰਾਨੇ ਵਿਚ ਗੁਰਬਾਣੀ ਦਾ ਸਿਮਰਨ ਕਰ ਰਹੇ ਹਨ। ਬੱਚੇ ਦੇ ਪੈਦਾ ਹੋਣ ਨਾਲ ਪਰਿਵਾਰ ਦੀ ਵੇਲ ਵਧੀ ਹੈ; ਬੱਚੇ ਦੇ ਰੂਪ ਵਿਚ ਸਤਿਗੁਰਾਂ ਨੇ ਐਸੀ ਦਾਤ ਬਖ਼ਸ਼ ਦਿੱਤੀ ਜਿਸ ਦੀ ਉਨ੍ਹਾਂ

ਨੂੰ ਲੋਚਾ ਸੀ। ਜਿਵੇਂ ਬਾਲਕ ਆਪਣੇ ਪਿਤਾ ਉੱਪਰ ਬਹੁਤ ਮਾਣ ਕਰਦਾ ਹੈ ਉਸੇ ਤਰ੍ਹਾਂ ਉਹ ਵੀ ਵਾਹਿਗੁਰੂ ਦੇ ਹੁਕਮ ਮੁਤਾਬਿਕ ਹੀ ਸਭ ਕੁਝ ਬਿਆਨ ਕਰ ਰਹੇ ਹਨ। ਇਹ ਕੋਈ ਲੁਕੀ-ਛਿਪੀ ਗੱਲ ਨਹੀਂ ਹੈ ਸਗੋਂ ਗੁਰੂ ਨਾਨਕ ਨੇ ਪਰਮ ਪਰਸੰਨ ਹੋ ਕੇ ਇਹ ਦਾਤ ਬਖ਼ਸ਼ੀ ਹੈ। ਸ਼ਬਦ ਇਸ ਤਰ੍ਹਾਂ ਹੈ:

ਸਤਿਗੁਰ ਸਾਚੈ ਦੀਆ ਭੇਜਿ। ਚਿਰੁ ਜੀਵਨੁ ਉਪਜਿਆ ਸੰਜੋਗਿ।
ਉਦਰੈ ਮਾਹਿ ਆਇ ਕੀਆ ਨਿਵਾਸੁ। ਮਾਤਾ ਕੈ ਮਨਿ ਬਹੁਤੁ ਬਿਗਾਸੁ।
ਜੰਮਿਆ ਪੂਤੁ ਭਗਤੁ ਗੋਵਿੰਦ ਕਾ। ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ।
ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ।
ਮਿਟਿਆ ਸੋਗੁ ਮਹਾ ਅਨੰਦੁ ਥੀਆ।
ਗੁਰਬਾਣੀ ਸਖੀ ਅਨੰਦੁ ਗਾਵੈ। ਸਾਚੇ ਸਾਹਿਬ ਕੈ ਮਨਿ ਭਾਵੈ।
ਵਧੀ ਵੇਲਿ ਬਹੁ ਪੀੜੀ ਚਾਲੀ। ਧਰਮ ਕਲਾ ਹਰਿ ਬੰਧਿ ਬਹਾਲੀ।
ਮਨ ਚਿੰਦਿਆ ਸਤਿਗੁਰੂ ਦਿਵਾਇਆ। ਭਏ ਅਚਿੰਤ ਏਕ ਲਿਵ ਲਾਇਆ।
ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ।
ਬੁਲਾਇਆ ਬੋਲੈ ਗੁਰ ਕੈ ਭਾਣਿ।
ਗੁਝੀ ਛੰਨੀ ਨਾਹੀ ਬਾਤ। ਗੁਰੁ ਨਾਨਕੁ ਤੁਠਾ ਕੀਨੀ ਦਾਤ॥[1]

ਇਸੇ ਗੱਲ ਨੂੰ ਗੁਰਬਿਲਾਸ ਛੇਵੀਂ ਪਾਤਸ਼ਾਹੀ, ਜਿਸ ਨੂੰ ਸਿਖ ਇਤਿਹਾਸਕਾਰਾਂ ਵੱਲੋਂ ਗੁਰਮੁਖੀ ਦੀ ਮੁੱਢਲੀ ਲਿਖਤ ਮੰਨ ਕੇ, ਸਿਖ ਇਤਿਹਾਸ ਦਾ ਪਰਮੁੱਖ ਸਰੋਤ ਮੰਨਿਆ ਗਿਆ ਹੈ, ਵਿਚ ਕਿਸ ਤਰ੍ਹਾਂ ਗਲਤ ਰੰਗਤ ਦਿੱਤੀ ਗਈ ਹੈ। ਗੁਰੂ ਅਰਜਨ ਜੀ ਦੇ ਇਸ ਵਾਕ 'ਗੁਝੀ ਛੰਨੀ ਨਾਹੀ ਬਾਤ। ਗੁਰੂ ਨਾਨਕ ਤੁਠਾ ਕੀਨੀ ਦਾਤਿ।' ਨੂੰ ਆਪਣੀ ਮਨਮਤ ਵਿਚ ਰੰਗ ਕੇ ਲਿਖ ਦਿੱਤਾ ਹੈ: 'ਗੁੱਝੀ ਛੰਨੀ ਨਾਹੀ ਬਾਤ। ਗੁਰੂ ਨਾਨਕ ਬੁੱਢੇ ਸਤ ਕਰ ਦਾਤ।' ਇਕ ਹੋਰ ਥਾਂ 'ਤੇ ਗੁਰੂ ਅਰਜਨ ਜੀ ਦੇ ਇਹ ਵਾਕ:

ਸਗਲ ਅਨੰਦੁ ਕੀਆ ਪਰਮੇਸਰਿ ਆਪਣਾ ਬਿਰਦੁ ਸਮਾਰਿਆ।
ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭ ਪਰਵਾਰਿਆ॥[2]

ਨੂੰ ਇਸ ਤਰ੍ਹਾਂ ਬਦਲ ਕੇ ਸਾਰੇ ਭਾਵ ਅਰਥ ਹੀ ਬਿਗਾੜ ਦਿੱਤੇ ਹਨ:

ਸਗਲ ਅਨੰਦ ਪਰਮੇਸਰ ਕੀਨੋ। ਅਪਨਾ ਬਿਰਦ ਰਾਖ ਜਿਨ ਲੀਨੋ।
ਸਾਹਿਬ ਬੁੱਢਾ ਭਏ ਕ੍ਰਿਪਾਲ। ਸੁਤ ਦੇ ਕੀਓ ਪ੍ਰਵਾਰ ਨਿਹਾਲ।[3]

ਗੁਰੂ ਅਰਜਨ ਦੇਵ ਜੀ ਨੇ ਤਾਂ ਦੱਸਿਆ ਹੈ ਕਿ ਉਨ੍ਹਾਂ ਦੇ ਘਰ ਪੁੱਤਰ ਪੈਦਾ ਹੋਣ ਦੀ ਦਾਤ ਅਕਾਲ ਪੁਰਖ ਦੀ ਮਿਹਰ ਨਾਲ ਪਰਾਪਤ ਹੋਈ ਹੈ ਪਰ ਗੁਰਬਿਲਾਸ ਛੇਵੀਂ ਪਾਤਸ਼ਾਹੀ ਦਾ ਕਰਤਾ ਆਪਣੀਆਂ ਮਨਮਤੀ ਗੱਲਾਂ ਕਰਦਾ ਹੋਇਆ ਇਸ ਨੂੰ ਬਿਗਾੜ ਕੇ ਦੱਸਦਾ ਹੈ ਕਿ ਗੁਰੂ ਅਰਜਨ ਦੇ ਘਰ ਪੁੱਤਰ ਦੀ ਦਾਤ ਬਾਬਾ ਬੁੱਢਾ ਜੀ ਦੀ ਬਖ਼ਸ਼ਿਸ਼ ਕਾਰਨ ਹੋਈ। ਇਹ ਵਿਚਾਰ ਇਤਿਹਾਸਿਕ ਦਰਿਸ਼ਟੀਕੋਣ ਤੋਂ ਤਾਂ ਗਲਤ ਹੈ ਹੀ ਸਗੋਂ ਸਿਖ ਵਿਚਾਰਧਾਰਾ ਦੇ ਵੀ

1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 396.
2. *ਉਕਤ*, ਪੰਨਾ 806.
3. *ਗੁਰਬਿਲਾਸ ਛੇਵੀਂ ਪਾਤਸ਼ਾਹੀ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970, ਪੰਨਾ 12.

ਉਲਟ ਹੈ। ਇਸ ਲਈ ਸਾਡੇ ਲਈ ਗੁਰਬਿਲਾਸ ਛੇਵੀਂ ਪਾਤਸ਼ਾਹੀ ਦੀ ਲਿਖਤ ਦੀ ਕੋਈ ਮਹੱਤਤਾ ਨਹੀਂ ਹੈ ਭਾਵੇਂ ਕਿ ਇਹ 1718 ਈ. ਦੀ ਹੀ ਲਿਖਤ ਹੋਵੇ। ਬਾਲ ਹਰਿਗੋਬਿੰਦ ਦੇ ਬਚਪਨ ਦੀ ਦੂਜੀ ਘਟਨਾ ਹੈ ਉਨ੍ਹਾਂ ਦੇ ਚੇਚਕ ਨਿਕਲਣ ਦੀ। ਇਹ ਬੜੀ ਹੀ ਖਤਰਨਾਕ ਕਿਸਮ ਦੀ ਬੀਮਾਰੀ ਹੈ ਅਤੇ ਕਈ ਵਾਰ ਤਾਂ ਬੱਚੇ ਲਈ ਜਾਨ-ਲੇਵਾ ਵੀ ਸਾਬਤ ਹੋ ਜਾਂਦੀ ਹੈ। ਇਸ ਨਾਲ ਅੱਖਾਂ ਦੀ ਨਜ਼ਰ ਦਾ ਖ਼ਤਮ ਹੋ ਜਾਣਾ ਜਾਂ ਚੇਹਰੇ ਦੀ ਸੁੰਦਰਤਾ ਦਾ ਖ਼ਤਮ ਹੋ ਜਾਣਾ ਆਮ ਜਿਹੀ ਗੱਲ ਹੈ। ਇਸ ਲਈ ਇਸ ਬਿਮਾਰੀ ਦੀ ਚਿੰਤਾ ਹੋਣੀ ਸੁਭਾਵਿਕ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਬਾਰੇ ਸਾਰੀ ਜਾਣਕਾਰੀ ਇਸ ਸ਼ਬਦ ਰਾਹੀਂ ਦਿੱਤੀ ਹੈ:

ਨੇਤ੍ਰ ਪਰਗਾਸ ਕੀਆ ਗੁਰ ਦੇਵ। ਭਰਮ ਗਏ ਪੂਰਨ ਭਈ ਸੇਵ।
ਸੀਤਲਾ ਤੇ ਰਖਿਆ ਬਿਹਾਰੀ। ਪਾਰਬ੍ਰਹਮ ਪ੍ਰਭ ਕਿਰਪਾ ਧਾਰੀ।

....

ਸਦਾ ਸਦਾ ਹਰਿ ਜਾਪੇ। ਪ੍ਰਭ ਬਾਲਕ ਰਾਖੇ ਆਪੇ।
ਸੀਤਲਾ ਠਾਕ ਰਹਾਈ। ਬਿਘਨ ਗਏ ਹਰਿ ਨਾਈ।
ਮੇਰਾ ਪ੍ਰਭੁ ਹੋਆ ਸਦਾ ਦਇਆਲਾ।
ਅਰਦਾਸ ਸੁਣੀ ਭਗਤ ਅਪਨੇ ਕੀ।
ਸਭ ਜੀਅ ਭਇਆ ਕਿਰਪਾਲਾ।।[1]

ਵਾਰਤਕ ਵਿਚ ਇਸ ਸ਼ਬਦ ਦਾ ਸੰਖੇਪ ਭਾਵ ਇਉਂ ਬਣਦਾ ਹੈ ਕਿ 'ਬੱਚੇ ਨੂੰ ਚੇਚਕ ਦੀ ਬੀਮਾਰੀ ਤੋਂ ਅਕਾਲ ਪੁਰਖ ਨੇ ਆਪਣੀ ਅਪਾਰ ਕਿਰਪਾ ਕਰ ਕੇ ਬਚਾਇਆ ਹੈ। ਨੇਤਰਾਂ ਦਾ ਪਰਕਾਸ਼ ਵਾਹਿਗੁਰੂ ਨੇ ਕਾਇਮ ਰੱਖਿਆ ਹੈ, ਉਨ੍ਹਾਂ ਦੇ ਸਭ ਸ਼ੰਕੇ ਦੂਰ ਹੋ ਗਏ ਹਨ ਤੇ ਉਨ੍ਹਾਂ ਦੀ ਸੇਵਾ ਪੂਰੀ ਹੋ ਗਈ ਹੈ। ਹਮੇਸ਼ਾਂ ਹੀ ਵਾਹਿਗੁਰੂ ਦਾ ਜਾਪ ਕਰੋ। ਬਾਲਕ ਨੂੰ ਆਪੇ ਹੀ ਵਾਹਿਗੁਰੂ ਰੱਖੇਗਾ। ਸੀਤਲਾ (ਚੇਚਕ) ਠੀਕ ਹੋ ਗਈ ਹੈ। ਵਾਹਿਗੁਰੂ ਦੇ ਨਾਮ ਜੱਪਣ ਨਾਲ ਸਭ ਬਿਘਨ ਦੂਰ ਹੋ ਗਏ ਹਨ। ਉਨ੍ਹਾਂ ਦਾ ਵਾਹਿਗੁਰੂ ਹਮੇਸ਼ਾਂ ਦਿਆਲ ਰਹਿੰਦਾ ਹੈ। ਉਸ ਨੇ ਆਪਣੇ ਭਗਤ ਦੀ ਅਰਦਾਸ ਸੁਣ ਲਈ ਹੈ। ਪਰਿਵਾਰ ਦੇ ਸਭ ਮੈਂਬਰ ਬਹੁਤ ਖੁਸ਼ ਹਨ'। ਇਸ ਸ਼ਬਦ ਨੂੰ ਪਹਿਲਾਂ ਦੀ ਤਰ੍ਹਾਂ ਹੀ ਗੁਰ ਬਿਲਾਸ ਛੇਵੀਂ ਪਾਤਸ਼ਾਹੀ ਵੱਲੋਂ ਇਸ ਤਰ੍ਹਾਂ ਬਿਗਾੜਿਆ ਗਿਆ ਹੈ:

'ਜਦੋਂ ਬਾਲ ਹਰਿਗੋਬਿੰਦ ਪੰਜ ਸਾਲ ਦੇ ਹੋਏ ਤਾਂ ਉਨ੍ਹਾਂ ਦੇ ਚੇਚਕ ਨਿਕਲ ਆਈ। ਗੁਰੂ ਅਰਜਨ ਨੇ ਤੁਰੰਤ ਹੀ ਬਰਾਹਮਣਾਂ ਨੂੰ ਬੁਲਾ ਕੇ ਕਿਹਾ ਕੇ ਸਾਰੇ ਇਕ ਮਨ ਹੋ ਕੇ ਦੇਵੀ ਦੀ ਪੂਜਾ ਕਰੋ। ਪੰਜ ਦਿਨਾਂ ਉਪਰੰਤ ਬੱਚੇ ਨੂੰ ਚੇਚਕ ਤੋਂ ਆਰਾਮ ਆ ਗਿਆ। ਗੁਰੂ ਅਰਜਨ ਹਰ ਰੋਜ਼ ਦੇਵੀ ਨੂੰ ਭੇਟਾਵਾਂ ਚੜ੍ਹਾਉਂਦੇ ਸਨ; ਹਵਨ ਕਰਦੇ ਸਨ ਅਤੇ ਕੁਆਰੀਆਂ ਲੜਕੀਆਂ ਨੂੰ ਭੋਜਨ ਖੁਆਉਂਦੇ ਸਨ। ਦੇਵੀ ਦਾ ਸ਼ੁਕਰਾਨਾ ਕਰਨ ਲਈ ਗੁਰੂ ਅਰਜਨ ਸਾਰੇ ਪਰਿਵਾਰ ਨੂੰ ਨਾਲ ਲੈ ਕੇ ਅੰਮ੍ਰਿਤਸਰ ਦੇ ਦੁਰਗਿਆਣਾ ਮੰਦਰ ਗਏ ਅਤੇ ਉੱਥੇ ਦੇਵੀ ਦੀ ਪੂਜਾ ਕੀਤੀ।[2]

ਦੇਖੋ ਕਿਤਨਾ ਫਰਕ ਹੈ ਗੁਰੂ ਅਰਜਨ ਦੇਵ ਜੀ ਦੀ ਆਪਣੀ ਲਿਖਤ ਵਿਚ ਅਤੇ

---

1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨੇ 200 ਅਤੇ 627.
2. *ਗੁਰ ਬਿਲਾਸ ਛੇਵੀਂ ਪਾਤਸ਼ਾਹੀ*, ਪੰਨੇ 20-21.

ਗੁਰਬਿਲਾਸ ਛੇਵੀਂ ਪਾਤਸ਼ਾਹੀ ਦੀ ਲਿਖਤ ਵਿਚ। ਜੇਕਰ ਸਾਡੇ ਇਤਿਹਾਸਕਾਰ ਇਸ ਲਿਖਤ ਤੋਂ, ਜਿਹੜੀ ਕਿ ਗੁਰਮੁਖੀ ਦੀ ਮੁੱਢਲੀ ਲਿਖਤ ਮੰਨੀ ਗਈ ਹੈ, ਜਾਣਕਾਰੀ ਲੈ ਕੇ, ਗੁਰੂ ਅਰਜਨ ਜੀ ਨੂੰ ਦੇਵੀ ਦਾ ਜਾਂ ਬਰਾਹਮਣਾ ਦਾ ਪੁਜਾਰੀ ਸਾਬਤ ਕਰਨਗੇ ਤਾਂ ਉਹ ਸਿਖ ਇਤਿਹਾਸ ਨਾਲ ਕਿੰਨੀ ਬੇਇਨਸਾਫੀ ਕਰ ਰਹੇ ਹੋਣਗੇ। ਜਿਥੇ ਇਹ ਵੇਰਵਾ ਇਤਿਹਾਸਿਕ ਤੌਰ 'ਤੇ ਗਲਤ ਹੈ ਉਥੇ ਇਹ ਸਿਖ ਵਿਚਾਰਧਾਰਾ ਦੇ ਵੀ ਉਲਟ ਹੈ।

ਇਸ ਤਰ੍ਹਾਂ ਬਾਲ ਗੋਬਿੰਦ ਦੇ ਬਚਪਨ ਦੀ ਇਕ ਹੋਰ ਘਟਨਾ ਦਾ ਵੇਰਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਸ ਅਨੁਸਾਰ ਬਾਲ ਗੋਬਿੰਦ ਜੀ ਨੂੰ ਉਸ ਦੇ ਕੁਝ ਦੋਖੀਆਂ ਵੱਲੋਂ ਜ਼ਹਿਰ ਦਿੱਤੇ ਜਾਣ ਦੀ ਜਾਣਕਾਰੀ ਮਿਲਦੀ ਹੈ ਪਰ ਇਸ ਜ਼ਹਿਰ ਦਾ ਕੋਈ ਅਸਰ ਨਾ ਹੋਇਆ ਅਤੇ ਬੱਚਾ ਬਚ ਗਿਆ। ਜ਼ਹਿਰ ਦੇਣ ਵਾਲਾ ਕੋਈ ਬਰਾਹਮਣ ਸੀ। ਬੱਚੇ ਨੂੰ ਮਾਰਦਾ ਮਾਰਦਾ ਉਲਟਾ ਬਰਾਹਮਣ ਖੁਦ ਹੀ ਪੇਟ ਵਿਚ ਦਰਦ ਹੋਣ ਨਾਲ ਮਰ ਗਿਆ। ਗੁਰੂ ਅਰਜਨ ਦੇਵ ਜੀ ਇਸ ਸਭ ਕੁਝ ਤੋਂ ਬਚ ਜਾਣ ਕਰ ਕੇ ਵਾਹਿਗੁਰੂ ਦਾ ਸ਼ੁਕਰਾਨਾ ਕਰਦੇ ਹਨ ਅਤੇ ਕਹਿੰਦੇ ਹਨ ਕਿ ਇਹ ਸਭ ਅਕਾਲ ਪੁਰਖ ਦੀ ਮਿਹਰ ਨਾਲ ਹੋਇਆ ਹੈ। ਸ਼ਬਦ ਇਸ ਤਰ੍ਹਾਂ ਹੈ:

ਲੇਪ ਨ ਲਾਗੋ ਤਿਲ ਕਾ ਮੂਲ। ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ।
ਹਰਿ ਜਨ ਰਾਖੇ ਪਾਰਬ੍ਰਹਮਿ ਆਪਿ। ਪਾਪੀ ਮੂਆ ਗੁਰ ਪ੍ਰਤਾਪਿ।

....

ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ।
ਮਲੇਛ ਪਾਪੀ ਪਚਿਆ ਭਇਆ ਨਿਰਾਸ॥

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਇਹ ਵੇਰਵੇ ਭਾਵੇਂ ਬਹੁਤ ਥੋੜ੍ਹੇ ਅਤੇ ਸੰਖੇਪ ਹਨ ਪਰ ਬਾਲ ਹਰਿਗੋਬਿੰਦ ਦੇ ਬਚਪਨ ਦੇ ਜੀਵਨ ਬਾਰੇ ਇਹ ਅਤੀ ਭਰੋਸੇਯੋਗ ਅਤੇ ਬਹੁਤ ਹੀ ਮਹੱਤਵਪੂਰਨ ਮੌਲਿਕ ਜਾਣਕਾਰੀ ਮੁਹਈਆ ਕਰਦੇ ਹਨ। ਇਸ ਮੌਲਿਕ ਜਾਣਕਾਰੀ ਦੇ ਉੱਪਰ ਦੀ ਹੋਰ ਕੋਈ ਜਾਣਕਾਰੀ ਨਹੀਂ ਹੋ ਸਕਦੀ।

ਗੁਰੂ ਹਰਿਗੋਬਿੰਦ ਸਾਹਿਬ ਬਾਰੇ ਦੂਜਾ ਮੌਲਿਕ ਸਰੋਤ ਗੁਰੂ ਜੀ ਦੇ ਆਪਣੇ ਕੁਝ ਹੁਕਮਨਾਮੇ ਹਨ ਜਿਨ੍ਹਾਂ ਤੋਂ ਭਾਵੇਂ ਥੋੜ੍ਹੀ ਹੀ ਜਾਣਕਾਰੀ ਮਿਲਦੀ ਹੈ ਪਰ ਇਹ ਜਿੰਨੀ ਵੀ ਹੈ ਬਹੁਤ ਮਹੱਤਵਪੂਰਨ ਹੈ। ਇਹ ਹੁਕਮਨਾਮੇ ਦੋ ਹਨ। ਇਹ ਦੋਵੇਂ ਹੀ ਪੂਰਬੀ ਭਾਰਤ ਦੀ ਸਿਖ ਸੰਗਤ ਦੇ ਨਾਂ ਹਨ। ਇਨ੍ਹਾਂ ਦੋਵਾਂ ਹੁਕਮਨਾਮਿਆਂ ਵਿਚ ਹੀ ਗੁਰੂ ਜੀ ਨੇ ਸਿਖ ਸੰਗਤਾਂ ਨੂੰ ਮਾਸ-ਮੱਛੀ ਖਾਣ ਤੋਂ ਵਰਜਿਆ ਹੈ। ਸਿਖ ਸੰਗਤਾਂ ਨੂੰ ਇਕੋ ਅਕਾਲ ਪੁਰਖ ਵਾਹਿਗੁਰੂ ਵਿਚ ਵਿਸ਼ਵਾਸ ਰੱਖਣ ਲਈ ਹੁਕਮ ਦਿੱਤਾ ਹੈ। ਪੂਰਬ ਦੀ ਸੰਗਤ ਨੂੰ ਗੁਰੂ ਦਾ ਖਾਲਸਾ ਕਿਹਾ ਹੈ ਜਿਸ ਦਾ ਭਾਵ ਹੈ ਕਿ ਪੂਰਬ ਦੀਆਂ ਸੰਗਤਾਂ ਮਸੰਦਾਂ ਦੇ ਅਧੀਨ ਨਹੀਂ ਸਨ ਸਗੋਂ ਸਿਧਾ ਹੀ ਗੁਰੂ ਜੀ ਨਾਲ ਸੰਬੰਧਿਤ ਸਨ। ਇਨ੍ਹਾਂ ਦੀ ਇਬਾਰਤ ਇਸ ਤਰ੍ਹਾਂ ਹੈ:

'ਸਰਬਤ ਸੰਗਤਿ ਪਟਣੇ ਕੀ ਤਥਾ ਆਲਮ ਗੰਜ ਕੀ॥ ਸ਼ੇਰਪੁਰ ਕੀ॥
ਬੀਨੇ॥ ਮੁੰਗੇਰ ਕੀ ਸੰਗਤ ਪਰਮਾਨੰਦ ਕੇ ਵਾੜੇ ਪਾਸੇ ਲਿਖਤੇ ਗੁਰੂ ਹਰਿ

2. ਗੁਰੂ ਗ੍ਰੰਥ ਸਾਹਿਬ, ਪੰਨਾ 1137

ਗੋਬਿੰਦੁ॥ ਕਰਤਾਰ ਕਰਤਾਰ ਵਾਚਣੀ ਗੁਰੂ ਤੁਸਾਡੀ ਲਾਜ ਰਖਗੁ ਗੁਰੂ ਗੁਰੂ ਜਪਣਾ ਜਨਮ ਸਵਰੁ ਸੰਗਤ ਦੀ ਕਾਮਨਾ ਗੁਰੂ ਪੂਰੀ ਕਰੇਗੁ ਸੰਗਤੀ ਦਾ ਰੁਜਗਾਰ ਹੋਗੁ ਇਕ ਦਾਸੀ ਰਹਿਣਾ ਮਾਸੁ ਮਛੀ ਦੇ ਨੇੜੇ ਨਹੀ ਆਵਣਾ ਸੰਗਤਿ ਦੀ ਚਿਠੀ ਪਹੁਤੀ ਹਕੀਕਤਿ ਸਭ ਮਾਲੂਮ ਹੋਈ ਸੰਗਤ ਦੀ ਮਨਸਾ ਪੂਰੀ ਹੋਗੁ ਗੁਰੂ ਦੀ ਆਗਿਆ ਹੋਇ ਸੰਗਤਿ ਸਰਬਤਿ ਇਕ ਮਜਤਿ ਹੋਹਿ ਤਿਵੇਂ ਰਹਣਾ ਜਾਪੇ ਗੁਰਦਾਸ ਨਾਲ ਲਾਗ ਰਹਣਾ ਕਾਰਵਾਰ ਇਨਾਂ ਨੋ ਦੇਦਿਆਂ ਰਹਣਾ ਸੰਗਤੀ ਉਪਰਿ ਗੁਰੂ ਦੀ ਖਰੀ ਖੁਸ਼ੀ ਹੋਇ ਸੰਗਤੀ ਦਾ ਰੁਜਗਾਰ ਹੋਗਾ ਸੰਗਤਿ ਆਪ ਵਿਚਿ ਇਕਤ੍ਰ ਕਰਣਾ ਸੰਗਤੀ ਦੀ ਖਰੀ ਖੁਸ਼ੀ ਗੁਰੂ ਦੀਨਾ ਦੇ ਹੋਦੇ ਹੋਇ ਸਭ ਮੇਰੇ ਪੁਤ ਹੈਨ ਸਭਨਾ ਇਕਤੇ ਜੀਐ ਹੋਣਾ..... ।[1]

ਦੂਜਾ ਹੁਕਮਨਾਮਾ ਇਸ ਤਰ੍ਹਾਂ ਹੈ:

'ਦੁਇ ਜੋੜੀ ਕੁਕੋਂ ਖਰੇ ਭਾਲਿ ਦਮ ਪਕੜਦੇ ਹੋਨ ਉਹ ਟੋਲ ਕੇ ਭੇਜਣੇ ਜਹ ਕਹਾ ਤੇ ਭੇਜਣੇ ਚੰਗੇ ਟੋਲ ਕੇ ਭੇਜਣੇ। ਭਾਈ ਜਾਪੁ ਭਾਈ ਗੁਰਦਾਸ ਭਾਈ ਮੁਰਾਰੀ ਭਾਈ ਜੰਤਾ ਭਾਈ ਦਿਆਲਾ ਗੁਰੂ ਗੁਰੂ ਜਪਣਾ ਜਨਮੁ ਸਵਰੇ। ਸੰਗਤਿ ਦੀ ਕਾਮਨਾ ਪੁਰ ਹੋਗੁ ਸੰਗਤੀ ਦਾ ਰੁਜਗਾਰ ਹੋਗੁ ਸੰਗਤਿ ਕੀ ਕਾਰ ਜੁ ਲੇਹਗੁ ਗੁਰੂ ਦੀ ਆਗਿਆ ਹੋਇ ਕਰਿ ਤਨੁ ਕਰਣਾ ਇਕ ਦਾਸ ਭਲੀ ਜੁਗਤਿ ਰਹਣਾ ਮਾਸੁ ਮਛੀ ਦੇ ਨੇੜੇ ਨਹੀਂ ਆਵਣਾ। ਪੂਰਬ ਦੀ ਸੰਗਤਿ ਗੁਰੂ ਦਾ ਖਾਲਸਾ ਹੋਇ ਉਪਰੰਤ ਗੁਰੂ ਦੀ ਆਗਿਆ ਹੋਇ....... ॥

ਇਨ੍ਹਾਂ ਹੁਕਮਨਾਮਿਆਂ ਵਿਚ ਦਰਜ ਸਾਫ ਅਤੇ ਸਪਸ਼ਟ ਗੱਲਾਂ ਦੇ ਖਿਲਕੁਲ ਉਲਟ ਸਾਡੇ ਇਤਿਹਾਸਕਾਰਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਸੰਬੰਧ ਵਿਚ ਬਿਨਾ ਕਿਸੇ ਸੋਚ ਵਿਚਾਰ ਦੇ ਇਹ ਗੱਲ ਜੋੜ ਰੱਖੀ ਹੈ ਕਿ ਉਨ੍ਹਾਂ ਨੇ ਸਿਖਾਂ ਨੂੰ ਮਾਸ ਖਾਣ ਦੀ ਖੁੱਲ ਦੇ ਰੱਖੀ ਸੀ। ਗੋਕਲ ਚੰਦ ਨਾਰੰਗ ਨੇ ਲਿਖਿਆ ਹੈ: With the change of aims the occupation changed and with the change in the occupation came a change in tastes and even diet. Animal food was not only sanctioned but was encouraged."[2]

ਇਹੀ ਗੱਲਾਂ ਇੰਦੂ ਭੂਸ਼ਣ ਬੈਨਰਜੀ ਨੇ ਵੀ ਲਿਖ ਦਿੱਤੀਆਂ ਹਨ: "Animal diet was permitted and even encouraged and his disciples soon imitated their Guru in these robust practices."[3] Hari Ram Gupta writes, "Hargobind sanctioned and encouraged meat diet and hunting."[4]

---

1. *ਹੁਕਮਨਾਮੇ* (ਸ. ਗੰਡਾ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967, ਪੰਨੇ 62-67.
2. *Transformation of Sikhism*, New Delhi, 1960, p. 60.
3. *Evolution of the Khalsa*, Vol. II, Calcutta, 1962, p. 8.
4. *History of the Sikhs* (The Sikh Gurus 1469-1708), New Delhi, 1994, p. 156.

ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਬਿਰਤਾਂਤ ਬਾਰੇ ਲਿਖਣ ਵਾਲੇ ਇਹ ਪ੍ਰਮੁੱਖ ਇਤਿਹਾਸਕਾਰ ਮੰਨੇ ਗਏ ਹਨ ਅਤੇ ਇਨ੍ਹਾਂ ਸਭ ਨੇ ਹੀ ਬਿਨਾਂ ਕਿਸੇ ਸੋਚ ਵਿਚਾਰ ਦੇ ਇਹ ਗੱਲ ਲਿਖ ਛੱਡੀ ਹੈ। ਗੁਰੂ ਸਾਹਿਬ ਦੇ ਆਪਣੇ ਹੁਕਮਨਾਮਿਆਂ ਦੇ ਸਾਹਮਣੇ ਇਨ੍ਹਾਂ ਇਤਿਹਾਸਕਾਰਾਂ ਦੇ ਨਿਰਣਿਆਂ ਦਾ ਕੀ ਮਹੱਤਵ ਹੈ? ਹੁਕਮਨਾਮਿਆਂ ਵਿਚ ਸਾਫ ਲਿਖਿਆ ਗਿਆ ਹੈ ਕਿ 'ਮਾਸ-ਮਛੀ ਦੇ ਨੇੜੇ ਨਹੀਂ ਜਾਣਾ' ਪਰ ਇਹ ਇਤਿਹਾਸਕਾਰ ਅਤੀ ਭਰੋਸੇਯੋਗ ਮੌਲਿਕ ਸਰੋਤ ਨੂੰ ਅੱਖੋਂ ਓਹਲੇ ਕਰ ਕੇ ਗਲਤ ਨਿਰਣੇ ਦੇ ਰਹੇ ਹਨ। ਇਸ ਤਰ੍ਹਾਂ ਇਹ ਗੱਲ ਬਿਲਕੁਲ ਗਲਤ ਹੈ ਕਿ ਗੁਰੂ ਸਾਹਿਬ ਨੇ ਸਿਖਾਂ ਨੂੰ ਮਾਸ ਖਾਣ ਦੀ ਖੁੱਲ ਦੇ ਦਿੱਤੀ ਸੀ। ਸ਼ਿਕਾਰ ਖੇਡਣਾ ਬਿਲਕੁਲ ਹੀ ਵੱਖਰੀ ਗੱਲ ਹੈ। ਸ਼ਿਕਾਰ ਖੇਡਣ ਤੋਂ ਭਾਵ ਮਾਸ ਖਾਣ ਦੀ ਖੁੱਲ ਦੇਣ ਦਾ ਨਹੀਂ ਹੋ ਸਕਦਾ। ਸ਼ਿਕਾਰ ਖੇਡਣਾ, ਸਿਖਾਂ ਨੂੰ ਇਕ ਟਰੇਨਿੰਗ ਦੇਣ ਦਾ ਸਾਧਨ ਵੀ ਹੋ ਸਕਦਾ ਹੈ ਅਤੇ ਜੰਗਲੀ ਇਲਾਕਿਆਂ ਦੀ ਭੂਗੋਲਿਕ ਜਾਣਕਾਰੀ ਲੈਣ ਦਾ ਇਕ ਤਰੀਕਾ ਵੀ।

ਇਨ੍ਹਾਂ ਦੋ ਮੌਲਿਕ ਸਰੋਤਾਂ ਤੋਂ ਪਿੱਛੋਂ ਸਮਕਾਲੀ ਸਰੋਤ ਆਉਂਦੇ ਹਨ ਜਿਨ੍ਹਾਂ ਵਿਚ ਪਹਿਲਾ ਦਰਜਾ ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਹੈ। ਇਹ ਕੁੱਲ ਵਾਰਾਂ ਭਾਵੇਂ 40 ਹਨ ਅਤੇ ਇਨ੍ਹਾਂ ਵਿੱਚੋਂ ਸਿੱਧੇ ਤੌਰ 'ਤੇ ਸਿਰਫ ਦੋ ਹੀ ਪਾਉੜੀਆਂ ਗੁਰੂ ਜੀ ਦੇ ਜੀਵਨ ਬਿਰਤਾਂਤ ਬਾਰੇ ਚਾਨਣਾ ਪਾਉਣ ਵਾਲੀਆਂ ਹਨ। ਭਾਵੇਂ ਖਿੰਡਵੀਆਂ ਇਕੜ-ਦੁੱਕੜ ਲਾਈਨਾਂ ਕਈ ਹਨ। ਇਹ ਦੋ ਪਾਉੜੀਆਂ ਇਹ ਹਨ:-

1. *ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰ ਭਾਰੀ।*
   ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।
   ਚਲੀ ਪੀੜੀ ਸੋਢੀਆਂ ਰੂਪੁ ਦਿਖਾਵਣਿ ਵਾਰੋ ਵਾਰੀ।
   ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।
   ਪੁਛਨਿ ਸਿਖ ਅਰਦਾਸਿ ਕਰਿ ਛਿਅ ਮਹਲਾਂ ਤਕਿ ਦਰਸੁ ਨਿਹਾਰੀ।
   ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ।
   ਕਲਿਜੁਗ ਪੀੜੀ ਸੋਢੀਆਂ ਨਿਹਚਲ ਨੀਂਵ ਉਸਾਰਿ ਖਲਾਰੀ।
   ਜੁਗਿ ਜੁਗਿ ਸਤਿਗੁਰੁ ਧਰੇ ਅਵਤਾਰੀ।[1]
2. *ਧਰਮਸਾਲ ਕਰਿ ਬਹੀਂਦਾ ਇਕਤ ਥਾਉ ਨ ਟਿਕੈ ਟਿਕਾਇਆ।*
   ਪਾਤਿਸਾਹ ਘਰਿ ਆਵਦੇ ਗੜਿ ਚੜਿਆ ਪਾਤਸਾਹ ਚੜਾਇਆ।
   ਉਮਤਿ ਮਹਲੁ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ।
   ਮੰਜੀ ਬਹਿ ਸੰਤੋਖ ਦਾ ਕੁਤੇ ਰਖਿ ਸਿਕਾਰ ਖਿਲਾਇਆ।
   ਬਾਣੀ ਕਰ ਸੁਣਿ ਗਾਂਵਦਾ ਕਥੈ ਨਾ ਸੁਣੈ ਨ ਗਾਵਿ ਸੁਣਾਇਆ।
   ਸੇਵਕ ਪਾਸ ਨ ਰਖੀਅਨਿ ਦੋਖੀ ਦੁਸਟ ਆਗੂ ਮੁਹਿ ਲਾਇਆ।
   ਸਚੁ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ।
   ਅਜਰੁ ਜਰੈ ਨ ਆਪੁ ਜਣਾਇਆ।[2]

---

1. *ਵਾਰਾਂ ਭਾਈ ਗੁਰਦਾਸ ਜੀ,* ਪੰਨਾ 24.
2. ਉਕਤ, ਪੰਨਾ 288

ਇਹ ਤਾਂ ਦੋ ਪਾਉੜੀਆਂ ਸਿੱਧੀਆਂ ਹੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਹਨ ਜਿਨ੍ਹਾਂ ਤੋਂ ਸਾਨੂੰ ਗੁਰੂ ਸਾਹਿਬ ਦੇ ਮਹਾਨ ਜੋਧਾ ਹੋਣ ਦਾ, ਉਨ੍ਹਾਂ ਵੱਲੋਂ ਹਥਿਆਰਬੰਦ ਨੀਤੀ ਧਾਰਨ ਕਰਨ ਦਾ; ਅਤੇ ਨਿਰਭਉ ਹੋ ਕੇ ਵਿਚਰਨ ਦਾ ਸਬੂਤ ਮਿਲਦਾ ਹੈ। 26ਵੀਂ ਵਾਰ ਦੀ 25ਵੀਂ ਪਾਉੜੀ 'ਖੇਤੀ ਵਾੜਸੁ ਢਿੰਗਰੀ ਕਿਕਰ ਆਸ ਪਾਸ ਜਿਉ ਬਾਗੇ। ....ਪਿਰਮ ਪਿਆਲੇ ਦੁਤਰ ਝਾਗੇ।' ਤੋਂ ਇਸ ਹਥਿਆਰਬੰਦ ਨੀਤੀ ਦਾ ਅਸਲ ਮਨੋਰਥ ਦਰਸਾਇਆ ਗਿਆ ਹੈ ਜਿਸ ਦਾ ਮਤਲਬ ਹੈ ਕਿ ਧਰਮ ਦੀ ਰੱਖਿਆ ਵੀ ਤਲਵਾਰ ਤੋਂ ਬਿਨਾਂ ਨਹੀਂ ਹੋ ਸਕਦੀ। ਕੁਝ ਇੱਕੜ-ਦੁੱਕੜ ਹੋਰ ਵੀ ਲਾਈਨਾਂ ਗੁਰੂ ਸਾਹਿਬ ਦੀ ਨੀਤੀ ਦੀਆਂ ਲਖਾਇਕ ਹਨ ਜਿਵੇਂ ਕਿ ਪਹਿਲੀ ਵਾਰ ਦੀ 47ਵੀਂ ਪਾਉੜੀ ਦੀ ਇਹ ਲਾਈਨ ਹੈ:' ਫਿਰਿ ਆਈ ਘਰਿ ਅਰਜਣੇ ਪੁਤੁ ਸੰਸਾਰੀ ਗੁਰੂ ਕਹਾਵੈ।' ਜਿਸ ਤੋਂ ਭਾਵ ਹੈ ਕਿ ਗੁਰੂ ਜੀ ਨੇ ਧਾਰਮਿਕ ਸ਼ਕਤੀ ਦੇ ਨਾਲ-ਨਾਲ ਸਿਖਾਂ ਦੇ ਆਤਮ-ਨਿਰਣੈ ਦੀ ਸ਼ਕਤੀ ਵੀ ਧਾਰਨ ਕਰ ਲਈ ਸੀ। ਕੁਝ ਇਕ ਪਾਉੜੀਆਂ ਵਿਚ ਦਰਸਾਇਆ ਗਿਆ ਹੈ ਕਿ ਸਭ ਗੁਰੂ ਇਕ ਹੀ ਜੋਤ ਹਨ ਅਤੇ ਇਕੋ ਹੀ ਵਿਚਾਰਧਾਰਾ ਨੂੰ ਮੰਨਣ ਵਾਲੇ ਹਨ।

ਦੂਸਰਾ ਸਮਕਾਲੀ ਸਰੋਤ ਜ਼ੁਲਫ਼ਕਾਰ ਅਰਧਿਸਤਾਨੀ ਦੀ ਲਿਖਤ ਦਬੇਸਤਾਨੇ ਮਜ਼ਾਹਿਬ ਹੈ। ਇਤਿਹਾਸਿਕ ਤੌਰ 'ਤੇ ਇਸ ਦੀ ਬੜੀ ਮਹੱਤਤਾ ਹੋਣੀ ਚਾਹੀਦੀ ਸੀ ਪਰ ਉਸ ਦੀ ਲਿਖਤ ਵਿਚ ਕੁਝ ਤੱਥ ਐਸੇ ਹਨ ਜਿਹੜੇ ਇਕ ਦਮ ਗਲਤ ਹਨ। ਕਿਉਂਕਿ ਇਨ੍ਹਾਂ ਦੀ ਸਿਖ ਵਿਚਾਰਧਾਰਾ, ਸਿਖ ਵਿਸ਼ਵਾਸ਼ ਅਤੇ ਸਿਖ ਰਵਾਇਤ ਨਾਲ ਮੇਲਤਾ ਨਹੀਂ ਹੋ ਸਕਦੀ। ਕੁਝ ਤੱਥ ਐਸੇ ਹਨ ਜਿਹੜੇ ਸਪਸ਼ਟ ਨਹੀਂ ਹਨ। ਅਜਿਹੇ ਤੱਥਾਂ ਨੂੰ ਅਨੇਕਾਂ ਕਿੰਤੂ-ਪਰੰਤੂ ਕਰਨ ਪਿੱਛੋਂ ਹੀ ਮੰਨਿਆ ਜਾ ਸਕਦਾ ਹੈ। ਜ਼ੁਲਫ਼ਕਾਰ ਅਰਧਿਸਤਾਨੀ ਦੀ ਲਿਖਤ ਜਿੰਨੀ ਕੁ ਗੁਰੂ ਹਰਿ ਗੋਬਿੰਦ ਸਾਹਿਬ ਨਾਲ ਸੰਬੰਧਿਤ ਹੈ ਉਹ ਇਸ ਤਰ੍ਹਾਂ ਹੈ:

1. ਸਿਖਾਂ ਦਾ ਵਿਸ਼ਵਾਸ਼ ਹੈ ਕਿ ਸਾਰੇ ਗੁਰੂ, ਨਾਨਕ ਹੀ ਹਨ। (ਗੁਰ) ਹਰਿਗੋਬਿੰਦ ਆਪਣੇ ਖਤੋ-ਖ਼ਿਤਾਬਤ ਵਿਚ ਆਪਣੇ ਆਪ ਨੂੰ ਨਾਨਕ ਹੀ ਲਿਖਦੇ ਹਨ।

2. ਗੁਰੂ ਦੇ ਮੁੱਖੀ ਮਸੰਦ ਸਭ ਜੱਟ ਹਨ।

3. ਕਿਉਂਕਿ ਸਿਖ, ਗੁਰੂਆਂ ਨੂੰ ਸੱਚੇ ਪਾਤਸ਼ਾਹ ਮੰਨਦੇ ਹਨ ਇਸ ਲਈ ਉਨ੍ਹਾਂ ਦੇ ਨੁਮਾਇੰਦਿਆਂ ਨੂੰ ਮਸੰਦ ਕਿਹਾ ਜਾਂਦਾ ਹੈ।

4. ਉਸ ਨੂੰ (ਗੁਰੂ) ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਵਿੱਚੋਂ ਇਕ ਇਹ ਸੀ ਕਿ ਉਸ ਨੇ ਇਕ ਸਿਪਾਹੀ ਦਾ ਜੀਵਨ ਅਪਣਾ ਲਿਆ ਸੀ; ਆਪਣੇ ਪਿਤਾ ਦੀ ਨੀਤੀ ਦੇ ਉਲਟ ਤਲਵਾਰ ਪਹਿਨ ਲਈ ਸੀ, ਹਥਿਆਰਬੰਦ ਸੈਨਿਕ ਰੱਖ ਲਏ ਅਤੇ ਸ਼ਿਕਾਰ ਖੇਡਣਾ ਸ਼ੁਰੂ ਕਰ ਦਿੱਤਾ ਸੀ। ਬਾਦਸ਼ਾਹ (ਜਹਾਂਗੀਰ) ਨੇ ਗੁਰੂ ਅਰਜਨ ਦੇਵ ਵੱਲ ਰਹਿੰਦਾ ਜੁਰਮਾਨੇ ਦਾ ਬਕਾਇਆ ਲੈਣ ਲਈ ਉਸ (ਗੁਰੂ) ਨੂੰ ਗਵਾਲੀਅਰ ਭੇਜ ਦਿੱਤਾ ਜਿੱਥੇ ਕਿ ਉਹ ਬਾਰਾਂ ਸਾਲ ਰਹੇ। ਉੱਥੇ ਉਨ੍ਹਾਂ ਨੂੰ ਲੂਣ ਅਤੇ ਰੋਟੀ ਵੀ ਨਹੀਂ ਦਿੱਤੀ ਜਾਂਦੀ ਸੀ।

5. ਇਸ ਸਮੇਂ (ਜੇਲ੍ਹ ਦੌਰਾਨ) ਮਸੰਦ ਅਤੇ ਸਿਖ ਉੱਥੇ (ਗਵਾਲੀਅਰ) ਜਾਂਦੇ ਸਨ ਅਤੇ ਕਿਲੇ ਦੀਆਂ ਦੀਵਾਰਾਂ ਨੂੰ ਨਮਸਕਾਰ ਕਰਦੇ ਸਨ। ਆਖੀਰ ਨੂੰ ਬਾਦਸ਼ਾਹ ਨੇ ਤਰਸ ਕਰ ਕੇ ਗੁਰੂ ਨੂੰ ਰਿਹਾ ਕਰ ਦਿੱਤਾ।

6. ਉਹ (ਗੁਰੂ) ਰਿਹਾ ਹੋਣ ਉਪਰੰਤ ਰਾਮਦਾਸਪੁਰ ਵਾਪਸ ਆ ਗਏ ਜਿੱਥੇ ਕਿ ਗੁਰੂ

ਰਾਮ ਦਾਸ ਅਤੇ ਅਰਜਨ ਮੱਲ ਨੇ ਬਹੁਤ ਆਲੀਸ਼ਾਨ ਇਮਾਰਤਾਂ ਅਤੇ ਸੁੰਦਰ ਸਰੋਵਰ ਬਣਵਾਏ ਹੋਏ ਸਨ। ਉੱਥੇ ਉਸ ਉੱਪਰ ਸ਼ਾਹ ਜਹਾਨ ਦੇ ਹੁਕਮ ਨਾਲ ਸ਼ਾਹੀ ਫੌਜ ਦੇ ਅਧਿਕਾਰੀਆਂ ਦੁਆਰਾ ਹਮਲਾ ਕੀਤਾ ਗਿਆ ਅਤੇ ਗੁਰੂ ਦੀ ਜਾਇਦਾਦ ਨੂੰ ਲੁੱਟ ਲਿਆ ਗਿਆ।

7. ਇਸ ਥਾਂ (ਅੰਮ੍ਰਿਤਸਰ) ਤੋਂ ਉਹ ਛੇਤੀ ਨਾਲ ਕਰਤਾਰਪੁਰ ਵਲ ਆ ਗਏ।

8. ਇਸ ਥਾਂ 'ਤੇ ਵੀ ਉਨ੍ਹਾਂ ਨੂੰ ਲੜਾਈ ਕਰਨੀ ਪਈ।......ਇਸ ਲੜਾਈ ਵਿਚ ਇਕ ਸਿਪਾਹੀ ਨੇ ਉਨ੍ਹਾਂ ਵਲ ਤਲਵਾਰ ਚਲਾਈ ਜੋ ਖਾਲੀ ਗਈ। ਗੁਰੂ ਨੇ ਉਸ ਨੂੰ ਆਪਣੀ ਤਲਵਾਰ ਦਾ ਵਾਰ ਕਰਦੇ ਹੋਏ ਕਿਹਾ ਕਿ 'ਤਲਵਾਰ ਚਲਾਉਣ ਦਾ ਇਹ ਤਰੀਕਾ ਨਹੀਂ ਹੈ ਇਹ ਤਾਂ ਇਸ ਤਰ੍ਹਾਂ ਚਲਾਈਦੀ ਹੈ।' ਇਹ ਕਹਿੰਦਿਆਂ ਹੋਇਆਂ ਉਨ੍ਹਾਂ ਨੇ ਇਕੋ ਵਾਰ ਨਾਲ ਉਸ ਦੇ ਜੀਵਨ ਨੂੰ ਖ਼ਤਮ ਕਰ ਦਿੱਤਾ।

9. ਕਰਤਾਰਪੁਰ ਦੀ ਲੜਾਈ ਪਿੱਛੋਂ ਉਹ ਫਗਵਾੜੇ ਚਲੇ ਗਏ ਕਿਉਂਕਿ ਉਨ੍ਹਾਂ ਦੀ ਇਹ ਰਿਹਾਇਸ਼ ਲਾਹੌਰ ਦੇ ਨੇੜੇ ਸੀ ਜੋ ਖ਼ਤਰੇ ਤੋਂ ਖਾਲੀ ਨਹੀਂ ਸੀ। ਇਸ ਲਈ ਉਹ ਜਲਦੀ ਕੀਰਤਪੁਰ ਚਲੇ ਗਏ ਜਿਹੜਾ ਕਿ ਪੰਜਾਬ ਦੀਆਂ ਪਹਾੜੀਆਂ ਵਿਚ ਸਥਿਤ ਸੀ।

10. ਗੁਰੂ ਕੋਲ 700 ਘੋੜੇ, 300 ਘੋੜ ਸਵਾਰ ਜੁਆਨ ਅਤੇ 60 ਤੋਪਚੀ ਸਨ ਜੋ ਹਰ ਸਮੇਂ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਸਨ।

11. (ਮੁਗ਼ਲ) ਸੈਨਾਂ ਵਿੱਚੋਂ ਹਰ ਭਗੌੜਾ ਸਿਪਾਹੀ ਉਨ੍ਹਾਂ ਕੋਲ ਆ ਕੇ ਸ਼ਰਨ ਲੈ ਸਕਦਾ ਹੈ।

12. ਉਹ (ਗੁਰੂ) ਹਮੇਸ਼ਾਂ ਜਹਾਂਗੀਰ ਦੇ ਜੇਤੂ ਲਸ਼ਕਰ ਨਾਲ ਜੁੜੇ ਰਹਿੰਦੇ ਸਨ। ਜਹਾਂਗੀਰ ਦੀ ਮੌਤ ਪਿੱਛੋਂ ਉਹ (ਗੁਰੂ) ਜੇਤੂ ਬਾਦਸ਼ਾਹ ਸ਼ਾਹ ਜਹਾਨ ਦੀ ਸੇਵਾ ਵਿਚ ਸ਼ਾਮਿਲ ਹੋ ਗਏ। ਪਿੱਛੋਂ ਕੁਝ ਸਮੇਂ ਲਈ ਉਨ੍ਹਾਂ ਨੇ ਆਪਣੇ ਆਪ ਨੂੰ ਪੰਜਾਬ ਦੀ ਨਵਾਬੀ ਦੀ ਉਪਾਧੀ ਵਾਲੇ ਇਕ ਹੀਜੜੇ ਜਰਨੈਲ ਯਾਰ ਖਾਨ ਨਾਲ ਜੋੜ ਲਿਆ ਜਿਸ ਨੂੰ ਉਹ ਰਾਜ-ਪਰਬੰਧ ਦੇ ਕੰਮਾਂ ਵਿਚ ਸਹਾਇਤਾ ਦਿੰਦੇ ਸਨ।

13. ਜਦੋਂ (ਅੰਤਮ ਸਮੇਂ) ਉਨ੍ਹਾਂ ਦੀ ਦੇਹ ਨੂੰ ਚਿਖਾ ਉੱਪਰ ਰੱਖਿਆ ਗਿਆ ਸੀ ਅਤੇ ਅੱਗ ਲਗਾਈ ਗਈ ਸੀ ਤਾਂ ਅੱਗ ਦੀਆਂ ਬਲਦੀਆਂ ਲਾਟਾਂ ਵਿਚ ਉਨ੍ਹਾਂ ਦੇ ਇਕ ਰਾਜਪੂਤ ਨੌਕਰ ਨੇ ਤੁਰੰਤ ਆਪਣੇ ਆਪ ਨੂੰ ਅੱਗ ਵਿਚ ਸੁੱਟ ਦਿੱਤਾ ਅਤੇ ਕੁਝ ਕਦਮ ਹੋਰ ਅੱਗੇ ਜਾ ਕੇ ਗੁਰੂ ਜੀ ਦੀ ਦੇਹ ਦੇ ਚਰਨ ਪਕੜ ਲਏ ਸਨ। ਉਸ ਨੇ ਆਪਣਾ ਮੂੰਹ ਗੁਰੂ ਜੀ ਦੇ ਚਰਨਾਂ ਵਿਚ ਛੁਪਾ ਲਿਆ ਸੀ ਅਤੇ ਜਦੋਂ ਤੱਕ ਉਹ ਜਲ ਨਹੀਂ ਗਿਅ ਸੀ ਉਹ ਬਿਲਕੁਲ ਹੀ ਨਹੀਂ ਹਿੱਲਿਆ ਸੀ, ਉਸ ਦੇ ਪਿੱਛੋਂ ਇਕ ਜੱਟ ਦਾ ਪੁੱਤਰ, ਜਿਹੜਾ ਕਿ ਗੁਰੂ ਜੀ ਦੇ ਜੁਆਈ ਦੀ ਸੇ ਵਾ ਵਿਚ ਸੀ, ਅੱਗ ਦੀਆਂ ਲਪਟਾਂ ਵਿਚ ਕੁੱਦ ਪਿਆ। ਇਸ ਪਿੱਛੋਂ ਹੋਰ ਵੀ ਬਹੁਤ ਸਾਰੇ ਵਿਅਕਤੀਆਂ ਨੇ ਇਸ ਤਰ੍ਹਾਂ ਕਰਨਾ ਚਾਹਿਆ ਸੀ ਪਰ ਇਸ ਵਾਰ ਉਨ੍ਹਾਂ ਨੂੰ ਗੁਰੂ ਹਰਿ ਰਾਇ ਜੀ ਨੇ ਮਨ੍ਹਾਂ ਕਰ ਦਿੱਤਾ।[1]

ਉਪਰੋਕਤ ਵਰਨਣ ਕੀਤੇ ਨੁਕਤਿਆਂ ਵਿਚ ਕੁਝ ਨੁਕਤੇ ਐਸੇ ਹਨ ਜਿਵੇਂ ਕਿ ਗੁਰੂ

---

1. *ਮਾਖਿਜ਼-ਤਵਾਰੀਖ਼-ਏ-ਸਿਖਾਂ* (ਸ. ਗੰਡਾ ਸਿੰਘ), ਅੰਮ੍ਰਿਤਸਰ, 1949, ਪੰਨੇ 33-49.

ਹਰਿਗੋਬਿੰਦ ਸਾਹਿਬ ਵੱਲੋਂ ਬਾਦਸ਼ਾਹ ਦੀ ਨੌਕਰੀ ਕਰ ਲੈਣਾ; ਹਰ ਫੌਜੀ ਭਗੌੜੇ ਨੂੰ ਸ਼ਰਨ ਦੇਣਾ ਆਦਿ। ਇਹ ਗੱਲਾਂ ਸਿਖ ਧਰਮ ਦੀ ਵਿਚਾਰਧਾਰਾ, ਵਿਸ਼ਵਾਸ ਅਤੇ ਰਵਾਇਤਾਂ ਦੇ ਬਿਲਕੁਲ ਉਲਟ ਹਨ। ਜੇਕਰ ਇਨ੍ਹਾਂ ਨੁਕਤਿਆਂ ਨੂੰ ਮੰਨ ਲਿਆ ਜਾਂਦਾ ਹੈ ਤਾਂ ਗੁਰੂ ਹਰਿਗੋਬਿੰਦ ਸਾਹਿਬ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਲਾਈਨ ਵਿਚ ਨਹੀਂ ਰੱਖੇ ਜਾ ਸਕਦੇ ਜਦੋਂ ਕਿ ਇਹ ਗੱਲ ਪਰਪੱਕ ਤੌਰ 'ਤੇ ਮੰਨੀ ਜਾ ਚੁੱਕੀ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਗੁਰੂ ਨਾਲਕ ਦਾ ਹੀ ਛੇਵਾਂ ਰੂਪ ਸਨ। ਇਸ ਲਈ ਭਾਈ ਗੁਰਦਾਸ ਜੀ ਦੀ ਗਵਾਹੀ ਸਾਹਮਣੇ, ਸਿਖ ਵਿਸ਼ਵਾਸ਼ ਦੇ ਸੰਦਰਭ ਵਿਚ ਅਤੇ ਸਿਖ ਰਵਾਇਤ ਦੀ ਰੋਸ਼ਨੀ ਵਿਚ ਦਬੇਸਤਾਨ ਜੈਸੀ ਸਮਕਾਲੀ ਲਿਖਤ ਦਾ ਇਹ ਕਥਨ ਕੋਈ ਮਾਅਣੇ ਨਹੀਂ ਰੱਖਦਾ। ਵੈਸੇ ਤਾਂ ਦਬੇਸਤਾਨੇ ਮਜ਼ਾਹਿਬ ਵਿਚ ਹਰ ਲਿਖੀ ਗਈ ਗੱਲ ਇੰਨ-ਬਿੰਨ ਨਹੀਂ ਮੰਨੀ ਜਾ ਸਕਦੀ ਫਿਰ ਵੀ ਕੁਝ ਗੱਲਾਂ ਬਾਰੇ ਅਸੀਂ ਆਪਣੇ ਵਲੋਂ ਕੁਝ ਸਪਸ਼ਟੀਕਰਨ ਦੇ ਕੇ ਮੰਨ ਲੈਂਦੇ ਹਾਂ ਪਰ ਇਹ ਗੱਲ ਤਾਂ ਉਕਾ ਹੀ ਮੰਨਣਯੋਗ ਨਹੀਂ ਹੈ ਕਿ ਗੁਰੂ ਹਰਿਗੋਬਿੰਦ ਜੈਸਾ, ਸਿਖਾਂ ਦਾ ਛੇਵਾਂ ਪਾਤਸ਼ਾਹ ਸਰਕਾਰ ਦੀ ਨੌਕਰੀ ਕਰਦਾ ਰਿਹਾ ਹੋਵੇ। ਇਕ ਪਾਸੇ ਤਾਂ ਗੁਰੂ ਸਾਹਿਬ ਅਕਾਲ ਤਖ਼ਤ ਦੀ ਸਿਰਜਣਾ ਕਰਦੇ ਹਨ, ਖ਼ੁਦ ਬਾਦਸ਼ਾਹਾਂ ਵਾਂਗ ਵਿਚਰ ਕੇ ਸਿਖਾਂ ਵਿਚ ਆਤਮ ਸਾਸ਼ਨ ਅਤੇ ਆਤਮ-ਵਿਸ਼ਵਾਸ਼ ਦੀ ਭਾਵਨਾ ਭਰ ਰਹੇ ਹਨ। ਕਿੱਥੇ ਉਨ੍ਹਾਂ ਬਾਰੇ ਸਰਕਾਰੀ ਨੌਕਰ ਹੋਣ ਦੀ ਗੱਲ ਕਹੀ ਜਾਂਦੀ ਹੈ। ਗੁਰੂ ਸਾਹਿਬ ਇਕ ਪਾਸੇ ਤਾਂ ਸੱਚਾ-ਪਾਤਸ਼ਾਹ ਦਾ ਸੰਕਲਪ ਉਜਾਗਰ ਕਰ ਰਹੇ ਹਨ ਤੇ ਦੂਜੇ ਪਾਸੇ ਬਾਦਸਾਹ ਦੀ ਸੇਵਾ ਪਰਵਾਨ ਕਰਨ ਦੀ ਗੱਲ ਕਹੀ ਜਾਂਦੀ ਹੈ। ਇਸ ਲਈ ਅਜਿਹੀਆਂ ਗੱਲਾਂ ਭਾਵੇਂ ਕਿਹੋ ਜਿਹੇ ਵੀ ਸਮਕਾਲੀ ਤੱਥਾਂ ਰਾਹੀਂ ਦੱਸੀਆਂ ਗਈਆਂ ਹੋਣ ਲੇਕਿਨ ਉਹ ਅਕਾਲ ਤਖ਼ਤ ਦੀ ਸਥਾਪਨਾ ਸਾਹਮਣੇ, ਸੱਚੇ ਪਾਤਸ਼ਾਹ ਦੇ ਸੰਕਲਪ ਸਾਹਮਣੇ ਅਤੇ ਗੁਰੂ ਜੀ ਦੀ ਬਾਦਸ਼ਾਹੀ ਠਾਠ ਦੇ ਸਾਹਮਣੇ ਨਿਰਾਰਥਕ ਹਨ। ਦੂਜੀ ਗੱਲ ਕੇ ਗੁਰੂ ਹਰਿਗੋਬਿੰਦ ਸਾਹਿਬ ਕੋਲ ਮੁਗਲ ਸੈਨਾ ਦਾ ਹਰ ਭਗੌੜਾ ਸਿਪਾਹੀ ਸ਼ਰਨ ਲੈ ਸਕਦਾ ਸੀ। ਇਹ ਗੱਲ ਉੱਕਾ ਹੀ ਮੰਨੀ ਨਹੀਂ ਜਾ ਸਕਦੀ। ਗੁਰੂ ਹਰਿਗੋਬਿੰਦ ਸਾਹਿਬ ਬਾਰੇ ਲਿਖਣ ਵਾਲੇ ਇਤਿਹਾਸਕਾਰਾਂ ਨੇ ਇਸ ਤੋਂ ਵੀ ਦੋ ਕਦਮ ਹੋਰ ਅੱਗੇ ਜਾ ਕੇ ਇਹ ਸਿੱਟਾ ਕੱਢ ਦਿੱਤਾ ਹੈ। ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੀ ਫੌਜ ਵਿਚ ਹਰ ਪਰਕਾਰ ਦਾ ਸਮਾਜ ਵਿਰੋਧੀ ਅਨਸਰ ਭਰਤੀ ਕਰ ਰੱਖਿਆ ਸੀ ਅਤੇ ਅਨੇਕਾਂ ਹੀ ਅਪਰਾਧੀ ਕਿਸਮ ਦੇ ਡਾਕੂਆਂ ਤੇ ਅਵਾਰਾਂ ਬੰਦਿਆਂ ਨੂੰ ਇਕੱਠੇ ਕੀਤਾ ਹੋਇਆ ਸੀ। ਮਿਸਾਲ ਦੇ ਤੌਰ 'ਤੇ ਕਨਿੰਘਮ ਲਿਖਦਾ ਹੈ: "Hargobind appears to have admitted criminals and fugitives among his followers."[1] Gokal Chand Narang writes, "He enlisted all malcontents and fugitives among his followers and took many dacoits and free-booters into his service."[2]

ਇਹ ਗੱਲ ਨਾ ਹੀ ਕਿਸੇ ਮੌਲਿਕ ਸਰੋਤ ਵਿਚ ਅਤੇ ਨਾ ਹੀ ਕਿਸੇ ਸਮਕਾਲੀ ਸਰੋਤ ਵਿਚ ਦਰਜ ਹੈ। ਬਿਨਾਂ ਕਿਸੇ ਸਰੋਤ ਦੇ ਹੀ ਸਾਡੇ ਇਤਿਹਾਸਕਾਰਾਂ ਨੇ ਇਹ ਗੱਲਾਂ ਗੁਰੂ ਹਰਿਗੋਬਿੰਦ ਸਾਹਿਬ ਨਾਲ ਜੋੜ ਰਖੀਆਂ ਹਨ। ਭਾਈ ਗੁਰਦਾਸ ਜੀ ਦੀ ਵਾਰ, ਜਿਸ ਵਿਚ

---

1. *A History of The Sikhs*, New Delhi, 1985, p. 50.
2. *op. cit.*, p. 61.

ਲਿਖਿਆ ਗਿਆ ਹੈ ਕਿ 'ਸੇਵਕ ਪਾਸ ਨ ਰਖਅਨਿ ਦੋਖੀ ਦੁਸ਼ਟ ਆਗੂ ਮੁਹਿ ਲਾਇਆ' ਇਹ ਵੀ ਇਸ ਗੱਲ ਦਾ ਅਧਾਰ ਨਹੀਂ ਬਣ ਸਕਦੀ ਕਿਉਂਕਿ ਇਸ ਵਾਰ ਰਾਹੀਂ ਭਾਈ ਗੁਰਦਾਸ ਜੀ ਉਨ੍ਹਾਂ ਗੁਰੂ-ਨਿੰਦਕਾਂ ਵੱਲੋਂ ਕਹੀਆਂ ਜਾ ਰਹੀਆਂ ਗੱਲਾਂ ਨੂੰ ਕਲਮਬੰਦ ਕਰ ਰਹੇ ਹਨ ਜਿਹੜੇ ਹਰਿਗੋਬਿੰਦ ਸਾਹਿਬ ਦੇ ਸੰਬੰਧ ਵਿਚ ਗਲਤ ਪਰਚਾਰ ਕਰਦੇ ਸਨ। ਇਨ੍ਹਾਂ ਗੱਲਾਂ ਦਾ ਖੰਡਨ ਭਾਈ ਸਾਹਿਬ ਇਸ ਪਾਉੜੀ ਦੇ ਅਖੀਰ ਵਿਚ ਇਹ ਕਹਿ ਕੇ ਖੁਦ ਹੀ ਕਰ ਦਿੰਦੇ ਹਨ:' ਸਚ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ। ਅਜਰੁ ਜਰੈ ਨ ਆਪੁ ਜਣਾਇਆ।' ਕਿੰਨੀ ਬੇਇਨਸਾਫੀ ਹੈ ਜਿਹੜੀ ਸਾਡੇ ਇਤਿਹਾਸਕਾਰਾਂ ਨੇ ਇਹ ਗੱਲ ਲਿਖ ਕੇ ਗੁਰੂ ਸਾਹਿਬ ਨਾਲ ਕੀਤੀ ਹੈ। ਜੇਕਰ ਦਲੀਲ ਦੇ ਤੌਰ 'ਤੇ ਵੀ ਇਸ ਗੱਲ ਨੂੰ ਵਿਚਾਰਿਆ ਜਾਵੇ ਤਾਂ ਵੀ ਇਹ ਗੱਲ ਠੀਕ ਨਹੀਂ ਉਤਰਦੀ।

ਇਹ ਗੱਲ ਇਤਿਹਾਸਿਕ ਪਰਮਾਣਾਂ ਸਹਿਤ ਮੰਨੀ ਜਾ ਚੁੱਕੀ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿਰਫ਼ ਜਹਾਂਗੀਰ ਦੇ ਧਾਰਮਿਕ ਸਾੜੇ ਕਾਰਨ ਹੀ ਹੋਈ ਸੀ ਜਿਵੇਂ ਕਿ ਉਸ ਦੀ ਆਪਣੀ ਲਿਖਤ ਤੋਂ ਵੀ ਸਾਬਤ ਹੁੰਦਾ ਹੈ। ਇਹ ਵੀ ਕਿ ਗੁਰੂ ਅਰਜਨ ਦੇਵ ਦੀ ਸ਼ਹਾਦਤ ਦਾ ਹਰ ਸਿਖ ਨੂੰ ਅਤੇ ਖੁਦ ਗੁਰੂ ਹਰਿਗੋਬਿੰਦ ਸਾਹਿਬ ਨੂੰ ਸਖ਼ਤ ਗੁੱਸਾ ਸੀ। ਇਸ ਗੁੱਸੇ ਵਜੋਂ ਹੀ ਸਿਖ, ਗੁਰੂ ਹਰਿਗੋਬਿੰਦ ਸਾਹਿਬ ਦੀ ਅਗਵਾਈ ਹੇਠ ਹਕੂਮਤ ਨਾਲ ਹਥਿਆਰਬੰਦ ਟੱਕਰ ਲੈਣ ਲਈ ਤਿਆਰ ਹੋ ਗਏ ਸਨ। ਕੀ ਹਥਿਆਰਬੰਦ ਟੱਕਰ ਸਿਰਫ ਚੋਰ ਜਾਂ ਡਾਕੂ ਕਿਸਮ ਦੇ ਲੋਕ ਹੀ ਲੈਣਗੇ? ਜਾਂ ਮੁਗਲ ਹਕੂਮਤ ਵਿੱਚੋਂ ਭਗੌੜਾ ਹੋ ਚੁੱਕਿਆ ਸਿਪਾਹੀ ਲਵੇਗਾ? ਕੀ ਹਕੂਮਤ ਨਾਲ ਟੱਕਰ ਉਚ-ਆਚਰਣ ਵਾਲੇ ਅਤੇ ਸੱਚ ਤੇ ਪਹਿਰਾ ਦੇਣ ਵਾਲੇ ਲੋਕ ਲੈ ਸਕਦੇ ਸਨ ਜਾਂ ਭੈੜੀ ਬਿਰਤੀ ਵਾਲੇ ਚੋਰ ਜਾਂ ਡਾਕੂ? ਇਹ ਗੱਲ ਇਕ ਪਰਤੱਖ ਸੱਚਾਈ ਹੈ ਕਿ ਹੁਣ ਤੱਕ ਦੁਨੀਆਂ ਵਿਚ ਜਿੰਨੇ ਵੀ ਇਨਕਲਾਬ ਆਏ ਨੇ ਉਹ ਸਭ ਸੱਚ 'ਤੇ ਪਹਿਰਾ ਦੇਣ ਵਾਲੇ ਲੋਕਾਂ ਦੀ ਹਿੰਮਤ ਦੇ ਕਾਰਨ ਹੀ ਆਏ ਹਨ। ਕੀ ਕਦੇ ਸੁਣਿਆ ਹੈ ਕਿ ਚੋਰਾਂ ਜਾਂ ਡਾਕੂਆਂ ਨੇ ਇਕੱਠੇ ਹੋ ਕੇ ਸਮਾਜਿਕ ਕਰਾਂਤੀ ਲਿਆਂਦੀ ਹੋਵੇ? ਫਿਰ ਕਿਉਂ ਗੁਰੂ ਹਰਿਗੋਬਿੰਦ ਸਾਹਿਬ ਦੀ ਕਰਾਂਤੀਕਾਰੀ ਸੋਚ ਨਾਲ ਚੋਰ ਜਾਂ ਡਾਕੂਆਂ ਦੇ ਜਾਂ ਸ਼ਾਹੀ ਫੌਜ ਵਿੱਚੋਂ ਭਗੌੜੇ ਹੋਏ ਸਿਪਾਹੀ ਭਰਤੀ ਕਰਨ ਦੀ ਗੱਲ ਜੋੜ ਰੱਖੀ ਹੈ? ਸਾਡੇ ਸੋਚਹੀਣ ਇਤਿਹਾਸਕਾਰਾਂ ਨੇ ਸਿਰਫ ਇਹੀ ਗੱਲ ਹੀ ਨਹੀਂ ਲਿਖੀ ਸਗੋਂ ਇਹ ਵੀ ਇਤਿਹਾਸਿਕ ਨਿਰਣਾ ਦੇ ਦਿੱਤਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਭਵਿੱਖ ਵਿਚ ਮਾੜੇ ਦਿਨਾਂ ਦਾ ਮੁਕਾਬਲਾ ਕਰਨ ਲਈ ਚੋਰਾਂ ਤੇ ਡਾਕੂਆਂ ਨੂੰ ਸਿਖ ਧਰਮ ਵਿਚ ਭਰਤੀ ਕਰਨਾ ਸ਼ੁਰੂ ਕਰ ਦਿੱਤਾ ਸੀ। ਕਮਾਲ ਦਾ ਨਿਰਣਾ ਕੱਢਿਆ ਹੈ। ਕੀ ਚੋਰ ਤੇ ਡਾਕੂ ਹੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਮਾੜੇ ਦਿਨਾਂ ਦੇ ਖਤਰੇ ਤੋਂ ਬਚਾ ਸਕਦੇ ਸਨ? ਚੋਰ ਤੇ ਡਾਕੂਆਂ ਨੂੰ ਸ਼ੁੱਧ ਰਸਤੇ ਉੱਪਰ ਤੋਰਨ ਲਈ ਤਾਂ ਉਨ੍ਹਾਂ ਦਾ ਦਿਲ-ਪਰਿਵਰਤਨ ਕੀਤਾ ਜਾਣਾ ਕੁਦਰਤੀ ਗੱਲ ਹੈ ਪਰ ਇਹ ਕਹਿਣਾ ਕਿ ਚੋਰ ਤੇ ਡਾਕੂਆਂ ਨੂੰ ਸਿਰਫ ਇਸੇ ਲਈ ਸਿਖ ਧਰਮ ਵਿਚ ਲਿਆਂਦਾ ਗਿਆ ਸੀ ਕਿ ਉਹ ਹਕੂਮਤ ਨਾਲ ਲੜ ਕੇ ਸਿਖ ਧਰਮ ਜਾਂ ਸਿਖ ਗੁਰੂ ਨੂੰ ਬਚਾਉਣਗੇ ਇਕ ਥੋਥੀ ਅਤੇ ਤਰਕ-ਰਹਿਤ ਦਲੀਲ ਹੈ। ਸਾਡੇ ਅਜਿਹੇ ਇਤਿਹਾਸਕਾਰ ਲੈ ਦੇ ਕੇ ਇਕਲੇ ਭਾਈ ਬਿਧੀ ਚੰਦ ਦੀ ਮਿਸਾਲ ਦੇਣ 'ਤੇ ਜ਼ੋਰ ਲਾ ਦਿੰਦੇ ਹਨ। ਕੀ ਇਕੱਲੇ ਬਿਧੀ ਚੰਦ ਦੇ ਭਰਤੀ ਹੋਣ ਨਾਲ ਹੀ ਸਾਰੇ ਸਿਖ ਧਰਮ ਦਾ ਜਾਂ ਸਮੁੱਚੀ ਸਿਖ ਲਹਿਰ ਦਾ ਪਰੋਗਰਾਮ ਬਦਲ ਗਿਆ ਸੀ? ਵੈਸੇ ਇਸ ਗੱਲ ਦਾ ਵੀ ਕੋਈ ਪੱਕਾ ਪਤਾ ਨਹੀਂ ਹੈ ਕਿ ਕੀ ਬਿਧੀ ਚੰਦ

ਡਾਕੂ ਸੀ ਵੀ ਜਾਂ ਨਹੀ ਕਿਉਂਕਿ ਇਹ ਗੱਲ ਸਿਰਫ ਉਨ੍ਹਾਂ ਗੁਰਮੁਖੀ ਦੀਆਂ ਲਿਖਤਾਂ ਦੀ ਹੀ ਦੇਣ ਹੈ ਜਿਹੜੀਆਂ ਫਜ਼ੂਲ ਦੀਆਂ ਗੱਲਾਂ ਵਿਚ ਸਿਖ ਧਰਮ ਦੇ ਵਿਕਾਸ ਨੂੰ ਉਲਝਾ ਰਹੀਆਂ ਹਨ ਪਰ ਜੇਕਰ ਇਹ ਮੰਨ ਵੀ ਲਿਆ ਜਾਵੇ ਕਿ ਬਿਧੀ ਚੰਦ ਪਹਿਲਾ ਚੋਰ ਜਾਂ ਡਾਕੂ ਰਹਿ ਚੁਕਿਆ ਸੀ ਤਾਂ ਵੀ ਇਸ ਗੱਲ ਦੀ ਕੋਈ ਅਹਿਮੀਅਤ ਨਹੀਂ ਹੈ। ਗੁਰੂ ਨਾਨਕ ਦੇਵ ਜੀ ਨੇ ਸੱਜਣ ਠੱਗ ਜੈਸੇ ਲੋਕਾਂ ਨੂੰ ਸਿਖ ਧਰਮ ਵਿਚ ਲਿਆਂਦਾ ਸੀ ਤਾਂ ਕੀ ਇਸ ਗੱਲ ਤੋਂ ਇਹ ਸਮਝ ਲਿਆ ਜਾਣਾ ਚਾਹੀਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਠੱਗਾਂ ਦੇ ਟੋਲਿਆਂ ਨੂੰ ਇਸ ਕਰ ਕੇ ਸਿਖ ਧਰਮ ਵਿਚ ਲਿਆਂਦਾ ਸੀ ਉਹ ਹਕੂਮਤ ਨਾਲ ਲੜਾਈ ਕਰਨਗੇ?

ਉਪਰੋਕਤ ਵਿਚਾਰ ਕੀਤੀਆਂ ਗੱਲਾਂ ਤੋਂ ਇਲਾਵਾ ਇਕ ਹੋਰ ਬਿਆਨ ਸਾਡੇ ਇਤਿਹਾਸਕਾਰਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਮੁਖੋਂ ਅਖਵਾਇਅ ਹੈ ਕਿ ਗੁਰੂ ਜੀ ਨੇ ਗੁਰਗੱਦੀ ਧਾਰਨ ਕਰਨ ਸਮੇਂ ਐਲਾਨ ਕੀਤਾ ਸੀ ਕਿ ਉਹ ਹੁਣ ਕਲਗੀਆਂ ਵਾਲੀ ਪੱਗ ਅਤੇ ਗਾਤਰੇ ਤਲਵਾਰ ਪਹਿਨ ਕੇ ਬਾਬਾ ਬੁੱਢਾ ਜੀ ਦੀ ਉਸ ਭਵਿੱਖ ਬਾਣੀ ਨੂੰ ਪੂਰਾ ਕਰਨਗੇ ਜੋ ਉਨ੍ਹਾਂ ਨੇ ਉਨ੍ਹਾਂ ਦੇ ਪੈਦਾ ਹੋਣ ਦੀ ਆਸ਼ੀਰਵਾਦ ਦੇਣ ਸਮੇਂ ਕਹੀ ਸੀ।[1]

ਮੈਕਾਲਿਫ ਨੂੰ ਆਧਾਰ ਬਣਾ ਕੇ ਬੈਨਰਜੀ ਲਿਖਦਾ ਹੈ: "In the very begining of his pontificate he is reported to have told Bhai Budha; "My endeavour shall be to fulfil thy prophecy. My seli shall be a sword-belt and I shall bear my turban with a royal aigrette."[2]

ਬਾਬਾ ਬੁੱਢਾ ਜੀ ਦੀ ਆਸ਼ੀਰਵਾਦ ਨੂੰ ਆਮ ਤੌਰ 'ਤੇ ਇਸ ਗੱਲ ਨਾਲ ਜੋੜਿਆ ਜਾਂਦਾ ਹੈ ਕਿ ਜਦੋਂ ਮਾਤਾ ਗੰਗਾ ਜੀ ਨੇ ਗੁਰੂ ਅਰਜਨ ਜੀ ਸਾਹਮਣੇ ਆਪਣੇ ਘਰ ਇਕ ਪੁੱਤਰ ਹੋਣ ਦੀ ਖਾਹਸ਼ ਰੱਖੀ ਸੀ ਤਾਂ ਗੁਰੂ ਅਰਜਨ ਜੀ ਨੇ ਕਿਹਾ ਸੀ ਕਿ ਉਹ ਬਾਬਾ ਬੁੱਢਾ ਜੀ ਕੋਲ ਜਾ ਕੇ ਪੁੱਤਰ ਹੋਣ ਦਾ ਵਰ ਪਰਾਪਤ ਕਰੇ। ਇਸ ਵਰ ਪਰਾਪਤੀ ਦੇ ਸੰਬੰਧ ਵਿਚ ਜਦੋਂ ਮਾਤਾ ਗੰਗਾ ਜੀ ਬਾਬਾ ਬੁੱਢਾ ਜੀ ਪਾਸ ਦੂਜੀ ਵਾਰ ਪੂਰੀ ਨਿਮਰਤਾ ਸਹਿਤ ਗਏ ਸਨ ਤਾਂ ਬਾਬਾ ਜੀ ਨੇ ਆਸ਼ੀਰਵਾਦ ਦਿੰਦਿਆਂ ਭਵਿੱਖਬਾਣੀ ਕੀਤੀ ਸੀ ਕਿ ਤੇਰੇ ਘਰ ਪੈਦਾ ਹੋਣ ਵਾਲਾ ਪੁੱਤਰ ਵੱਡੇ-ਵੱਡੇ ਦਲਾਂ ਨੂੰ ਨਾਸ਼ ਕਰ ਦੇਵੇਗਾ ਅਤੇ ਦੁਸ਼ਮਣਾਂ ਦਾ ਖ਼ਾਤਮਾ ਕਰ ਦੇਵੇਗਾ।[3] ਗੁਰੂ ਹਰਿਗੋਬਿੰਦ ਸਾਹਿਬ ਵਲੋਂ ਤਖ਼ਤ ਉੱਪਰ ਬੈਠ ਕੇ ਅਤੇ ਦੋ ਤਲਵਾਰਾਂ ਧਾਰਨ ਕਰ ਕੇ ਕੀਤੇ ਇਸ ਐਲਾਨ ਨੂੰ ਕਿ ਉਹ ਬਾਬਾ ਬੁੱਢਾ ਜੀ ਦੀ ਭਵਿੱਖ ਬਾਣੀ ਨੂੰ ਪੂਰਿਆਂ ਕਰਨ ਲਈ ਹੀ ਇਹ ਸਭ ਕੁਝ ਕਰ ਰਹੇ ਹਨ ਅਸਲ ਵਿਚ ਅਸਿੱਧੇ ਤੌਰ 'ਤੇ ਮਾਤਾ ਗੰਗਾ ਜੀ ਵੱਲੋਂ ਬਾਬਾ

---

1. *Banerjee, Evolution of the Khalsa*, Vol. II, p. 8.
2. Evolution of the Khalsa, Vol. II, p. 8.
3. *ਗੁਰਬਿਲਾਸ ਛੇਵੀਂ ਪਾਤਸ਼ਾਹੀ*

   ਸਾਹਿਬ ਬੁੱਢੇ ਬਚਨ ਅਲਾਯੋ ॥
   ਸੁਨੋ ਮਾਤਤ੍ਰਮ ਬਡ ਜਸ ਪਾਯੋ ॥
   ਤੁਮਰੇ ਗ੍ਰਹਿ ਪ੍ਰਗਟੈਗਾ ਜੋਧਾ ॥
   ਜਾ ਕੋ ਬਲ ਗੁਨ ਕਿੰਨ੍ਹ ਨ ਸੋਧਾ ॥
   ਕਰੈ ਜੰਗ ਬਹੁ ਨਿਜ ਬਲ ਧਾਰ ॥
   ਗੋਦੀਨਨ ਰੱਛਾ ਹਿਤ ਕਾਰ ॥ (ਪੰਨਾ 8)

ਬੁੱਢਾ ਜੀ ਤੋਂ ਪੁੱਤਰ ਹੋਣ ਦਾ ਵਰ ਪਰਾਪਤ ਕਰਨ ਵਾਲੀ ਗੱਲ ਨਾਲ ਜੋੜਿਆ ਜਾਂਦਾ ਹੈ। ਇਸ ਬਿਆਨ ਦੀ ਜਾਂ ਇਸ ਤੱਥ ਦੀ ਇਤਿਹਾਸਿਕ ਤੌਰ 'ਤੇ ਕੋਈ ਮਹੱਤਤਾ ਨਹੀਂ ਹੈ ਕਿਉਂਕਿ ਇਸ ਗੱਲ ਦੀ ਹੋਂਦ ਗੁਰੂ ਅਰਜਨ ਦੇਵ ਜੀ ਦੇ ਉਸ ਸ਼ਬਦ ਨਾਲ ਹੀ ਖ਼ਤਮ ਹੋ ਜਾਂਦੀ ਹੈ ਜਿਹੜਾ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਹਰਿਗੋਬਿੰਦ ਦੇ ਜਨਮ ਧਾਰਨ ਦੀ ਖੁਸ਼ੀ ਵਿਚ ਲਿਖਿਆ ਸੀ ਅਤੇ ਜਿਸ ਦੀ ਚਰਚਾ ਇਸੇ ਲੇਖ ਵਿਚ ਹੀ ਪਿੱਛੇ ਕਰ ਆਏ ਹਾਂ। ਗੁਰੂ ਅਰਜਨ ਦੇਵ ਜੀ ਤਾਂ ਸਪਸ਼ਟ ਰੂਪ ਵਿਚ ਲਿਖ ਰਹੇ ਹਨ ਕਿ ਉਨ੍ਹਾਂ ਦੇ ਘਰ ਪੁੱਤਰ ਦੀ ਦਾਤ ਗੁਰੂ ਨਾਨਕ ਦੇਵ ਜੀ ਵੱਲੋਂ ਅਪਾਰ ਬਖਸ਼ਿਸ਼ ਕਾਰਨ ਹੋਈ ਹੈ। ਸ਼ਬਦ ਦੀਆਂ ਅਖੀਰਲੀਆਂ ਦੋ ਤੁਕਾਂ ਬਿਲਕੁਲ ਸਪਸ਼ਟ ਹਨ। 'ਗੁਝੀ ਛੰਨੀ ਨਾ ਹੀ ਬਾਤ। ਗੁਰੂ ਨਾਨਕ ਤੁਠਾ ਕੀਨੀ ਦਾਤ।' ਇਤਨੀ ਵੱਡੀ ਭਰੋਸੇਯੋਗ ਗਵਾਹੀ ਨੂੰ ਨਜ਼ਰ ਅੰਦਾਜ਼ ਕਰ ਕੇ ਸਿਰਫ ਇਕ ਗੁਰਮੁੱਖੀ ਦੀ ਉਸ ਲਿਖਤ ਦੇ ਆਧਾਰ 'ਤੇ ਹੀ ਇਹ ਸਿੱਟਾ ਕੱਢ ਦੇਣਾ, ਜਿਸ ਬਾਰੇ ਇਹ ਵੀ ਪਤਾ ਨਹੀਂ ਹੈ ਕਿ ਇਹ ਲਿਖਤ ਕਦੋਂ ਅਤੇ ਕਿਸ ਨੇ ਲਿਖੀ ਹੈ, ਇਤਿਹਾਸਿਕ ਤੌਰ 'ਤੇ ਅਗਿਆਨਤਾ ਦੀ ਨਿਸ਼ਾਨੀ ਹੈ। ਇਸੇ ਤਰ੍ਹਾਂ ਇਕ ਹੋਰ ਕਥਨ ਬਿਨਾਂ ਕਿਸੇ ਆਧਾਰ 'ਤੇ ਗੁਰੂ ਅਰਜਨ ਦੇਵ ਜੀ ਨਾਲ ਜੋੜ ਕੇ ਉਨ੍ਹਾਂ ਦੇ ਮੁਖਾਰਬਿੰਦ ਵਿੱਚੋਂ ਹੀ ਉਨ੍ਹਾਂ ਦਾ ਹੀ ਇਕ ਜਾਰੀ ਕੀਤਾ ਗਿਆ ਹੁਕਮ ਬਣਾ ਦਿੱਤਾ ਗਿਆ ਹੈ। ਇਹ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਅੰਤਮ ਸਮੇਂ ਕਿਸੇ ਸਿਖ ਦੇ ਹੱਥ ਗੁਰੂ ਹਰਿਗੋਬਿੰਦ ਸਾਹਿਬ ਨੂੰ ਸੁਨੇਹਾ ਭੇਜ ਕੇ ਕਿਹਾ ਸੀ ਕਿ 'ਹਰਿਗੋਬਿੰਦ ਨੂੰ ਕਹੋ ਕਿ ਪੂਰੀ ਤਰ੍ਹਾਂ ਹਥਿਆਰਬੰਦ ਹੋ ਕੇ ਹੀ ਤਖ਼ਤ ਉੱਪਰ ਬੈਠੇ ਅਤੇ ਵਧੀਆ ਤੋਂ ਵਧੀਆ ਫੌਜ ਭਰਤੀ ਕਰੇ।' "Let him sit fully armed on his throne and maintain an army to the best of his ability."[1]

ਅਸਲ ਵਿਚ ਇਹ ਅੰਗਰੇਜ਼ੀ ਤਰਜਮਾ ਸਿਖਾਂ ਦੀ ਭਗਤਮਾਲਾ ਦੀਆਂ ਇਨ੍ਹਾਂ ਲਾਈਨਾਂ ਦਾ ਹੀ ਸਾਰ ਰੂਪ ਹੈ: 'ਅਸਾਂ ਜੋ ਸ਼ਸਤਰ ਪਕੜਨੇ ਹੈਨਿ ਸੋ ਹਰਿ_ਗੋਬਿੰਦ ਦਾ ਰੂਪ ਧਾਰ ਕਰ ਪਕੜਨੇ ਹੈਨ। ਸਮਾਂ ਕੁਲਜੁਗ ਦਾ ਵਰਤਣਾ ਹੈ। ਸ਼ਸਤਰਾਂ ਦੀ ਵਿਦਿਆ ਕਰ ਮੀਰ ਦੀ ਮੀਰੀ ਖਿੱਚ ਲੈਣੀ ਹੈ ਤੇ ਸ਼ਬਦ ਦੀ ਪ੍ਰੀਤ ਕਰ ਪੀਰ ਦੀ ਪੀਰੀ ਲੈ ਲੈਣੀ ਹੈ।' ਇਹ ਉਕਤ ਦੋਵੇਂ ਬਿਆਨਾਂ ਨੂੰ ਇਤਿਹਾਸਿਕ ਕਸਵੱਟੀ 'ਤੇ ਪਰਖੀਏ ਤਾਂ ਇਨ੍ਹਾਂ ਦੀ ਕਿਸੇ ਵੀ ਮੌਲਿਕ ਜਾਂ ਸਮਕਾਲੀ ਸਰੋਤ ਤੋਂ ਪੁਸ਼ਟੀ ਨਹੀਂ ਹੁੰਦੀ। ਗੁਰੂ ਅਰਜਨ ਦੇਵ ਜੀ ਦੀ ਇਤਨੀ ਵਿਸ਼ਾਲ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਪਰ ਅਜਿਹੀ ਇਕ ਵੀ ਲਾਈਨ ਨਹੀਂ ਜਿਸ ਰਾਹੀਂ ਉਨ੍ਹਾਂ ਨੇ ਮਨੁੱਖ ਨੂੰ ਹਥਿਆਰਬੰਦ ਹੋਣ ਲਈ ਪਰੇਰਿਆ ਹੋਵੇ। ਸਗੋਂ ਗੁਰੂ ਅਰਜਨ ਜੀ ਦੀਆਂ ਐਸੀਆਂ ਅਨੇਕਾਂ ਤੁਕਾਂ ਦਰਜ ਹਨ ਜਿਨ੍ਹਾਂ ਤੋਂ ਮਨੁੱਖ ਨੂੰ ਅਕਾਲ ਪੁਰਖ ਦਾ ਭਾਣਾ ਮਿੱਠਾ ਕਰ ਕੇ ਮੰਨਣ ਦੀ ਪਰੇਰਨਾ ਮਿਲਦੀ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਸਾਰੇ ਗੁਰੂ ਸਾਹਿਬਾਨ ਦੀ ਬਾਣੀ ਨਾਲੋਂ ਜ਼ਿਆਦਾ ਸ਼ਾਂਤੀ, ਪਿਆਰ ਅਤੇ ਸਬਰ ਸੰਤੋਖ ਦੀ ਪਰੇਰਨਾ ਦਿੰਦੀ ਹੈ। ਹੋਰ ਤਾਂ ਹੋਰ ਗੁਰੂ ਅਰਜਨ ਦੇਵ ਜੀ ਨਾਲ ਰਵਾਇਤਾਂ ਵੀ ਐਸੀਆਂ ਸੰਬੰਧਿਤ ਹਨ ਜਿਹੜੀਆਂ ਹਥਿਆਰਬੰਦ ਹੋਣ ਤੋਂ ਬਿਲਕੁਲ ਉਲਟ ਭਾਵ ਦਰਸਾਉਂਦੀਆਂ ਹਨ। ਜਿਵੇਂ ਕਿ ਰਵਾਇਤ ਹੈ

1. Macauliffe, *The Sikh Religion*, Vol. III, New Delhi, p. 99; Banerjee, *op. cit.* pp 7-8 ; Hari Ram Gupta, *op. cit.*, p. 108; ਅਤੇ ਹੋਰ ਦੇਖੋ ਸਤਿਬੀਰ ਸਿੰਘ, *ਗੁਰੂ ਭਾਈ*, ਪੰਨਾ 22.

ਕਿ ਗੁਰੂ ਅਰਜਨ ਜੀ ਨੇ ਸਾਈਂ ਮੀਆਂ ਮੀਰ ਨੂੰ ਆਪਣੀ ਸ਼ਹਾਦਤ ਸਮੇਂ ਇਹੀ ਉਪਦੇਸ ਦਿੱਤਾ ਸੀ ਕਿ ਉਸ (ਵਾਹਿਗੁਰੂ) ਦੇ ਭਾਣੇ ਨੂੰ ਮਿਠਾ ਕਰ ਕੇ ਮੰਨਣਾ ਚਾਹੀਦਾ ਹੈ। ਸ਼ਹਾਦਤ ਸਮੇਂ ਐਸੀ ਸ਼ਾਂਤੀ, ਅਤੇ ਦ੍ਰਿੜ੍ਹਤਾ ਦਿਖਾਉਣ ਵਾਲਾ ਗੁਰੂ ਆਪਣੇ ਛੋਟੇ ਜਿਹੇ ਪੁੱਤਰ, ਜਿਨ੍ਹਾਂ ਦੀ ਉਮਰ ਅਜੇ ਮਸਾਂ ਗਿਆਰਾਂ ਸਾਲਾਂ ਦੀ ਹੀ ਸੀ ਨੂੰ ਇਹ ਸਲਾਹ ਦੇਵੇਗਾ ਕਿ ਉਹ ਗੁਰਗੱਦੀ ਧਾਰਨ ਕਰਨ ਸਮੇਂ ਹੀ ਦੁਸ਼ਮਣ ਨਾਲ ਲੜਾਈ ਵਿਚ ਉਲਝ ਪਵੇ? ਜਿਸ ਤਰ੍ਹਾਂ ਦੀ ਸਥਿਤੀ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਹੋਈ ਸੀ ਉਸ ਤਰ੍ਹਾਂ ਦੀ ਸਥਿਤੀ ਵਿਚ ਤਾਂ ਆਪਣੇ ਉਤਰਅਧਿਕਾਰੀ ਪੁੱਤਰ ਨੂੰ ਸਗੋਂ ਦੁਸ਼ਮਣ ਤੋਂ ਬਚਾਅ ਕਰ ਕੇ ਰੱਖਣ ਦੀ ਅਤੇ ਲੜਾਈ ਤੋਂ ਗੁਰੇਜ਼ ਕਰਨ ਦੀ ਸਿੱਖਿਆ ਦਿੱਤੀ ਜਾਂਦੀ ਹੈ। ਗੁਰੂ ਅਰਜਨ ਦੇਵ ਜੈਸਾ ਪਿਤਾ, ਜਿਹੜਾ ਆਪਣੇ ਪੁੱਤਰ ਦੀ ਚੇਚਕ ਦੀ ਬੀਮਾਰੀ ਤੋਂ ਹੀ ਬਹੁਤ ਚਿੰਤਤ ਸੀ ਭਲਾ ਆਪਣੇ ਛੋਟੀ ਉਮਰ ਦੇ ਪੁੱਤਰ ਨੂੰ ਸ਼ੁਰੂ ਵਿਚ ਹੀ ਦੁਸ਼ਮਣ ਨਾਲ ਉਲਝ ਪੈਣ ਦੀ ਸਲਾਹ ਕਿਵੇਂ ਦੇ ਸਕਦਾ ਹੈ? ਮੁਗਲ ਹਕੂਮਤ ਦੀ ਵਿਸ਼ਾਲ ਸੈਨਿਕ ਸ਼ਕਤੀ ਨਾਲ ਮੱਥਾ ਲਾਉਣ ਲਈ ਉਸ ਸਮੇਂ ਦਾ ਸਿਖ ਜਗਤ ਸੋਚ ਵੀ ਨਹੀਂ ਸਕਦਾ ਸੀ। ਜੰਗੀ ਨੀਤੀ ਅਪਣਾਉਣੀ ਇਕ ਵੱਖਰੀ ਗੱਲ ਹੈ ਪਰ ਹਕੂਮਤ ਨੂੰ ਸੈਨਿਕ ਸ਼ਕਤੀ ਨਾਲ ਉਲਟਾਉਣ ਦੀ ਤਿਆਰੀ ਕਰਨੀ ਹੋਰ ਗੱਲ ਹੈ। ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਤਖ਼ਤ ਸਥਾਪਿਤ ਕਰਨਾ, ਪੀਰੀ ਨਾਲ ਮੀਰੀ ਦਾ ਅਧਿਕਾਰ ਪਰਾਪਤ ਕਰ ਲੈਣ ਦਾ ਐਲਾਨ ਕਰਨਾ, ਹਥਿਆਰਬੰਦ ਤੇ ਘੋੜਸੁਆਰ ਸਿਖ ਖੜੇ ਕਰਨਾ ਆਪਣੇ ਸਵੈ-ਨਿਰਣੇ ਦੇ ਅਧਿਕਾਰਾਂ ਦੀ ਰੱਖਿਆ ਦਾ ਅਤੇ ਦੁਸ਼ਮਣਾਂ ਤੋਂ ਆਪਣੇ ਬਚਾਉ ਦੀ ਨੀਤੀ ਦਾ ਪਰਗਟਾਵਾ ਸੀ ਹਕੂਮਤ ਕੋਲੋਂ ਸੈਨਿਕ ਸ਼ਕਤੀ ਨਾਲ ਰਾਜਨੀਤਿਕ ਤਾਕਤ ਖੋਹਣ ਦਾ ਐਲਾਨ ਨਹੀ ਸੀ। ਸਿਖਾਂ ਦੀ ਭਗਤ ਮਾਲਾ ਵਿਚਲੀ ਪਿੱਛੇ ਦਿੱਤੀ ਗਈ ਟੂਕ ਕਿ 'ਸ਼ਸਤਰਾਂ ਦੀ ਵਿਦਿਆ ਕਰ ਮੀਰ ਦੀ ਮੀਰੀ ਖਿੱਚ ਲੈਣੀ ਹੈ'। ਇਸ ਦਾ ਸਿੱਧਾ ਭਾਵ ਰਾਜਨੀਤਿਕ ਤਾਕਤ ਨੂੰ ਤਾਕਤ ਨਾਲ ਖੋਹਣ ਤੋਂ ਹੈ। ਇਹ ਸਿੱਧਾ ਰਾਜਨੀਤਿਕ ਨਿਸ਼ਾਨਾ ਹੈ। ਅਜਿਹੀ ਗੱਲ ਨਾ ਹੀ ਤਾਂ ਕਿਸੇ ਗੁਰੂ ਸਾਹਿਬਾਨ ਨੇ ਸੋਚੀ ਸੀ ਅਤੇ ਨਾ ਹੀ ਕਿਸੇ ਗੁਰੂ ਸਾਹਿਬ ਨਾਲ ਅਜਿਹੀ ਗੱਲ ਜੋੜਨੀ ਸਿਖ ਇਤਿਹਾਸ ਨਾਲ ਇਨਸਾਫ ਹੀ ਕਰਦੀ ਹੈ। ਇਹ ਟੂਕ ਗੁਰੂ ਅਰਜਨ ਦੇਵ ਜੀ ਦੀ ਨਹੀਂ ਹੈ ਅਤੇ ਨ ਹੀ ਇਸ ਦੀ ਕੋਈ ਪਰਮਾਣੀਕਤਾ ਹੈ। ਸਿਖਾਂ ਦੀ ਭਗਤਮਾਲਾ ਅਠਾਰਵੀਂ ਸਦੀ ਦੀ ਰਚਨਾ ਹੈ ਅਤੇ ਇਹ ਟੂਕ ਇਸ ਲਿਖਤ ਦੇ ਲਿਖਾਰੀ ਦੀ ਆਪਣੀ ਵਿਚਾਰਧਾਰਾ ਹੈ ਜਿਸ ਨੂੰ ਮੰਨਿਆ ਨਹੀਂ ਜਾ ਸਕਦਾ। ਗੁਰੂ ਹਰਿਗੋਬਿੰਦ ਸਾਹਿਬ ਦੀ ਜੰਗੀ ਨੀਤੀ ਇਕ ਬਚਾਓ-ਸਾਧਨ (defensive) ਸੀ। ਉਹ ਕਿਸੇ ਵੀ ਸਮੇਂ ਹਮਲਾਵਰ ਨਹੀਂ ਹੋਏ। ਉਨ੍ਹਾਂ ਨੇ ਜੋ ਵੀ ਲੜਾਈਆਂ ਕੀਤੀਆਂ ਆਪਣੇ ਬਚਾਓ ਲਈ ਹੀ ਕੀਤੀਆਂ ਸਨ। ਕੁਝ ਇਕ ਲੜਾਈਆਂ ਵਿਚ ਗੁਰੂ ਜੀ ਦੀ ਜਿੱਤ ਵੀ ਹੋਈ ਸੀ ਪਰ ਜਿੱਤਣ ਦੇ ਬਾਵਜੂਦ ਵੀ ਗੁਰੂ ਸਾਹਿਬ ਲੜਾਈ ਵਾਲੀ ਥਾਂ ਕੋਲੋਂ ਪਰੇ ਚਲੇ ਜਾਂਦੇ ਸਨ ਤਾਂ ਕਿ ਉੱਥੇ ਰਹਿੰਦਿਆਂ ਦੁਸ਼ਮਣ ਨੂੰ ਦੁਬਾਰਾ ਫਿਰ ਹਮਲਾਵਰ ਹੋ ਕੇ ਆਉਣ ਦਾ ਬਹਾਨਾ ਨਾ ਮਿਲ ਸਕੇ। ਗੁਰੂ ਸਾਹਿਬ ਦੀਆਂ ਲੜਾਈਆਂ ਕਿਸੇ ਇਕ ਥਾਂ 'ਤੇ ਹੀ ਨਹੀ ਹੋਈਆਂ ਸਨ ਸਗੋਂ ਇਹ ਵੱਖਰੀ ਵੱਖਰੀ ਥਾਂ 'ਤੇ ਹੋਈਆਂ ਸਨ। ਇਹ ਇਕ ਬਹੁਤ ਤਕੜਾ ਸਬੂਤ ਹੈ ਇਸ ਗੱਲ ਦਾ ਕਿ ਗੁਰੂ ਸਾਹਿਬ ਨੇ ਹਮੇਸ਼ਾਂ ਆਪਣਾ ਬਚਾਓ ਕਰਨ ਲਈ ਹੀ ਲੜਾਈਆਂ ਕੀਤੀਆਂ ਸਨ।

ਗੁਰੂ ਸਾਹਿਬ ਦੇ ਹਥਿਆਰਬੰਦ ਸਿਖਾਂ ਦੀ ਗਿਣਤੀ ਕਿਸੇ ਵੀ ਤਰੀਕੇ ਨਾਲ, ਸਮੇਤ

ਪੈਦਲ ਅਤੇ ਘੋੜ ਸਵਾਰਾਂ ਦੇ ਗਿਆਰਾਂ-ਬਾਰਾਂ ਸੌ ਤੋਂ ਵੱਧ ਨਹੀਂ ਸੀ। ਦਬੇਸਤਾਨੇ ਮਜ਼ਾਹਿਬ ਵਿਚ ਜੋ ਗਿਣਤੀ ਦਿੱਤੀ ਗਈ ਹੈ ਉਸ ਅਨੁਸਾਰ ਗੁਰੂ ਸਾਹਿਬ ਕੋਲ 700 ਘੋੜੇ ਅਤੇ 300 ਘੋੜਸੁਆਰ ਨੌਜੁਆਨ ਸਨ ਅਤੇ ਸੱਠ ਬੰਦੂਕਚੀ ਸਨ। ਇਸ ਤਰ੍ਹਾਂ ਕਨਿੰਘਮ ਨੇ ਵੀ ਇਹ ਗਿਣਤੀ ਅੱਠ ਸੌ ਘੋੜੇ, ਤਿੰਨ ਸੌ ਘੋੜ ਸੁਆਰ ਅਤੇ ਸੱਠ ਬੰਦੂਕਚੀਆਂ ਦੀ ਹੀ ਦੱਸੀ ਹੈ।[1] ਇਹ ਗਿਣਤੀ ਮੁਗਲ ਹਕੂਮਤ ਦੀ ਵਿਸ਼ਾਲ ਸੈਨਿਕ ਸ਼ਕਤੀ ਦੇ ਸਾਹਮਣੇ ਬਹੁਤ ਹੀ ਥੋੜ੍ਹੀ ਹੈ। ਇਤਨੀ ਥੋੜ੍ਹੀ ਕਿ ਇਸ ਨਾਲ ਰਾਜਨੀਤਿਕ ਤਾਕਤ ਖੋਹ ਲੈਣ ਦੀ ਗੱਲ ਵੀ ਸੋਚ ਵਿਚ ਨਹੀਂ ਆ ਸਕਦੀ। ਬੈਨਰਜੀ ਦੇ ਸ਼ਬਦਾਂ ਵਿਚ "He was enxious to have, by his side, an army, however small, which he might use for defensive purpose in times of emergency."[2]

ਇਸੇ ਗੱਲ ਨੂੰ ਹੋਰ ਸਪਸ਼ਟ ਕਰਦਾ ਹੋਇਆ ਬੈਨਰਜੀ ਅੱਗੇ ਲਿਖਦਾ ਹੈ: 'He (Guru) had sense enough to perceive that in a conflict with the Mughals he could have no chance, but at the same time, he was no longer content to remain at the absolute mercy of the Government, helpless to resist when resistance was the only alternative to disgrace and ruin."[3]

ਉਕਤ ਲਿਖੀ ਗਈ ਤੁਕ ਜਿਹੜੀ ਦੱਸਦੀ ਹੈ ਕਿ 'ਸ਼ਸਤਰਾਂ ਦੀ ਵਿਦਿਆ ਕਰ ਮੀਰ ਦੀ ਮੀਰੀ ਖਿੱਚ ਲੈਣੀ ਹੈ'-ਬਿਲਕੁਲ ਗਲਤ ਸਾਬਤ ਹੋ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਦੀ ਸਾਰੀ ਗੁਰਬਾਣੀ ਵਿਚ ਅਜਿਹੇ ਭਾਵ ਦੀ ਇਕ ਵੀ ਤੁੱਕ ਨਹੀਂ ਹੈ। ਇਸ ਲਈ ਇਹ ਗੱਲਾਂ ਠੀਕ ਨਹੀਂ ਹਨ ਕਿ ਗੁਰੂ ਅਰਜਨ ਦੇਵ ਜੀ ਨੇ ਆਪਣੇ ਅੰਤਮ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਹਥਿਆਰਬੰਦ ਹੋ ਕੇ ਤਖਤ 'ਤੇ ਬੈਠਣ ਦਾ ਤੇ ਟਰੇਂਡ ਫੌਜਾਂ ਖੜੀਆਂ ਕਰਨ ਦਾ ਕੋਈ ਸੁਨੇਹਾ ਭੇਜਿਆ ਸੀ ਜਾਂ ਹਥਿਆਰਾਂ ਦੇ ਜ਼ੋਰ ਨਾਲ ਕਿਸੇ ਦੀ ਰਾਜਨੀਤਿਕ ਤਾਕਤ ਖੋਹ ਲੈਣ ਦਾ ਐਲਾਨ ਕੀਤਾ ਸੀ। ਇਹ ਵੀ ਕਿ ਇਹੋ ਜਿਹੇ ਸੁਨੇਹੇ ਹਨ ਕਿੱਥੇ? ਜਿਨਾਂ ਲਿਖਤਾਂ ਵਿਚ ਅਜਿਹੇ ਵੇਰਵੇ ਮਿਲਦੇ ਹਨ ਉਹ ਅਠਾਰਵੀਂ ਜਾਂ ਉਨੀਵੀਂ ਸਦੀ ਦੀਆਂ ਲਿਖਤਾਂ ਹਨ ਜਿਨ੍ਹਾਂ ਵਿਚ ਇਤਿਹਾਸਿਕ ਸਚਾਈ ਬਹੁਤ ਘੱਟ ਹੈ।

ਇਸ ਲਈ ਅਸੀਂ ਮੋਟੇ ਦੇ ਤੌਰ 'ਤੇ ਕਹਿ ਸਕਦੇ ਹਾਂ ਕਿ ਇਹ ਖਿਲਕੁਲ ਗਲਤ ਤੱਥ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਬਾਦਸ਼ਾਹ ਜਹਾਂਗੀਰ ਜਾਂ ਸ਼ਾਹ ਜਹਾਨ ਜਾਂ ਇਨ੍ਹਾਂ ਦੇ ਕਿਸੇ ਜਰਨੈਲ ਅਧੀਨ ਕਿਸੇ ਕਿਸਮ ਦਾ ਕੋਈ ਆਹੁਦਾ ਕਬੂਲਿਆ ਹੋਵੇ; ਜਾਂ ਇਹ ਕਿ ਗੁਰੂ ਸਾਹਿਬ ਨੇ ਸਿਖਾਂ ਨੂੰ ਮਾਸ ਖਾਣ ਦੀ ਖੁੱਲ ਦਿੱਤੀ ਹੋਵੇ। ਇਹ ਵੀ ਗਲਤ ਹੈ ਕਿ ਉਨ੍ਹਾਂ ਨੇ ਹਕੂਮਤ ਨਾਲ ਹਥਿਆਰਬੰਦ ਟੱਕਰ ਲੈਣ ਲਈ ਚੋਰ, ਡਾਕੂਆਂ ਅਤੇ ਧਾੜਵੀਆਂ ਨੂੰ ਭਰਤੀ ਕੀਤਾ ਸੀ ਜਾਂ ਸਰਕਾਰੀ ਫੌਜ ਦਾ ਹਰ ਭਗੌੜਾ ਸਿਪਾਹੀ ਗੁਰੂ ਜੀ ਕੋਲ ਸ਼ਰਨ ਲੈ ਲੈਂਦਾ ਸੀ।[4]

1. ਕਨਿੰਘਮ, *ਪੂਰਵ ਅੰਕਤ*, ਪੰਨਾ 51.
2. *ਪੂਰਵਅੰਕਤ*, ਪੰਨਾ 14.
3. *ਉਕਤ*, ਪੰਨਾ 17.
4. ਇਸ ਦੀ ਪਰੋੜਤਾ ਲਈ ਦੇਖੋ : ਡਾ. ਗੋਪਾਲ ਸਿੰਘ, '*A History of the Sikh People* (1469-1988), Allied Publishers: 1993, pp. 216-17.

ਗੁਰੂ ਜੀ ਨੇ ਨਾ ਹੀ ਕੋਈ ਤਨਖਾਹਦਾਰ ਸੈਨਿਕ ਭਰਤੀ ਕੀਤੇ ਸਨ ਅਤੇ ਨਾ ਹੀ ਉਨ੍ਹਾਂ ਦਾ ਰੁੱਖ ਹਮਲਾਵਰਾਂ ਵਾਲਾ ਸੀ। ਗੁਰੂ ਹਰਿਗੋਬਿੰਦ ਦਾ ਇਕੋ ਇਕ ਮਨੋਰਥ ਸਿਖਾਂ ਵਿਚ ਆਤਮ-ਵਿਸ਼ਵਾਸ਼ ਪੈਦਾ ਕਰਨ ਦਾ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿਖ ਹਿਰਦਿਆਂ ਨੂੰ ਹਲੂਣ ਦੇਣ ਵਾਲੀ ਸੀ। ਜੇਕਰ ਇਸ ਸਮੇਂ ਸਿਖ ਸਮਾਜ ਨੂੰ ਪੂਰੀ ਦਿਰੜ੍ਹਤਾ ਅਤੇ ਦਲੇਰੀ ਨਾਲ ਨਾ ਸੰਭਾਲਿਆ ਜਾਂਦਾ ਤਾਂ ਹੋ ਸਕਦਾ ਸੀ ਕਿ ਸਿਖ ਸਮਾਜ ਹੌਸਲਾਹੀਣ ਹੋ ਕੇ ਅਤਿ ਨਿਰਾਸ਼ਾ ਦੀ ਖੱਡ ਵਿਚ ਜਾ ਡਿੱਗਦਾ। ਇਹ ਗੱਲ ਸਾਡੇ ਇਤਿਹਾਸਕਾਰਾਂ ਨੇ ਮੰਨੀ ਵੀ ਹੈ।

ਗੁਰੂ ਹਰਿਗੋਬਿੰਦ ਸਾਹਿਬ ਦੀ ਹਥਿਆਰਬੰਦ ਨੀਤੀ, ਗੁਰੂ ਅਰਜਨ ਦੇਵ ਦੀ ਸ਼ਹਾਦਤ ਤੋਂ ਬੇਦਿਲ ਹੋਏ ਸਿਖ ਸਮਾਜ ਵਿਚ ਆਤਮਵਿਸ਼ਵਾਸ਼ ਭਰਨ ਲਈ ਅਤੇ ਆਤਮ-ਨਿਰਣੇ ਦੇ ਸੰਕਲਪ ਨੂੰ ਉਜਾਗਰ ਕਰਨ ਲਈ ਸੀ। ਗੁਰੂ ਸਾਹਿਬ ਦੀ ਹਥਿਆਰਬੰਦ ਨੀਤੀ ਨਾਲ ਨਾ ਹੀ ਤਾ ਵਿਸ਼ਾਲ ਮੁਗਲ ਹਕੂਮਤ ਨੂੰ ਕੋਈ ਫਰਕ ਪੈ ਸਕਦਾ ਸੀ ਅਤੇ ਨਾ ਹੀ ਸਿਖ ਸਮਾਜ ਵਿਚ ਇਤਨੀ ਤਾਕਤ ਹੀ ਸੀ ਕਿ ਉਹ ਮੁਗਲ ਹਕੂਮਤ ਦੀਆ ਵਿਸ਼ਾਲ ਫੌਜਾਂ ਨੂੰ ਹਰਾ ਸਕਦਾ। ਪੰਜਾਬ ਦੇ ਵਿਚ ਅਨੇਕਾਂ ਐਸੀਆਂ ਸਿਖ ਵਿਰੋਧੀ ਤਾਕਤਾਂ ਸਨ ਜਿਹੜੀਆਂ ਸਿਖ ਧਰਮ ਦੇ ਵਿਕਾਸ ਨੂੰ ਕਹਿਰੀ ਨਿਗਾਹ ਨਾਲ ਦੇਖਦੀਆਂ ਸਨ। ਜਿਵੇਂ ਕਿ ਸਰਵਰੀਏ ਜਾਂ ਸੁਲਤਾਨੀਏ; ਕੱਟੜਪੰਥੀ ਮੌਲਾਣੇ ਅਤੇ ਕਾਜ਼ੀ; ਪਿਰਥੀ ਚੰਦੀਏ ਜਾ ਮੀਣੇ; ਕੁਝ ਸਥਾਨਿਕ ਤਪੇ ਜਾਂ ਸਾਧ-ਸੰਤ। ਇਨ੍ਹਾਂ ਸਿਖ ਵਿਰੋਧੀ ਤਾਕਤਾਂ ਦਾ ਟਕਰਾਅ ਸਮੇਂ-ਸਮੇਂ ਅਨੁਸਾਰ ਪਹਿਲੇ ਸਿਖ ਗੁਰੂ ਸਾਹਿਬਾਨ ਨਾਲ ਅਕਸਰ ਹੁੰਦਾ ਰਿਹਾ ਸੀ, ਪਰ ਉਸ ਸਮੇਂ ਦੇਸ਼ ਵਿਚ ਅਕਬਰ ਜੈਸੇ ਸ਼ਹਿਣਸ਼ੀਲ ਬਾਦਸ਼ਾਹ ਦਾ ਰਾਜ ਸੀ ਜਿਸ ਕਰ ਕੇ ਸਰਕਾਰੀ ਨੀਤੀ ਅਜਿਹੀਆਂ ਸਿਖ ਵਿਰੋਧੀ ਤਾਕਤਾਂ ਦਾ ਸਹਾਰਾ ਨਹੀ ਬਣ ਸਕਦੀ ਸੀ। ਉਸ ਸਮੇਂ ਸਿਖ ਗੁਰੂ ਸਾਹਿਬਾਨ ਸਿਖ ਵਿਰੋਧੀ ਸਥਾਨਿਕ ਤਾਕਤਾਂ ਦਾ ਟਕਰਾਅ ਆਪਣੇ ਸਬਰਸੰਤੋਖ ਨਾਲ ਕਰਦੇ ਰਹੇ ਸਨ ਕਿਉਂਕਿ ਉਸ ਤਰ੍ਹਾਂ ਦੀਆਂ ਪਰਸਥਿਤੀਆਂ ਵਿਚ ਸਬਰ-ਸੰਤੋਖ ਹੀ ਇਕੋ-ਇਕ ਵਧੀਆ ਹਥਿਆਰ ਸੀ। ਹੁਣ ਜਦੋਂ ਕਿ ਮੁਲਕ ਦਾ ਬਾਦਸ਼ਾਹ ਹੀ ਸਿਖ ਵਿਰੋਧੀ ਨੀਤੀ ਧਾਰਨ ਕਰੀਂ ਬੈਠਾ ਸੀ ਤਾਂ ਸੰਭਵ ਸੀ ਕਿ ਅਜਿਹੇ ਮਾਹੌਲ ਅੰਦਰ ਸਿਖ ਵਿਰੋਧੀ ਤਾਕਤਾਂ, ਸਰਕਾਰੀ ਨੀਤੀ ਤੋਂ ਹੱਲਾਸ਼ੇਰੀ ਲੈ ਕੇ ਸਿਖਾਂ ਨੂੰ ਉਨ੍ਹਾਂ ਦੇ ਘਰਾਂ ਵਿਚ ਹੀ ਕੁੱਟ ਸੁੱਟਦੀਆਂ। ਅਜਿਹੀ ਸਥਿਤੀ ਦਾ ਟਾਕਰਾ ਕਰਨ ਲਈ ਜ਼ਰੂਰੀ ਸੀ ਕਿ ਸਿਖਾਂ ਨੂੰ ਹਥਿਆਰਬੰਦ ਕੀਤਾ ਜਾਂਦਾ ਤਾਂ ਕਿ ਘੱਟ-ਘੱਟ ਉਹ ਸਥਾਨਿਕ ਵਿਰੋਧੀ ਤਾਕਤਾਂ ਦਾ ਤਾਂ ਮੁਕਾਬਲਾ ਕਰ ਸਕਦੇ। ਇਸ ਦੀ ਪੂਰਤੀ ਲਈ ਗੁਰੂ ਸਾਹਿਬ ਨੇ ਗੁਰਿਆਈ ਧਾਰਨ ਹੀ ਐਸੇ ਤਰੀਕੇ ਨਾਲ ਕੀਤੀ ਕਿ ਸਥਾਨਿਕ ਵਿਰੋਧੀ ਤਾਕਤਾਂ ਸਮਝ ਸਕਣ ਕਿ ਗੁਰੂ ਅਰਜਨ ਦੇਵ ਦੇ ਉਤਰਅਧਿਕਾਰੀ ਨੂੰ ਹੱਥ ਪਾਉਣਾ ਇਤਨਾ ਸੌਖਾ ਨਹੀ ਸੀ ਜਿਤਨਾ ਕਿ ਉਹ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਿੱਛੋਂ ਸੋਚ ਰਹੇ ਸਨ।

ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਗੱਦੀ ਤਖਤ 'ਤੇ ਬੈਠ ਕੇ ਧਾਰਨ ਕੀਤੀ; ਸਭ ਕੁਝ ਬਾਦਸ਼ਾਹਾਂ ਵਾਂਗ ਕਰ ਕੇ ਦਿਖਾਇਆ; ਸਿਖਾਂ ਨੂੰ ਹਥਿਆਰਬੰਦ ਹੋ ਕੇ ਅਤੇ ਘੋੜ ਸੁਆਰ ਹੋ ਕੇ ਆਉਣ ਦੇ ਖੁੱਲੇ ਐਲਾਨ ਕੀਤੇ; ਬੀਰ-ਰਸ ਭਰਪੂਰ ਵਾਰਾਂ ਗਵਾਉਣੀਆਂ ਸ਼ੁਰੂ ਕੀਤੀਆਂ; ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ; ਅਕਾਲ ਤਖਤ ਸਾਹਿਬ ਉੱਪਰ ਸ਼ਾਹੀ ਠਾਠਬਾਠ ਨਾਲ ਦਰਬਾਰ ਲਗਾ ਕੇ ਸਿਖਾ ਦੇ ਮਸਲੇ ਨਜਿਠਣੇ ਸ਼ੁਰੂ ਕੀਤੇ ਆਦਿ! ਆਦਿ!! ਇਸ ਸਭ

ਕੁਝ ਨਾਲ ਸਿਖਾਂ ਦੇ ਮਨਾਂ 'ਤੇ ਇਹ ਪਰਭਾਵ ਪਿਆ ਕਿ ਉਹ ਸਮਝਣ ਲਗ ਪਏ ਸਨ ਕਿ ਗੁਰੂ ਅਰਜਨ ਦਾ ਉੱਤਰਅਧਿਕਾਰੀ ਇਕ ਮਹਾਂਬਲੀ ਅਤੇ ਵਧੇਰੇ ਸ਼ਕਤੀਸ਼ਾਲੀ ਨੇਤਾ ਹੈ। ਇਸ ਨਾਲ ਗੁਰੂ ਅਰਜਨ ਦੇਵ ਦੀ ਸ਼ਹਾਦਤ ਵਿੱਚੋਂ ਉਪਜੀ ਨਿਰਾਸ਼ਾ ਇਕ ਉਤਸ਼ਾਹ ਅਤੇ ਦਲੇਰੀ ਵਿਚ ਬਦਲ ਗਈ ਸੀ। ਇਸ ਨਾਲ ਸਥਾਨਿਕ ਸਿਖ ਵਿਰੋਧੀ ਤਾਕਤਾਂ ਨੂੰ ਵੀ ਕੰਨ ਹੋ ਗਏ ਸਨ। ਜਦੋਂ ਕਿਸੇ ਲਹਿਰ ਦੇ ਪੈਰੋਕਾਰਾਂ ਵਿਚ ਆਪਣੇ ਨੇਤਾ ਪਰਤੀ ਇਹ ਵਿਸ਼ਵਾਸ਼ ਪੈਦਾ ਹੋ ਜਾਵੇ ਕਿ ਉਹ ਬਾਦਸ਼ਾਹਾਂ ਦੇ ਨਾਲ ਟੱਕਰ ਲੈਣ ਵਾਲਾ ਹੈ ਜਾਂ ਫੌਜਾਂ ਦੇ ਹੰਕਾਰ ਤੋੜਨ ਵਾਲਾ ਹੈ ਤਾਂ ਇਹੀ ਇਕ ਨਿਸ਼ਾਨੀ ਹੈ ਜਿਸ ਤੋਂ ਉਸ ਲਹਿਰ ਦੇ ਪੈਰੋਕਾਰਾਂ ਦੀ ਚੜਦੀ ਕਲਾ ਪਰਖੀ ਜਾਂਦੀ ਹੈ। ਜਦੋਂ ਭਾਈ ਗੁਰਦਾਸ ਇਹ ਲਿਖਦੇ ਹਨ ਕਿ:

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।
ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ॥

ਇਸ ਦਾ ਮਤਲਬ ਸੀ ਕਿ ਗੁਰੂ ਹਰਿ ਗੋਬਿੰਦ ਸਾਹਿਬ ਦੇ ਨਵੇਂ ਧਾਰਨ ਕੀਤੇ ਗਏ ਢੰਗ ਤਰੀਕਿਆਂ ਰਾਹੀਂ ਸਿਖਾਂ ਵਿਚ ਵਿਸ਼ਵਾਸ਼ ਪੈਦਾ ਹੋ ਗਿਆ ਸੀ ਕਿ ਉਨ੍ਹਾਂ ਦਾ ਗੁਰੂ, ਬਾਦਸ਼ਾਹਾਂ ਨਾਲ ਟੱਕਰ ਲੈਣ ਦੇ ਕਾਬਲ ਹੈ ਅਤੇ ਇਹੀ ਅਹਿਸਾਸ ਗੁਰੂ ਹਰਿ ਗੋਬਿੰਦ ਸਾਹਿਬ ਆਪਣੇ ਸਿਖਾਂ ਨੂੰ ਕਰਵਾਉਣਾ ਚਾਹੁੰਦੇ ਸਨ। ਅਜਿਹਾ ਅਹਿਸਾਸ ਚੋਰਾਂ, ਡਾਕੂਆਂ ਜਾਂ ਧਾੜਵੀਆਂ ਨੂੰ ਜਾਂ ਤਨਖਾਹਦਾਰ ਪਠਾਣਾਂ ਨੂੰ ਭਰਤੀ ਕਰ ਕੇ ਨਹੀਂ ਸੀ ਹੋਣਾ ਸਗੋਂ ਉਸ ਗੁਰਮੁਖ ਨੂੰ ਹਥਿਆਰਬੰਦ ਕਰ ਕੇ ਹੋਣਾ ਸੀ ਜਿਸ ਨੂੰ ਪਹਿਲੇ ਪੰਜ ਗੁਰੂ ਸਾਹਿਬਾਨ ਨੇ ਸਿਰਜਿਆ ਸੀ।

ਯਾਤਰਾ ਅਸਥਾਨ

ਗੁਰੂ ਨਾਨਕ ਦੇਵ ਜੀ ਪਿੱਛੋਂ ਦੂਸਰੇ, ਗੁਰੂ ਹਰਿਗੋਬਿੰਦ ਸਾਹਿਬ ਹੀ ਹੋਏ ਹਨ ਜਿਨ੍ਹਾਂ ਨੇ ਦੇਸ਼ ਵਿਆਪੀ ਦੌਰੇ ਕੀਤੇ ਅਤੇ ਪੰਜਾਬ ਤੋਂ ਬਾਹਰਲੇ ਪਰਾਂਤਾਂ ਵਿਚ ਵਸੀਆਂ ਸਿਖ ਸੰਗਤਾਂ ਦੇ ਨਾਲ ਸਿੱਧਾ ਸੰਪਰਕ ਬਣਾਇਆ। ਭਾਵੇਂ ਅਸੀਂ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਅਸਥਾਨਾਂ ਨੂੰ ਸਮੁੱਚੇ ਰੂਪ ਵਿਚ ਨਿਰੋਲ ਉਨ੍ਹਾਂ ਦੀਆਂ ਯਾਤਰਾਵਾਂ ਵਿਚ ਨਹੀਂ ਰੱਖ ਸਕਦੇ ਅਤੇ ਨਾ ਹੀ ਇਨ੍ਹਾਂ ਯਾਤਰਾਵਾਂ ਨੂੰ ਨਿਰੋਲ ਧਰਮ ਪਰਚਾਰ ਦੌਰੇ ਹੀ ਕਰਾਰ ਦੇ ਸਕਦੇ ਹਾਂ ਕਿਉਂਕਿ ਕੁਝ ਅਸਥਾਨ ਐਸੇ ਹਨ ਜਿਥੇ ਉਹ ਮਜਬੂਰਨ ਲੜਾਈ ਕਰਨ ਹੀ ਗਏ ਸਨ, ਜਾਂ ਆਪਣੀ ਸੁਰੱਖਿਆ ਲਈ ਪਧਾਰੇ ਸਨ ਜਾਂ ਉਨ੍ਹਾਂ ਨੂੰ ਸਰਕਾਰੀ ਹੁਕਮਾਂ ਤਹਿਤ ਕੈਦ ਵਿਚ ਰੱਖਿਆ ਗਿਆ ਸੀ। ਜਿਵੇਂ ਕਿ ਗਵਾਲੀਅਰ ਦਾ ਕਿਲਾ, ਬਠਿੰਡੇ ਜਿਲ੍ਹੇ ਵਿਚ ਲਹਿਰਾ ਮੁਹੱਬਤ ਜਾਂ ਨਥਾਣਾ ਸਾਹਿਬ ਦਾ ਅਸਥਾਨ, ਝਬਾਲ, ਕਰਤਾਰਪੁਰ, ਹਰਿਗੋਬਿੰਦਪੁਰ, ਫਗਵਾੜਾ ਆਦਿ ਥਾਵਾਂ ਹਨ। ਅਜਿਹੇ ਅਸਥਾਨਾਂ ਨੂੰ ਅਸੀਂ ਗੁਰੂ ਜੀ ਦੇ ਚਰਨ-ਛੋਹ ਅਸਥਾਨ ਤਾਂ ਕਹਿ ਸਕਦੇ ਹਾਂ ਪਰ ਇਨ੍ਹਾਂ ਨੂੰ ਗੁਰੂ ਜੀ ਦੀਆਂ ਯਾਤਰਾਵਾਂ ਵਿਚ ਸ਼ਾਮਿਲ ਨਹੀਂ ਕਰ ਸਕਦੇ। ਅਸੀਂ ਯਾਤਰਾਵਾਂ ਦੀ ਪਰਿਭਾਸ਼ਾ ਇਸ ਤਰ੍ਹਾਂ ਕਰਦੇ ਹਾਂ ਕਿ ਜਿਥੇ ਗੁਰੂ ਸਾਹਿਬ ਧਰਮ ਪਰਚਾਰ ਕਰਦੇ ਹੋਏ ਜਾਂ ਸਿਖ ਸੰਗਤਾਂ ਨੂੰ ਦਰਸ਼ਨ ਦਿੰਦੇ ਹੋਏ ਇਕ ਵਿਸ਼ੇਸ਼ ਪਰੋਗਰਾਮ ਤਹਿਤ ਇਕ ਪਿੰਡ ਤੋਂ ਦੂਸਰੇ ਪਿੰਡ ਤੱਕ ਜਾਂਦੇ ਹੋਣ। ਫਿਰ ਵੀ ਅਸੀਂ ਸਾਰੇ ਅਸਥਾਨਾਂ ਨੂੰ ਯਾਤਰਾਵਾਂ ਦੀ ਇਕ ਖੁੱਲੀ ਜਿਹੀ ਸੰਗਿਆ ਹੇਠ ਬਿਆਨ ਕਰ ਰਹੇ ਹਾਂ।

ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਅਸਥਾਨ ਦਾ ਜਿਲ੍ਹਾ ਅੰਮ੍ਰਿਤਸਰ ਹੈ। ਇਸ ਕਰ ਕੇ ਯਾਤਰਾ ਅਸਥਾਨਾ ਦਾ ਅਧਿਐਨ ਕਰਦਿਆਂ ਸਭ ਤੋਂ ਪਹਿਲਾਂ ਅੰਮ੍ਰਿਤਸਰ ਜਿਲ੍ਹੇ ਦੇ ਅਸਥਾਨ ਲਏ ਗਏ ਹਨ। ਗੁਰੂ ਕੀ ਵਡਾਲੀ ਗੁਰੂ ਜੀ ਦਾ ਜਨਮ ਨਗਰ ਹੈ। ਗੁਰੂ ਕੀ ਵਡਾਲੀ ਤੋਂ ਪਿੱਛੋਂ ਗੁਰੂ ਸਾਹਿਬ ਪਿਤਾ ਗੁਰੂ ਅਰਜਨ ਜੀ ਸਮੇਤ ਅੰਮ੍ਰਿਤਸਰ ਚਲੇ ਗਏ ਸਨ। ਅੰਮ੍ਰਿਤਸਰ ਵਿਖੇ ਅਨੇਕਾਂ ਹੀ ਐਸੇ ਅਸਥਾਨ ਹਨ ਜਿਹੜੇ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਹਨ। ਅੰਮ੍ਰਿਤਸਰ ਦੇ ਆਲੇ ਦੁਆਲੇ ਦੇ ਕਈ ਪਿੰਡ ਐਸੇ ਹਨ ਜਿਥੇ ਗੁਰੂ ਸਾਹਿਬ ਨੂੰ ਧਰਮ ਪਰਚਾਰ ਲਈ ਜਾਂ ਲੜਾਈ ਦੇ ਪੱਖੋਂ ਜਾਣਾ ਪਿਆ ਸੀ। ਜਿਵੇਂ ਕਿ ਝਬਾਲ। ਅੰਮ੍ਰਿਤਸਰ ਵਿਖੇ ਜਦੋਂ ਗੁਰੂ ਜੀ ਉੱਪਰ ਦੁਸ਼ਮਣਾਂ ਵਲੋਂ ਹਮਲਾ ਕੀਤਾ ਗਿਆ ਤਾਂ ਉਸ ਸਮੇਂ ਗੁਰੂ ਜੀ ਦੀ ਬੇਟੀ ਦੀ ਸ਼ਾਦੀ ਸੀ। ਲੜਾਈ ਦਾ ਮੁਕਾਬਲਾ ਕਰਨ ਪਿੱਛੋਂ ਗੁਰੂ ਸਾਹਿਬ ਨੇ ਝਬਾਲ ਜਾ ਕੇ ਆਪਣੀ ਬੇਟੀ ਦੀ ਸ਼ਾਦੀ ਕੀਤੀ ਸੀ। ਝਬਾਲ ਵਿਖੇ ਸ਼ਾਦੀ ਕਰਨ ਉਪਰੰਤ ਗੁਰੂ ਜੀ ਕਰਤਾਰਪੁਰ ਅਤੇ ਹਰਿਗੋਬਿੰਦਪੁਰ ਸਾਹਿਬ ਵਿਖੇ ਚਲੇ ਗਏ ਸਨ। ਭਾਵੇਂ ਇਸ ਅਧਿਐਨ ਅਧੀਨ ਕਰਤਾਰਪੁਰ ਅਤੇ ਹਰਿਗੋਬਿੰਦਪੁਰ ਦੇ ਅਸਥਾਨਾਂ ਨੂੰ ਅਸੀਂ ਕਰਮਵਾਰ ਜਲੰਧਰ ਅਤੇ

ਗੁਰਦਾਸਪੁਰ ਦੇ ਜਿਲਿਆਂ ਦੇ ਯਾਤਰਾ ਅਸਥਾਨਾਂ ਨਾਲ ਰੱਖਿਆ ਗਿਆ ਹੈ। ਬਹੁਤ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਗੁਰੂ ਜੀ ਦੀਆਂ ਯਾਤਰਾਵਾਂ ਦਾ ਲੜੀਵਾਰ ਮਾਰਗ ਨਹੀਂ ਬਣ ਸਕਿਆ ਕਿਉਂਕਿ ਗੁਰੂ ਸਾਹਿਬ ਆਪਣੇ ਨਾਲ ਸੰਬੰਧਿਤ ਅਸਥਾਨਾਂ 'ਤੇ ਕਿਸੇ ਵਿਸ਼ੇਸ਼ ਟੂਰ-ਪਰੋਗਰਾਮ ਅਨੁਸਾਰ ਨਹੀਂ ਗਏ। ਕਈ ਥਾਵਾਂ 'ਤੇ ਇਕ ਤੋਂ ਵੱਧ ਵਾਰ ਗਏ ਸਨ। ਮਿਸਾਲ ਦੇ ਤੌਰ 'ਤੇ ਗੁਰੂ ਸਾਹਿਬ ਗੁਰਗੱਦੀ ਪਰਾਪਤ ਕਰਨ ਤੋਂ ਤੁਰੰਤ ਪਿੱਛੋਂ ਸਾਰੇ ਪਰਿਵਾਰ ਸਮੇਤ ਡਰੋਲੀ ਭਾਈ ਕੀ ਵਿਖੇ ਚਲੇ ਗਏ ਸਨ। ਡੇਢ ਕੁ ਸਾਲ ਦੇ ਅਰਸੇ ਪਿੱਛੋਂ ਸਿੱਧਾ ਹੀ ਡਰੋਲੀ ਭਾਈ ਕੀ ਤੋਂ ਅੰਮ੍ਰਿਤਸਰ ਪਹੁੰਚ ਗਏ ਸੀ। ਸਮੇਂ ਅਨੁਸਾਰ ਤਾਂ, ਇਸ ਅਨੁਸਾਰ, ਅੰਮ੍ਰਿਤਸਰ ਤੋਂ ਅਗਲਾ ਯਾਤਰਾ ਅਸਥਾਨ ਡਰੋਲੀ ਭਾਈ ਕੀ ਹੋਣਾ ਚਾਹੀਦਾ ਹੈ ਪਰ ਇਸ ਤਰ੍ਹਾਂ ਇਕ ਯਾਤਰਾ-ਮਾਰਗ ਨਹੀਂ ਉਲੀਕਿਆ ਜਾ ਸਕਦਾ ਕਿਉਂਕਿ ਜਿਹੜੇ ਅਸਥਾਨ ਅੰਮ੍ਰਿਤਸਰ ਅਤੇ ਡਰੋਲੀ ਭਾਈ ਕੀ ਵਿਚਕਾਰ ਆਉਂਦੇ ਹਨ ਉਨ੍ਹਾਂ ਵਿਖੇ ਗੁਰੂ ਸਾਹਿਬ ਕਾਫੀ ਦੇਰ ਪਿੱਛੋਂ ਗਏ ਸਨ। ਇਸ ਤਰ੍ਹਾਂ ਇਸ ਰਸਤੇ ਦਾ ਲੜੀਵਾਰ ਬਿਰਤਾਂਤ ਸਮੇਂ ਅਨੁਸਾਰ ਇਕ ਲੜੀ ਵਿਚ ਨਹੀਂ ਰੱਖਿਆ ਜਾ ਸਕਦਾ।

ਗੁਰੂ ਸਾਹਿਬ ਦੀ ਕਸ਼ਮੀਰ ਯਾਤਰਾ ਅਤੇ ਪੱਛਮੀ ਪੰਜਾਬ ਦੇ ਅਸਥਾਨਾਂ ਦੀ ਯਾਤਰਾ, ਅੰਮ੍ਰਿਤਸਰ ਰਹਿਣ ਸਮੇਂ ਕੀਤੀ ਗਈ ਸੀ। ਇਹ ਸਮਾਂ ਜਹਾਂਗੀਰ ਦਾ ਸੀ। ਇਸ ਤਰ੍ਹਾਂ ਦੀਆਂ ਰਵਾਇਤਾਂ ਵੀ ਮਿਲਦੀਆਂ ਹਨ ਜਿਵੇਂ ਕਿ ਗੁਰੂ ਸਾਹਿਬ ਜਹਾਂਗੀਰ ਦੇ ਸਾਥ ਵਿਚ ਰਹਿੰਦੇ ਹੋਏ ਕਸ਼ਮੀਰ ਵਲ ਗਏ ਹੋਣ। ਇਹ ਹੋ ਸਕਦਾ ਹੈ ਕਿ ਬਾਦਸ਼ਾਹ ਕਸ਼ਮੀਰ ਨੂੰ ਜਾਣ ਲੱਗਿਆਂ ਗੁਰੂ ਸਾਹਿਬ ਨੂੰ ਨਾਲ ਲੈ ਗਿਆ ਹੋਵੇ ਪਰ ਉਥੇ ਜਾ ਕੇ ਜਾਂ ਮੁੜਨ ਸਮੇਂ ਗੁਰੂ ਸਾਹਿਬ ਅਲੱਗ ਹੋ ਗਏ ਹੋਣ। ਪੱਛਮੀ ਪੰਜਾਬ ਦੇ ਅਸਥਾਨਾਂ ਦੀ ਯਾਤਰਾ ਕਸ਼ਮੀਰ ਤੋਂ ਮੁੜਨ ਸਮੇਂ ਦੀ ਸੀ। ਇਹ ਯਾਤਰਾ ਖੁੱਲੇ ਸਮੇਂ ਦੀ ਮਹਿਸੂਸ ਹੁੰਦੀ ਹੈ ਕਿਉਂਕਿ ਇਧਰ ਵੀ ਬਹੁਤ ਅਸਥਾਨ ਹਨ ਜਿਹੜੇ ਗੁਰੂ ਸਾਹਿਬ ਦੀ ਚਰਨਛੋਹ ਪਰਾਪਤ ਹਨ। ਅਸੀਂ ਤਾਂ ਸਿਰਫ ਉਨ੍ਹਾਂ ਅਸਥਾਨਾਂ ਨੂੰ ਹੀ ਕਲਮਬੰਦ ਕੀਤਾ ਹੈ ਜਿਨ੍ਹਾਂ ਦਾ ਪੁਰਾਤਨ ਪੁਸਤਕਾਂ ਵਿਚ ਜ਼ਿਕਰ ਆਇਆ ਹੈ। ਅਜੇ ਹੋਰ ਵੀ ਬਹੁਤ ਅਸਥਾਨ ਅਜਿਹੇ ਹੋਣਗੇ ਜਿਥੇ ਗੁਰੂ ਸਾਹਿਬ ਗਏ ਹੋਣਗੇ ਪਰ ਉਥੇ ਤੱਕ ਸਾਡੀ ਪਹੁੰਚ ਨਾ ਹੋਣ ਕਰ ਕੇ ਅਸੀਂ ਸਾਰੇ ਅਸਥਾਨਾਂ ਨੂੰ ਉਜਾਗਰ ਨਹੀਂ ਕਰ ਸਕੇ। ਵਰਤਮਾਨ ਅਧਿਐਨ ਵਿਚ ਪਾਕਿਸਤਾਨ ਵਿਚਲੇ ਅਸਥਾਨਾਂ ਵਿਚ ਸਿਰਫ ਗੁਜਰਾਤ, ਵਜ਼ੀਰਾਬਾਦ, ਹਾਫਿਜ਼ਾਬਾਦ, ਭਾਈ ਕੇ ਮੱਟੂ, ਗੁਰੂ ਸਰ ਰਣਜੀਤਗੜ੍ਹ, ਗਲੋਟੀਆਂ, ਨਨਕਾਣਾ ਸਾਹਿਬ ਅਤੇ ਲਾਹੌਰ ਦੇ ਹੀ ਅਸਥਾਨ ਹਨ। ਜੇਕਰ ਪੱਛਮੀ ਪੰਜਾਬ ਦੇ ਲਾਹੌਰ, ਸਿਆਲਕੋਟ ਅਤੇ ਗੁੱਜਰਾਂਵਾਲੇ ਜ਼ਿਲਿਆਂ ਦਾ ਸਰਵੇਖਣ ਕੀਤਾ ਜਾਵੇ ਤਾਂ ਬਹੁਤ ਅਸਥਾਨ ਹੋਰ ਮਿਲ ਸਕਦੇ ਹਨ।

ਜਹਾਂਗੀਰ ਦੀ ਮੌਤ ਪਿੱਛੋਂ ਸ਼ਾਹਜਹਾਨ ਦੇ ਬਾਦਸ਼ਾਹ ਬਣਨ ਸਮੇਂ ਗੁਰੂ ਸਾਹਿਬ ਨੂੰ ਕੁਝ ਸਾਲਾਂ ਤੱਕ, ਸਥਾਨਿਕ ਦੁਸ਼ਮਣਾਂ ਦੇ ਕਾਰਨ ਇਕ ਥਾਂ ਤੋਂ ਦੂਜੀ ਥਾਂ 'ਤੇ ਭਾਉਂਦੇ ਰਹਿਣਾ ਪਿਆ। ਜੇਕਰ ਪਹਿਲਾਂ ਵਾਂਗ ਹੀ ਸ਼ਾਂਤੀ ਦਾ ਸਮਾਂ ਮਿਲਦਾ ਰਹਿੰਦਾ ਤਾਂ ਹੋ ਸਕਦਾ ਸੀ ਕਿ ਗੁਰੂ ਸਾਹਿਬ ਹੋਰ ਵੀ ਦੁਰਾਡੇ ਦੀਆਂ ਥਾਵਾਂ 'ਤੇ ਧਰਮ ਪਰਚਾਰ ਲਈ ਚਲੇ ਜਾਂਦੇ ਪਰ ਗੁਰੂ ਸਾਹਿਬ ਨੂੰ ਕੇਂਦਰੀ ਮੁਗਲ ਹਕੂਮਤ ਦੀ ਫਿਰਕੂ ਨੀਤੀ ਦੀ ਸ਼ਹਿ 'ਤੇ ਪੰਜਾਬ ਦੇ ਸਥਾਨਿਕ ਅਧਿਕਾਰੀਆਂ ਦੀ ਈਰਖਾ ਦਾ ਇਸ ਤਰ੍ਹਾਂ ਸ਼ਿਕਾਰ ਹੋਣਾ ਪਿਆ ਕਿ ਉਨ੍ਹਾਂ ਨੂੰ ਇਕ ਤੋਂ ਵੱਧ

ਵਾਰ ਲੜਾਈਆਂ ਦਾ ਮੁਕਾਬਲਾ ਕਰਨਾ ਪਿਆ। ਲੜਾਈਆਂ ਵਿਚ ਸਭ ਤੋਂ ਵੱਧ ਨੁਕਸਾਨ ਗੁਰੂ ਸਾਹਿਬ ਨੂੰ ਹੀ ਉਠਾਉਣਾ ਪਿਆ ਸੀ। ਸਿਖ ਸੰਗਤਾਂ ਦਾ ਜਾਨੀ ਨੁਕਸਾਨ ਤਾਂ ਹੋਇਆ ਹੀ ਸੀ ਬਲਕਿ ਇਨ੍ਹਾਂ ਲੜਾਈਆਂ ਕਾਰਨ ਗੁਰੂ ਸਾਹਿਬ ਨੂੰ ਅੰਮ੍ਰਿਤਸਰ ਜੈਸਾ ਵਿਕਸਿਤ ਅਤੇ ਕੇਂਦਰੀ ਨਗਰ ਵੀ ਛੱਡਣਾ ਪਿਆ ਸੀ। ਹਰਿਗੋਬਿੰਦਪੁਰ ਨੂੰ ਛੱਡਣਾ ਪਿਆ ਸੀ। ਇੱਥੋਂ ਤੱਕ ਕਿ ਕਰਤਾਰਪੁਰ ਵਰਗੇ ਵਧੀਆਂ ਸ਼ਹਿਰਾਂ ਨੂੰ ਵੀ ਛੱਡਣਾ ਪਿਆ ਸੀ। ਅੰਮ੍ਰਿਤਸਰ, ਹਰਿਗੋਬਿੰਦਪੁਰ ਅਤੇ ਕਰਤਾਰਪੁਰ ਰਮਣੀਕ ਅਸਥਾਨ ਤਾਂ ਹੈ ਹੀ ਸਨ ਸਗੋਂ ਇਹ ਨਿਰੋਲ ਸਿਖ ਸਭਿਆਚਾਰ ਵਾਲੇ ਨਗਰ ਵੀ ਸਨ। ਲੜਾਈਆਂ ਕਾਰਨ ਇਹ ਸਭ ਨਗਰ ਛੱਡਣੇ ਪਏ ਸਨ। ਇਨ੍ਹਾਂ ਅਸਥਾਨਾਂ ਤੋਂ ਦੂਰ ਐਸੇ ਇਲਾਕੇ ਵਿਚ ਕੀਰਤਪੁਰ ਸਾਹਿਬ ਦਾ ਨਵਾਂ ਅਸਥਾਨ ਸਥਾਪਿਤ ਕਰਨਾ ਪਿਆ ਸੀ ਜਿੱਥੋਂ ਦੀ ਆਬਾਦੀ ਜ਼ਿਆਦਾ ਸਿਖ ਧਰਮ ਦੇ ਵਿਚ ਨਹੀਂ ਸੀ। ਇਹ ਇਲਾਕਾ ਉਪਜਾਊ ਵੀ ਬਹੁਤਾ ਨਹੀਂ ਸੀ ਪਰ ਕੀਰਤਪੁਰ ਸਾਹਿਬ ਵਿਖੇ ਗੁਰੂ ਸਾਹਿਬ ਨੂੰ ਸ਼ਾਂਤੀ ਦਾ ਸਮਾਂ ਜ਼ਰੂਰ ਮਿਲ ਗਿਆ ਸੀ। ਇਸ ਸ਼ਾਤੀ ਦੇ ਸਮੇਂ ਵਿਚ ਹੀ ਉਨ੍ਹਾਂ ਨੇ ਪੰਜਾਬ ਦੇ ਲੁਧਿਆਣਾ, ਸੰਗਰੂਰ, ਬਠਿੰਡਾ ਆਦਿ ਜ਼ਿਲਿਆਂ ਦੇ ਅਸਥਾਨਾਂ 'ਤੇ ਧਰਮ ਪਰਚਾਰ ਦੌਰੇ ਕੀਤੇ। ਪੰਜਾਬ ਤੋਂ ਬਾਹਰ ਹਰਿਆਣਾ ਅਤੇ ਉੱਤਰ ਪਰਦੇਸ਼ ਦੇ ਅਸਥਾਨਾਂ ਦੇ ਵੀ ਦੌਰੇ ਕੀਤੇ ਸਨ। ਕੁਰੂਕਸ਼ੇਤਰ, ਨਾਨਕਮੱਤਾ, ਪੀਲੀਭੀਤ ਆਦਿ ਥਾਵਾਂ 'ਤੇ ਗੁਰੂ ਸਾਹਿਬ ਕੀਰਤਪੁਰ ਸਾਹਿਬ ਤੋਂ ਹੀ ਗਏ ਸਨ।

ਪੰਜਾਬ ਦੇ ਮਾਲਵੇ ਖੇਤਰ ਵਿਚ ਗੁਰੂ ਹਰਿਗੋਬਿੰਦ ਸਾਹਿਬ ਹੀ ਸਭ ਤੋਂ ਪਹਿਲੇ ਗੁਰੂ ਸਨ ਜਿਨ੍ਹਾਂ ਨੇ ਮਾਲਵੇ ਦੇ ਜੱਟ ਕਬੀਲਿਆਂ ਨੂੰ ਸਿਖ ਧਰਮ ਵਿਚ ਲਿਆਂਦਾ ਸੀ। ਮਾਲਵੇ ਦੇ ਜੱਟ ਕਬੀਲੇ ਗੁਰੂ ਜੀ ਲਈ ਅੱਗੇ ਹੋ ਕੇ ਜਾਨਾਂ ਵਾਰਦੇ ਸਨ। ਭਾਈ ਰੂਪਾ ਤਰਖਾਣਾ ਜਾਤੀ ਦਾ ਸਿਖ ਸੀ। ਇਹ ਮਾਲਵੇ ਵਿਚ ਸਿਖ ਧਰਮ ਦਾ ਮੁੱਖ ਪਰਚਾਰਕ ਸੀ। ਕਾਂਗੜ ਵਿਖੇ ਗੁਰੂ ਸਾਹਿਬ ਕਾਫੀ ਸਮਾਂ ਠਹਿਰੇ ਮਾਲੂਮ ਹੁੰਦੇ ਹਨ। ਕਾਂਗੜ ਦਾ ਮਿਹਰ ਮਿੱਠਾ ਵੀ ਮੁੱਖੀ ਸਿਖਾਂ ਵਿੱਚੋਂ ਸੀ। ਨਥਾਣੇ ਦੇ ਅਸਥਾਨ 'ਤੇ ਹੋਈ ਲੜਾਈ ਵਿਚ ਮਾਲਵੇ ਦੇ ਜੱਟ ਕਬੀਲਿਆਂ ਨੇ ਜੰਗਲਾਂ-ਬੇਲਿਆਂ ਵਿੱਚੋਂ ਬਘਿਆੜਾਂ ਵਾਂਗੂ ਨਿਕਲ ਕੇ, ਦੁਸ਼ਮਣ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ ਸੀ। ਨਥਾਣੇ ਦੀ ਲੜਾਈ, ਜਿਸ ਨੂੰ ਲਹਿਰਾ-ਮੁਹੱਬਤ ਜਾਂ ਮਹਿਰਾਜ ਦੀ ਲੜਾਈ ਵੀ ਕਿਹਾ ਜਾਂਦਾ ਹੈ, ਪੂਰੀ ਤਰ੍ਹਾਂ ਫੈਸਲਾਕਰੂ ਲੜਾਈ ਸੀ। ਦੁਸ਼ਮਣ ਨੂੰ ਮਾਲਵੇ ਦੀ ਧਰਤੀ 'ਤੇ ਪਾਣੀ ਵੀ ਪੀਣ ਨੂੰ ਨਸੀਬ ਨਹੀਂ ਹੋਇਆ। ਜਿੰਨੀਆਂ ਵੀ ਪਾਣੀ ਵਾਲੀਆਂ ਢਾਬਾਂ ਸਨ ਸਭ ਜੱਟ ਕਬੀਲਿਆਂ ਦੀਆਂ ਰੋਕੀਆਂ ਹੋਈਆਂ ਸਨ। ਜੱਟ ਕਬੀਲੇ ਗੁਰੂ ਜੀ ਨਾਲ ਸਨ। ਇਸ ਲੜਾਈ ਵਿਚ ਦੁਸ਼ਮਣ ਨੂੰ ਕਰਾਰੀ ਹਾਰ ਹੋਈ ਸੀ।

ਗੁਰੂ ਸਾਹਿਬ ਦੀਆਂ ਯਾਤਰਾਵਾਂ ਦਾ ਸਰਵੇਖਣ ਕਰਦੇ ਹੋਏ ਗੁਰੂ ਸਾਹਿਬ ਦੀਆਂ ਗਤੀਵਿਧੀਆਂ ਦੇ ਦੋ ਹੋਰ ਪੱਖ ਉਜਾਗਰ ਹੁੰਦੇ ਹਨ। ਇਕ ਇਹ ਕਿ ਗੁਰੂ ਸਾਹਿਬ ਨੇ ਅਨੇਕਾਂ ਅਸਥਾਨਾਂ 'ਤੇ ਸਥਾਨਿਕ ਲੋਕਾਂ ਦੀ ਸਹੂਲਤ ਲਈ ਖੂਹ ਲਗਵਾਏ ਸਨ। ਪੰਜਾਬ ਵਿਚ ਅਤੇ ਖਾਸ ਕਰ ਕੇ ਪੰਜਾਬ ਦੇ ਮਾਲਵੇ ਖੇਤਰ ਵਿਚ ਪੀਣ ਵਾਲੇ ਪਾਣੀ ਦੀ ਬੜੀ ਤਕੜੀ ਸਮੱਸਿਆ ਸੀ। ਜ਼ਮੀਨ ਹੇਠਾਂ ਪਾਣੀ ਬੜਾ ਡੂੰਘਾ ਸੀ। ਉਪਰਲੀ ਤਹਿ ਵਾਲਾ ਪਾਣੀ ਪੀਣ ਯੋਗ ਨਹੀਂ ਸੀ। ਇਹ ਖਾਰਾ ਹੁੰਦਾ ਸੀ। ਡੂੰਘੇ ਖੂਹ ਲਗਵਾਉਣੇ ਸਿੱਧੇ ਸਾਦੇ ਅਤੇ ਗਰੀਬ ਲੋਕਾਂ ਲਈ ਬੜਾ ਮਹਿੰਗਾ ਅਤੇ ਔਖਾ ਕੰਮ ਹੁੰਦਾ ਸੀ। ਗੁਰੂ ਸਾਹਿਬ ਜਿੱਥੇ ਵੀ ਕੁਝ ਲੰਮਾ ਸਮਾਂ ਠਹਿਰਦੇ

ਸਨ ਉੱਥੇ ਹੀ ਖੂਹ ਖੁਦਵਾ ਦਿੰਦੇ ਸਨ। ਗੁਰੂ ਜੀ ਪਾਸ ਸਿਖ ਸੰਗਤਾਂ ਦੀ ਕਮੀ ਨਹੀਂ ਸੀ। ਗੁਰੂ ਜੀ ਦੇ ਹੁਕਮ ਨਾਲ ਪੈਸਾ ਵੀ ਬਹੁਤ ਮਾਤਰਾ ਵਿਚ ਇਕੱਠਾ ਹੋ ਜਾਂਦਾ ਸੀ। ਵੈਸੇ ਵੀ ਗੁਰੂ ਜੀ ਦੇ ਸਮੇਂ ਤੱਕ ਸਿਖ ਧਰਮ ਦੀ ਜੱਥੇਬੰਦਕ ਸ਼ਕਤੀ ਪੂਰੀ ਤਰ੍ਹਾਂ ਸਥਾਪਿਤ ਹੋ ਚੁੱਕੀ ਸੀ। ਇਸ ਲਈ ਇਕ ਸੰਗਠਿਤ ਤਰੀਕੇ ਨਾਲ ਪੈਸਾ ਇਕੱਠਾ ਹੁੰਦਾ ਰਹਿੰਦਾ ਸੀ। ਇਸ ਨਾਲ ਖੂਹ ਲਗਵਾਏ ਜਾਂਦੇ ਸਨ, ਨਵੀਆਂ ਇਮਾਰਤਾਂ ਬਣਵਾਈਆਂ ਜਾਂਦੀਆਂ ਸਨ। ਡਰੌਲੀ ਭਾਈ ਕੀ ਵਿਖੇ ਇਕ ਖੂਹ ਵੀ ਲਗਵਾਇਆ ਗਿਆ ਸੀ ਅਤੇ ਨਵੇਂ ਘਰ ਵੀ ਬਣਵਾਏ ਗਏ ਸਨ। ਆਨੰਦਪੁਰ ਸਾਹਿਬ ਦੇ ਆਲੇ-ਦੁਆਲੇ ਦੇ ਇਲਾਕੇ ਵਿਚ ਦੋ ਖੂਹ ਲਗਵਾਏ ਗਏ ਸਨ।

ਦੂਜਾ ਕੰਮ ਜੋ ਗੁਰੂ ਸਾਹਿਬ ਨੇ ਵਿਸ਼ੇਸ਼ ਤੌਰ 'ਤੇ ਕੀਤਾ ਸੀ ਉਹ ਸੀ ਗੁਰੂ ਨਾਨਕ ਦੇਵ ਜੀ ਰਾਹੀਂ ਯਾਤਰਾ ਕੀਤੇ ਹੋਏ ਅਸਥਾਨਾਂ ਦੀ ਭਾਲ ਕਰਨੀ ਅਤੇ ਉੱਥੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਗੁਰਦੁਆਰੇ ਜਾਂ ਥੜ੍ਹੇ ਬਣਵਾਉਣੇ। ਗੁਰੂ ਸਾਹਿਬ ਨੇ ਨਨਕਾਣਾ ਸਾਹਿਬ ਪਹੁੰਚ ਕੇ ਗੁਰੂ ਨਾਨਕ ਦੇਵ ਜੀ ਦੀਆਂ ਯਾਦਗਾਰੀ ਥਾਵਾਂ 'ਤੇ ਥੜ੍ਹੇ ਬਣਵਾਏ ਸਨ ਅਤੇ ਉਨ੍ਹਾਂ ਦੀ ਨਿਸ਼ਾਨਦੇਹੀ ਕਰਵਾਈ ਸੀ। ਇਸੇ ਤਰ੍ਹਾਂ ਲਾਹੌਰ ਪਹੁੰਚ ਕੇ ਪਿਤਾ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਅਸਥਾਨ 'ਤੇ ਇਕ ਦੇਹੁਰਾ ਬਣਵਾਇਆ। ਗੁਰੂ ਰਾਮ ਦਾਸ ਜੀ ਦੀ ਯਾਦ ਵਿਚ ਵੀ ਇਕ ਗੁਰਦੁਆਰਾ ਬਣਵਾਇਆ ਸੀ। ਪੰਜਾਬ ਦੀਆਂ ਹੋਰ ਅਨੇਕਾਂ ਥਾਵਾਂ 'ਤੇ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਅਸਥਾਨਾਂ 'ਤੇ ਥੜ੍ਹੇ ਜਾਂ ਗੁਰਦੁਆਰੇ ਬਣਵਾਏ ਸਨ। ਕੁਰੂਕਸ਼ੇਤਰ ਵਿਖੇ ਗੁਰੂ ਨਾਨਕ ਦੇਵ ਜੀ ਦੇ ਬੈਠਣ ਵਾਲੀ ਥਾਂ ਨੂੰ ਸੰਭਾਲਿਆ ਸੀ। ਇਸੇ ਤਰ੍ਹਾਂ ਨਾਨਕ ਮਤਿ ਪਹੁੰਚ ਕੇ ਗੁਰੂ ਨਾਨਕ ਦੇਵ ਜੀ ਦੇ ਅਸਥਾਨ ਨੂੰ ਸਿੱਧਾਂ ਦੇ ਕਬਜ਼ੇ ਵਿੱਚੋਂ ਛੁਡਵਾਇਆ ਸੀ। ਇਸ ਤਰ੍ਹਾਂ ਪਹਿਲੇ ਗੁਰੂ ਸਾਹਿਬਾਨ ਦੀਆਂ ਯਾਦਗਾਰਾਂ ਸੰਭਾਲਣ ਦਾ ਕੰਮ ਗੁਰੂ ਹਰਿਗੋਬਿੰਦ ਸਾਹਿਬ ਨੇ ਬਹੁਤ ਵੱਡੀ ਪੱਧਰ 'ਤੇ ਕਰਵਾਇਆ ਸੀ।

ਯਾਤਰਾਵਾਂ ਦੇ ਇਸ ਸਰਵੇਖਣ ਤੋਂ ਪਹਿਲਾਂ ਮੁੱਖ ਤੌਰ ਤੇ ਚਾਰ ਲੇਖਕਾਂ ਵੱਲੋਂ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਯਾਤਰਾਵਾਂ ਦਾ ਸਰਵੇਖਣ ਕੀਤਾ ਜਾ ਚੁੱਕਿਆ ਹੈ। ਸਭ ਤੋਂ ਪਹਿਲਾਂ ਪੰਡਿਤ ਤਾਰਾ ਸਿੰਘ ਨਰੋਤਮ ਵੱਲੋਂ 1884 ਈ. ਵਿਚ ਗੁਰੂ ਜੀ ਦੇ ਯਾਤਰਾ ਅਸਥਾਨਾਂ ਦਾ ਸੰਖੇਪ ਵੇਰਵਾ *ਸ੍ਰੀ ਗੁਰੂ ਤੀਰਥ ਸੰਗ੍ਰਹਿ* ਨਾਮੀ ਪੁਸਤਕ ਵਿਚ ਛਪਵਾਇਆ ਗਿਆ ਸੀ। ਇਹ ਬਹੁਤ ਸੰਖੇਪ ਰੂਪ ਵਿਚ ਹੈ। ਇਤਨਾ ਸੰਖੇਪ ਹੈ ਕਿ ਕਈ ਵਾਰ ਤਾਂ ਕਿਸੇ ਅਸਥਾਨ ਬਾਰੇ ਸਿਰਫ ਇਕੋ ਸਤਰ ਵਿਚ ਹੀ ਇਹ ਕਹਿ ਕੇ ਗੱਲ ਮੁਕਾ ਦਿੱਤੀ ਗਈ ਹੈ ਕਿ ਇੱਥੇ ਗੁਰੂ ਜੀ ਫਲਾਣੇ ਪਿੰਡ ਤੋਂ ਆਏ ਸਨ।

ਦੂਜੇ ਨੰਬਰ ਤੇ ਗਯਾਨੀ ਗਯਾਨ ਸਿੰਘ ਵਲੋਂ ਗੁਰਦੁਆਰਾ ਸਰਵੇਖਣ ਕੀਤਾ ਗਿਆ ਸੀ। ਉਨ੍ਹਾਂ ਨੇ ਆਪਣੀ ਸਰਵੇਖਣ ਰਿਪੋਰਟ *ਗੁਰਧਾਮ ਸੰਗ੍ਰਹਿ* ਦੇ ਰੂਪ ਵਿਚ 1920-21 ਈ. ਵਿਚ ਤਿਆਰ ਕੀਤੀ ਸੀ ਅਤੇ ਇਹ ਉਨ੍ਹਾਂ ਦੀ ਮੌਤ ਪਿੱਛੋਂ ਛਾਪੀ (ਤਕਰੀਬਨ 1924 ਈ. ਵਿਚ) ਗਈ ਸੀ। ਇਹ, ਨਿਰਸੰਦੇਹ ਪੰਡਿਤ ਨਰੋਤਮ ਦੀ ਰਿਪੋਰਟ ਨਾਲੋਂ ਵਿਸਥਾਰ ਵਿਚ ਹੈ। ਫਿਰ 1924 ਵਿਚ ਹੀ ਗਯਾਨੀ ਠਾਕੁਰ ਸਿੰਘ ਵੱਲੋਂ *ਸ੍ਰੀ ਗੁਰਦੁਆਰੇ ਦਰਸ਼ਨ* ਪੁਸਤਕ ਤਿਆਰ ਕੀਤੀ ਗਈ। ਇਸ ਵਿਚ ਪਹਿਲੀਆਂ ਦੋਵਾਂ ਪੁਸਤਕਾਂ ਨਾਲੋਂ ਜ਼ਿਆਦਾ ਵਿਸਥਾਰ ਵਿਚ ਵੇਰਵਾ ਦਿੱਤਾ ਗਿਆ ਹੈ। 1930 ਦੇ ਨੇੜੇ-ਤੇੜੇ ਭਾਈ ਕਾਨ੍ਹ ਸਿੰਘ ਨਾਭਾ ਨੇ *ਗੁਰਸ਼ਬਦ ਰਤਨਾਕਰ ਮਹਾਨ ਕੋਸ਼* ਤਿਆਰ ਕੀਤਾ। ਇਸ ਵਿਚ ਉਨ੍ਹਾਂ ਸਾਰੇ ਪਿੰਡਾਂ ਦਾ ਹਵਾਲਾ ਵੀ ਦਿੱਤਾ ਗਿਆ

ਜਿਥੇ-ਜਿਥੇ ਗੁਰੂ ਸਾਹਿਬਾਨ ਗਏ ਸਨ। ਇਹ ਬਹੁਤ ਵਧੀਆ ਕੰਮ ਸੀ ਪਰ ਸੀ ਇਹ ਵੀ ਬਹੁਤ ਸੰਖੇਪ। ਨਰੋਤਮ, ਗਯਾਨ ਸਿੰਘ ਅਤੇ ਠਾਕੁਰ ਸਿੰਘ ਦੇ ਸਰਵੇਖਣ ਵਿਚ ਇਕ ਗੱਲ ਵਿਸ਼ੇਸ਼ ਤੌਰ ਤੇ ਰੜਕਦੀ ਹੈ। ਉਹ ਇਹ ਹੈ ਕਿ ਉਨ੍ਹਾਂ ਦੀ ਲਿਖਤ ਵਿਚ ਤੱਥ, ਰਵਾਇਤ, ਅਫਵਾਹ, ਮਨੋਕਲਪਿਤ ਜਾਂ ਗੁਰਮਤਿ ਵਿਰੋਧੀ ਗੱਲਾਂ ਦਾ ਕੋਈ ਵਖਰੇਵਾਂ ਨਹੀਂ ਰੱਖਿਆ ਗਿਆ। ਉਨ੍ਹਾਂ ਨੇ ਜੋ ਵੀ ਗੱਲ ਸੁਣੀ ਜਾਂ ਉਨ੍ਹਾਂ ਨੂੰ ਸੁਣਾਈ ਗਈ ਉਨ੍ਹਾਂ ਨੇ ਬਿਨਾਂ ਉਸ ਗੱਲ ਦਾ ਨਿਰੀਖਣ ਕਰੇ ਦੇ ਉਸੇ ਤਰ੍ਹਾਂ ਹੀ ਕਲਮਬੰਦ ਕਰ ਦਿੱਤੀ। ਇਸ ਤਰ੍ਹਾਂ ਅਨੇਕਾਂ ਥਾਵਾਂ 'ਤੇ ਗੁਰੂ ਜੀ ਵੱਲੋਂ ਸਥਾਨਿਕ ਲੋਕਾਂ ਨੂੰ, ਚੰਗੀ ਤਰ੍ਹਾਂ ਸੇਵਾ ਨਾ ਕਰਨ ਕਰ ਕੇ ਸਰਾਪ ਦਿਵਾਏ ਗਏ ਹਨ। ਅਨੇਕਾਂ ਥਾਵਾਂ 'ਤੇ ਖੂਹਾਂ ਦੇ ਖਾਰੇ ਪਾਣੀਆਂ ਨੂੰ ਪਤਾਸੇ ਪੁਆ ਕੇ ਜਾਂ ਸਿਖਾਂ ਦੇ ਪੈਰ ਧੁਆ ਕੇ ਪਾਉਣ ਨਾਲ ਮਿੱਠਾ ਕੀਤਾ ਗਿਆ ਦਿਖਾਇਆ ਗਿਆ ਹੈ। ਖੂਹਾਂ ਦੇ ਖਾਰੇ ਪਾਣੀਆਂ ਨੂੰ ਪੀਣ ਯੋਗ ਪਾਣੀ ਵਿਚ (ਅਰਥਾਤ ਮਿੱਠੇ ਪਾਣੀ ਵਿਚ) ਕਿਵੇਂ ਤਬਦੀਲ ਕਰਨਾ ਹੈ। ਇਸ ਦੀ ਉਨ੍ਹਾਂ ਨੇ ਸਿਰਫ ਤੇ ਸਿਰਫ ਅੱਖਰੀਂ ਅਰਥਾਂ ਵਾਲੀ ਹੀ ਵਿਆਖਿਆ ਰੱਖੀ ਹੈ। ਭਾਈ ਕਾਨ੍ਹ ਸਿੰਘ ਨੇ ਅਜਿਹੀਆਂ ਗੱਲਾਂ ਤੋਂ ਸੰਕੋਚ ਕੀਤਾ ਹੈ।

ਵਰਤਮਾਨ ਕੋਸ਼ਿਸ਼ ਪੁਰਾਤਨ ਕੰਮਾਂ ਅਤੇ ਜਾਤੀ ਸਰਵੇਖਣ ਦੋਹਾਂ ਦਾ ਮਿਸ਼ਰਣ ਹੈ। ਬਹੁਤੀਆਂ ਥਾਵਾਂ ਦਾ ਜਾਤੀ ਤੌਰ 'ਤੇ ਸਰਵੇਖਣ ਕੀਤਾ ਹੈ। ਇਸ ਸਰਵੇਖਣ ਨੂੰ ਪੁਰਾਤਨ ਲਿਖਤਾਂ ਵਿਚਲੇ ਵੇਰਵਿਆਂ ਨਾਲ ਤੁਲਨਾਅ ਕੇ, ਇਸ ਦਾ ਇਤਿਹਾਸਿਕ ਤੱਥਾਂ, ਸਿਖ ਰਵਾਇਤਾਂ ਅਤੇ ਸਿਖ ਵਿਸ਼ਵਾਸ਼ ਨਾਲ ਵਿਸ਼ਲੇਸ਼ਣਾਤਮਿਕ ਅਧਿਐਨ ਕਰ ਕੇ ਹਰ ਅਸਥਾਨ ਦਾ ਵੇਰਵਾ ਤਿਆਰ ਕੀਤਾ ਗਿਆ ਹੈ। ਤਕਰੀਬਨ ਹਰ ਅਸਥਾਨ ਦਾ ਵੇਰਵਾ ਦੇਣ ਸਮੇਂ, ਉਸ ਨਾਲ ਸੰਬੰਧਿਤ ਛਪ ਚੁੱਕੀ ਹਰ ਤਰ੍ਹਾਂ ਦੀ ਲਿਖਤ ਦਾ ਹਵਾਲਾ ਦਿੱਤਾ ਗਿਆ ਹੈ ਤਾਂ ਕਿ ਪਾਠਕ ਸਮਝ ਸਕਣ ਕੇ ਭੂਤਕਾਲ ਅਤੇ ਵਰਤਮਾਨ ਦੀ ਵਿਆਖਿਆ ਵਿਚ ਕਿਨਾਂ ਕੁ ਫਰਕ ਹੈ। ਇਸ ਸਰਵੇਖਣ ਵਿਚ ਕੁਝ ਮੁਸ਼ਕਲਾਂ ਵੀ ਆਈਆਂ ਹਨ। ਇਹ ਮੁਸ਼ਕਿਲਾਂ ਸਰਵੇਖਣ ਨੂੰ ਪਰਭਾਵਿਤ ਵੀ ਕਰਦੀਆਂ ਹਨ। ਇਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ। ਪਹਿਲੀ ਮੁਸ਼ਕਿਲ ਤਾਂ ਇਹ ਹੈ ਕਿ ਕਈ ਗੁਰਦੁਆਰੇ ਜਿਹੜੇ ਪਰਾਈਵੇਟ ਹੱਥਾਂ ਵਿਚ ਹਨ ਅਜਿਹੇ ਮਾਲਕ ਆਪਣੇ ਕਬਜ਼ੇ ਹੇਠਲੇ ਅਸਥਾਨ ਦਾ ਇਤਿਹਾਸਿਕ ਪਿਛੋਕੜ ਵੱਧ ਤੋਂ ਵੱਧ ਲੁਕਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਕਿ ਉਨ੍ਹਾਂ ਦੇ ਅਸਥਾਨ ਦਾ ਇਤਿਹਾਸਿਕ ਪਿਛੋਕੜ ਸਾਹਮਣੇ ਆ ਜਾਣ 'ਤੇ ਕਿਤੇ ਸਿਖ ਸੰਗਤਾਂ ਉਸ ਨੂੰ ਸਾਂਝੇ ਪਰਬੰਧ ਵਿਚ ਲੈਣ ਲਈ ਨਾ ਸੋਚਣ ਲੱਗ ਪੈਣ। ਦੂਜੀ ਮੁਸ਼ਕਿਲ ਇਹ ਕਿ ਕਈਆਂ ਨੇ ਆਪਣੇ ਪਰਬੰਧ ਹੇਠਲੇ ਅਸਥਾਨ ਦੀ ਮਹਤਤਾ ਨੂੰ ਜ਼ਿਆਦਾ ਵਧਾ ਕੇ ਦਰਸਾਉਣ ਲਈ ਵੈਸੇ ਹੀ ਕਿਸੇ ਨਾ ਕਿਸੇ ਗੁਰੂ ਦਾ ਨਾਂ ਜੋੜ ਰੱਖਿਆ ਹੈ। ਉਸ ਦੀ ਪਰਮਾਣੀਕਤਾ ਦਰਸਾਉਣ ਲਈ ਕਿਸੇ ਨਾ ਕਿਸੇ ਤਰ੍ਹਾਂ ਦੀ ਕੋਈ ਲਿਖਤ ਲਿਖਵਾ ਕੇ ਰੱਖ ਲਈ ਹੈ। ਅਜਿਹਾ ਝੁਕਾ ਬੜਾ ਗਲਤ ਹੈ। ਫਰਜ਼ੀ ਲਿਖਤਾਂ ਨੂੰ ਗੁਰੂ ਸਾਹਿਬਾਨ ਦੇ ਹੁਕਮਨਾਮੇ ਬਣਾ ਕੇ ਸੰਗਤਾਂ ਸਾਹਮਣੇ ਰੱਖਿਆ ਜਾਂਦਾ ਹੈ। ਤੀਜੀ ਇਹ ਕਿ ਗੁਰੂ ਸਾਹਿਬ ਨਾਲ ਅਨੇਕਾਂ ਥਾਵਾਂ 'ਤੇ ਵਰ ਅਤੇ ਸ਼ਰਾਪ ਦੀਆਂ ਮਨਮਤੀ ਗੱਲਾਂ ਜੋੜ ਰੱਖੀਆਂ ਹਨ। ਉਹ ਅਜਿਹੀਆਂ ਮਨਮਤੀ ਗੱਲਾਂ ਬਾਰੇ ਕੋਈ ਵੀ ਦਲੀਲ ਸੁਣਨ ਨੂੰ ਤਿਆਰ ਨਹੀਂ ਹੁੰਦੇ। ਚੌਥੀ, ਇਹ ਕਿ ਪੰਜਾਬ ਸਰਕਾਰ ਵੱਲੋਂ ਵਰਤਮਾਨ ਸਮੇਂ ਦੌਰਾਨ ਅਨੇਕਾਂ ਨਵੇਂ ਜ਼ਿਲੇ ਬਣਾ ਦਿੱਤੇ ਗਏ ਹਨ। ਕਈ ਥਾਵਾਂ ਦਾ ਸਰਵੇਖਣ ਮੈਂ 1975-76 ਵਿਚ ਕੀਤਾ ਸੀ। ਕੁਝ ਥਾਵਾਂ ਦਾ

1982-83 ਵਿਚ ਕੀਤਾ ਸੀ। ਕੁਝ ਥਾਵਾਂ ਦਾ ਪਿੱਛੋ ਹਰ ਸਾਲ ਚਲਦਾ ਰਿਹਾ ਸੀ। ਜਿਥੇ ਨਵੇਂ ਜ਼ਿਲ੍ਹੇ ਬਣਾਏ ਗਏ ਹਨ ਉਨ੍ਹਾਂ ਦੇ ਪਿੰਡਾਂ ਦੀ ਸਥਿਤੀ ਦਾ ਕੋਈ ਪਤਾ ਨਹੀਂ ਨਿਸ਼ਚਿਤ ਕੀਤਾ ਜਾ ਸਕਦਾ। ਸਰਕਾਰ ਨੇ ਅਜੇ ਤੱਕ (ਜੁਲਾਈ,96) ਵੀ ਮੋਗਾ, ਫਰੀਦਕੋਟ ਅਤੇ ਮੁਕਤਸਰ ਜ਼ਿਲਿਆਂ ਵਿਚਲੇ ਇਲਾਕੇ ਦੀ ਹੱਦਬੰਦੀ ਨਹੀਂ ਕੀਤੀ। ਇਸ ਕਰ ਕੇ ਇਨ੍ਹਾਂ ਇਲਾਕਿਆਂ ਵਿਚਲੇ ਪਿੰਡਾਂ ਦੀ ਸਥਿਤੀ ਬਾਰੇ ਕੁਝ ਨਹੀਂ ਲਿਖਿਆ ਜਾ ਸਕਿਆ ਕਿ ਕਿਹੜਾ ਪਿੰਡ ਕਿਹੜੇ ਜ਼ਿਲ੍ਹੇ ਵਿਚ ਹੈ। ਪਾਠਕ ਇਸ ਬਾਰੇ ਮੁਆਫ ਕਰਨਗੇ।

ਇਸ ਤਰ੍ਹਾਂ ਹਰ ਮੁਸ਼ਕਿਲ ਨੂੰ ਹੱਲ ਕਰ ਕੇ ਅਤੇ ਪੂਰੀ ਲਗਨ ਅਤੇ ਦ੍ਰਿੜਤਾ ਨਾਲ ਗੁਰੂ ਹਰਿਗੋਬਿੰਦ ਸਾਹਿਬ ਦੇ ਨਾਲ ਸੰਬੰਧਿਤ ਅਸਥਾਨਾਂ ਦਾ ਸਰਵੇਖਣ ਅਤੇ ਅਧਿਐਨ ਪਾਠਕਾਂ ਦੇ ਸਾਹਮਣੇ ਹੈ। ਪੂਰਾ ਖਿਆਲ ਰੱਖਿਆ ਗਿਆ ਹੈ ਕਿ ਦਿੱਤੀ ਗਈ ਜਾਣਕਾਰੀ, ਇਤਿਹਾਸਿਕ ਤੱਥਾਂ ਨਾਲ, ਸਿਖ ਰਵਾਇਤਾਂ ਨਾਲ ਅਤੇ ਸਿਖ ਵਿਸ਼ਵਾਸ ਨਾਲ ਮੇਲ ਖਾਂਦੀ ਹੋਵੇ। ਮੈਂ ਇਤਿਹਾਸ ਦਾ ਵਿਦਿਆਰਥੀ ਹਾਂ। ਸਹੀ ਨਿਰਣਾ ਦੇਣਾ ਹੀ ਇਤਿਹਾਸ ਦਾ ਨਿਯਮ ਹੈ। ਸਿਖ ਧਰਮ ਹੀ ਇਕ ਐਸਾ ਧਰਮ ਹੈ ਜੋ ਵਿਗਿਆਨ ਨਾਲ ਕਦਮ ਮਿਲਾ ਕੇ ਚਲ ਸਕਦਾ ਹੈ। ਕਈ ਥਾਈਂ ਤਾਂ ਸਿਖ ਧਰਮ ਸਗੋਂ ਵਿਗਿਆਨ ਦਾ ਮਾਰਗ ਦਰਸ਼ਨ ਵੀ ਕਰਦਾ ਹੈ। ਇਤਿਹਾਸ, ਸਮਾਜਿਕ ਵਿਗਿਆਨ ਹੈ। ਇਸ ਲਈ ਸਿਖ ਧਰਮ, ਵਿਗਿਆਨ ਅਤੇ ਇਤਿਹਾਸ ਇਕ ਦੂਜੇ ਦੇ ਪੂਰਕ ਹਨ।

ਸਿਰੀ ਅਕਾਲ ਤਖ਼ਤ ਸਾਹਿਬ

ਸਾਹਿਬ ਸਿਰੀ ਗੁਰੂ ਅਰਜਨ ਦੇਵ ਜੀ ਨੂੰ 30 ਮਈ, 1606 ਈ. ਨੂੰ ਸ਼ਹੀਦ ਕਰ ਦਿੱਤਾ ਗਿਆ ਸੀ ਜੋ ਦੇਸੀ ਤਾਰੀਖ ਅਨੁਸਾਰ ਜੇਠ ਸੁਦੀ ਚੌਥ, ਸੰਮਤ ਸੋਲਾਂ ਸੌ ਤਰਿਹਟ ਬਿਕਰਮੀ ਬਣਦਾ ਹੈ। ਉਨ੍ਹਾਂ ਦੇ ਉੱਤਰ ਅਧਿਕਾਰੀ ਗੁਰੂ ਹਰਿਗੋਬਿੰਦ ਸਾਹਿਬ ਹੋਏ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿਖਾਂ ਲਈ ਇਕ ਬਹੁਤ ਵੱਡਾ ਚੈਲਿੰਜ ਸੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਚੈਲਿੰਜ ਨੂੰ ਕਬੂਲ ਕੀਤਾ। ਸਿੱਟੇ ਵੱਜੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣਾ ਗੁਰਿਆਈ ਤਿਲਕ ਤਖ਼ਤ ਉੱਪਰ ਬੈਠ ਕੇ, ਕਲਗੀਆਂ ਵਾਲੀ ਪੱਗ ਪਹਿਨ ਕੇ, ਸੀਸ 'ਤੇ ਛਤਰ ਝੁਲਾ ਕੇ ਅਤੇ ਗਾਤਰੇ ਦੋ ਕਿਰਪਾਨਾਂ ਪਹਿਨ ਕੇ ਧਾਰਨ ਕੀਤਾ। ਇਹ ਸਭ ਕੁਝ ਆਪਣੀ ਸੁਤੰਤਰ ਹਸਤੀ ਨੂੰ ਦਰਸਾਉਣ ਦਾ ਹੀ ਢੰਗ ਤਰੀਕਾ ਸੀ ਜਾਂ ਫਿਰ ਧਾਰਮਿਕ ਅਤੇ ਸੰਸਾਰਿਕ ਮਾਮਲਿਆਂ ਵਿਚ ਸੁਤੰਤਰਤਾ ਹਾਸਲ ਕਰ ਲੈਣ ਦਾ ਐਲਾਨਨਾਮਾ ਸੀ। ਇਹ ਆਤਮ-ਨਿਰਣੇ ਦੇ ਅਧਿਕਾਰਾਂ ਨੂੰ ਪਰਾਪਤ ਕਰ ਲੈਣ ਦਾ ਪਰਗਟਾਵਾ ਵੀ ਸੀ।

ਸਮੇਂ ਦੀ ਸਰਕਾਰ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਇਸ ਕਰ ਕੇ ਕੀਤਾ ਸੀ ਕਿ ਸਿਖ ਧਰਮ ਦਾ ਵਿਕਾਸ ਰੁਕ ਜਾਵੇ ਪਰ ਸ਼ਹਾਦਤ ਪਿੱਛੋਂ ਹੋਇਆ ਇਸ ਦੇ ਬਿਲਕੁਲ ਉਲਟ। ਸਿਖ ਧਰਮ ਦਾ ਵਿਕਾਸ ਰੁਕਣ ਦੀ ਥਾਂ ਗੁਰੂ ਹਰਿਗੋਬਿੰਦ ਸਾਹਿਬ ਨੇ ਸਿਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕਰ ਕੇ ਅਤੇ ਸ਼ਾਹੀ ਮਰਯਾਦਾ ਅਨੁਸਾਰ ਗੁਰਗੱਦੀ ਧਾਰਨ ਕਰ ਕੇ ਇਹ ਦਰਸਾ ਦਿੱਤਾ ਸੀ ਕਿ ਹੁਣ ਤੋਂ ਸਿਖ ਸਮਾਜ ਧਾਰਮਿਕ ਖੇਤਰ ਦੀ ਸੁਤੰਤਰਤਾ ਦੇ ਨਾਲ ਸੰਸਾਰਿਕ ਖੇਤਰ ਵਿਚ ਵੀ ਸੁਤੰਤਰ ਹੋਂਦ ਅਖ਼ਤਿਆਰ ਕਰ ਚੁੱਕਿਆ ਹੈ। ਸਮੇਂ ਦੀ ਹਕੂਮਤ ਨੇ ਜੋ ਚੁਣੌਤੀ ਸਿਖ ਸਮਾਜ ਨੂੰ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਦੇ ਰੂਪ ਵਿਚ ਦਿੱਤੀ ਸੀ ਉਸ ਚੁਣੌਤੀ ਦਾ ਜਵਾਬ, ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦੇ ਰੂਪ ਵਿਚ ਦਿੱਤਾ। ਆਧੁਨਿਕ ਬੋਲੀ ਵਿਚ ਇਸ ਗੱਲ ਨੂੰ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਅਕਾਲ ਤਖ਼ਤ ਦੀ ਸਿਰਜਣਾ ਗੁਰੂ ਅਰਜਨ ਦੇਵ ਜੀ ਦੇ ਡੁਲੇ ਪਵਿੱਤਰ ਖੂਨ ਵਿੱਚੋਂ ਹੀ ਹੋਈ ਸੀ।

ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦੇ ਸੰਬੰਧ ਵਿਚ ਸਾਡੇ ਮੁੱਢਲੇ ਅਤੇ ਆਧੁਨਿਕ ਲੇਖਕਾਂ ਵਿਚ ਇਕ ਮੱਤ ਨਹੀਂ ਹੈ। ਹਰ ਲੇਖਕ ਨੇ ਇਸ ਦੀ ਸਥਾਪਨਾ ਦਾ ਸਾਲ ਵੱਖ-ਵੱਖ ਦਿੱਤਾ ਹੈ। *ਗੁਰਬਿਲਾਸ ਛੇਵੀਂ ਪਾਤਸ਼ਾਹੀ* ਦੀ ਲਿਖਤ, ਜੋ ਕਿਸੇ ਗੁਮਨਾਮ ਲੇਖਕ ਦੀ ਕਿਰਤ ਹੈ ਭਾਵੇਂ ਕਿ ਇਸ ਨਾਲ ਕਵੀ ਸੋਹਣ ਦਾ ਨਾਂ ਬਿਨਾਂ ਕਿਸੇ ਪਰਮਾਣ ਦੇ ਜੋੜਿਆ ਜਾਂਦਾ ਹੈ, ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਬਿਰਤਾਂਤ ਬਾਰੇ ਵਿਸਥਾਰ ਵਿਚ ਚਾਨਣਾ ਪਾਉਣ ਵਾਲੀ ਇਕੋ ਇਕ ਪੁਸਤਕ ਹੈ। ਇਸ ਅਨੁਸਾਰ ਅਕਾਲ ਤਖ਼ਤ ਦੀ ਸਥਾਪਨਾ ਹਾੜ ਸੁਦੀ ਪੰਚਮੀ

ਸੰਮਤ 1763 ਬਿ. ਮੁਤਾਬਿਕ ਸੰਨ 1606 ਈ. ਵਿਚ ਕੀਤੀ ਗਈ ਸੀ।[1] ਗਿਆਨੀ ਗਿਆਨ ਸਿੰਘ ਨੇ ਇਸ ਦੀ ਸਥਾਪਨਾ ਪੰਜ ਹਾੜ, ਸੰਮਤ 1666 ਬਿ. ਮੁਤਾਬਿਕ ਸੰਨ 1609 ਈ. ਵਿਚ ਹੋਈ ਲਿਖੀ ਹੈ।[2] ਗਿਆਨੀ ਲਾਲ ਸਿੰਘ ਨੇ 1608 ਈ. ਦਾ ਸਾਲ ਦਿੱਤਾ ਹੈ।[3] ਆਧੁਨਿਕ ਲੇਖਕਾਂ ਵਿੱਚੋਂ ਭਾਈ ਕਾਨ੍ਹ ਸਿੰਘ ਨਾਭਾ ਅਤੇ ਤੇਜਾ ਸਿੰਘ ਗੰਡਾ ਸਿੰਘ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ 1608-9 ਵਿਚ ਹੋਈ ਮੰਨਦੇ ਹਨ।[4] ਪਰ ਇਹ ਸਾਰੇ ਬਿਆਨ ਗਲਤ ਹਨ। ਸਿਰਫ ਗੁਰਬਿਲਾਸ ਛੇਵੀਂ ਪਾਤਸ਼ਾਹੀ ਵਿਚ ਦਿੱਤੀ ਗਈ ਲਿਖਤ ਹੀ ਮੰਨਣਯੋਗ ਹੈ ਕਿਉਂਕਿ ਉੱਪਰ ਵਰਨਣ ਕੀਤੀਆਂ ਗਈਆਂ ਸਭ ਲਿਖਤਾਂ ਵਿੱਚੋਂ ਇਕ ਤਾਂ ਉਹ ਸਭ ਤੋਂ ਪਹਿਲੀ ਅਤੇ ਮੁੱਢਲੀ ਲਿਖਤ ਹੈ ਅਤੇ ਦੂਜਾ ਉਸ ਦਾ ਵਿਸ਼ਾ ਨਿਰੋਲ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਬਿਰਤਾਂਤ ਦਾ ਹੈ। ਬਾਕੀ ਸਭ ਲੇਖਕਾਂ ਜਾਂ ਲਿਖਤਾਂ ਵਿਚ ਦੱਸੇ ਗਏ ਸਾਲ ਦਾ ਕੋਈ ਆਧਾਰ ਅਤੇ ਸਰੋਤ ਨਹੀਂ ਹੈ ਇਸ ਕਰ ਕੇ ਇਹ ਮੰਨਣਯੋਗ ਨਹੀਂ। ਸਭ ਤੋਂ ਅਹਿਮ ਗੱਲ ਇਹ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਿਆਈ ਤਿਲਕ ਤਖ਼ਤ ਉੱਪਰ ਬੈਠ ਕੇ ਹੀ ਲਿਆ ਸੀ ਅਤੇ ਇਹ ਰਸਮ 1606 ਈ. ਵਿਚ ਹੀ ਹੋਈ ਸੀ। ਇਸ ਕਰ ਕੇ ਇਸ ਵਿਚ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਹੈ ਕਿ ਸਿਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ, ਗੁਰਬਿਲਾਸ ਛੇਵੀਂ ਪਾਤਸ਼ਾਹੀ ਦੇ ਅਨੁਸਾਰ ਹਾੜ ਪੰਚਮੀ, ਸੰਮਤ 1763 ਬਿ. ਵਿਚ ਹੋਈ ਸੀ ਜਿਸ ਦਾ ਈਸਵੀ ਸਾਲ 15 ਜੂਨ, 1606 ਈ. ਬਣਦਾ ਹੈ।[5] ਨੀਂਹ ਰੱਖਣ ਦੀ ਰਸਮ ਅਤੇ ਅਕਾਲ ਤਖ਼ਤ ਦੀ ਉਸਾਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਖੁਦ ਆਪਣੇ ਕਰ-ਕਮਲਾਂ ਨਾਲ ਕੀਤੀ। ਇਸ ਵਿਚ ਕਿਸੇ ਵੀ ਮਿਸਤਰੀ ਤੋਂ ਕੋਈ ਕੰਮ ਨਹੀਂ ਲਿਆ ਗਿਆ। ਅਕਾਲ ਪੁਰਖ ਦੇ ਤਖ਼ਤ ਦੀ ਉਸਾਰੀ ਅਕਾਲ ਪੁਰਖ ਦਾ ਥਾਪਿਆ ਹੋਇਆ ਕੋਈ ਨੁਮਾਇੰਦਾ ਹੀ ਕਰ ਸਕਦਾ ਸੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਧਰਤੀ ਉੱਪਰ ਅਕਾਲ ਪੁਰਖ ਦੇ ਨੁਮਾਇੰਦੇ ਬਣ ਕੇ ਹੀ ਆਏ ਸਨ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਗੁਰੂ ਜੀ ਦੀ ਮਦਦ ਕਰ ਰਹੇ ਸਨ। ਇਸ ਤਰ੍ਹਾਂ ਗੁਰੂ ਜੀ ਅਤੇ ਉਨ੍ਹਾਂ ਦੇ ਅਨਿੰਨ ਸਿਖਾਂ ਦੁਆਰਾ ਤਿਆਰ ਕੀਤਾ ਇਕ ਚਬੂਤਰਾ ਬਣ ਗਿਆ ਸੀ ਜਿਸ ਉੱਪਰ ਤਖ਼ਤ ਲਗਾ ਕੇ ਗੁਰੂ ਜੀ ਨੇ ਗੁਰਗੱਦੀ ਧਾਰਨ ਕੀਤੀ ਅਤੇ ਸਭ ਤੋਂ ਪਹਿਲਾਂ ਗੁਰੂ ਜੀ ਨੇ ਸਿਖ ਸੰਗਤਾਂ ਦੇ ਨਾਂ ਹੁਕਮਨਾਮਾ ਜਾਰੀ ਕੀਤਾ ਕਿ ਗੁਰੂ ਦਾ ਜੋ ਸੱਚਾ ਸਿਖ ਹੈ ਉਹ ਚੰਗਾ ਘੋੜਾ ਅਤੇ ਚੰਗੇ ਹਥਿਆਰ ਲੈ ਕੇ ਹੀ ਗੁਰੂ ਦੀ ਹਜ਼ੂਰੀ ਵਿਚ ਪਹੁੰਚੇ।[6] ਇਸ ਤਰ੍ਹਾਂ

---

1. *ਗੁਰਬਿਲਾਸ ਪਾਤਸ਼ਾਹੀ ਛੇਵੀਂ* (ਸੰਪਾਦਕ ਗਿਆਨੀ ਇੰਦਰ ਸਿੰਘ ਗਿੱਲ), ਅੰਮ੍ਰਿਤਸਰ, 1968, ਪੰਨੇ 146-151.
2. *ਤਵਾਰੀਖ਼ ਗੁਰੂ ਖ਼ਾਲਸਾ* (ਪੱਥਰ ਛਾਪ ਪਹਿਲੀ), ਸਿਆਲਕੋਟ, 1891 ਈ., ਪੰ. 216.
3. *ਗੁਰੂ ਖ਼ਾਲਸਾ ਤਵਾਰੀਖ਼*, ਪੰਚ ਖਾਲਸਾ ਦੀਵਾਨ (ਮਿਤੀ ਅਤੇ ਥਾਂ ਰਹਿਤ), ਪੰਨਾ 302.
4. *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960, ਪੰ. 27 ਅਤੇ *ਏ ਸ਼ਾਰਟ ਹਿਸਟਰੀ ਆਫ ਦਾ ਸਿਖਸ*, ਬੰਬਈ, 1950, ਪੰਨਾ 39.
5. ਇਸ ਮਤ ਦੀ ਪੁਸ਼ਟੀ ਪ੍ਰੋ. ਗੁਰਬਚਨ ਸਿੰਘ ਨਈਅਰ ਵੀ ਕਰਦੇ ਹਨ : *ਮੌਖਿਕ ਇਤਿਹਾਸ ਮੁਢਲੀਆਂ ਸਿਖ ਲਿਖਤਾਂ ਦੇ ਸੰਦਰਭ ਵਿਚ*, ਨਵੀ ਦਿੱਲੀ, 1990, ਪੰਨਾ 63.
6. ਬਹੁਰ ਹੁਕਮ ਕੀਨਸਿ ਫੁਰਮਾਇਨਿ। ਕਰਹੁ ਹੁਕਮਨਾਮੇ ਲਿਖਵਾਵਨਿ।
   ਚਹੁੰ ਦਿਸ਼ਿ ਮਹਿ ਮਸੰਦ ਜਹਿ ਭਾਰੀ। ਤਿਨ ਪਰ ਆਇਸੁ ਲਿਖਹੁ ਹਮਾਰੀ।
   ਜੋ ਸਿਖ ਆਨਹਿ ਸ਼ਸਤ੍ਰ ਤੁਰੰਗਾ। ਹੋਇ ਖੁਸ਼ੀ ਗੁਰ ਕੀ ਸੁਖ ਸੰਗਾ।
   ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਸੰ. ਭਾਈ ਵੀਰ ਸਿੰਘ, ਅੰਮ੍ਰਿਤਸਰ, 1935.), ਜਿਲਦ 7, ਪੰਨਾ 2403.

ਦਾ ਐਲਾਨ ਹਕੂਮਤ ਦੇ ਜ਼ੁਲਮਾਂ ਦੇ ਖਿਲਾਫ਼ ਜੰਗ ਛੇੜਨ ਦਾ ਇਕ ਖੁੱਲਾ ਸੱਦਾ ਸੀ। ਗੁਰੂ ਜੀ ਦੇ ਇਸ ਹੁਕਮ ਅਨੁਸਾਰ ਸਿਖ ਸੰਗਤਾਂ ਹਥਿਆਰਬੰਦ ਹੋ ਕੇ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਣ ਲਗੀਆਂ। ਛੇਤੀ ਹੀ ਸੈਂਕੜਿਆਂ ਦੀ ਗਿਣਤੀ ਵਿਚ ਹਥਿਆਰਬੰਦ ਘੋੜਸੁਆਰ ਸਿਖ ਇਕੱਠੇ ਹੋ ਗਏ। ਅਕਾਲ ਤਖ਼ਤ ਉੱਪਰ ਬੈਠ ਕੇ ਗੁਰੂ ਸਾਹਿਬ ਨੇ ਸਿਖ ਸੰਗਤਾਂ ਦੇ ਦਰਬਾਰ ਲਗਾਉਣੇ ਸ਼ੁਰੂ ਕਰ ਦਿੱਤੇ। ਸਿਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਰੋਜ਼ਾਨਾ ਸਿਖਾਂ ਦੀਆਂ ਕੁਸ਼ਤੀਆਂ ਕਰਵਾਉਣੀਆਂ ਸ਼ੁਰੂ ਕਰ ਦਿੱਤੀਆਂ। ਢਾਡੀ ਬੀਰ-ਰਸ ਭਰਭੂਰ ਵਾਰਾਂ ਸੁਣਾਉਂਦੇ ਸਨ। ਅਜਿਹੀਆਂ ਬੀਰ-ਰਸ ਭਰਭੂਰ ਵਾਰਾਂ ਨੂੰ ਸੁਣ ਕੇ ਸਿਖਾਂ ਦੇ ਡੌਲੇ ਫਰਕਣ ਲੱਗ ਜਾਂਦੇ ਸਨ ਅਤੇ ਖ਼ੂਨ ਜੋਸ਼ ਵਿਚ ਉਬਾਲੇ ਖਾਣ ਲੱਗ ਜਾਂਦਾ ਸੀ।[1]

ਸਿਰੀ ਅਕਾਲ ਤਖ਼ਤ ਸਾਹਿਬ ਦੇ ਬਿਲਕੁਲ ਸਾਹਮਣੇ ਦੋ ਕੇਸਰੀ ਨਿਸ਼ਾਨ ਸਾਹਿਬ ਲਹਿਰਾਏ ਗਏ ਸਨ। ਇਹ ਦੋ ਨਿਸ਼ਾਨ ਸਾਹਿਬ ਵੀ ਮੀਰੀ ਅਤੇ ਪੀਰੀ ਦੀਆਂ ਸ਼ਕਤੀਆਂ ਦੇ ਪਰਤੀਕ ਸਨ। ਜਿਨ੍ਹਾਂ ਦਾ ਭਾਵ ਸੀ ਕਿ ਇਹ ਦੋਵੇਂ ਸ਼ਕਤੀਆਂ ਕਿਸੇ ਦੇ ਅਧੀਨ ਨਹੀਂ ਹਨ ਸਗੋਂ ਸਵੈ-ਸੁਤੰਤਰ ਹਨ। ਜਿਸ ਤਰ੍ਹਾਂ ਤਖ਼ਤ ਉੱਪਰ ਬੈਠ ਕੇ ਗੱਦੀ ਧਾਰਨ ਕਰਨਾ ਸਿਰਫ਼ ਬਾਦਸ਼ਾਹਾਂ ਦਾ ਹੀ ਅਧਿਕਾਰ ਹੁੰਦਾ ਹੈ ਉਸੇ ਤਰ੍ਹਾਂ ਨਿਸ਼ਾਨ ਸਾਹਿਬ (ਝੰਡੇ) ਵੀ ਸੁਤੰਤਰ ਹੋਂਦ ਦੇ ਪਰਤੀਕ ਹੁੰਦੇ ਹਨ। ਇਹ ਵੀ ਸਿਰਫ਼ ਬਾਦਸ਼ਾਹਾਂ ਦਾ ਹੀ ਅਧਿਕਾਰ ਸੀ।

ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਪਰ ਬਿਲਕੁਲ ਨਾਲ ਲਗਵਾਂ ਇਕ ਖੂਹ ਲਗਵਾਇਆ ਗਿਆ ਅਤੇ ਇਸ ਦਾ ਨਾਂ ਅਕਾਲ ਸਰ ਖੂਹ ਰੱਖਿਆ ਗਿਆ। ਇਸ ਖੂਹ ਨੇ ਅਕਾਲ ਤਖ਼ਤ ਸਾਹਿਬ ਨੂੰ ਪਾਣੀ ਮੁਹਈਆ ਕਰਨਾ ਸੀ। ਗਿਆਨ ਠਾਕਰ ਸਿੰਘ ਨੇ ਇਸ ਖੂਹ ਦਾ ਵਰਨਣ ਇਸ ਤਰ੍ਹਾਂ ਕੀਤਾ ਹੈ:

ਸ੍ਰੀ ਅੰਮ੍ਰਿਤਸਰ ਜੀ ਸ੍ਰੀ ਅਕਾਲ ਤਖ਼ਤ ਬੁੰਗੇ ਸਾਹਿਬ ਬਾਬਾ ਬੁੱਢਾ ਸਾਹਿਬ ਜੀ ਦੀ ਬੇਨਤੀ ਸੁਣ ਮਹਾਰਾਜ ਜੀ ਨੇ ਲੰਗਰ ਅਤੇ ਅਸ਼ਨਾਨ ਪਾਨ ਵਾਸਤੇ ਜਲ ਦੂਰ ਹੋਣ ਕਰ ਕੇ ਖੂਹ ਲਵਾ ਲਿਆ। ਉਦੋਂ ਇਸ ਢਾਬ (ਸਰੋਵਰ) ਦਾ ਪਾਣੀ ਵਰਤੀਦਾ ਸੀ ਜਿਸ ਦਾ ਪ੍ਰਸਿੱਧ ਨਾਮ ਕੌਲਾਂ ਵਾਲੀ ਢਾਬ ਸੀ ਅਤੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਖੂਹ ਜੋ ਬਾਗ ਵਿਚ ਹੈ ਇੱਥੋਂ ਜਲ ਜਾਂਦਾ ਸੀ, ਪਰ ਜੰਗਲ ਦੇ ਕਾਰਨ ਦੂਰ ਸੀ। ਭਾਵੇਂ ਉਦੋਂ ਸ੍ਰੀ ਸੁਧਾਸਰ ਜੀ ਸੁਭਾਏਮਾਨ ਸਨ, ਪਰ ਅੰਮ੍ਰਿਤ ਦਾ ਅਦਬ ਕਰ ਕੇ ਲੰਗਰ ਆਦਕ ਸੇਵਾ ਵਿਚ ਨਹੀਂ ਵਰਤੀਦਾ ਸੀ ਸੋ ਹੁਣ ਤੱਕ ਭੀ ਅੰਮ੍ਰਿਤ ਦਾ ਅਦਬ ਉਸੇ ਤਰ੍ਹਾਂ ਹੀ ਹੈ। ਪਵਿੱਤਰ ਹੋ ਅਸ਼ਨਾਨ ਕਰਨਾ ਅਤੇ ਪਾਨ ਕਰਨਾ ਬਾਬੇ ਬੁੱਢੇ ਜੀ ਦੀ ਬੇਨਤੀ ਸੁਨ ਮਹਾਰਾਜ ਜੀ ਨੇ ਸੰਮਤ 1669 ਪਹਿਲੀ ਸੰਗਰਾਦ ਵਾਲੇ ਦਿਨ ਬਾਬੇ ਬੁੱਢੇ ਸਾਹਿਬ ਜੀ ਤੋਂ ਅਰਦਾਸ ਕਰਾਈ ਅਤੇ ਅਪਨੇ ਪਵਿੱਤਰ ਬਿਚਿੱਤਰ ਕਰ ਕਮਲਾਂ (ਹੱਥਾਂ) ਨਾਲ ਟੱਕ ਲਗਾਇਆ। ਇਸ ਮਹਾਨ ਪਵਿੱਤਰ ਖੂਹ ਸ੍ਰੀ ਅਕਾਲ ਸਰ ਜੀ ਦਾ ਜਲ ਸੁੰਦਰ ਸੀਤਲ ਹੈ, ਅਨੇਕਾਂ ਬੀਮਾਰਾਂ ਨੂੰ ਛਕਾਇਆ ਜਾਂਦਾ ਹੈ......ਅੰਮ੍ਰਿਤ ਛਕਾਣੇ ਸਮੇਂ ਭੀ ਸ੍ਰੀ ਅੰਮ੍ਰਿਤ ਸਰੋਵਰ ਜੀ ਥੀਂ ਅਤੇ ਅਕਾਲ ਸਰ ਜੀ ਦਾ ਜਲ ਪਾਉਣੇ ਦੀ ਮ੍ਰਜਾਦਾ ਪਰੰਪਰਾ ਤੋਂ ਚਲੀ ਆਉਂਦੀ ਹੈ।[2]

---

1. ਗਯਾਨ ਸਿੰਘ, ਪੂਰਵ ਅੰਕਤ, ਪੰਨਾ 216.
2. *ਸ੍ਰੀ ਗੁਰਦੁਆਰੇ ਦਰਸ਼ਨ*, ਲਾਭ ਸਿੰਘ ਐਂਡ ਸੰਨਜ਼, 1924, ਪੰਨੇ 169-70.

ਗੁਰੂ ਜੀ ਦਾ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਰੋਜ਼ਾਨਾ ਦਾ ਪਰੋਗਰਾਮ ਇਸ ਤਰ੍ਹਾਂ ਸੀ ਕਿ ਹਰ ਰੋਜ਼ ਸਵੇਰੇ ਦਰਬਾਰ ਸਾਹਿਬ ਵਿਖੇ ਸ਼ਬਦ ਕੀਰਤਨ ਹੁੰਦਾ ਅਤੇ ਆਸਾ ਜੀ ਦਾ ਵਾਰ ਦਾ ਭੋਗ ਪਾਇਆ ਜਾਂਦਾ। ਬਾਦ ਵਿਚ ਅਕਾਲ ਤਖ਼ਤ ਸਾਹਿਬ ਉੱਪਰ ਸਿਖ ਸੰਗਤਾਂ ਦਾ ਦਰਬਾਰ ਲਗਾਇਆ ਜਾਂਦਾ। ਇਥੇ ਸਿਖਾਂ ਦੇ ਆਪਸੀ ਝਗੜਿਆਂ ਨੂੰ ਸੁਣਿਆ ਜਾਂਦਾ ਅਤੇ ਨਿਬੇੜਿਆ ਜਾਂਦਾ। ਲਾਗਲੇ ਪਿੰਡਾਂ ਦੇ ਲੋਕ ਆਪੋ ਆਪਣੇ ਝਗੜੇ ਲੈ ਕੇ ਇਥੇ ਪਹੁੰਚਦੇ ਅਤੇ ਗੁਰੂ ਜੀ ਜਥਾਯੋਗ ਸਭ ਝਗੜਿਆਂ ਦੇ ਫੈਸਲੇ ਕਰਦੇ।[1] ਇਸ ਤਰ੍ਹਾਂ ਗੁਰੂ ਜੀ ਨੇ ਅਮਲੀ ਰੂਪ ਵਿਚ ਦਰਸਾ ਦਿੱਤਾ ਸੀ ਕਿ ਸਿਖ ਕੌਮ ਨਾ ਸਿਰਫ ਧਾਰਮਿਕ ਖੇਤਰ ਵਿਚ ਹੀ ਸੁਤੰਤਰ ਹੈ ਸਗੋਂ ਆਪਣੇ ਸੰਸਾਰਿਕ ਮਾਮਲਿਆਂ ਨੂੰ ਨਜਿੱਠਣ ਵਿਚ ਵੀ ਨਿਪੁੰਨ ਹੈ।

ਗੁਰੂ ਹਰਿਗੋਬਿੰਦ ਸਾਹਿਬ, ਅਕਾਲ ਤਖ਼ਤ ਸਾਹਿਬ ਉੱਪਰ ਲਗੇ ਸਿਖ ਸੰਗਤਾਂ ਦੇ ਦਰਬਾਰਾਂ ਵਿਚ, ਬਾਦਸ਼ਾਹਾਂ ਵਾਂਗ ਵਿਚਰਦੇ ਸਨ। ਸ਼ਾਹੀ ਠਾਠ ਅਨੁਸਾਰ ਕਲਗੀਆਂ ਅਤੇ ਹੀਰੇ ਮੋਤੀਆਂ ਦੀਆਂ ਮਾਲਾਂ ਨਾਲ ਸ਼ਿੰਗਾਰੀ ਹੋਈ ਪੱਗ ਪਹਿਨੀ ਜਾਂਦੀ ਸੀ। ਸੀਸ ਉੱਪਰ ਸ਼ਾਹੀ ਠਾਠ ਨੂੰ ਦਰਸਾਉਂਦਾ ਛਤਰ ਲਹਿਰਾਇਆ ਜਾਂਦਾ ਸੀ। ਗੁਰੂ ਜੀ ਦੇ ਦਰਬਾਰ ਵਿਚ ਦੂਸਰੇ ਦੇਸੀ ਰਾਜਿਆਂ ਮਹਾਰਾਜਿਆਂ ਦੇ ਪਰਤੀਨਿਧ ਵੀ ਪਹੁੰਚਦੇ ਸਨ। ਗੁਰੂ ਜੀ ਇਨ੍ਹਾਂ ਪਰਤੀਨਿਧਾਂ ਨੂੰ ਪੂਰੇ ਸਨਮਾਨ ਸਹਿਤ ਸਿਰੋਪਾਓ ਬਖ਼ਸ਼ ਕੇ ਜੀ ਆਇਆਂ ਕਹਿੰਦੇ ਸਨ।[2] ਇਸ ਤਰ੍ਹਾਂ ਸਿਰੀ ਅਕਾਲ ਤਖ਼ਤ ਸਾਹਿਬ ਉੱਪਰ ਲਗੇ ਦਰਬਾਰਾਂ ਦਾ ਅੰਤਰ-ਰਾਜੀ ਪਰਭਾਵ ਪੈਂਦਾ ਸੀ।

ਉਕਤ ਸਭ ਗੱਲਾਂ ਤੋਂ ਇਹ ਗੱਲ ਵੀ ਸਾਬਤ ਹੋ ਜਾਂਦੀ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਪਿੱਛੋਂ, ਗੁਰੂ ਹਰਿਗੋਬਿੰਦ ਸਾਹਿਬ ਦੀ ਅਗਵਾਈ ਹੇਠ ਸਮਕਾਲੀ ਹਾਲਾਤ ਦਾ ਮੁਕਾਬਲਾ ਕਰਨ ਲਈ ਹਥਿਆਰਬੰਦ ਸੁਰੱਖਿਆ ਅਧੀਨ ਇਕ ਕਰਾਂਤੀਕਾਰੀ ਕਦਮ ਚੁੱਕਿਆ ਗਿਆ ਸੀ। ਇਸ ਕਰਾਂਤੀਕਾਰੀ ਕਦਮ ਅਨੁਸਾਰ ਭਾਵ ਕਿ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਨਾਲ ਸਿਖਾਂ ਦੇ ਮਨਾਂ ਵਿਚ ਰਾਜਨੀਤਿਕ ਚੇਤੰਨਤਾ ਆਉਣੀ ਸ਼ੁਰੂ ਹੋ ਗਈ ਸੀ ਅਤੇ ਸਮੇਂ ਦੀ ਹਕੂਮਤ ਦੇ ਬਰਾਬਰ ਆਪਣੀ ਹਕੂਮਤ ਦਾ ਵੀ ਅਹਿਸਾਸ ਹੋਣਾ ਸ਼ੁਰੂ ਹੋ ਗਿਆ ਸੀ।

ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨਕਾਲ ਵਿਚ ਦੋ ਬਾਦਸ਼ਾਹ ਹੋਏ ਸਨ: ਜਹਾਂਗੀਰ ਅਤੇ ਸ਼ਾਹਜਹਾਨ। ਇਸ ਲਈ ਗੁਰੂ ਜੀ ਦੇ ਜੀਵਨਕਾਲ ਦੀਆਂ ਘਟਨਾਵਾਂ ਅਤੇ ਗਤੀਵਿਧੀਆਂ ਦੇ ਵੀ ਮੁੱਖ ਤੌਰ 'ਤੇ ਦੋ ਪੜਾਅ ਹੀ ਹਨ ਕਿਉਂਕਿ ਦੋਵਾਂ ਬਾਦਸ਼ਾਹਾਂ ਦੀ ਨੀਤੀ ਅਤੇ ਪਹੁੰਚ ਇਕ ਦੂਜੇ ਨਾਲੋਂ ਵੱਖਰੀ ਸੀ। ਇਸ ਕਰ ਕੇ ਗੁਰੂ ਜੀ ਦੇ ਸੰਬੰਧ ਵੀ ਇਨਾਂ ਦੋਹਾਂ ਬਾਦਸ਼ਾਹਾਂ ਦੇ ਸਮੇਂ ਵੱਖ-ਵੱਖ ਨੀਤੀਆਂ ਅਨੁਸਾਰ ਅਲਗ-ਅਲਗ ਰਹੇ ਸਨ। ਪਹਿਲਾ ਪੜਾਅ ਜਹਾਂਗੀਰ ਦਾ ਸੀ ਜਿਸ ਦੇ ਸੰਬੰਧਾਂ ਦੀ ਸ਼ੁਰੂਆਤ ਤਾਂ ਭਾਵੇਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਜੈਸੀ ਮਹਾਨ ਦੁੱਖਦਾਈ ਘਟਨਾ ਵਿੱਚੋਂ ਹੋਈ ਸੀ ਪਰ ਪਿਛਲਾ ਸਮਾਂ ਸਾਰਾ ਹੀ ਅੱਛੇ ਸੰਬੰਧਾਂ ਵਾਲਾ ਅਤੇ ਸ਼ਾਂਤੀ ਵਾਲਾ ਸੀ ਪਰ ਸ਼ਾਹਜਹਾਨ ਦਾ ਸਮਾਂ, ਪਿਛਲੇ ਕੁਝ ਅਰਸੇ ਨੂੰ ਛੱਡ ਕੇ, ਕਾਫੀ ਮੁਸ਼ਕਿਲਾਂ ਵਾਲਾ ਸੀ। ਇਸੇ ਸਮੇਂ ਦੌਰਾਨ ਹੀ ਗੁਰੂ ਜੀ ਨੂੰ ਕਈ ਵਾਰ

---

1. *ਉਕਤ*, ਪੰਨਾ ਉਹੀ।
2. ਖੁਸ਼ਵੰਤ ਸਿੰਘ, *ਏ ਹਿਸਟਰੀ ਆਫ ਦਾ ਸਿਖਸ*, ਜਿਲਦ ਪਹਿਲੀ, ਲੰਡਨ 1964, ਪੰ. 63-64.

ਸਥਾਨਿਕ ਹਾਕਮਾਂ ਨਾਲ ਲੜਾਈਆਂ ਕਰਨੀਆਂ ਪਈਆਂ ਅਤੇ ਇਕ ਥਾਂ ਤੋਂ ਦੂਜੀ ਥਾਂ 'ਤੇ ਭਾਉਂਦੇ ਰਹਿਣਾ ਪਿਆ। ਭਾਵੇਂ ਇਹ ਲੜਾਈਆਂ ਸਿਧੀਆਂ ਬਾਦਸ਼ਾਹ ਨਾਲ ਨਹੀਂ ਸਨ ਅਤੇ ਨਾ ਹੀ ਇਨਾ ਵਿਚ ਬਾਦਸ਼ਾਹ ਦੀ ਕੋਈ ਰੁਚੀ ਹੀ ਸੀ ਪਰ ਕਿਉਂਕਿ ਜਿਨਾਂ ਵੀ ਸਥਾਨਿਕ ਹਾਕਮਾਂ ਨਾਲ ਇਹ ਲੜਾਈਆਂ ਹੋਈਆਂ ਸਨ ਉਹ ਆਖਰ ਬਾਦਸ਼ਾਹ ਦੀ ਹਕੂਮਤ ਦੇ ਕਰਿੰਦੇ ਹੀ ਸਨ ਇਸ ਲਈ ਇਨਾ ਲੜਾਈਆਂ ਤੋਂ ਹੀ ਗੁਰੂ ਜੀ ਦੇ, ਬਾਦਸ਼ਾਹ ਸ਼ਾਹ ਜਹਾਨ ਨਾਲ ਸੰਬੰਧਾਂ ਦਾ ਮੁਲਅੰਕਣ ਕੀਤਾ ਜਾਂਦਾ ਹੈ। ਸਿਖ ਇਤਿਹਾਸ ਵਿਚ ਇਨ੍ਹਾ ਲੜਾਈਆਂ ਦਾ ਮਹੱਤਵ ਆਪਣੀ ਹੀ ਕਿਸਮ ਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਸਿਖ ਲਹਿਰ ਦੇ ਇਤਿਹਾਸ ਵਿਚ, ਪਹਿਲੀ ਵਾਰ, ਰਾਜਨੀਤਿਕ ਚੇਤੰਨਤਾ ਜਾਂ ਸਵੈ-ਸੁਤੰਤਰਤਾ ਦੇ ਅਹਿਸਾਸ ਨੂੰ ਸਾਹਮਣੇ ਲਿਆਂਦਾ ਸੀ। ਸਿਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਇਸ ਅਹਿਸਾਸ ਦਾ ਪਰਗਟਾਵਾ ਹੀ ਸੀ। ਜੋ ਲੜਾਈਆਂ ਗੁਰੂ ਜੀ ਨੇ ਪੰਜਾਬ ਦੇ ਸਥਾਨਿਕ ਹਾਕਮਾ ਨਾਲ ਕੀਤੀਆਂ ਸਨ ਉਨ੍ਹਾਂ ਤੋਂ ਉਕਤ ਸਵੈ-ਸੁਤੰਤਰਤਾ ਦੇ ਅਹਿਸਾਸ ਨੂੰ ਬਲ ਮਿਲਿਆ ਸੀ।[1] ਸਿਖਾਂ ਵਿਚ ਇਸ ਗੱਲ ਦਾ ਵਿਸ਼ਵਾਸ ਹੋ ਗਿਆ ਸੀ ਕਿ ਉਹ ਵੀ ਸਫਲਤਾ ਸਹਿਤ ਆਪਣੇ ਦੁਸ਼ਮਣਾਂ ਨਾਲ ਲੋਹਾ ਲੈ ਸਕਦੇ ਹਨ। ਇਨ੍ਹਾਂ ਲੜਾਈਆਂ ਨੇ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦੁਆਰਾ ਦਰਸਾਏ ਗਏ ਸਵੈ-ਸੁਤੰਤਰਤਾ ਦੇ ਐਲਾਨ ਨੂੰ ਹੋਰ ਬਲ ਬਖ਼ਸ਼ਿਆ। ਇਨਾਂ ਲੜਾਈਆਂ ਨੇ ਝੁਲਾਏ ਗਏ ਦੋ ਕੇਸਰੀ ਨਿਸ਼ਾਨ ਸਾਹਿਬਾਂ ਦੀਆਂ ਅਸਮਾਨੀ ਬੁਲੰਦੀਆਂ ਨੂੰ ਹੋਰ ਉਚੇਰਾ ਕੀਤਾ ਸੀ। ਇਨਾਂ ਲੜਾਈਆਂ ਨੇ ਗੁਰੂ ਜੀ ਵੱਲੋਂ ਧਾਰਨ ਕੀਤੇ ਗਏ ਸ਼ਾਹੀ ਲਿਬਾਸ ਨੂੰ ਹੋਰ ਆਤਮ-ਵਿਸ਼ਵਾਸ ਪਰਦਾਨ ਕੀਤਾ ਅਤੇ ਧਾਰਨ ਕੀਤੀਆਂ ਦੋ ਕਿਰਪਾਨਾਂ ਦੇ ਸੰਕਲਪ ਨੂੰ ਹੋਰ ਸ਼ਪਸ਼ਟਤਾ ਦਿੱਤੀ।

ਗੁਰੂ ਸਾਹਿਬ ਦੇ ਜੀਵਨਕਾਲ ਦੌਰਾਨ ਸਿਰੀ ਅਕਾਲ ਤਖ਼ਤ ਸਾਹਿਬ ਦੇ ਸਮੁੱਚੇ ਪਰਬੰਧ ਬਾਰੇ ਜੋ ਜਾਣਕਾਰੀ ਮਿਲਦੀ ਹੈ ਉਸ ਅਨੁਸਾਰ ਭਾਈ ਗੁਰਦਾਸ ਜੀ ਬਾਰੇ ਪਤਾ ਲਗਦਾ ਹੈ ਕਿ ਗੁਰੂ ਜੀ ਨੇ ਉਨਾਂ ਨੂੰ ਅਕਾਲ ਤਖ਼ਤ ਸਾਹਿਬ ਦਾ ਸੇਵਾਦਾਰ ਨਿਯੁਕਤ ਕੀਤਾ ਹੋਇਆ ਸੀ। ਇਸ ਦੀ ਜਾਣਕਾਰੀ ਸਾਨੂੰ ਗੁਰਬਿਲਾਸ ਛੇਵੀਂ ਪਾਤਸ਼ਾਹੀ ਵਿੱਚੋਂ ਮਿਲਦੀ ਹੈ। ਇਸ ਅਨੁਸਾਰ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਬਾਦਸ਼ਾਹ ਜਹਾਂਗੀਰ ਦੇ ਬੁਲਾਵੇ 'ਤੇ ਦਿਲੀ ਜਾਂਦੇ ਹਨ ਤਾਂ ਜਾਣ ਸਮੇਂ ਭਾਈ ਗੁਰਦਾਸ ਜੀ ਨੂੰ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲਦੇ ਹਨ ਅਤੇ ਬਾਬਾ ਬੁੱਢਾ ਜੀ ਨੂੰ ਸਿਰੀ ਦਰਬਾਰ ਸਾਹਿਬ ਦੀ ਸੇਵਾ ਸੰਭਾਲਦੇ ਹਨ। ਇਸ ਦੇ ਨਾਲ ਹੀ ਗੁਰੂ ਜੀ ਇਹ ਹਦਾਇਤ ਵੀ ਕਰਦੇ ਹਨ ਕਿ ਭਾਈ ਗੁਰਦਾਸ ਜੀ ਪਿੱਛੇ ਰਹੀ ਸਿਖ ਫ਼ੌਜ ਨੂੰ ਹਰ ਸਮੇਂ ਹੁਸ਼ਿਆਰ ਰੱਖਣ ਤਾਂ ਕਿ ਲੋੜ ਪੈਣ 'ਤੇ ਇਸ ਦੀ ਵਰਤੋਂ ਕੀਤੀ ਜਾ ਸਕੇ। ਗੁਰਬਿਲਾਸ ਛੇਵੀਂ ਪਾਤਸ਼ਾਹੀ ਵਿਚ ਦਰਜ ਸ਼ਬਦਾਂ ਅਨੁਸਾਰ:

---

1. ਰਾਜ ਸਮਾਜ ਸਿਰੀ ਗੁਰ ਸਾਜ ਸਪੂਰਨ ਕਾਜ ਇਕੱਤ੍ਰ ਕਰਾਏ।
ਹੇਮ ਮਣੀ ਮੁਕਤਾਂ ਜਲ ਤੀਰਥ ਜੰਗ ਕੇ ਮੰਡਲ ਕੁੰਭ ਧਰਾਏ।
ਰਾਜ ਸਿੰਘਾਸਨ ਬੈਠ ਸੁਧਾਸਰ ਭਾਂਤ ਭਲੀ ਗੁਰ ਰਾਜੁ ਸੰਭਾਰਿਯੋ।
ਸੱਤਨ ਕਾਲ ਸਮਾਨ ਲਖਿਯੋ ਸਿਖ ਸੇਵਕ ਦੀਨ ਦਿਆਲ ਨਿਹਾਰਿਯੋ।
ਵੀਰ ਸਿੰਘ ਬਲ, ਪੂਰਵ ਅੰਕਤ, ਪੰਨਾ 161.

ਬੁੱਢੇ ਕੋ ਸ੍ਰੀ ਗੁਰ ਫੁਰਮਾਇ। ਸੇਵਾ ਤੁਮ ਦਰਬਾਰ ਕਰਾਇ।
ਆਇਸ ਪੁਨ ਗੁਰਦਾਸ ਕੋ ਸ੍ਰੀ ਗੁਰ ਕਹੀ ਸੁਨਾਇ।
ਤਖ਼ਤ ਪੂਜ ਤੁਮ ਹੀ ਕਰੋ ਨਿਸ ਦਿਨ ਆਪ ਰਹਾਇ।

....

ਗੁਰਦਾਸ ਬੁੱਢੇ ਕੋ ਪੁਨ ਕਹਾ ਸਭ ਬਿਧ ਰਹੋ ਸੁਚੇਤ।
ਸੈਨਾ ਕੋ ਐਸੇ ਕਹਾ ਇਨ ਆਗਿਆ ਧਰ ਹੇਤ।

ਇਉਂ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗ਼ੈਰ-ਹਾਜ਼ਰੀ ਵਿਚ ਸਭ ਤੋਂ ਪਹਿਲੇ ਸੇਵਾਦਾਰ ਭਾਈ ਗੁਰਦਾਸ ਜੀ ਸਨ। ਵੈਸੇ ਗੁਰੂ ਸਾਹਿਬ ਦੇ ਸਮੇਂ ਗੁਰੂ ਜੀ ਹੀ ਸਿਰੀ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੇ ਮੁੱਖੀ ਮੰਨੇ ਜਾਂਦੇ ਸਨ। ਅਸਲ ਵਿਚ ਦੋਵਾਂ ਸੰਸਥਾਵਾਂ ਦੇ ਮੁੱਖੀ ਕਰਮਵਾਰ ਹੈਡ-ਗਰੰਥੀ ਅਤੇ ਜੱਥੇਦਾਰ ਦੇ ਅਹੁਦੇ ਅਤੇ ਇਨਾਂ ਅਹੁਦਿਆਂ ਦੀ ਮਹੱਤਤਾ ਗੁਰੂ ਸਾਹਿਬਾਨ ਦੇ ਜੀਵਨਕਾਲ ਤੋਂ ਪਿੱਛੋਂ ਹੀ ਹੋਂਦ ਵਿਚ ਆਈ ਹੈ। ਭਾਵੇਂ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੀ ਬਾਬਾ ਬੁੱਢਾ ਜੀ ਨੂੰ ਸਿਰੀ ਦਰਬਾਰ ਸਾਹਿਬ ਦਾ ਹੈਡ-ਗਰੰਥੀ ਥਾਪ ਦਿੱਤਾ ਗਿਆ ਸੀ ਪਰ ਕਿਉਂਕਿ ਉਸ ਸਮੇਂ ਅਜੇ ਗਰੰਥ ਅਤੇ ਪੰਥ ਦੇ ਸੰਕਲਪ ਅਨੁਸਾਰ ਗੁਰਿਆਈ ਸ਼ਖ਼ਸੀ ਗੁਰੂ ਤੋਂ ਬਾਹਰ ਨਹੀਂ ਸੀ ਇਸ ਲਈ ਜੋ ਮਹਤਤਾ ਹੈਡ-ਗਰੰਥੀ ਅਤੇ ਜੱਥੇਦਾਰ ਦੀ ਅੱਜ ਦੇ ਸਮੇਂ ਹੈ ਉਹ ਗੁਰੂ ਸਾਹਿਬਾਨ ਦੇ ਸਮੇਂ ਨਹੀਂ ਸੀ।

ਗੁਰੂ ਹਰਿਗੋਬਿੰਦ ਸਾਹਿਬ ਨੂੰ ਲਗਾਤਾਰ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਰਹਿਣ ਦਾ ਸਮਾਂ ਨਹੀਂ ਮਿਲਿਆ ਕਿਉਂਕਿ ਗੁਰੂ ਜੀ ਨੂੰ ਸਥਾਨਿਕ, ਮੁਗਲ ਅਧਿਕਾਰੀਆਂ ਨਾਲ ਲੜਾਈਆਂ ਲੜਨ ਕਰ ਕੇ ਅੰਮ੍ਰਿਤਸਰ ਨੂੰ ਛੱਡ ਕੇ ਕੀਰਤਪੁਰ ਸਾਹਿਬ ਜਾ ਕੇ ਰਹਿਣਾ ਪਿਆ ਸੀ। ਇਸ ਕਰ ਕੇ ਸਿਰੀ ਦਰਬਾਰ ਸਾਹਿਬ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਦਾ ਪਰਬੰਧ ਲਗਾਤਾਰ ਇਕੋ ਜਿਹਾ ਨਹੀਂ ਰਿਹਾ। ਗੁਰੂ ਸਾਹਿਬਾਨ ਦੇ ਅੰਮ੍ਰਿਤਸਰ ਤੋਂ ਬਾਹਰ ਰਹਿਣ ਦੇ ਕਾਰਨ ਇਨਾਂ ਅਸਥਾਨਾਂ ਦਾ ਪਰਬੰਧ ਪਿਰਥੀ ਚੰਦ ਦੀ ਸੰਤਾਨ ਕੋਲ ਆ ਗਿਆ ਸੀ। ਇਹ ਲੋਕ ਲਗਾਤਾਰ ਅੰਮ੍ਰਿਤਸਰ ਹੀ ਰਹਿੰਦੇ ਰਹੇ ਸਨ ਅਤੇ ਇਨ੍ਹਾਂ ਦਾ ਸਥਾਨਿਕ ਹਾਕਮਾਂ ਨਾਲ ਲਗਾਤਾਰ ਸੰਪਰਕ ਬਣਿਆ ਰਹਿੰਦਾ ਸੀ। ਇਹ ਲੋਕ ਅੰਦਰੋਂ ਸਿਖ ਧਰਮ ਦੇ ਵਿਰੁੱਧ ਹੀ ਸਨ।

ਗੁਰੂ ਹਰਿਗੋਬਿੰਦ ਸਾਹਿਬ ਦੇ ਪਿੱਛੋਂ ਪਹਿਲੀ ਵਾਰ 1651 ਈ. ਵਿਚ ਸਿਰੀ ਗੁਰੂ ਹਰਿ ਰਾਇ ਜੀ ਦੇ ਅੰਮ੍ਰਿਤਸਰ ਪਹੁੰਚਣ ਦਾ ਪਤਾ ਲਗਦਾ ਹੈ। ਇਸ ਸਮੇਂ ਸੋਢੀ ਹਰਿ ਜੀ ਹੀ ਅੰਮ੍ਰਿਤਸਰ ਦੇ ਇਨਾਂ ਧਾਰਮਿਕ ਅਸਥਾਨਾਂ ਦੀ ਸੇਵਾ-ਸੰਭਾਲ ਕਰਦੇ ਸਨ। ਸੋਢੀ ਹਰਿ ਜੀ ਪਿਰਥੀ ਚੰਦ ਦੇ ਪੋਤਰੇ ਅਤੇ ਸੋਢੀ ਮਿਹਰਬਾਨ ਦੇ ਪੁੱਤਰ ਸਨ ਪਰ ਇਸ ਨੇ ਆਪਣੇ ਦਾਦੇ ਵਾਲਾ ਸਿਖ ਧਰਮ ਵਿਰੋਧੀ ਰਵਈਆ ਤਿਆਗ ਦਿਤਾ ਸੀ। ਇਹ ਵਿਦਵਾਨ ਵੀ ਸੀ ਅਤੇ ਸਿਖ ਸੰਗਤਾਂ ਵਿਚ ਸਤਿਕਾਰਿਆ ਵੀ ਜਾਂਦਾ ਸੀ। ਪਹਿਲਾਂ-ਪਹਿਲਾਂ ਸੋਢੀ ਹਰਿ ਜੀ ਪਿੰਡ ਮੁਹੰਮਦੀ ਪੁਰ (ਲਾਹੌਰ) ਵਿਚ ਰਹਿੰਦਾ ਰਿਹਾ ਪਿੱਛੋਂ ਇਹ ਅੰਮ੍ਰਿਤਸਰ ਆ ਕੇ ਰਹਿਣ ਲੱਗ

ਪਿਆ ਸੀ।[1] ਇਸ ਦਾ ਦੇਹਾਂਤ 17 ਅਪ੍ਰੈਲ, 1696 ਈ. ਨੂੰ ਹੋ ਗਿਆ ਸੀ। ਸੋਢੀ ਹਰਿ ਜੀ ਦੇ ਦਿਹਾਂਤ ਪਿੱਛੋਂ ਇਨ੍ਹਾਂ ਦੀ ਸੰਗਤ ਤਿੰਨ ਹਿੱਸਿਆਂ ਵਿਚ ਵੰਡੀ ਗਈ ਸੀ। ਇਹ ਸਨ: ਸੋਢੀ ਗੋਪਾਲ ਜੀ ਦੀ, ਸੋਢੀ ਕੰਵਲ ਨੈਣ ਜੀ ਦੀ, ਅਤੇ ਸੋਢੀ ਨਿਰੰਜਨ ਰਾਇ ਦੀ। ਇਹ ਤਿੰਨੇ ਭਰਾ ਮੁਗਲ ਸਰਕਾਰ ਤੋਂ ਡਰਦੇ ਅੰਮ੍ਰਿਤਸਰ ਨੂੰ ਛੱਡ ਕੇ ਹੋਰ ਵੱਖ-ਵੱਖ ਥਾਵਾਂ 'ਤੇ ਜਾ ਵਸੇ ਸਨ। ਸੋਢੀ ਨਿਰੰਜਨ ਰਾਇ ਪਿੱਛੋਂ, ਮੁਗਲ ਹਾਕਮਾਂ ਨਾਲ ਗੱਢ-ਤੁਪ ਕਰ ਲੈਣ ਕਰ ਕੇ, ਅੰਮ੍ਰਿਤਸਰ ਹੀ ਰਹਿਣ ਲੱਗ ਪਿਆ ਸੀ। ਮੁਗਲ ਹਾਕਮਾਂ ਦਾ ਚਾਪਲੂਸ ਹੋਣ ਕਰ ਕੇ ਸਿਖ ਸੰਗਤਾਂ ਇਸ ਦੇ ਕਿਰਦਾਰ ਤੋਂ ਖੁਸ਼ ਨਹੀਂ ਸਨ। ਇਸ ਕਰ ਕੇ ਉਹ ਨਿਰੰਜਨ ਰਾਇ ਤੋਂ ਸਿਰੀ ਦਰਬਾਰ ਸਾਹਿਬ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਦਾ ਪਰਬੰਧ ਖੋਹ ਲੈਣਾ ਚਾਹੁੰਦੀਆਂ ਸਨ। ਇਸ ਮਕਸਦ ਲਈ ਅੰਮ੍ਰਿਤਸਰ ਦੀਆਂ ਸਿਖਾਂ ਸੰਗਤਾਂ ਆਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਤੱਕ ਵੀ ਪਹੁੰਚ ਕਰਦੀਆਂ ਸਨ। 1699 ਈ. ਦੀ ਵਿਸਾਖੀ 'ਤੇ ਜਦੋਂ ਗੁਰੂ ਜੀ ਵੱਲੋਂ ਖਾਲਸੇ ਦੀ ਸਾਜਨਾ ਕੀਤੀ ਗਈ ਤਾਂ ਅੰਮ੍ਰਿਤਸਰ ਦੀਆਂ ਸਿਖ ਸੰਗਤਾਂ ਨੇ ਗੁਰੂ ਜੀ ਨੂੰ ਸਿਰੀ ਦਰਬਾਰ ਸਾਹਿਬ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਦਾ ਕੋਈ ਸੇਵਾਦਾਰ ਨਿਯੁਕਤ ਕਰ ਕੇ ਭੇਜਣ ਦੀ ਬੇਨਤੀ ਕੀਤੀ।[2] ਇਸ ਬੇਨਤੀ ਅਨੁਸਾਰ ਸਾਹਿਬ ਸਿਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਵਿਚ ਖਾਲਸੇ ਦੀ ਸਾਜਨਾ ਪਿੱਛੋਂ ਭਾਈ ਮਨੀ ਸਿੰਘ ਜੀ ਨੂੰ ਸਿਰੀ ਦਰਬਾਰ ਸਾਹਿਬ ਦਾ ਹੈਡ-ਗਰੰਥੀ ਅਤੇ ਅਕਾਲ ਤਖ਼ਤ ਸਾਹਿਬ ਦਾ ਜੱਥੇਦਾਰ ਬਣਾ ਕੇ ਭੇਜਿਆ ਸੀ। ਭਾਈ ਮਨੀ ਸਿੰਘ ਨੇ ਸਿਖ ਸੰਗਤਾਂ ਦੀ ਸਹਾਇਤਾ ਨਾਲ ਸੋਢੀਆਂ ਕੋਲੋਂ ਇਨ੍ਹਾਂ ਧਾਰਮਿਕ ਅਸਥਾਨਾਂ ਦਾ ਕਬਜ਼ਾ ਲਿਆ ਅਤੇ ਸਾਰਾ ਪਰਬੰਧ ਖਾਲਸਾਈ ਮਰਯਾਦਾ ਅਨੁਸਾਰ ਕੀਤਾ। ਭਾਈ ਸਾਹਿਬ 1734 ਈ. ਤੱਕ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਰਹੇ ਸਨ ਅਤੇ ਅਖੀਰ 'ਤੇ ਆਪਣੇ ਬੰਦ-ਬੰਦ ਕਟਵਾ ਕੇ ਸ਼ਹਾਦਤ ਦੇ ਗਏ ਸਨ। ਭਾਈ ਸਾਹਿਬ ਦੇ ਪਿੱਛੋਂ ਖਾਲਸਾ ਪੰਥ ਉੱਪਰ ਸਰਕਾਰ ਦਾ ਜ਼ੁਲਮ ਵੱਧ ਗਿਆ ਸੀ। ਜਿਸ ਕਰ ਕੇ ਸਿਖਾਂ ਨੂੰ ਘਰ-ਘਾਟ ਛੱਡ ਕੇ ਜੰਗਲਾਂ, ਪਹਾੜਾਂ ਅਤੇ ਰੇਗਸਥਾਨਾਂ ਵਿਚ ਲੁਕ-ਛਿਪ ਕੇ ਦਿਨ ਕੱਟਣੇ ਪਏ। ਅਜਿਹੇ ਮੌਕੇ ਸਿਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਦੇ ਪੱਖੋਂ ਖਾਲੀ ਹੀ ਰਹਿੰਦਾ ਸੀ ਤੇ ਜਾਂ ਫਿਰ ਉਨ੍ਹਾਂ ਸੋਢੀ ਪਰਿਵਾਰਾਂ ਦੇ ਬੰਦੇ ਪੂਜਾ-ਪਾਨ ਦਾ ਚੜ੍ਹਾਵਾ ਹੜੱਪਣ ਲਈ ਆ ਕੇ ਕਾਬਜ਼ ਹੋ ਜਾਂਦੇ ਸਨ ਜੋ ਸਰਕਾਰ ਦੇ ਪਿਠੂ ਹੁੰਦੇ ਸਨ ਪਰ ਜਦੋਂ ਵੀ ਖਾਲਸੇ ਨੂੰ ਸਮਾਂ ਮਿਲਦਾ ਸੀ ਉਹ ਤੁਰੰਤ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦਾ ਪਰਬੰਧ ਸੰਭਾਲ ਲੈਂਦਾ ਸੀ। ਦਲ ਖਾਲਸੇ ਦੇ ਸਮੇਂ ਇਨ੍ਹਾਂ ਧਾਰਮਿਕ ਅਸਥਾਨਾਂ ਦਾ ਪਰਬੰਧ ਆਮ ਤੌਰ ਤੇ ਸ਼ਹੀਦੀ ਮਿਸਲ ਦੇ ਨਿਹੰਗਾਂ ਪਾਸ ਹੀ ਹੁੰਦਾ ਸੀ। ਇਹ ਮਿਸਲ ਕਿਉਂਕਿ ਸਿਰਫ ਗੁਰਧਾਮਾਂ ਦੇ ਪਰਬੰਧ ਕਰਨ ਤੀਕ ਹੀ ਸੀਮਿਤ ਸੀ ਇਸ ਲਈ ਪੰਥ ਦੀਆਂ ਦੂਸਰੀਆਂ ਮਿਸਲਾਂ ਨੇ ਵੀ ਇਸੇ ਮਿਸਲ ਨੂੰ

---

1. ਦੇਖੋ : ਕਿਰਪਾਲ ਸਿੰਘ, *ਮਨੋਹਰ ਦਾਸ ਮਿਹਰਬਾਨ, ਜੀਵਨ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985, ਪੰਨੇ 23-60 ਅਤੇ ਗੁਰਮੋਹਨ ਸਿੰਘ ਆਹਲੂਵਾਲੀਆ, *ਸੋਢੀ ਹਰਿ ਜੀ ਜੀਵਨ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985, ਪੰਨੇ 7-8.
2. *ਸ਼ਹੀਦ ਬਿਲਾਸ ਭਾਈ ਮਨੀ ਸਿੰਘ*, ਕ੍ਰਿਤ ਕਵੀ ਸੇਵਾ ਸਿੰਘ (ਸੰ. ਗਿਆਨੀ ਗਰਜਾ ਸਿੰਘ) ਲੁਧਿਆਣਾ, 1961, ਪੰਨੇ 69-70.

ਧਾਰਮਿਕ ਅਸਥਾਨਾਂ ਦੀ ਪਰਬੰਧਕ ਮਿਸਲ ਵੱਜੋਂ ਮਾਣਤਾ ਦਿੱਤੀ ਹੋਈ ਸੀ। ਇਸ ਤਰ੍ਹਾਂ ਸਾਡੇ ਸਾਹਮਣੇ ਅਕਾਲੀ ਨੈਣਾ ਸਿੰਘ ਅਤੇ ਅਕਾਲੀ ਫੂਲਾ ਸਿੰਘ ਜੈਸੇ ਜਥੇਦਾਰਾਂ ਦੇ ਨਾਂ ਆਉਂਦੇ ਹਨ ਜਿਨ੍ਹਾਂ ਨੇ ਸਮੇਂ-ਸਮੇਂ 'ਤੇ ਅਕਾਲ ਤਖ਼ਤ ਸਾਹਿਬ ਦੀ ਸੇਵਾ ਕੀਤੀ। ਅਕਾਲੀ ਫੂਲਾ ਸਿੰਘ ਤੋਂ ਪਿੱਛੋਂ ਜਥੇਦਾਰਾਂ ਦੀ ਕੋਈ ਜਾਣਕਾਰੀ ਨਹੀਂ ਮਿਲਦੀ ਅਤੇ ਬ੍ਰਿਟਿਸ਼ ਸਰਕਾਰ ਸਮੇਂ ਗੁਰਦੁਆਰਿਆਂ ਅਤੇ ਤਖ਼ਤ ਸਾਹਿਬਾਨਾਂ ਦੇ ਪਰਬੰਧ ਦਾ ਸੰਕਲਪ ਹੀ ਬਦਲ ਗਿਆ ਸੀ। 1925 ਵਿਚ ਪੰਜਾਬ ਸਿਖ ਗੁਰਦੁਆਰਾ ਐਕਟ ਬਣ ਜਾਣ ਕਾਰਨ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਹੋਂਦ ਵਿਚ ਆਈ। ਸਿਰੀ ਅਕਾਲ ਤਖ਼ਤ ਸਾਹਿਬ ਨੂੰ ਵੀ ਇਕ ਗੁਰਦੁਆਰਾ ਮੰਨ ਕੇ ਇਸ ਐਕਟ ਤਹਿਤ ਰੱਖਿਆ ਗਿਆ। ਇਸ ਕਰ ਕੇ ਸਿਰੀ ਅਕਾਲ ਤਖ਼ਤ ਸਾਹਿਬ ਦਾ ਪਰਬੰਧ ਵੀ ਸ਼ਰੋਮਣੀ ਕਮੇਟੀ ਦੇ ਤਹਿਤ ਆ ਗਿਆ। ਅੱਜ ਤੱਕ ਇਹੀ ਪਰਬੰਧ ਚਲਦਾ ਆ ਰਿਹਾ ਹੈ।

ਵਡਾਲੀ ਗੁਰੂ ਕੀ : ਪਿੰਡ ਵਡਾਲੀ ਜਾਂ ਵਡਾਲੀ ਗੁਰੂ ਕੀ ਅੰਮ੍ਰਿਤਸਰ ਤੋਂ ਬਾਰਾਂ ਕਿਲੋਮੀਟਰ ਦੀ ਵਿਥ 'ਤੇ ਅਤੇ ਛਿਹਰਟਾ ਤੋਂ ਤਕਰੀਬਨ ਇਕ ਕਿਲੋਮੀਟਰ ਦੀ ਵਿਥ 'ਤੇ ਵਾਕਿਆ ਹੈ। ਇੱਥੇ ਸਿਰੀ ਗੁਰੂ ਅਰਜਨ ਦੇਵ ਜੀ ਅਤੇ ਸਿਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਇਤਿਹਾਸਿਕ ਗੁਰਦੁਆਰੇ ਸੁਸ਼ੋਭਤ ਹਨ। ਇਹ ਪਿੰਡ ਚੰਭਲ ਅਤੇ ਮਾਨ ਗੋਤ ਦੇ ਜੱਟਾਂ ਦਾ ਵਸਾਇਆ ਹੋਇਆ ਪਿੰਡ ਹੈ। ਇੱਥੋਂ ਦੀਆਂ ਸਿਖ ਸੰਗਤਾਂ ਗੁਰੂ ਘਰ ਨਾਲ ਜੁੜੀਆਂ ਹੋਈਆਂ ਸਨ ਲੇਕਿਨ ਵਡਾਲੀ ਦਾ ਆਲਾ ਦੁਆਲਾ ਗੁਰੂ ਘਰ ਦੇ ਵਿਰੋਧੀ ਲੋਕਾਂ ਦਾ ਸੀ। ਇਸ ਕਰ ਕੇ ਆਲੇ ਦੁਆਲੇ ਦੇ ਵਿਰੋਧੀ ਪਿੰਡਾਂ ਦੇ ਲੋਕ ਵਡਾਲੀ ਉੱਪਰ ਅਕਸਰ ਹਮਲੇ ਕਰਦੇ ਰਹਿੰਦੇ ਸਨ। ਇਸ ਗੱਲ ਤੋਂ ਸਥਾਨਿਕ ਲੋਕ ਬਹੁਤ ਔਖੇ ਸਨ। ਉਨਾਂ ਨੇ ਗੁਰੂ ਅਰਜਨ ਦੇਵ ਜੀ ਪਾਸ ਫਰਿਆਦ ਕੀਤੀ। ਗੁਰੂ ਸਾਹਿਬ ਨੇ ਸਾਰੇ ਹਾਲਾਤ ਨੂੰ ਮੱਦੇ ਨਜ਼ਰ ਰੱਖਦਿਆਂ ਆਪਣੀ ਰਿਹਾਇਸ਼ ਅੰਮ੍ਰਿਤਸਰ ਤੋਂ ਬਦਲ ਕੇ ਵਡਾਲੀ ਹੀ ਕਰ ਲਈ। ਇਸ ਨਾਲ ਇਹ ਫਰਕ ਪਿਆ ਕਿ ਵਡਾਲੀ ਵਿਖੇ ਸਿਖ ਸੰਗਤਾਂ ਦਾ ਆਉਣ ਜਾਣ ਹੋ ਗਿਆ ਅਤੇ ਉੱਥੇ ਹਰ ਸਮੇਂ ਕਾਫੀ ਵੱਡੀ ਗਿਣਤੀ ਵਿਚ ਸਿਖ ਸੰਗਤਾਂ ਦਿਨ ਰਾਤ ਰਹਿਣ ਲੱਗ ਪਈਆਂ ਸਨ ਇਸ ਕਰ ਕੇ ਆਲੇ ਦੁਆਲੇ ਦੇ ਵਿਰੋਧੀ ਲੋਕਾਂ ਦਾ ਵਡਾਲੀ ਉੱਪਰ ਹਮਲਾ ਕਰਨ ਦਾ ਹੌਸਲਾ ਨਾ ਪਿਆ। ਇਸ ਗੱਲ ਤੋਂ ਖਿੱਝ ਕੇ ਅਜਿਹੇ ਲੋਕਾਂ ਨੇ ਸਥਾਨਿਕ ਹਾਕਮਾਂ ਦੀ ਮੱਦਦ ਲੈਣ ਦੀ ਸਕੀਮ ਬਣਾਈ। ਸਿੱਟੇ ਵੱਜੋਂ ਸੁਲਹੀ ਖਾਨ ਨੇ ਗੁਰੂ ਸਾਹਿਬ ਉੱਪਰ ਹਮਲਾ ਕਰਨ ਦੀ ਚਾਲ ਚਲੀ ਪਰ ਉਹ ਰਸਤੇ ਵਿਚ ਅਚਣਚੇਤੀ ਵਾਪਰੀ ਇਕ ਘਟਨਾ ਵਿਚ ਮਾਰਿਆ ਗਿਆ ਸੀ। ਵੱਖ-ਵੱਖ ਪੁਰਾਤਨ ਲਿਖਤਾਂ ਵਿਚ ਵਡਾਲੀ ਦੇ ਅਸਥਾਨ ਦਾ ਜ਼ਿਕਰ ਇਸ ਤਰਾਂ ਆਇਆ ਹੈ। ਪੰਡਿਤ ਤਾਰਾ ਸਿੰਘ ਨਰੋਤਮ ਅਨੁਸਾਰ: 'ਵਡਾਲੀ ਗ੍ਰਾਮ ਗੁਰਦੁਆਰਾ ਇਕ ਜਨਮ ਅਸਥਾਨ। ਮੇਲਾ ਬਸੰਤ ਪੰਚਮੀ। ਪਿਤਾ ਗੁਰੂ ਅਰਜਨ ਜੀ ਮਾਤਾ ਗੰਗਾ ਜੀ ਕੇ ਘਰ ਮੈਂ ਸੰਬਤ 1652 ਹਾੜ ਸੁਦੀ ਤੀਜ ਕੋ ਹਰਿਗੋਬਿੰਦ ਜੀ ਕਾ ਜਨਮ ਹੂਆ। ਜਿਸ ਕੇ ਪਰਥਾਇ ਗੁਰੂ ਅਰਜਨ ਜੀ ਦਾ ਆਸਾ ਰਾਗ ਮੈਂ ਗ੍ਰੰਥ ਜੀ ਮੇਂ ਸ਼ਬਦ ਹੈ। ਸਤਿਗੁਰ ਸਾਚੈ ਦੀਆ ਭੇਜ।'[1] ਗਿਆਨੀ ਠਾਕਰ ਸਿੰਘ ਲਿਖਦਾ ਹੈ ਕਿ ਗੁਰੂ ਹਰਿਗੋਬਿੰਦ ਜੀ ਨੇ 'ਗੁਰੂ ਕੀ ਵਡਾਲੀ ਅਵਤਾਰ ਧਾਰਿਆ ਅਰ 9

---

1. *ਸ੍ਰੀ ਗੁਰ ਤੀਰਥ ਸੰਗ੍ਰਹਿ*, ਅੰਬਾਲਾ, 1884, ਪੰਨਾ 43.

ਮਹੀਨੇ ਇੱਥੇ ਹੀ ਨਿਵਾਸ ਕੀਤਾ। ਉਪਰੰਤ ਸ੍ਰੀ ਅੰਮ੍ਰਿਤਸਰ ਜੀ ਗੁਰੂ ਕੇ ਮਹਿਲਾਂ ਵਿਚ ਨਿਵਾਸ ਕਰ ਬਾਲਕ ਅਵਸਥਾ ਦੇ ਅਨੰਤ ਚੋਜ ਹਰ ਰੋਜ ਕਰ ਮਾਤਾ ਪਿਤਾ ਸਿਖ ਸੇਵਕਾਂ ਨੂੰ ਪਰਮ ਪ੍ਰਸੰਨ ਕੀਤਾ।'[1] ਠਾਕਰ ਸਿੰਘ ਦੀ ਇਹ ਲਿਖਤ 1923 ਈ. ਦੀ ਹੈ। ਉਨ੍ਹਾਂ ਦਾ ਲਿਖਣਾ ਹੈ ਕਿ ਇਸ ਧਾਰਮਿਕ ਅਸਥਾਨ ਦੇ 'ਪੁਜਾਰੀ ਬਾਵੇ ਬੇਦੀ ਹਨ। ਇਹ ਗੁਰਦੁਆਰਾ ਜਨਮ ਅਸਥਾਨ ਨਗਰ ਵਿਚ ਹੈ ਅਤੇ ਸਟੇਸ਼ਨ ਰੇਲ ਛੇਹਰਟਾ ਸਾਹਿਬ ਜੀ ਹੈ, ਛੇਹਰਟੇ ਸਾਹਿਬ ਜੀ ਤੋਂ ਪਾਉ ਮੀਲ ਵਿਥ ਉੱਤੇ ਹੈ।'[2] ਜਨਮ ਅਸਥਾਨ ਤੋਂ ਇਲਾਵਾ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਇਕ ਹੋਰ ਗੁਰਦੁਆਰਾ ਹੈ ਜਿਸ ਨੂੰ ਦਮਦਮਾ ਸਾਹਿਬ ਕਿਹਾ ਜਾਂਦਾ ਹੈ। ਇਹ ਪਿੰਡ ਤੋਂ ਦੱਖਣ ਵਾਲੀ ਦਿਸ਼ਾ ਵੱਲ ਨੇੜੇ ਹੀ ਹੈ। ਇੱਥੇ ਪਿੱਛੋਂ ਕਿਸੇ ਸਮੇਂ ਆ ਕੇ ਗੁਰੂ ਛੇਵੇਂ ਪਾਤਸ਼ਾਹ ਨੇ ਇਕ ਖਤਰਨਾਕ ਸੂਰ ਦਾ ਸ਼ਿਕਾਰ ਕੀਤਾ ਸੀ। ਅੱਜ ਕੱਲ ਇੱਥੇ ਬੜਾ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ।

ਇੱਥੇ ਗੁਰੂ ਅਰਜਨ ਦੇਵ ਜੀ ਦੀ ਯਾਦ ਵਿਚ ਵੀ ਦੋ ਗੁਰਦੁਆਰੇ ਹਨ ਜੋ ਛੇਹਰਟਾ ਸਾਹਿਬ ਵਿਚ ਹਨ। ਇੱਥੇ ਹੀ ਇਕ ਛੇ ਵਿੱਡਾ ਖੂਹ ਗੁਰੂ ਅਰਜਨ ਦੇਵ ਜੀ ਨੇ ਲਗਵਾਇਆ ਸੀ। ਇਸ ਖੂਹ 'ਤੇ ਛੇ ਹਰਟ ਚਲਦੇ ਸਨ। ਇਸ ਕਰ ਕੇ ਇਸ ਨੂੰ ਛੇਹਰਟਾਂ ਵਾਲਾ ਖੂਹ ਕਿਹਾ ਜਾਂਦਾ ਸੀ ਅਤੇ ਛੇਹਰਟਾਂ ਵਾਲਾ ਖੂਹ ਹੋਣ ਕਰ ਕੇ ਹੀ ਇਸ ਅਸਥਾਨ ਦਾ ਨਾਂ ਛੇਹਰਟਾ ਸਾਹਿਬ ਚਾਲੂ ਹੋਇਆ ਹੈ। ਇਹ ਛੇਹਰਟਾਂ ਵਾਲਾ ਖੂਹ, ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਦੀ ਖੁਸ਼ੀ ਵਿਚ ਹੀ ਇਸ ਨਗਰ ਵਾਸੀਆਂ ਨੂੰ ਗੁਰੂ ਅਰਜਨ ਦੇਵ ਜੀ ਦਾ ਇਕ ਤੋਹਫਾ ਸੀ। ਉਨ੍ਹਾਂ ਦਿਨਾਂ ਵਿਚ ਖੂਹ ਲਗਵਾਉਣਾ ਬਹੁਤ ਵੱਡਾ ਕੰਮ ਹੁੰਦਾ ਸੀ। ਇਸ ਅਸਥਾਨ ਨਾਲ 140 ਵਿੱਘੇ ਜ਼ਮੀਨ ਪਿੰਡ ਵੱਲੋਂ ਲਗਵਾਈ ਹੋਈ ਸੀ।[3] ਮਾਘ ਸੁਦੀ ਪੰਚਮੀ ਨੂੰ ਸਾਲਾਨਾ ਜੋੜ ਮੇਲਾ ਲਗਣ ਦੀ ਪਰਥਾ ਮੁੱਢੋਂ ਹੀ ਤੁਰੀ ਆਉਂਦੀ ਹੈ।

ਛੇਹਰਟਾਂ ਸਾਹਿਬ ਤੋਂ ਇਕ ਫਰਲਾਂਗ ਕੁ ਦੀ ਹੀ ਵਿੱਥ 'ਤੇ ਦੱਖਣ ਵੱਲ ਗੁਰਦੁਆਰਾ ਮੰਜੀ ਸਾਹਿਬ ਹੈ। ਇਹ ਵੀ ਗੁਰੂ ਅਰਜਨ ਦੇਵ ਜੀ ਦੀ ਯਾਦ ਵਿਚ ਹੈ। ਇੱਥੇ ਭਾਈ ਸਿਹਾਰੀ ਜੀ ਗੁਰੂ ਘਰ ਵੱਲੋਂ ਖੇਤੀ ਕਰਵਾਇਆ ਕਰਦੇ ਸਨ। ਇਸ ਖੇਤੀ ਦੀ ਸਾਰੀ ਪੈਦਾਵਾਰ ਗੁਰੂ ਦੇ ਲੰਗਰ ਵਿਚ ਹੀ ਜਾਂਦੀ ਸੀ। ਇਸ ਖੇਤੀ ਦੀ ਸਿੰਜਾਈ ਵਾਸਤੇ ਗੁਰੂ ਜੀ ਨੇ ਤਿੰਨ ਹਰਟਾਂ ਵਾਲਾ ਅਰਥਾਤ ਤਿੰਨ ਵਿੱਡਾ ਖੂਹ ਲਗਵਾਇਆ ਸੀ। 1930 ਵਿਆਂ ਤੱਕ ਭਾਈ ਸਿਹਾਰੀ ਜੀ ਦੀ ਵੰਸ਼ ਵਿੱਚੋਂ ਹੀ ਇੱਥੇ ਪੁਜਾਰੀ ਹੁੰਦੇ ਸਨ।[4] ਅੱਜ ਕੱਲ ਇਨ੍ਹਾਂ ਸਾਰੇ ਅਸਥਾਨਾਂ ਦਾ ਪਰਬੰਧ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਪਾਸ ਹੈ।

ਗੁਰੂ ਕੇ ਮਹਿਲ (ਅੰਮ੍ਰਿਤਸਰ): ਗੁਰਦੁਆਰਾ ਗੁਰੂ ਕੇ ਮਹਿਲ ਅੰਮ੍ਰਿਤਸਰ ਖਾਸ ਵਿਖੇ, ਸਿਰੀ ਦਰਬਾਰ ਸਾਹਿਬ ਦੇ ਬਿਲਕੁਲ ਨਜ਼ਦੀਕ ਹੀ, ਗੁਰੂ ਕੇ ਬਾਜ਼ਾਰ ਵਿਚ ਹੈ। ਇਸ

---

1. ਗਿਆਨੀ ਠਾਕਰ ਸਿੰਘ, *ਗੁਰ ਸ੍ਰੀ ਗੁਰਦੁਆਰੇ ਦਰਸ਼ਨ* (ਅੱਗੇ ਤੋਂ ਸਿਰਫ ਗੁਰਦੁਆਰੇ ਦਰਸ਼ਨ ਹੀ ਲਿਖਿਆ ਜਾਵੇਗਾ), ਅੰਮ੍ਰਿਤਸਰ, 1923, ਪੰਨੇ 147-48.
2. *ਉਕਤ*, ਪੰਨਾ ਉਹੀ।
3. ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਾਰ ਮਹਾਨ ਕੋਸ਼*, ਪਟਿਆਲਾ, 1960, ਪੰਨਾ 280.
4. *ਉਕਤ*, ਪੰਨਾ ਉਹੀ।

ਅਸਥਾਨ ਨੂੰ ਬਣਾਇਆ ਤਾਂ ਗੁਰੂ ਰਾਮ ਦਾਸ ਜੀ ਨੇ ਸੀ ਪਰ ਇਸ ਵਿਚ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਵੀ ਰਹਿੰਦੇ ਰਹੇ ਸਨ। ਗਯਾਨੀ ਗਯਾਨ ਸਿੰਘ ਨੇ ਲਿਖਿਆ ਹੈ: 'ਗੁਰੂ ਅਮਰ ਦਾਸ ਜੀ ਨੇ ਗੁਰੂ ਰਾਮ ਦਾਸ ਜੀ ਨੂੰ ਸਰਬ ਪ੍ਰਕਾਰ ਲਾਯਕ ਸਮਝ ਕੇ ਬੈਸਾਖ ਸੁਦੀ 9, ਸੰ. 1626 ਬਿ. (1569 ਈ.) ਨੂੰ ਗੁਰਿਆਈ ਦਿੱਤੀ ਅਤੇ ਇਨ੍ਹਾਂ ਦੇ ਗੁਜਾਰੇ ਤੇ ਵਸਣ ਵਾਸਤੇ ਤੁੰਗ, ਸੁਲਤਾਨ ਪਿੰਡ, ਗੁਮਟਾਲਾ, ਇਨਾਂ ਤਿੰਨਾਂ ਪਿੰਡਾਂ ਦੇ ਜਿਮੀਂਦਾਰਾਂ ਤੋਂ ਜ਼ਮੀਨ ਲੈ ਕੇ ਹਾੜ ਬਦੀ 12 ਸੰ. 1629 ਬਿ. (1572) ਤੇ 103 ਸਾਲ ਗੁਰੂ (ਨਾਨਕ ਸ਼ਾਹੀ) ਵਿਚ ਰਾਮ ਦਾਸ ਜੀ ਦੇ ਨਾਮ ਪੁਰ ਵਸਾਯਾ ਜੋ ਹੁਣ ਅੰਮ੍ਰਿਤਸਰ ਮਸ਼ਹੂਰ ਹੈ। ਕਿਸੇ ਸਮੇਂ ਗੁਰੂ ਨਾਨਕ ਜੀ ਇੱਥੇ ਆਏ ਸਨ ਤੇ ਗੁਰੂ ਅੰਗਦ ਜੀ ਨੂੰ ਆਖਿਆ ਇੱਥੇ ਪ੍ਰਾਚੀਨ ਤੀਰਥ ਹੈ ਤੇ ਇਹੋ ਬਾਤ ਗੁਰੂ ਅੰਗਦ ਜੀ ਤੋਂ ਗੁਰੂ ਅਮਰ ਦਾਸ ਜੀ ਨੇ ਸੁਣੀ ਸੀ। ਇਸੇ ਤੋਂ ਸ੍ਰੇਸ਼ਟ ਭੂਮੀ ਸਮਝ ਕੇ ਗੁਰੂ ਨਾਨਕ ਸਾਹਿਬ ਦੇ ਬਚਨ ਦੀ ਪਾਲਣਾ ਕਰਨ ਲਈ ਗੁਰੂ ਰਾਮ ਦਾਸ ਜੀ ਨੇ ਇੱਥੇ ਹੀ ਨਿਵਾਸ ਕਰ ਕੇ ਇਸ ਨਗਰ ਨੂੰ ਬਹੁਤ ਆਬਾਦ ਕੀਤਾ ਅਤੇ ਭਾਈ ਸਾਲੋ ਨੇ ਦੂਰੋਂ-ਦੂਰੋਂ 52 ਜਾਤਿ ਦੇ ਆਦਮੀ ਲਯਾਕਰ ਗੁਰੂ ਜੀ ਦੇ ਮਹਿਲਾਂ ਦੇ ਚੁਫੇਰੇ ਵਸਾਏ ਜੋ ਹੁਣ ਤੱਕ ਵਸਦੇ ਹਨ। ਜਿਹੜਾ ਹੁਣ ਗੁਰੂ ਦਾ ਬਾਜ਼ਾਰ ਮਸ਼ਹੂਰ ਹੈ ਇਹ ਦੁਕਾਨਾਂ ਭੀ ਭਾਈ ਸਾਲੋ ਨੇ ਬਣਵਾਈਆਂ ਸਨ।' ਭਾਈ ਕਾਨ੍ਹ ਸਿੰਘ ਨਾਭਾ ਨੇ ਸਿਰਫ ਇਨ੍ਹਾਂ ਕੁ ਹੀ ਲਿਖਿਆ ਹੈ: 'ਅੰਮ੍ਰਿਤਸਰ ਵਿਚ ਉਹ ਅਸਥਾਨ ਜਿਥੇ ਸ੍ਰੀ ਮਤੀ ਨਾਨਕੀ ਜੀ ਨਾਲ ਗੁਰੂ ਹਰਿਗੋਬਿੰਦ ਸਾਹਿਬ ਦਾ ਵਿਆਹ ਹੋਇਆ।'

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਾਰੇ ਬੱਚੇ, ਸਿਰਫ ਬਾਬਾ ਗੁਰਦਿਤਾ ਜੀ ਤੋਂ ਬਿਨਾ, ਇਨਾਂ ਹੀ ਮਹਿਲਾਂ ਵਿਚ ਜਨਮੇ ਸਨ। ਇਸ ਤਰਾਂ ਇਹ ਅਸਥਾਨ ਚਾਰ ਗੁਰੂ ਸਾਹਿਬਾਨ ਦੀ ਚਰਨਛੋਹ ਨਾਲ ਪਵਿੱਤਰ ਹੋਇਆ ਹੈ। ਇਸ ਦੇ ਆਲੇ ਦੁਆਲੇ ਕਿਉਂਕਿ ਬਹੁਤ ਸੰਘਣੇ ਬਾਜ਼ਾਰ ਵਿਕਸਿਤ ਹੋ ਗਏ ਸਨ ਇਸ ਲਈ ਅਸਥਾਨ ਨੂੰ ਆਉਣ ਜਾਣ ਵਾਲੇ ਸਾਰੇ ਰਸਤੇ ਬਹੁਤ ਤੰਗ ਸਨ। ਇਨਾਂ ਤੰਗ ਰਸਤਿਆਂ ਅਤੇ ਥਾਂ ਘੱਟ ਹੋਣ ਕਾਰਨ ਇਹ ਮਹਾਨ ਇਤਿਹਾਸਿਕ ਅਸਥਾਨ ਵੀ ਵਿਸ਼ਾਲ ਰੂਪ ਧਾਰਨ ਨਹੀਂ ਕਰ ਸਕਿਆ। 1980 ਵਿਆਂ ਵਿਚ ਸੰਤ ਬਾਬਾ ਸੇਵਾ ਸਿੰਘ ਜੀ ਨੌਰੇ ਵਾਲਿਆਂ ਨੇ ਇਸ ਦੀ ਕਾਰ ਸੇਵਾ ਦਾ ਕੰਮ ਸੰਭਾਲਿਆ। ਇਸ ਅਸਥਾਨ ਨੂੰ ਖੁੱਲਾ ਕਰਨ ਲਈ ਨਾਲ ਲਗਦੇ ਕਈ ਮਕਾਨ ਮੁੱਲ ਖਰੀਦੇ ਗਏ ਪਰ ਇਨਾਂ ਘਰਾਂ ਦੀ ਕੀਮਤ ਬਹੁਤ ਜਿਆਦਾ ਸੀ। ਫਿਰ ਵੀ ਰਸਤੇ ਤੰਗ ਹੋਣ ਕਾਰਨ ਕਾਰ ਸੇਵਾ ਦਾ ਕੰਮ ਤੇਜ਼ੀ ਨਾਲ ਨਾ ਹੋ ਸੋਕਿਆ। ਸੰਤ ਸੇਵਾ ਸਿੰਘ ਜੀ ਕਾਰ ਸੇਵਾ ਦੇ ਵਿਚ ਹੀ ਗੁਰਪੁਰੀ ਨੂੰ ਸਿਧਾਰ ਗਏ ਸੀ। ਉਨਾਂ ਪਿੱਛੋਂ ਉਨਾਂ ਦੇ ਉੱਤਰਅਧਿਕਾਰੀ ਸੰਤ ਬਾਬਾ ਲਾਭ ਸਿੰਘ ਜੀ ਆਨੰਦਗੜ੍ਹ ਵਾਲਿਆਂ ਨੇ ਇਹ ਕੰਮ ਸੰਭਾਲਿਆ। ਇਸ ਕਾਰ ਸੇਵਾ ਤਹਿਤ ਬੜਾ ਵਿਸ਼ਾਲ ਅਤੇ ਅਲੀਸ਼ਾਨ ਨਕਸ਼ਾ ਤਿਆਰ ਕੀਤਾ ਗਿਆ ਸੀ। ਇਸ ਨਕਸ਼ੇ ਅਨੁਸਾਰ ਇਸ ਗੁਰਦੁਆਰਾ ਸਾਹਿਬ ਦੀਆਂ ਕੁੱਲ ਅੱਠ ਮੰਜ਼ਲਾਂ ਹੋਣੀਆਂ ਸਨ ਅਤੇ ਕੁੱਲ ਉਚਾਈ 113 ਫੁੱਟ ਦੀ ਹੋਣੀ ਸੀ। ਜਿਸ ਸਮੇਂ ਮੈਂ ਇਸ ਅਸਥਾਨ ਦੇ ਦਰਸ਼ਨ ਕਰਨ ਗਿਆ ਸੀ ਉਸ ਸਮੇਂ ਇਸ ਦੀਆਂ ਤਿੰਨ ਮੰਜ਼ਿਲਾਂ ਪੂਰੀਆਂ ਹੋ ਚੁੱਕੀਆਂ ਸਨ। ਅੱਜ ਕੱਲ ਇਹ ਅਸਥਾਨ ਲਗ ਪੱਗ ਪੂਰਾ ਹੋਣ ਵਾਲਾ ਹੈ।

1988 ਵਿਚ ਪੰਜਾਬ ਸਰਕਾਰ ਵੱਲੋਂ ਗਲਿਆਰਾ ਸਕੀਮ ਰਾਹੀਂ ਸਿਰੀ ਦਰਬਾਰ

ਸਾਹਿਬ ਦੇ ਆਲੇ ਦੁਆਲੇ ਦੇ ਤੀਹ ਮੀਟਰ ਤੱਕ ਦੇ ਖੇਤਰ ਨੂੰ ਪੂਰੀ ਤਰ੍ਹਾਂ ਢਾਹ ਦਿੱਤਾ ਗਿਆ ਹੈ। ਇਸ ਕਰ ਕੇ ਗੁਰੂ ਕੇ ਮਹਿਲਾ ਦੁਆਲੇ ਜੋ ਬਾਜ਼ਾਰ ਸਨ ਜਾਂ ਤੰਗ ਰਸਤੇ ਸਨ ਉਹ ਸਭ ਹੁਣ ਖੁੱਲਾ ਮੈਦਾਨ ਬਣਾ ਦਿੱਤਾ ਗਿਆ ਹੈ। ਇਸ ਅਸਥਾਨ ਦੇ ਸੇਵਾਦਾਰ ਅੱਜ ਲਾਭ ਸਿੰਘ ਜੀ ਦੇ ਸ਼ਰਧਾਲੂਆਂ ਵਿੱਚੋਂ ਹਨ।

ਗੁਰਦੁਆਰਾ ਕੌਲ ਸਰ ਸਾਹਿਬ: ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨੇੜੇ ਹੀ ਕੌਲ ਸਰ ਨਾਂ ਦਾ ਸਰੋਵਰ ਹੈ। ਇਥੇ ਪਹਿਲਾਂ ਇਕ ਕੱਚਾ ਛੱਪੜ (ਢਾਬ) ਹੁੰਦਾ ਸੀ। ਇਸ ਛੱਪੜ ਵਿਚ ਕੰਵਲ ਦੇ ਫੁੱਲ ਉੱਗੇ ਹੋਏ ਸਨ। ਕੰਵਲ ਦੇ ਫੁੱਲ ਬਹੁਤ ਹੀ ਘੱਟ ਦੇਖੇ ਜਾਂਦੇ ਹਨ ਅਤੇ ਜਿਥੇ ਇਹ ਹੁੰਦੇ ਹਨ ਉਸ ਥਾਂ ਨੂੰ ਬਹੁਤ ਹੀ ਅੱਛੀ ਥਾਂ ਸਮਝਿਆ ਜਾਂਦਾ ਹੈ। ਵੈਸੇ ਵੀ ਭਾਰਤੀ ਸੰਸਕ੍ਰਿਤੀ ਵਿਚ ਕੰਵਲ ਦੇ ਫੁੱਲ ਨੂੰ ਪਵਿੱਤਰ ਦਰਜਾ ਹਾਸਲ ਹੈ। ਇਨਾਂ ਕੰਵਲ ਦੇ ਫੁੱਲਾਂ ਕਰ ਕੇ ਹੀ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਛੱਪੜ ਨੂੰ ਪੱਕੇ ਸਰੋਵਰ ਦਾ ਰੂਪ ਦਿੱਤਾ ਅਤੇ ਨਾਂ ਕੌਲ ਸਰ ਅਰਥਾਤ ਕੰਵਲ ਦੇ ਫੁੱਲਾਂ ਵਾਲਾ ਸਰੋਵਰ ਰੱਖਿਆ। ਗਯਾਨੀ ਗਯਾਨ ਸਿੰਘ ਜੀ ਲਿਖਦੇ ਹਨ: 'ਪਹਿਲਾਂ ਪਹਿਲ ਇਹ ਕੌਲ ਦੇ ਫੁੱਲਾਂ ਵਾਲਾ ਕੱਚਾ ਟੋਬਾ ਸੀ। ਗੁਰੂ ਜੀ ਨੇ ਪੱਕਾ ਬਨਵਾ ਦਿੱਤਾ। ਨਾਮ ਕੌਲਸਰ ਪੈ ਗਿਆ। ਸੰਮਤ 1677 ਬਿ. (1620 ਈ.) ਨੂੰ ਬਣਿਆ ਹੈ। ਸੰਮਤ 1929 ਬਿ. (1872 ਈ.) ਨੂੰ ਇਸ ਤੀਰਥ ਦੀ ਕਾਰ ਸੰਗਤ ਨੇ ਕੱਢੀ ਸੀ। ਜਿਸ ਵਿਚ ਮੈਨੇ (ਗਯਾਨ ਸਿੰਘ) ਭੀ ਦੋ ਮਹੀਨੇ ਯਥਾ ਯੋਗ ਸੇਵਾ ਕੀਤੀ।'[1]

ਕੁਝ ਕੁ ਲੇਖਕਾਂ ਨੇ ਕੌਲਸਰ ਨੂੰ ਬੀਬੀ ਕੌਲਾਂ ਦੇ ਨਾਂ 'ਤੇ ਬਣਾਇਆ ਗਿਆ ਦੱਸਿਆ ਹੈ ਪਰ ਇਹ ਗੱਲ ਦਰੁੱਸਤ ਨਹੀਂ ਹੈ। ਇਹ ਸਿਰਫ ਦੋਹਾਂ ਨਾਂਵਾਂ ਦੇ ਇਕੋ ਜਿਹਾ ਹੋਣ ਕਰ ਕੇ ਹੀ ਭੁਲੇਖਾ ਲਗਿਆ ਹੈ।

ਗੁਰਦੁਆਰਾ ਸ੍ਰੀ ਬਿਬੇਕ ਸਰ (ਅੰਮ੍ਰਿਤਸਰ): ਇਹ ਗੁਰ ਅਸਥਾਨ, ਪਵਿੱਤਰ ਅੰਮ੍ਰਿਤਸਰ ਸਰੋਵਰ (ਸ੍ਰੀ ਹਰਿਮੰਦਰ ਸਾਹਿਬ) ਤੋਂ ਦੱਖਣ ਵਾਲੇ ਪਾਸੇ ਥੋੜ੍ਹੀ ਹੀ ਦੂਰੀ 'ਤੇ ਸਥਿਤ ਹੈ। ਪਹਿਲਾਂ ਇਕ ਰਸਤਾ ਸ੍ਰੀ ਹਰਿਮੰਦਰ ਸਾਹਿਬ ਤੋਂ ਬਾਬਾ ਅਟੱਲ ਸਾਹਿਬ ਅਤੇ ਚੌਕ ਕਰੋੜੀ ਮੱਲ ਰਾਹੀਂ ਹੋ ਜਾਂਦਾ ਸੀ। ਇਸ ਪਵਿੱਤਰ ਸਰੋਵਰ ਨੂੰ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਵਿਸਾਖ ਸੁਦੀ ਪੰਚਮੀ, ਸੰਮਤ 1679 ਬਿ. ਦਿਨ ਐਤਵਾਰ[2] ਮੁਤਾਬਿਕ ਸੰਨ 1622 ਈ. ਨੂੰ ਤਿਆਰ ਕਰਵਾਇਆ ਸੀ। ਗਿਆਨੀ ਠਾਕਰ ਸਿੰਘ ਜੀ ਨੇ ਜੇਠ 7 ਲਿਖਿਆ ਹੈ।[3] ਬਾਕੀ ਸਾਲ ਉਹੀ ਦੱਸਿਆ ਹੈ ਪਰ ਕਾਨ੍ਹ ਸਿੰਘ ਨਾਭਾ ਨੇ ਸਾਲ 1685 ਬਿ. ਮੁਤਾਬਿਕ ਸੰਨ 1628 ਈ. ਦਿੱਤਾ ਹੈ।[4]

ਬਿਬੇਕਸਰ ਨਾਮਕਰਣ ਬਾਰੇ ਲਗਪਗ ਸਾਰੇ ਹੀ ਮੁੱਢਲੇ ਲੇਖਕਾਂ ਨੇ ਇਸ ਮੱਤ ਉੱਪਰ ਹੀ ਸਹਿਮਤੀ ਕੀਤੀ ਹੈ ਕਿ ਇੱਥੇ ਬੈਠ ਕੇ ਕਿਉਂਕਿ ਗੁਰੂ ਸਾਹਿਬ ਨੇ ਗੁਰੂ ਸਾਹਿਬਾਨ ਦੀ ਬਾਣੀ ਬਾਰੇ ਸਿਖ ਸੰਗਤਾਂ ਨੂੰ ਬਾਕੀ ਦੇ ਗੁਰੂ ਘਰ ਦੇ ਦੋਖੀਆ ਵੱਲੋਂ ਰਚੀ ਜਾਂਦੀ ਝੂਠੀ ਬਾਣੀ ਦੇ ਮੁਕਾਬਲੇ ਗਿਆਨ ਦਰਿੜ ਕਰਵਾਇਆ ਸੀ। ਇਸ ਤਰਾਂ ਗੁਰਬਾਣੀ ਦਾ ਪਰਚਾਰ ਹੋਣ

1. ਗੁਰਧਾਮ ਸੰਗ੍ਰਹਿ, ਪੰਨੇ 105-6.
2. ਪੰਡਿਤ ਤਾਰਾ ਸਿੰਘ ਨਰੋਤਮ, ਪੰਨਾ 53.
3. ਗਯਾਨੀ ਠਾਕਰ ਸਿੰਘ, *ਸ੍ਰੀ ਗੁਰਦੁਆਰੇ ਦਰਸ਼ਨ*, 1924, ਪੰਨਾ 192.
4. *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਪਟਿਆਲਾ, 1990, ਪੰਨਾ 77.

ਕਰ ਕੇ ਜਾਂ ਗੁਰਬਾਣੀ ਦਾ ਬਿਬੇਕ ਹੋ ਜਾਣ ਕਰ ਕੇ ਇਸ ਅਸਥਾਨ ਦਾ ਨਾਂ ਬਿਬੇਕ ਸਰ ਸ਼ੁਰੂ ਹੋਇਆ। ਪੰਡਿਤ ਤਾਰਾ ਸਿੰਘ ਨਰੋਤਮ ਅਨੁਸਾਰ, 'ਈਹਾਂ ਬੈਠ ਗੁਰੂ ਜੀ ਨੇ ਕੱਚੀ ਪੱਕੀ ਬਾਣੀ ਦਾ ਬਿਬੇਕ ਕੀਆ ਇਸ ਲੀਏ ਨਾਮ ਬਿਬੇਕ ਸਰ ਹੈ।' ਗਯਾਨੀ ਗਯਾਨ ਸਿੰਘ ਨੇ ਲਿਖਿਆ ਹੈ 'ਇੱਥੇ ਗੁਰੂ ਸਾਹਿਬ ਨੇ ਖਰੇ ਸੁਹਾਵਣੇ ਜੰਗਲ ਵਿਚ ਬੈਠ ਕੇ ਸੰਗਤ ਨੂੰ ਆਤਮਾ, ਅਨਾਤਮਾ ਦਾ ਪਰਮਾਤਮਾ ਨਾਲ ਅਭੇਦ ਹੋਣ ਦਾ ਬਬੇਕ ਗਯਾਨ ਦਿਰੜਾ ਕੇ ਮੁਕਤੀ ਦਾ ਅਧਿਕਾਰੀ ਬਣਾਇਆ ਹੈ ਤਾਂ ਬਬੇਕ ਸਰ ਨਾਮ ਹੋਇਆ।'[1] ਪਰ ਭਾਈ ਕਾਨ੍ਹ ਸਿੰਘ ਨਾਭਾ ਇਸ ਤੋਂ ਅਲੱਗ ਲਿਖਦੇ ਹਨ ਕਿ 'ਬਿਬੇਕਸਰ: ਛੀਵੇਂ ਸਤਿਗੁਰੂ ਜੀ ਨੇ ਵਿਵੇਕੀ ਵਿਹੰਗਮਾ ਦੇ ਨਿਵਾਸ ਲਈ ਸ਼ਹਿਰੋਂ ਕਿਨਾਰੇ ਸੰਮਤ 1685 ਵਿਚ ਤਿਆਰ ਕਰਵਾਇਆ।' ਗਯਾਨੀ ਠਾਕਰ ਸਿੰਘ ਜੀ ਨੇ ਪੰਡਿਤ ਤਾਰਾ ਸਿੰਘ ਨਰੋਤਮ ਅਤੇ ਗਯਾਨੀ ਗਯਾਨ ਸਿੰਘ ਜੀ ਦੇ ਮੱਤ ਨੂੰ ਹੀ ਦੁਹਰਾ ਕੇ ਗੁਰਦੁਆਰਾ ਬਬੇਕਸਰ ਦੀ ਆਪਣੇ ਸਮੇਂ ਦੀ ਸਥਿਤੀ ਬਾਰੇ ਕੁਝ ਵਿਸਥਾਰ ਨਾਲ ਦੱਸਿਆ ਹੈ:' ਇਸ ਗੁਰਦੁਆਰੇ ਦੀ ਬਹੁਤ ਹੀ ਉਦਾਸੀਨ ਹਾਲਤ ਹੋ ਗਈ ਸੀ। ਸਤਿਗੁਰੂ ਜੀ ਦੀ ਪ੍ਰੇਰਣਾ ਨਾਲ ਅਤੇ ਗੁਰ ਸਿਖ ਸੰਗਤਾਂ ਦੇ ਉਦਮ ਨਾਲ ਭਾਈ ਠਾਕਰ ਸਿੰਘ ਜੀ ਗਯਾਨੀ ਨੇ 1962 ਸੰਮਤ (1905 ਈ.) ਵਿਚ ਗੁਰੂ ਮੰਦਰ ਅਤੇ ਦਾਲਾਨ ਡਿਉਢੀ ਲੰਗਰ ਖੂਹ ਭੀ ਜੋ ਅੰਦਰ ਨਹੀ ਸੀ, ਲਗਾਯਾ ਅਤੇ ਨਿਸ਼ਾਨ ਸਾਹਿਬ ਭੀ ਝੁਲਾਏ ਤੇ ਗੁਰਦੁਆਰੇ ਸਾਹਿਬ ਜੀ ਦਾ ਉਤਲਾ ਗੁੰਬਜ ਮੰਜੀ ਸਾਹਿਬ ਉੱਤੇ ਬਣਾਇਆ। ਫ਼ਰਸ਼ ਜੋ ਬਹੁਤ ਹੀ ਡੂੰਘਾ ਸੀ ਭਰਤ ਪੁਵਾਇ ਫੇਰ ਸੰਮਤ 1963 (1906 ਈ.) ਮਹੀਨਾ ਜੇਠ ਸੰਗਰਾਦ ਵਾਲੇ ਦਿਨ ਸਰੋਵਰ ਦੀ ਕਾਰ ਸੇਵਾ ਅਰੰਭ ਹੋਈ ਅਤੇ ਬਾਬੇ ਨੈਨਾ ਸਿੰਘ ਜੀ ਦੇ ਅੰਗੀਠੇ ਵੱਲ ਦੀ ਸਾਰੀ ਬਾਹੀ ਸਰੋਵਰ ਦੀਆਂ ਪੌੜਾਂ ਦੀ ਜੋ ਢੱਠੀ ਹੋਈ ਸੀ ਚਾਰੋ ਤਰਫ਼ ਮੁਰੰਮਤ ਹੋਈ। ਅੰਜਨ ਚਲਾਇ ਕਾਰ ਦੀ ਸੇ ਵਾ ਹੋਕਰ ਸਰੋਵਰ ਭਰਭੂਰ ਕੀਤਾ। ਇਕ ਮਹੀਨਾ ਸੇਵਾ ਹੋਈ ਅਤੇ ਸਾਵਣ ਦੀ ਪਹਿਲੀ ਨੂੰ ਜਲ ਨਵਾਂ ਪਾਇ ਸਰੋਵਰ ਪੂਰਨ ਹੋਯਾ ਅਤੇ ਮੇਲਾ ਸੰਮਤ 1941 ਜੇਠ 7 (ਸੰਨ 1884 ਈ.) ਤੋਂ ਅਰੰਭ ਕੀਤਾ ਜੋ ਅੱਜ ਤੱਕ ਬਰਾਬਰ ਹੁੰਦਾ ਹੈ।'

ਕਿਲਾ ਲੋਹਗੜ੍ਹ ਸਾਹਿਬ (ਅੰਮ੍ਰਿਤਸਰ): ਸਿਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਤੋਂ ਤੁਰੰਤ ਪਿੱਛੋਂ ਹੀ ਗੁਰੂ ਹਰਿਗੋਬਿੰਦ ਸਾਹਿਬ ਨੇ ਅੰਮ੍ਰਿਤਸਰ ਵਿਖੇ ਹੀ ਕਿਲਾ ਲੋਹਗੜ੍ਹ ਸਾਹਿਬ ਦੀ ਉਸਾਰੀ ਕਰਵਾਈ ਕਿਉਂਕਿ ਗੁਰੂ ਸਾਹਿਬ ਨੇ ਸਵੈ-ਰੱਖਿਆ ਲਈ ਸਿਖ ਸੰਗਤਾਂ ਨੂੰ ਹਥਿਆਰਬੰਦ ਕਰਨਾ ਸ਼ੁਰੂ ਕਰ ਦਿੱਤਾ ਸੀ ਇਸ ਲਈ ਇਹ ਹਥਿਆਰਬੰਦ ਸਿਖ ਦਿਨ ਰਾਤ ਹਰ ਸਮੇਂ ਕੁਝ ਗਿਣਤੀ ਵਿਚ ਅੰਮ੍ਰਿਤਸਰ ਵਿਖੇ ਤਾਇਨਾਤ ਰਹਿੰਦੇ ਸਨ। ਇਸ ਲਈ ਇਨਾਂ ਦੀ ਰਿਹਾਇਸ਼ ਲਈ, ਹਥਿਆਰਾਂ ਦੀ ਸੰਭਾਲ ਲਈ, ਅਨਾਜ ਦੇ ਭੰਡਾਰ ਲਈ ਅਤੇ ਦੁਸ਼ਮਣਾਂ ਦੇ ਹਮਲਿਆਂ ਤੋਂ ਬਚਣ ਲਈ ਕਿਲਾ ਜ਼ਰੂਰੀ ਸੀ। ਗੁਰੂ ਸਾਹਿਬ ਨੇ ਇਸ ਮਨੋਰਥ ਲਈ ਸ਼ਹਿਰ ਦੇ ਪੱਛਮ ਵੱਲ ਤਕਰੀਬਨ ਇਕ ਕਿਲੋਮੀਟਰ ਦੇ ਫ਼ਾਸਲੇ 'ਤੇ ਕਿਲਾ ਲੋਹਗੜ੍ਹ ਦੀ ਉਸਾਰੀ ਕਰਵਾਈ। ਲੋਹੇ ਦੇ ਹਥਿਆਰ ਬਣਾਏ ਜਾਣ ਕਰ ਕੇ ਨਾਂ ਲੋਹਗੜ੍ਹ ਪੈ ਗਿਆ। ਮੁੱਢਲੇ ਰੂਪ ਵਿਚ ਇਹ ਕਿਲਾ ਭਾਵੇਂ ਕੱਚਾ ਹੀ ਸੀ।

ਅੰਮ੍ਰਿਤਸਰ ਦੀ ਪਹਿਲੀ ਲੜਾਈ ਸਮੇਂ ਗੁਰੂ ਸਾਹਿਬ ਨੇ ਇਸ ਕਿਲੇ ਦੀ ਵਰਤੋਂ ਕੀਤੀ

---

1. *ਗੁਰਧਾਮ ਸੰਗ੍ਰਹਿ*, ਪੰਨਾ 106.

ਸੀ। ਜਦੋਂ ਦੁਸ਼ਮਣਾਂ ਵੱਲੋਂ ਅੰਮ੍ਰਿਤਸਰ ਉੱਪਰ ਹਮਲਾ ਕਰਨ ਦੀਆਂ ਖ਼ਬਰਾਂ ਮਿਲ ਰਹੀਆਂ ਸਨ ਤਾਂ ਗੁਰੂ ਸਾਹਿਬ ਨੇ ਸਵੈ-ਰੱਖਿਆ ਲਈ ਇਕ ਦਰੱਖਤ ਦੇ ਮੋਟੇ ਤਣੇ ਨੂੰ ਅੰਦਰੋ ਖੋਖਲਾ ਕਰ ਕੇ ਤੋਪ ਦੀ ਤਰਾਂ ਤਿਆਰ ਕਰਵਾਇਆ। ਇਸ ਨੂੰ ਕਾਠ ਦੀ ਤੋਪ ਕਿਹਾ ਜਾਂਦਾ ਹੈ। ਇਸ ਰਾਹੀ ਪੱਕੇ ਰੋੜ ਜਾਂ ਲੋਹੇ ਦੇ ਸ਼ਰਰੇ ਭਰ ਕੇ ਬਾਰੂਦ ਰਾਹੀਂ ਛੱਡਿਆ ਜਾਂਦਾ ਸੀ। ਇਸ ਤਰਾਂ ਇਸ ਤੋਪ ਨਾਲ ਨੇੜੇ ਆਏ ਦੁਸ਼ਮਣ ਨੂੰ ਨੁਕਸਾਨ ਪਹੁੰਚਾਇਆ ਜਾ ਸਕਦਾ ਸੀ।

ਭਾਈ ਕਾਨ੍ਹ ਸਿੰਘ ਲਿਖਦੇ ਹਨ: 'ਲੋਹਗੜ ਕਿਲਾ: ਦਰਵਾਜੇ ਲੋਹਗੜ੍ਹ ਦੇ ਅੰਦਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ਹਿਰ ਦੀ ਰੱਖਿਆ ਲਈ ਇਹ ਕਿਲਾ ਬਣਵਾਇਆ ਸੀ। ਸੰਮਤ 1686 (ਸੰਨ 1629 ਈ.) ਵਿਚ ਗੁਰੂ ਸਾਹਿਬ ਨੇ ਇੱਥੇ ਹੀ ਸ਼ਾਹੀ ਸੈਨਾ ਦਾ ਮੁਕਾਬਲਾ ਸਵੈ ਰੱਖਿਆ ਲਈ ਕੀਤਾ ਸੀ। ਹੁਣ ਭੀ ਕਿਲੇ ਦੇ ਕੁੱਝ ਚਿੰਨ ਨਜਰ ਆਉਂਦੇ ਹਨ।। ਗੁਰੂ ਸਾਹਿਬ ਦੇ ਵੇਲੇ ਦੀ ਇਕ ਬੇਰੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਨਿੱਤ ਪ੍ਰਕਾਸ਼ ਹੁੰਦਾ ਹੈ। ਇਸ ਥਾ ਇਕ ਢਾਈ ਫੁੱਟ ਦਾ ਸ੍ਰੀ ਸਾਹਿਬ ਹੈ ਜਿਸ ਨੂੰ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਦੱਸਿਆ ਜਾਂਦਾ ਹੈ।'[1]

ਗੁਰਦੁਆਰਾ ਅਟਾਰੀ ਸਾਹਿਬ ਅੰਮ੍ਰਿਤਸਰ: ਗੁਰਦੁਆਰਾ ਅਟਾਰੀ (ਚੁਰਸਤੀ) ਸਾਹਿਬ ਅੰਮ੍ਰਿਤਸਰ ਸ਼ਹਿਰ ਦੇ ਮੁਹੱਲਾ (ਪੁਰਾਣਾ ਪਿੰਡ) ਸੁਲਤਾਨਵਿੰਡ ਵਿਚ ਸਥਿਤ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵਿਆਹ ਸਮੇਂ ਜੰਞ ਦਾ ਉਤਾਰਾ ਕੀਤਾ ਗਿਆ ਸੀ ਪਰ ਮੁੱਢਲੀਆਂ ਲਿੱਖਤਾਂ ਵਿਚ ਇਸ ਅਸਥਾਨ ਨਾਲ ਗੁਰੂ ਜੀ ਵੱਲੋਂ ਮੁਗਲ ਫੌਜ ਦੇ ਸ਼ਾਹੀ ਬਾਜ ਨੂੰ ਖੋਹਣ ਦੀ ਗੱਲ ਸੰਬੰਧਿਤ ਕੀਤੀ ਗਈ ਹੈ। ਜਿਵੇਂ ਕਿ ਪੰਡਿਤ ਤਾਰਾ ਸਿੰਘ ਨਰੋਤਮ ਲਿਖਦੇ ਹਨ: 'ਚੁਰਸਤੀ ਅਟਾਰੀ। ਸਿਖ। ਸੰਮਤ 1679 (ਸੰਨ 1622) ਮੇ ਗੁਰੂ ਜੀ ਦੇ ਬਾਜਦਾਰ ਸਾਹਜਹਾਨ ਕਾ ਉਡ ਕਰ ਜੰਗਲ ਮੈਂ ਫਿਰਤਾ ਬਾਜ ਪਕੜ ਲਿਆਏ। ਦੁਸ਼ਮਨੋਂ ਨੇ ਸ਼ਾਹਜਹਾਨ ਪਾਸ ਚੁਗਲੀ ਕਰੀ.......ਗੁਰੂ ਜੀ ਨੇ ਪਹਿਲੇ ਲੋਹਗੜ੍ਹ ਸੇ ਬਾਹਰ ਚੁਰਸਤੀ ਅਟਾਰੀ ਮੈ ਲੜਾਈ ਕਰੀ।'[2] ਪਰ ਗਿਆਨੀ ਠਾਕਰ ਸਿੰਘ ਦੀ ਲਿਖਤ ਬਿਲਕੁਲ ਹੀ ਵੱਖਰਾ ਵਿਚਾਰ ਰੱਖਦੀ ਹੈ:' ਇਹ ਗੁਰਦੁਆਰਾ ਸਾਹਿਬ ਜੀ ਮਹਾਰਾਜ ਸੱਚੇ ਪਾਤਸ਼ਾਹ ਜੀ ਦਾ ਸ੍ਰੀ ਰਾਮਦਾਸ ਪੁਰੇ ਦੇ ਮਧਯ ਵਿਚ ਹੈ ਅਤੇ ਮਹਾਰਾਜ ਜੀ ਨੇ ਦਰਸ਼ਨੀ ਡਿਓਢੀ ਤੋਂ ਲੈ ਇਸ ਅਸਥਾਨ ਤੱਕ ਬਾਜ਼ਾਰ ਬਣਵਾਇਆ ਅਤੇ ਨਾਮ ਗੁਰੂ ਕਾ ਬਾਜ਼ਾਰ ਰੱਖਿਆ। ਇਹ ਬਾਜ਼ਾਰ ਸੰਮਤ 1679 (ਸੰਨ 1622) ਮਹੀਨੇ ਅਸੂ ਦੀ 1 ਨੂੰ ਅਰੰਭ ਕੀਤਾ ਅਤੇ ਇਸੇ ਸਾਲ ਵਿਚ ਹੀ ਸੰਪੂਰਨ ਹੋ ਗਿਆ। ਇਸ ਬਾਜ਼ਾਰ ਦਾ ਨਾਮ ਗੁਰੂ ਕਾ ਬਾਜ਼ਾਰ ਹੈ। ਇਹ ਬਾਜ਼ਾਰ ਬਹੁਤ ਹੀ ਰੌਣਕ ਵਾਲਾ ਅਤੇ ਚੰਗਾ ਵਾਪਾਰ ਦਾ ਅਸਥਾਨ ਹੈ। ਗੁਰਦੁਆਰੇ ਦੀ ਸੇਵਾ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਪਰਬੰਧ ਵਿਚ ਹੈ।'[3] ਭਾਈ ਕਾਨ ਸਿੰਘ ਨਾਭਾ ਇਉਂ ਬਿਆਨ ਕਰਦੇ ਹਨ:' ਚੁਰਸਤੀ ਅਟਾਰੀ ਸ਼ਹਿਰ ਵਿਚ ਗੁਰੂ ਕੇ ਬਾਜ਼ਾਰ ਦੇ ਸਿਰੇ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਹੈ। ਗੁਰੂ ਕੇ ਮਹਿਲਾਂ ਤੋ ਇਹ ਗੁਰਦੁਆਰਾ ਨੇੜੇ ਹੈ। ਮਹਿਲਾਂ ਤੋਂ ਉੱਠ ਕੇ ਗੁਰੂ ਜੀ ਕਈ ਵਾਰੀ ਇੱਥੇ ਆ ਕੇ ਬੈਠਦੇ ਹੁੰਦੇ ਸਨ। ਹੁਣ ਬਾਜ਼ਾਰ ਵਿਚ ਛੋਟਾ

1. *ਮਹਾਨ ਕੋਸ਼*, ਪੰਨਾ 77.
2. *ਸ੍ਰੀ ਗੁਰ ਤੀਰਥ ਸੰਗ੍ਰਿਹ*, ਪੰਨੇ 53-54.
3. ਗ੍ਰੰਥ ਸ੍ਰੀ ਗੁਰਦੁਆਰੇ ਦਰਸ਼ਨ, ਪੰਨਾ 194.

ਜਿਹਾ ਗੁਰਦੁਆਰਾ ਇਕ ਨੁੱਕਰ 'ਤੇ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਹਰ ਪੰਚਮੀ ਤੇ ਏਕਮ ਸੁਦੀ ਨੂੰ ਮੇਲਾ ਲਗਦਾ ਹੈ।'[1]

ਇਸ ਗੁਰੂਦੁਆਰਾ ਸਾਹਿਬ ਦੀ ਕਾਰ ਸੇਵਾ ਸੰਤ ਕਲਿਆਣ ਸਿੰਘ ਜੀ ਨੇ ਕਰਵਾਈ ਹੈ। ਸਾਧ-ਸੰਗਤ ਵੱਲੋਂ ਇਥੇ ਸੰਗਮਰਮਰ ਦੀ ਸੇਵਾ ਚੱਲ ਰਹੀ ਹੈ। ਗੁਰਦੁਆਰੇ ਅੰਦਰ ਇਕ ਇਤਿਹਾਸਿਕ ਖੂਹ ਵੀ ਹੈ ਜਿੱਥੇ ਸ਼ਰਧਾਲੂ ਇਸ ਦਾ ਪਾਣੀ ਅੰਮ੍ਰਿਤ ਸਮਝ ਕੇ ਲੈ ਕੇ ਜਾਂਦੇ ਹਨ।

ਗੁਰੂ ਸਰ ਸਤਲਾਣੀ (ਅੰਮ੍ਰਿਤਸਰ): ਗੁਰੂਸਰ ਸਤਲਾਣੀ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਵਿਚ ਥਾਣਾ ਘਰਿੰਡਾ ਦੇ ਇਕ ਪਿੰਡ ਹੁਸਿਆਰਪੁਰ ਨਗਰ ਦੀ ਜੂਹ ਵਿਚ ਹੈ। ਇੱਥੇ ਤਕਰੀਬਨ ਪੌਣਾ ਕਿਲੋਮੀਟਰ ਗੁਰਦੁਆਰਾ ਸਾਹਿਬ ਹੈ। ਇੱਥੇ ਗੁਰੂ ਹਰਗੋਬਿੰਦ ਸਾਹਿਬ ਲਾਹੌਰ ਵੱਲੋਂ ਆਉਂਦੇ ਹੋਏ ਠਹਿਰੇ ਸਨ। ਉਸ ਸਮੇਂ ਇੱਥੇ ਇਕ ਕੱਚੀ ਢਾਬ ਸੀ। ਗੁਰੂ ਸਾਹਿਬ ਇਸ ਢਾਬ ਦੇ ਕਿਨਾਰੇ ਹੀ ਠਹਿਰੇ ਸਨ। ਮਹਾਰਾਜਾ ਰਣਜੀਤ ਸਿੰਘ ਵੱਲੋਂ ਇੱਥੇ ਗੁਰਦੁਆਰਾ ਬਣਵਾਇਆ ਗਿਆ ਸੀ ਅਤੇ ਨਾਲ ਖਰਚੇ ਲਈ ਕਾਫੀ ਜਾਗੀਰ ਵੀ ਲਗਵਾਈ ਸੀ। ਇੱਥੇ ਨਿਰਮਲੇ ਸੰਤ ਭਾਈ ਕੂਮਾ ਜੀ ਸੇਵਾ ਕਰਦੇ ਰਹੇ ਸਨ ਇਹ ਬਹੁਤ ਭਜਨੀਕ ਸਨ ਅਤੇ ਨਾਮਬਾਣੀ ਦੇ ਅਭਿਆਸ ਵਾਲੇ ਸਨ। ਇਹ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਨ। ਮਹਾਰਾਜਾ ਸਾਹਿਬ ਇਨ੍ਹਾਂ ਦਾ ਬਹੁਤ ਮਾਣ-ਸਤਿਕਾਰ ਕਰਦੇ ਸਨ।[2] ਇਨ੍ਹਾਂ ਪਿੱਛੋਂ ਬਾਬਾ ਬੀਰ ਸਿੰਘ ਜੀ ਮਹੰਤ ਹੋਏ ਸਨ। ਇਹ ਵੀ ਬਹੁਤ ਪਰਤਾਪ ਵਾਲੇ ਸਨ। ਇਨ੍ਹਾਂ ਦਾ ਚੇਲਾ ਭਾਈ ਕਿਰਪਾ ਸਿੰਘ ਸੀ ਜਿਸ ਨੇ ਗੁਰਦੁਆਰਾ ਸਾਹਿਬ ਦੀ ਰੌਣਕ ਨੂੰ ਬਹੁਤ ਵਧਾਇਆ ਪਰ ਇਨ੍ਹਾਂ ਦੀ ਗੁਰਦੁਆਰੇ ਦੇ ਸੇਵਾਦਾਰਾਂ ਅਤੇ ਸੰਗਤਾਂ ਨਾਲ ਅਣਬਣ ਹੋ ਗਈ ਸੀ ਜਿਸ ਕਰ ਕੇ ਇਨ੍ਹਾਂ ਨੂੰ ਇੱਥੋਂ ਬੇਦਖਲ ਕਰ ਦਿੱਤਾ ਗਿਆ ਸੀ। ਇਸ ਪਿੱਛੋਂ ਇਸ ਅਸਥਾਨ ਦਾ ਪਰਬੰਧ ਬਿਗੜਦਾ ਹੀ ਗਿਆ। ਇੱਥੇ ਦੇ ਮਹੰਤ ਸਾਰਾ ਦਿਨ ਭੰਗ ਦੇ ਨਸ਼ੇ ਵਿਚ ਹੀ ਸੁੱਤੇ ਰਹਿੰਦੇ ਸਨ।[3] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੇ ਇਕ ਹਜੂਰੀ ਸਿਖ ਭਾਈ ਬੁਲਾਕਾ ਸਿੰਘ ਵੀ ਇਸ ਅਸਥਾਨ ਦੀ ਸੇਵਾ ਕਰਦੇ ਰਹੇ ਸਨ। ਇਨ੍ਹਾਂ ਪਿੱਛੋਂ ਇਨ੍ਹਾਂ ਦਾ ਪੁੱਤਰ ਭਾਈ ਬਸਤੀ ਰਾਮ ਇੱਥੋਂ ਦੇ ਮਹੰਤ ਬਣੇ ਸਨ। ਭਾਈ ਬਸਤੀ ਰਾਮ ਤੋਂ ਪਿੱਛੋਂ ਭਾਈ ਕੂਮਾ ਜੀ ਆਏ ਸਨ।[4] ਇਸ ਗੁਰਦੁਆਰੇ ਨਾਲ ਕਾਫੀ ਜ਼ਮੀਨ ਹੈ ਅਤੇ 360 ਦੇ ਕਰੀਬ ਹੋਰ ਧਰਮਸਾਲਾ ਅਤੇ ਗੁਰਦੁਆਰੇ ਹਨ। ਗਯਾਨੀ ਗਯਾਨ ਸਿੰਘ ਲਿਖਦਾ ਹੈ ਕਿ ਇੱਥੇ ਕੁਸ਼ਟ ਰੋਗੀ ਇਸ ਵਿਸ਼ਵਾਸ ਨਾਲ ਸੇਵਾ ਕਰਨ ਆਉਂਦੇ ਹਨ ਕਿ ਉਨ੍ਹਾਂ ਦਾ ਕੁਸ਼ਟ ਰੋਗ ਠੀਕ ਹੋ ਜਾਵੇਗਾ। ਉਸ ਦਾ ਇਹ ਵੀ ਕਹਿਣਾ ਹੈ ਕਿ ਇੱਥੇ ਜ਼ਿਮੀਦਾਰ ਲੋਕ ਵਾਹੀ ਦੇ ਕੰਮਾਂ ਵਿਚ ਝੋਟੇ ਅਤੇ ਛੱਠਿਆਂ ਨੂੰ ਇਸ ਕਰ ਕੇ ਜਿਆਦਾ ਵਰਤਦੇ ਹਨ ਕਿਉਂਕਿ ਅਜਿਹਾ ਕਰਨ ਦਾ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਵਰ ਦਿੱਤਾ ਸੀ।[5]

---

1. *ਮਹਾਨ ਕੋਸ਼*, ਪੰਨਾ 77.
2. *ਉਕਤ*, ਪੰਨਾ 421.
3. ਪੰਡਿਤ ਤਾਰਾ ਸਿੰਘ ਨਰੋਤਮ, ਪੰਨਾ 51 ; ਅਤੇ ਗਿਆਨੀ ਠਾਕਰ ਸਿੰਘ, ਪੰਨੇ 183-84.
4. *ਮਹਾਨ ਕੋਸ਼*, ਪੰਨਾ 148.
5. *ਗੁਰਧਾਮ ਸੰਗ੍ਰਹਿ*, ਪੰਨਾ 114.

ਸੰਗਰਾਣਾ ਸਾਹਿਬ (ਅੰਮ੍ਰਿਤਸਰ): ਇਹ ਗੁਰਦੁਆਰਾ ਪਿੰਡ ਚੱਬਾ ਦੀ ਜੂਹ ਵਿਚ ਹੈ। ਪਿੰਡ ਚੱਬਾ ਅੰਮ੍ਰਿਤਸਰ ਸ਼ਹਿਰ ਤੋਂ ਤਕਰੀਬਨ ਪੰਜ ਕਿਲੋਮੀਟਰ ਦੀ ਵਿੱਥ 'ਤੇ ਤਰਨਤਾਰਨ ਵਾਲੀ ਸੜਕ ਉੱਪਰ ਹੈ। ਇਹ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ ਹੈ। ਗਯਾਨੀ ਗਯਾਨ ਸਿੰਘ ਨੇ ਲਿਖਿਆ ਹੈ:' ਅੰਮ੍ਰਿਤਸਰੋਂ ਤਿੰਨ ਕੋਹ ਇੱਥੇ ਸ਼ਿਕਾਰ ਖੇਲ ਕੇ ਠਹਿਰੇ ਸਨ। ਜਾਟੀ ਪਿੰਡ ਦੇ ਲੋਗਾਂ ਨੇ ਬਹੁਤ ਸੇਵਾ ਕੀਤੀ। ਇੱਥੇ ਹੀ ਬੜੀ ਭਾਰੀ ਕਰਨੀ ਵਾਲੇ ਭਾਈ ਮਤਾਬ ਸਿੰਘ ਸ਼ਹੀਦ ਦਾ ਥੜ੍ਹਾ ਪਿੰਡ ਦੇ ਬੂਹੇ ਅੱਗੇ ਅਤੇ ਸੋਭਾ ਸਿੰਘ ਸ਼ਹੀਦ ਦੀ ਜਗਾ ਇਕ ਟੋਭੇ ਕਿਨਾਰੇ ਤੇ ਬਹਾਦਰ ਸਿੰਘ ਦਾ ਥੜ੍ਹਾ ਇਕ ਕੂਏ ਪਰ ਹੈ।'[1] ਗਯਾਨ ਸਿੰਘ ਦਾ ਇਹ ਕਥਨ ਉਨੀਵੀਂ ਸਦੀ ਦੇ ਅਖੀਰਲੇ ਦਹਾਕਿਆਂ ਦੇ ਸਮੇਂ ਦਾ ਹੈ। 1920 ਵਿਚ ਗਯਾਨੀ ਠਾਕਰ ਸਿੰਘ ਨੇ ਇਸ ਅਸਥਾਨ ਬਾਰੇ ਲਿਖਿਆ ਹੈ:' ਇੱਥੇ ਮਹਾਰਾਜ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕਦੇ-ਕਦੇ ਘੋੜੇ ਪਰ ਸਵਾਰ ਹੋ ਪੰਜਾਂ ਸਿਖਾਂ ਸਮੇਤ ਆਉਂਦੇ ਅਤੇ ਇੱਥੇ ਕੁੱਝ ਸਮਾਂ ਬੈਠ ਕਰਤਾਰ ਸਿਰਜਨਹਾਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਗੁਣਾਂਨਵਾਦ ਕਰਦੇ ।'.......ਮਾਈ (ਸਲੱਖਣੀ) ਦੀ ਉਲਾਦ ਚੱਬੇ ਪਿੰਡ ਵਿਚ ਵਸਦੀ ਹੈ। ਇੱਥੇ ਮੇਲਾ ਹਾੜ ਦੀ ਪੂੰਨਿਆਂ ਦਾ ਹੁੰਦਾ ਹੈ ਅਤੇ ਨਿਹੰਗ ਸਿੰਘ ਭਾਈ ਗੁਰਮੁੱਖ ਸਿੰਘ ਜੀ ਇੱਕੇ ਚੰਗੇ ਹਠੀ ਤਪੀ ਵੰਡ ਖਾਣ ਵਾਲੇ ਅਤੇ ਨਾਮ ਦੇ ਰਸੀਏ ਹੋ ਗੁਜਰੇ ਹਨ। ਇਨ੍ਹਾਂ ਦੇ ਚਾਟੜੇ ਰਹਿੰਦੇ ਹਨ ਪਰ ਪੂਜਾ ਅਧਿਕ ਦਾ ਪ੍ਰਬੰਧ ਪਹਿਲੇ ਦਰਬਾਰ ਸਾਹਿਬ ਦੇ ਹੱਥ ਸੀ।'[2] ਇਸ ਤਰ੍ਹਾਂ ਦੋਹਾਂ ਲਿਖਤਾਂ ਦੇ ਲਿੱਖਣ ਕਾਲ ਦਾ ਵੱਖਰੇਵਾਂ ਹੋਣ ਕਰ ਕੇ ਅਸੀਂ ਇਨਾਂ ਵਿਚਲੇ ਆਪਸੀ ਫ਼ਰਕ ਨੂੰ ਦੇਖਦੇ ਹਾਂ।

ਚੱਬਾ ਪਿੰਡ ਨਾਲ ਮਾਈ ਸੁਲੱਖਣੀ ਜੀ ਵੱਲੋਂ ਗੁਰੂ ਸਾਹਿਬ ਤੋਂ ਪੁੱਤਰਾਂ ਦਾ ਵਰ ਮੰਗਣ ਦੀ ਰਵਾਇਤ ਵੀ ਬਹੁਤ ਪੱਕੀ ਤਰਾਂ ਨਾਲ ਜੁੜੀ ਹੋਈ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਚੱਬਾ ਪਿੰਡ ਵਿਚ ਮਾਈ ਸੁਲੱਖਣੀ ਦੀ ਉਲਾਦ ਹੀ ਵਸਦੀ ਹੈ ਪਰ ਇਤਿਹਾਸਿਕ ਤੌਰ ਤੇ ਇਸ ਦਾ ਨਿਖੇੜਾ ਕਰਨਾ ਅਜੇ ਬਾਕੀ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ ਇੱਥੋਂ ਦੇ ਗੁਰਦੁਆਰਾ ਸਾਹਿਬ ਦਾ ਹਾਲ, ਜੋ 1930 ਵੇਲੇ ਸੀ, ਉਸ ਬਾਰੇ ਲਿਖਦਿਆਂ ਕਿਹਾ ਹੈ: 'ਗੁਰਦੁਆਰਾ ਛੋਟਾ ਜਿਹਾ ਬਣਿਆ ਹੋਇਆ ਹੈ। ਸਾਢੇ ਅੱਠ ਘੁਮਾਉ ਜ਼ਮੀਨ ਚੱਬੇ ਅਤੇ ਪੰਦਰਾਂ ਘੁਮਾਉਂ ਪਿੰਡ ਮਾਨਾਂ ਵਾਲੇ ਵਿਚ ਹੈ। ਵਿਸਾਖ ਸੁਦੀ ਪੂਰਨਮਾਸ਼ੀ ਨੂੰ ਮੇਲਾ ਹੁੰਦਾ ਹੈ। ਇਸ ਚੱਬੇ ਪਿੰਡ ਵਿਚ ਬਾਬਾ ਦੀਪ ਸਿੰਘ ਜੀ ਸ਼ਹੀਦ ਦਾ ਭੀ ਇਕ ਅਸਥਾਨ ਹੈ।'[3] ਅੱਜ ਕੱਲ ਇਹ ਇਤਿਹਾਸਿਕ ਅਸਥਾਨ ਦਫ਼ਾ 87 ਅਧੀਨ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਪਰਬੰਧ ਹੇਠ ਹੈ। ਗੁਰਦੁਆਰਾ ਬਹੁਤ ਸੁੰਦਰ ਅਤੇ ਵਿਸ਼ਾਲ ਖੇਤਰ ਵਾਲਾ ਹੈ।

ਗੱਗੋ ਬੂਹਾ (ਅੰਮ੍ਰਿਤਸਰ): ਪਿੰਡ ਗੱਗੋ ਬੂਹਾ ਅੰਮ੍ਰਿਤਸਰ ਤੋਂ ਤਰਨਤਾਰਨ ਵਾਲੇ ਪਾਸੇ 30 ਕਿਲੋਮੀਟਰ ਦੀ ਵਿੱਥ 'ਤੇ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿਚ

---

1. *ਉਕਤ*, ਪੰਨਾ 106.
2. *ਗੁਰ ਸ੍ਰੀ ਗੁਰਦੁਆਰੇ ਦਰਸ਼ਨ*, ਪੰਨੇ 157-58.
3. ਮਹਾਨ ਕੋਸ਼, ਪੰਨਾ 180.

ਗੁਰਦੁਆਰਾ ਹੈ। ਗੁਰੂ ਜੀ ਦੀ ਇੱਥੋ ਦੀ ਯਾਤਰਾ ਬਾਰੇ ਵੱਖ-ਵੱਖ ਲਿਖਤਾਂ ਵਿਚ ਵੱਖ-ਵੱਖ ਤਰਾਂ ਦੇ ਵਿਚਾਰ ਪਰਗਟ ਕੀਤੇ ਗਏ ਹਨ। ਗਯਾਨ ਸਿੰਘ ਨੇ ਲਿਖਿਆ ਹੈ: 'ਗੱਗੋ ਬੂਹਾ ਮੰਜੀ ਸਾਹਿਬ: ਇੱਥੇ ਸੰਗਤ ਨੂੰ ਭਗਤੀ ਦਾ ਉਪਦੇਸ਼ ਦ੍ਰਿੜਾਇਆ ਇਕ ਨੇ ਸੰਤਾਨ ਮੰਗੀ ਗੁਰੂ ਜੀ ਨੇ ਵਰ ਦਿੱਤਾ ਤੇਰੇ ਘਰ ਕੁਲ ਨੂੰ ਉਜਾਗਰ ਕਰਨ ਹਾਰ ਪੁੱਤਰ ਜਨਮੇਗਾ ਜੋ ਸੰਤ ਬੀਰ ਨੁਰੰਗਾਬਾਦੀਏ ਹੋਏ ਮਕਾਨ ਪੱਕਾ ਆਮਦਨੀ ਚੰਗੀ ਦੋ ਸੈ ਦੀ ਹੈ।'[1] ਗਯਾਨੀ ਠਾਕਰ ਸਿੰਘ ਨੇ ਲਿਖਿਆ ਹੈ: 'ਇਥੇ ਮਹਾਰਾਜ ਭਾਈ ਕੇਦਾਰੇ ਸਿਖ ਦੇ ਪ੍ਰੇਮ ਕਰ ਆਏ ਅਤੇ ਦੋ ਦਿਨ ਰਹੇ ਸੰਗਤ ਨੂੰ ਵਾਹਿਗੁਰੂ ਦਾ ਨਾਮ ਜੱਪਣ ਦੀ ਆਗਿਆ ਕੀਤੀ ਤੇ ਇਸ ਬਚਨ ਦੁਆਰਾ ਉਪਦੇਸ਼ ਕੀਤਾ। 'ਇਕੋ ਜਪੁ ਇਕੋ ਸਲਾਹਿ। ਇਕੁ ਸਿਮਰ ਇਕੋ ਮਨਮਾਹਿ।' ਇਹ ਨਗਰ ਮਾਝੇ ਵਿਚ ਅੰਮ੍ਰਿਤਸਰ ਤੋਂ 10 ਕੋਹ ਦੱਖਣ ਦੇ ਪਾਸੇ ਵੱਲ ਹੈ।'[2] ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ: 'ਗੱਗੋ ਬੂਹਾ: ਜ਼ਿਲਾ ਅੰਮ੍ਰਿਤਸਰ, ਥਾਣਾ ਤਰਨਤਾਰਨ ਦਾ ਇਕ ਪਿੰਡ, ਜੋ ਰੇਲਵੇ ਸਟੇਸ਼ਨ ਤਰਨਤਾਰਨ ਤੋਂ ਦੱਸ ਮੀਲ ਪੱਛਮ ਹੈ। ਸ੍ਰੀ ਗੁਰੂ ਹਰਿਗੋਬਿੰਦ ਜੀ ਇਕ ਵਾਰ ਸ਼ਿਕਾਰ ਖੇਡਦੇ ਹੋਏ ਇੱਥੇ ਪਿਪਲ ਹੇਠ ਬਿਰਾਜੇ ਹਨ। ਇਸ ਪਿੰਡ ਵਿਚ ਭਾਈ ਬੀਰ ਸਿੰਘ ਜ਼ੀ (ਖੁਦਾ ਜੀ ਦੇ ਚਾਟੜੇ) ਪ੍ਰਸਿੱਧ ਪ੍ਰਚਾਰਕ ਹੋਏ ਹਨ, ਜਿਨਾਂ ਦੇ ਡੇਰੇ ਲੰਗਰ ਜਾਰੀ ਹੈ। ਪੰਜ ਜੇਠ ਨੂੰ ਮੇਲਾ ਹੁੰਦਾ ਹੈ।'[3]

ਝੁਬਾਲ (ਅੰਮ੍ਰਿਤਸਰ): ਝੁਬਾਲ ਅੰਮ੍ਰਿਤਸਰ ਤੋਂ 24 ਕਿਲੋਮੀਟਰ ਦੀ ਵਿੱਥ 'ਤੇ ਤਰਨਤਾਰਨ ਵੱਲ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਪਹਿਲੀ ਲੜਾਈ ਸਮੇਂ ਜੰਗ ਵਿੱਚੋ ਵਿਹਲੇ ਹੋ ਕੇ ਆਪਣੀ ਪੁੱਤਰੀ ਬੀਬੀ ਵੀਰੋ ਜੀ ਦੀ ਸ਼ਾਦੀ ਕਰਨ ਲਈ ਆਏ ਸਨ। ਇੱਥੋਂ ਦਾ ਚੋਧਰੀ ਲੰਗਾਹਾ ਸੀ ਜੋ ਢਿਲੋਂ ਗੋਤ ਦਾ ਜੱਟ ਸੀ। ਚੋਧਰੀ ਲੰਗਾਹਾ ਗੁਰੂ ਜੀ ਦੇ ਮੁਖੀ ਸਿਖਾਂ ਵਿੱਚੋ ਸੀ। ਜੰਗ ਵਿਚੋਂ ਵੀ ਚੋਧਰੀ ਲੰਗਾਹਾ ਪੂਰੀ ਡੱਟ ਕੇ ਮੱਦਦ ਕਰ ਰਿਹਾ ਸੀ। ਅੰਮ੍ਰਿਤਸਰ ਦੀ ਜੰਗ ਵਿੱਚੋ ਵਿਹਲੇ ਹੋ ਕੇ ਇਧਰ ਆਉਣ ਦਾ ਵੀ ਕਾਰਨ ਇਹੋ ਸੀ ਕਿ ਝੁਬਾਲ ਚੋਧਰੀ ਲੰਗਾਹਾ ਦਾ ਨਗਰ ਹੋਣ ਕਰ ਕੇ ਦੁਸ਼ਮਣਾਂ ਦੇ ਹਮਲੇ ਤੋਂ ਸੁਰੱਖਿਅਤ ਸੀ। ਜਿੱਥੇ ਸ਼ਾਦੀ ਦੀ ਰਸਮ ਅਦਾ ਕੀਤੀ ਗਈ ਸੀ ਉਸ ਥਾਂ ਨੂੰ ਮਾਣਕ ਚੌਕ ਕਿਹਾ ਜਾਂਦਾ ਹੈ ਕਿਉਂਕਿ ਇਹ 'ਚੌਕ ਮਾਣਕਾਂ (ਰਤਨਾਂ) ਨਾਲ ਸ਼ਿੰਗਾਰਿਆ ਗਿਆ ਸੀ ਇਸ ਕਰ ਕੇ ਇਸ ਚੌਕ ਦਾ ਨਾਂ ਮਾਣਕ ਚੌਕ ਹੀ ਪਰਚੱਲਿਤ ਹੋ ਗਿਆ ਹੈ। ਹਰ ਸਾਲ ਜੇਠ ਦੀ 26 ਤਾਰੀਖ ਨੂੰ ਇੱਥੇ ਗੁਰਪੁਰਬ ਹੁੰਦਾ ਹੈ ਜਿਹੜਾ ਕਿ ਬੀਬੀ ਵੀਰੋ ਜੀ ਦੇ ਵਿਆਹ ਦੀ ਮਿਤੀ ਸੀ। ਅੱਜ ਕੱਲ ਬਹੁਤ ਸੁੰਦਰ ਗੁਰਦੁਆਰਾ ਹੈ। ਗਯਾਨੀ ਗਯਾਨ ਸਿੰਘ ਨੇ ਲਿਖਿਆ ਹੈ: 'ਅੰਮ੍ਰਿਤਸਰੋਂ ਸੱਤ ਕੋਹ ਜੇਠ ਮਹੀਨੇ ਸੰ. 1679 ਬਿ. ਨੂੰ ਇੱਥੇ ਬੀਬੀ ਵੀਰੋ ਦਾ ਵਿਆਹ ਹੋਇਆ ਚੌਕ ਮਾਣਕਾਂ (ਰਤਨਾਂ) ਨਾਲ ਪੂਰਨ ਕਰਨੇ ਕਰ ਇਹੋ ਨਾਮ ਪ੍ਰਸਿੱਧ ਹੋ ਗਿਆ ਮਕਾਨ ਪੱਕਾ, ਆਮਦਨੀ ਚਾਰ ਸੌ ਦੀ ਮੇਲਾ ਹਰ ਸਾਲ ਜੇਠ ਨੂੰ ਹੋਇਆ ਕਰਦਾ ਹੈ।' ਭਾਈ ਕਾਨ੍ਹ ਸਿੰਘ ਨੇ ਲਿਖਿਆ ਹੈ: 'ਜ਼ਿਲਾ ਅੰਮ੍ਰਿਤਸਰ, ਤਸੀਲ ਥਾਣਾ ਤਰਨਤਾਰਨ ਦਾ ਪਿੰਡ ਜੋ ਰੇਲਵੇ ਸਟੇਸ਼ਨ ਤਰਨਤਾਰਨ ਤੋਂ 7 ਮੀਲ

---

1. ਗੁਰਧਾਮ ਸੰਗ੍ਰਹਿ, ਪੰਨਾ 107.
2. ਗ੍ਰੰਥ ਸ੍ਰੀ ਗੁਰਦੁਆਰੇ ਦਰਸ਼ਨ, ਪੰਨਾ 159.
3. ਮਹਾਨ ਕੋਸ਼, ਪੰਨਾ 293.

ਵਾਯਵੀ ਕੋਣ ਹੈ। ਆਬਾਦੀ ਦੇ ਨਾਲ ਹੀ ਈਸਾਨ ਕੋਣ ਗੁਰਦੁਆਰਾ ਹੈ, ਜਿਥੇ ਗੁਰੂ ਹਰਿਗੋਬਿੰਦ ਸਾਹਿਬ ਨੇ ਬੀਬੀ ਵੀਰੋ ਦਾ ਵਿਆਹ 26 ਜੇਠ ਸੰਮਤ 1086 ਬਿ. ਨੂੰ ਕੀਤਾ। ਗੁਰਦੁਆਰੇ ਦਾ ਨਾਮ ਮਾਣਕ ਚੌਕ ਹੈ। ਮੇਲਾ 26 ਜੇਠ ਨੂੰ ਹਰ ਸਾਲ ਲਗਦਾ ਹੈ (ਜਿਹੜਾ ਕਿ 1891 ਬਿ. ਤੋਂ ਜਾਰੀ ਹੋਇਆ ਹੈ)। ਗੁਰਦੁਆਰੇ ਨੂੰ 32 ਘੁਮਾਉਂ ਜ਼ਮੀਨ ਇਸੇ ਪਿੰਡ ਅਤੇ ਗਯਾਰਾਂ ਰੁਪਏ ਸਲਾਨਾ ਮੁਆਫ਼ੀ ਹੈ।'

ਛਾਪਰੀ ਸਾਹਿਬ (ਅੰਮ੍ਰਿਤਸਰ): ਛਾਪਰੀ ਸਾਹਿਬ ਗੋਇੰਦਵਾਲ ਸਾਹਿਬ ਤੋਂ ਲਹਿੰਦੇ ਵੱਲ ਪੱਟੀ ਨੂੰ ਜਾਣ ਵਾਲੀ ਸੜਕ ਉੱਪਰ ਅੱਠ ਕਿਲੋਮੀਟਰ ਦੀ ਵਿੱਥ 'ਤੇ ਹੈ। ਇਹ ਗੁਰਦੁਆਰਾ ਵੈਸੇ ਤਾਂ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਯਾਦ ਵਿਚ ਹੈ ਪਰ ਇੱਥੇ ਉਨ੍ਹਾਂ ਤੋਂ ਇਲਾਵਾ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਤੇਗ ਬਹਾਦੁਰ ਜੀ ਦੇ ਵੀ ਚਰਨ ਪਏ ਹੋਏ ਹਨ। ਕਿਹਾ ਜਾਂਦਾ ਹੈ ਕਿ ਗੁਰੂ ਅਰਜਨ ਦੇਵ ਜੀ ਦਾ ਇਹ ਸਲੋਕ 'ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ' ਜੋ ਗੁਰੂ ਗ੍ਰੰਥ ਸਾਹਿਬ ਦੇ ਪੰਨਾ 745 ਤੇ ਦਰਜ ਹੈ, ਇਸੇ ਅਸਥਾਨ ਦੀ ਮਹਿਮਾ ਵਿਚ ਉਚਾਰਿਆ ਗਿਆ ਸੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਇਸ ਇਲਾਕੇ ਵਿਚ ਵਿਚਰਦੇ ਹੋਏ ਇੱਥੇ ਆਏ ਸਨ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਨ੍ਹਾਂ ਨੇ ਹੀ ਇੱਥੇ ਅੱਠ ਕੋਨਿਆਂ ਵਾਲਾ ਸਰੋਵਰ ਖ਼ੁਦਵਾਇਆ ਸੀ। ਇਸ ਅਸਥਾਨ 'ਤੇ ਅੱਜ ਬਹੁਤ ਹੀ ਸੁੰਦਰ ਅੱਠ ਕੋਨਿਆਂ ਵਾਲਾ ਸਰੋਵਰ ਹੈ। ਇਸ ਦੀ ਸੇਵਾ ਬਾਬਾ ਖ਼ਜਾਨ ਸਿੰਘ ਅਤੇ ਬਾਬਾ ਦੀਵਾਨ ਸਿੰਘ ਨੇ ਕਰਵਾਈ ਹੈ। ਭਾਈ ਕਾਨ੍ਹ ਸਿੰਘ ਨੇ ਇਸ ਦਾ ਜ਼ਿਕਰ ਇਉਂ ਕੀਤਾ ਹੈ: 'ਜ਼ਿਲ੍ਹਾ ਅੰਮ੍ਰਿਤਸਰ, ਤਸੀਲ ਤਰਨਤਾਰਨ, ਥਾਣਾ ਸਰਹਾਲੀ ਦਾ ਇਕ ਪਿੰਡ, ਜਿੱਥੇ ਹੇਮੇ ਪ੍ਰੇਮੀ ਦੀ ਛਪਰੀ ਵਿਚ ਗੁਰੂ ਅਰਜਨ ਦੇਵ ਜੀ ਨੇ ਨਿਵਾਸ ਕੀਤਾ ਅਤੇ ਸਬਦ ਉਚਾਰਿਆ। ਇਸ ਥਾਂ ਗੁਰੂ ਅੰਗਦ ਸਾਹਿਬ ਅਤੇ ਗੁਰੂ ਅਮਰ ਦਾਸ ਜੀ ਦੇ ਭੀ ਚਰਣ ਪਏ ਹਨ ਅਰ ਗੁਰੂ ਹਰਿਗੋਬਿੰਦ ਸਾਹਿਬ ਭੀ ਪਧਾਰੇ ਸਨ। 14 ਘੁਮਾਉਂ ਜ਼ਮੀਨ ਪਿੰਡ ਖਾਨੀ ਛਾਪਰੀ, ਖਾਨ ਰਜਾਦਾ ਅਤੇ ਚੌਕ ਮਹਿਰਾ ਵਿਚ ਹੈ। ਰੇਲਵੇ ਸਟੇਸ਼ਨ ਤਰਨਤਾਰਨ ਤੋਂ ਛਾਪਰੀ 10 ਮੀਲ ਵਾਯਵੀ ਕੋਣ ਹੈ।'[1]

ਖੇਮਕਰਨ (ਅੰਮ੍ਰਿਤਸਰ): ਕਸਬਾ ਖੇਮਕਰਨ ਪਾਕਿ-ਭਾਰਤ ਸਰਹੱਦ ਤੋਂ ਥੋੜ੍ਹੀ ਹੀ ਦੂਰੀ 'ਤੇ ਸਥਿਤ ਹੈ। ਇੱਥੋਂ ਸਰਹੱਦ ਸਿਰਫ ਤਿੰਨ ਕੁ ਕਿਲੋਮੀਟਰ ਦੀ ਵਿੱਥ 'ਤੇ ਹੀ ਹੈ। ਇੱਥੇ ਦੋ ਗੁਰਦੁਆਰੇ ਹਨ: ਇਕ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿਚ ਗੁਰਦੁਆਰਾ ਥੰਮ ਸਾਹਿਬ ਹੈ ਜੋ ਪਿੰਡ ਦੇ ਅੰਦਰ ਹੈ। ਦੂਜਾ ਗੁਰਦੁਆਰਾ ਗੁਰੂ ਸਰ ਹੈ ਜੋ ਗੁਰੂ ਤੇਗ ਬਹਾਦੁਰ ਜੀ ਦੀ ਯਾਦ ਵਿਚ ਹੈ। ਇਹ ਪਿੰਡ ਤੋਂ ਦੱਖਣ ਵੱਲ ਇਕ ਕਿਲੋਮੀਟਰ ਦੀ ਦੂਰੀ 'ਤੇ ਹੈ। ਗੁਰਦੁਆਰਾ ਥੰਮ ਸਾਹਿਬ ਬਾਰੇ 1930 ਵਿਚ ਭਾਈ ਕਾਨ੍ਹ ਸਿੰਘ ਨੇ ਇਉਂ ਲਿਖਿਆ ਸੀ: 'ਖੇਮ ਕਰਨ-ਜ਼ਿਲਾ ਲਾਹੌਰ, ਤਸੀਲ ਤੇ ਥਾਣਾ ਕਸੂਰ ਦਾ ਇਕ ਕਸਬਾ, ਜਿਸ ਦੇ ਯੱਕਿਆਂ ਵਾਲੇ ਦਰਵਾਜ਼ੇ ਅੰਦਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਥੋੜ੍ਹਾ ਸਮਾਂ ਹੀ ਇੱਥੇ ਠਹਿਰੇ ਸਨ। ਉਸ ਸਮੇਂ ਦੀ ਯਾਦਗਾਰ ਵਿਚ ਛੋਟਾ ਜਿਹਾ ਗੁਰਦੁਆਰਾ

1. *ਮਹਾਨ ਕੋਸ਼, ਪੰਨਾ 489*

ਬਣਿਆ ਹੋਇਆ ਹੈ, ਜਿਸ ਵਿਚ ਗੁਰੂ ਸਾਹਿਬ ਦੇ ਸਮੇ ਦਾ ਥੰਮ ਦੱਸਿਆ ਜਾਂਦਾ ਹੈ। ਜਿਸ ਦੀ 'ਥੰਮ ਸਾਹਿਬ ਸੰਗਯਾ ਹੈ। ਗੁਰਦੁਆਰੇ ਨੂੰ ਕੋਈ ਪੱਕੀ ਆਮਦਨ ਨਹੀਂ।'

ਇਹ ਬਿਰਤਾਂਤ 1930 ਈ. ਦਾ ਹੈ। ਬਿਨਾਂ ਸ਼ੱਕ ਅੱਜ ਬੜਾ ਕੁਝ ਤਬਦੀਲ ਹੋ ਗਿਆ ਹੈ। ਭਾਰਤ-ਪਾਕਿ ਵੰਡ ਕਾਰਨ ਇਹ ਇਲਾਕਾ ਜਿਲਾ ਅੰਮ੍ਰਿਤਸਰ ਵਿਚ ਹੈ। ਉਹ ਗੁਰਦੁਆਰਾ, ਜਿਸ ਦਾ ਜਿਕਰ ਭਾਈ ਸਾਹਿਬ ਨੇ ਕੀਤਾ ਹੈ, 1971 ਦੀ ਭਾਰਤ-ਪਾਕਿ ਲੜਾਈ ਸਮੇਂ ਬਿਲਕੁਲ ਢਾਹ ਦਿੱਤਾ ਗਿਆ ਸੀ ਕਿਉਂਕਿ ਖੇਮਕਰਨ ਉੱਪਰ ਪਾਕਿਸਤਾਨੀ ਫੌਜਾਂ ਨੇ ਕਬਜਾ ਕਰ ਲਿਆ ਸੀ। ਇਸ ਸਮੇਂ ਉਸ ਗੁਰਦੁਆਰੇ ਦੀ ਕੋਈ ਵੀ ਨਿਸ਼ਾਨੀ ਨਹੀਂ ਹੈ। ਸਾਰਾ ਗੁਰਦੁਆਰਾ 1971 ਤੋਂ ਪਿੱਛੋਂ ਦਾ ਬਣਿਆ ਹੋਇਆ ਹੈ। ਅਸਲ ਵਿਚ ਸਾਰਾ ਖੇਮਕਰਨ ਹੀ 1971 ਤੋਂ ਪਿੱਛੋਂ ਦਾ ਹੀ ਬਣਿਆ ਹੋਇਆ ਹੈ।

ਝਾੜ ਸਾਹਿਬ (ਅੰਮ੍ਰਿਤਸਰ): ਗੁਰਦੁਆਰਾ ਝਾੜ ਸਾਹਿਬ ਪਿੰਡ ਗੱਜਲ ਵਿਚ ਹੈ ਜੋ ਅੰਮ੍ਰਿਤਸਰ ਦੇ ਪ੍ਰਸਿੱਧ ਕਸਬੇ ਵਲਟੋਹਾ ਦੇ ਨੇੜੇ ਸਥਿਤ ਪਿੰਡ ਰੱਤੇ ਕੇ ਤੋਂ ਪੰਜ ਕਿਲੋਮੀਟਰ ਦੱਖਣ-ਪੂਰਬ ਵੱਲ ਹੈ। ਇਥੇ ਗੁਰੂ ਹਰਿਗੋਬਿੰਦ ਸਾਹਿਬ ਮਨਿਹਾਲ ਪਿੰਡ ਵੱਲੋਂ ਆਏ ਸਨ। ਉਨਾਂ ਦੀ ਯਾਦ ਵਿਚ ਛੋਟਾ ਜਿਹਾ ਗੁਰਦੁਆਰਾ ਝਾੜ ਸਾਹਿਬ ਹੈ। ਇਹ ਝਾੜ ਗੁਰੂ ਸਾਹਿਬ ਦੇ ਸਮੇ ਦਾ ਦੱਸੀਦਾ ਹੈ। ਇਸ ਝਾੜ ਦੇ ਹੇਠ ਹੀ ਗੁਰੂ ਸਾਹਿਬ ਬੈਠੇ ਦੱਸੀਦੇ ਹਨ। ਇਸ ਨਾਲ 20 ਵਿੱਘੇ ਦੇ ਕਰੀਬ ਜ਼ਮੀਨ ਵੀ ਮੁੱਢਲੇ ਸਮਿਆਂ ਵਿਚ ਸੀ। 27 ਵੈਸਾਖ ਨੂੰ ਮੇਲਾ ਲਗਦਾ ਹੈ।

ਗੁਰਦੁਆਰਾ ਪਲਾਹ ਸਾਹਿਬ ਖੈਰਾਬਾਦ (ਅੰਮ੍ਰਿਤਸਰ): ਪਿੰਡ ਖੈਰਾਬਾਦ ਅੰਮ੍ਰਿਤਸਰ ਤੋਂ ਰਾਜਾਸਾਂਸੀ ਵੱਲ ਜਾਂਦਿਆਂ ਤਿੰਨ ਕੁ ਕਿਲੋਮੀਟਰ ਦੀ ਵਿੱਥ 'ਤੇ ਸੈਂਟਰਲ ਜੇਲ ਦੇ ਨੇੜੇ ਭਾਈ ਮਤਿਹਾਬ ਸਿੰਘ ਮੀਰਾਂ ਕੋਟ ਦੀ ਯਾਦ ਵਿਚ ਬਣੇ ਗੇਟ ਤੋਂ ਇਕ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਥੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਰਹਿੰਦਿਆਂ ਕਿਸੇ ਸਮੇਂ ਪਧਾਰੇ ਸਨ। ਸਥਾਨਿਕ ਤੌਰ 'ਤੇ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਅੰਮ੍ਰਿਤਸਰ ਦੀ ਲੜਾਈ ਦੀਆਂ ਝੜਪਾਂ ਇਸ ਪਿੰਡ ਵਿਚ ਵੀ ਹੋਈਆਂ ਸਨ। ਇੱਥੇ ਦੋ ਗੁਰਦੁਆਰੇ ਹਨ ਅਤੇ ਇਹ ਦੋਵੇਂ ਹੀ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ ਹਨ। ਇਕ ਤਾਂ ਇਹ ਗੁਰਦੁਆਰਾ ਪਲਾਹ ਸਾਹਿਬ ਹੈ ਅਤੇ ਦੂਜਾ ਗੁਰਦੁਆਰਾ ਕਲਪਬਰਿਛ ਹੈ। 1930 ਵਿਚ ਭਾਈ ਕਾਨ੍ਹ ਸਿੰਘ ਨੇ ਇਸ ਗੁਰਦੁਆਰੇ ਦੇ ਸੰਬੰਧ ਵਿਚ ਇਉਂ ਲਿਖਿਆ ਸੀ: 'ਗੁਰਪਲਾਹ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਇਸ ਪਾਸੇ ਸ਼ਿਕਾਰ ਖੇਡਣ ਆਉਂਦੇ ਤਾਂ ਇੱਥੇ ਇਕ ਪਲਾਹ ਦੇ ਬਿਰਛ ਪਾਸ ਵਿਰਾਜਿਆ ਕਰਦੇ ਸਨ। ਗੁਰਦੁਆਰਾ ਇਕਾਂਤ ਅਸਥਾਨ ਵਿਚ ਹੈ। ਇਰਦ-ਗਿਰਦ ਬਹੁਤ ਸੰਘਣੇ ਦਰਖਤ ਹਨ। ਛੋਟਾ ਜਿਹਾ ਦਰਬਾਰ ਬਣਿਆ ਹੋਇਆ ਹੈ। ਨਾਲ ਛੇ ਵਿੱਘੇ ਦੇ ਕਰੀਬ ਜ਼ਮੀਨ ਹੈ।' ਅੱਜ ਕੱਲ ਇਸ ਗੁਰਦੁਆਰੇ ਦਾ ਪਰਬੰਧ ਸ਼ਰੋਮਣੀ ਕਮੇਟੀ ਅੰਮ੍ਰਿਤਸਰ ਪਾਸ ਹੈ। ਹਰ ਸਾਲ ਪੰਜ ਅੱਸੂ (ਸਤੰਬਰ 20) ਬੜਾ ਭਾਰੀ ਗੁਰਪੁਰਬ ਭਰਦਾ ਹੈ।

ਦੂਸਰਾ ਗੁਰਦੁਆਰਾ ਕਲਪਬਰਿਛ ਵਾਲਾ ਉਸ ਅਸਥਾਨ 'ਤੇ ਬਣਿਆ ਹੋਇਆ ਦੱਸਿਆ ਜਾਂਦਾ ਹੈ ਜਿੱਥੇ ਕਾਬਲ ਤੋਂ ਆਈ ਸੰਗਤ ਸਥਾਨਿਕ ਡਾਕੂਆਂ ਵੱਲੋਂ ਲੁੱਟੀ ਜਾਣ ਕਰ ਕੇ ਗੁਰੂ ਸਾਹਿਬ ਨੇ ਡਾਕੂਆਂ ਨੂੰ ਪਕੜ ਕੇ ਖੂਬ ਸੁਧਾਈ ਕੀਤੀ ਸੀ।

ਬਾਬਾ ਬਕਾਲਾ : ਬਾਬਾ ਬਕਾਲਾ ਨਗਰ ਅੱਜ ਕਲ੍ਹ ਜ਼ਿਲਾ ਅੰਮ੍ਰਿਤਸਰ ਵਿਚ ਸਥਿਤ ਹੈ ਅਤੇ ਜੀ. ਟੀ. ਰੋਡ ਉੱਪਰ ਦਰਿਆ ਬਿਆਸ ਵੱਲੋਂ ਅੰਮ੍ਰਿਤਸਰ ਨੂੰ ਜਾਂਦਿਆਂ ਸਿਰਫ ਤਿੰਨ ਕੁ ਕਿਲੋਮੀਟਰ ਹਟ ਕੇ ਹੈ। ਇਸ ਨਗਰ ਦਾ ਮੁੱਢਲਾ ਨਾਂ ਤਾਂ ਬਕਾਲਾ ਹੀ ਸੀ ਪਰ ਅੱਠਵੇਂ ਪਾਤਸ਼ਾਹ ਗੁਰੂ ਹਰਿ ਕ੍ਰਿਸ਼ਨ ਜੀ ਵੱਲੋਂ ਆਪਣੇ ਅੰਤਿਮ ਸਮੇਂ ਆਪਣੇ ਬਾਬਾ ਜੀ ਤੇਗ ਬਹਾਦੁਰ ਜੀ ਨੂੰ ਗੁਰਗੱਦੀ ਦੇਣ ਦਾ ਐਲਾਨ ਕਰਨ ਸਮੇਂ ਇਹ ਉਚਾਰਿਆ ਗਿਆ ਸੀ ਕਿ ਬਾਬਾ ਜੀ ਬਕਾਲੇ ਵਿਖੇ ਹਨ। ਤੇਗ ਬਹਾਦੁਰ ਜੀ ਉਸ ਸਮੇਂ ਬਕਾਲਾ ਵਿਚ ਹੀ ਰਹਿੰਦੇ ਸਨ। ਇਸ ਕਰ ਕੇ ਬਕਾਲ਼ਾਂ ਨਾਂ ਨਾਲ ਬਾਬਾ ਸ਼ਬਦ ਜੁੜ ਗਿਆ ਅਤੇ ਇਸ ਨੂੰ ਬਾਬਾ ਬਕਾਲਾ ਕਿਹਾ ਜਾਣਾ ਸ਼ੁਰੂ ਹੋ ਗਿਆ ਸੀ। ਇਹ ਅਸਥਾਨ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਹੁਰਾ ਘਰ ਸੀ ਅਤੇ ਉਨ੍ਹਾਂ ਦੀ ਸੁਪਤਨੀ ਮਾਤਾ ਨਾਨਕੀ ਜੀ ਦਾ ਪੇਕਾ ਘਰ ਸੀ। ਗਯਾਨੀ ਠਾਕਰ ਸਿੰਘ ਨੇ ਲਿਖਿਆ ਹੈ 'ਗੁਰੂ ਜੀ ਦੇ ਮਹਿਲ ਸ੍ਰੀ ਮਾਤਾ ਨਾਨਕੀ ਸਾਹਿਬ ਜੀ ਦੇ ਮਾਤਾ ਪਿਤਾ ਦਾ ਨਿਵਾਸ ਇਥੇ ਹੀ ਆਣ ਹੋਇਆ। ਗੁਰੂ ਜੀ ਲਾਹੌਰੋਂ ਆਏ ਅਤੇ ਕੁਝ ਦਿਨ ਸ੍ਰੀ ਅੰਮ੍ਰਿਤਸਰ ਜੀ ਨਿਵਾਸ ਕਰ ਅਪਨੇ ਸਨਬੰਧੀਆਂ ਅਤੇ ਨਗਰ ਨਿਵਾਸੀ ਪ੍ਰੇਮੀਆਂ ਦੇ ਪ੍ਰੇਮ ਕਰ ਕੇ ਸ੍ਰੀ ਮਾਤਾ ਗੰਗਾ ਜੀ ਨੂੰ ਬਬਾਣ ਵਿਚ ਬੈਠਾ ਕੇ ਇਥੇ ਲੈ ਆਏ। ਮਹਾਰਾਜ ਜੀ ਦੋ ਮਹੀਨੇ ਚੌਦਾਂ ਦਿਨ ਰਹੇ।'[1]

ਮਾਤਾ ਗੰਗਾ ਜੀ ਇਥੇ ਹੀ ਗੁਰਪੁਰੀ ਨੂੰ ਚੜ੍ਹਾਈ ਕਰ ਗਏ ਸਨ। ਉਨ੍ਹਾਂ ਦੇ ਸੰਸਕਾਰ ਕਰਨ ਵਾਲੇ ਅਸਥਾਨ 'ਤੇ ਮਾਤਾ ਗੰਗਾ ਜੀ ਦੇ ਨਾਂ ਦਾ ਗੁਰਦੁਆਰਾ ਗੰਗਸਰ ਬਣਿਆ ਹੋਇਆ ਹੈ। ਬਾਬਾ ਬਕਾਲੇ ਵਿਖੇ ਨਿਹੰਗ ਸਿੰਘਾਂ ਦਾ ਵਸੇਬਾ ਹੈ ਜਿਸ ਕਰ ਕੇ ਕਈ ਧਾਰਮਿਕ ਅਸਥਾਨ ਉਨ੍ਹਾਂ ਦੇ ਕਬਜ਼ੇ ਵਿਚ ਹਨ। ਮੁੱਖ ਦਰਬਾਰ ਸਾਹਿਬ ਸ਼ਰੋਮਣੀ ਕਮੇਟੀ ਅੰਮ੍ਰਿਤਸਰ ਪਾਸ ਹੈ।

ਡਰੋਲੀ ਭਾਈ ਕੀ (ਮੋਗਾ) : ਪਿੰਡ ਡਰੋਲੀ ਭਾਈ ਕੀ ਮੋਗਾ ਜ਼ਿਲੇ ਵਿਚ ਮੋਗਾ-ਫਿਰੋਜ਼ਪੁਰ ਸੜਕ ਉੱਪਰ ਮੋਗੇ ਤੋਂ ਦਸ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਡਗਰੂ ਰੇਲਵੇ ਸਟੇਸ਼ਨ ਤੋਂ ਸਿਰਫ ਦੋ ਕਿਲੋਮੀਟਰ ਦੀ ਦੂਰੀ 'ਤੇ ਹੈ। ਇਥੇ ਗੁਰੂ ਹਰਿਗੋਬਿੰਦ ਸਾਹਿਬ ਦੇ ਸਾਂਢੂ ਸਾਹਿਬ ਭਾਈ ਸਾਈਂ ਦਾਸ ਜੀ ਰਹਿੰਦੇ ਸਨ। ਭਾਈ ਸਾਈਂ ਦਾਸ ਦੀ ਪਤਨੀ ਬੀਬੀ ਰਾਮੋ ਗੁਰੂ ਸਾਹਿਬ ਦੀ ਧਰਮ ਪਤਨੀ ਮਾਤਾ ਦਮੋਦਰੀ ਜੀ ਦੀ ਭੈਣ ਸਨ। ਇਸ ਕਰ ਕੇ ਗੁਰੂ ਜੀ ਦਾ ਇਥੇ ਅਕਸਰ ਆਉਣ ਜਾਣ ਰਹਿੰਦਾ ਸੀ। ਗੁਰੂ ਹਰਿਗੋਬਿੰਦ ਸਾਹਿਬ ਤੋਂ ਪਿੱਛੋਂ ਇਥੇ ਗੁਰੂ ਤੇਗ ਬਹਾਦੁਰ ਜੀ ਵੀ ਇਥੇ ਆਉਂਦੇ ਰਹਿੰਦੇ ਸਨ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਇਥੇ ਪਧਾਰਨ ਦਾ ਸਭ ਤੋਂ ਪਹਿਲਾਂ ਜ਼ਿਕਰ ਭੱਟ ਵਹੀਆਂ ਵਿਚ ਆਉਂਦਾ ਹੈ। ਇਹ ਇਉਂ ਹੈ: 'ਗੁਰੂ ਹਰਿਗੋਬਿੰਦ ਮਹਲ ਛਟਾ ਬੇਟਾ ਗੁਰੂ ਅਰਜਨ ਜੀ ਕਾ, ਬਾਸੀ ਗੁਰੂ ਕਾ ਚੱਕ ਪਰਗਣਾ ਨਿੱਝਰਿਆਲਾ ਸੰਮਤ ਸੋਲਾਂ ਸੈ ਤ੍ਰੇਸਠ ਜੇਠ ਮਾਸ ਸੁਦੀ ਅਸ਼ਟਮੀ ਕੇ ਦਿਹੁੰ ਗੋਇੰਦਵਾਲ ਸੇ ਜੰਗਲ ਦੇਸ ਗਾਮ ਡਰੋਲੀ ਪਰਗਣਾ ਡਗਰੂ ਭਾਈ ਸਾਂਈਦਾਸ ਕੇ ਗ੍ਰਿਹ ਮੇਂ ਆਇ। ਗੈਲੋਂ ਮਾਤਾ ਗੰਗਾ ਦੇਈ ਤੇ ਇਸਤਰੀ ਦਮੋਦਰੀ ਜੀ ਆਈ। ਇਕ ਬਰਖ ਛੇ ਮਾਸ ਡਰੋਲੀ ਗਾਮ ਮੇਂ ਬਾਸ ਕਰ ਕੇ ਗੋਇੰਦਵਾਲ ਆਏ' (ਭੱਟ ਵਹੀ

---

1. *ਗੁਰ ਸ੍ਰੀ ਗੁਰਦੁਆਰੇ ਦਰਸ਼ਨ*, ਪੰਨੇ 190-91.

ਮੁਲਤਾਨੀ ਸਿੰਧੀ)। ਇਸ ਜਾਣਕਾਰੀ ਮੁਤਾਬਿਕ ਗੁਰੂ ਸਾਹਿਬ ਗੁਰਿਆਈ ਧਾਰਨ ਕਰਨ ਦੇ ਤੁਰੰਤ ਬਾਅਦ ਸੰਨ 1606 ਈ. ਵਿਚ ਹੀ ਆ ਗਏ ਸਨ। ਇਹ ਸਮਾਂ ਅੰਮ੍ਰਿਤਸਰ ਵਿਖੇ ਬਹੁਤ ਸੰਕਟਮਈ ਸੀ। ਗੁਰੂ ਸਾਹਿਬ ਗੁਰਿਆਈ ਤਿਲਕ ਧਾਰਨ ਕਰਨ ਤੋਂ ਬਾਦ ਕੁੱਝ ਸਮਾਂ ਸ਼ਾਂਤੀ ਨਾਲ ਬਤੀਤ ਕਰਨ ਲਈ ਡਰੌਲੀ ਭਾਈ ਵਿਖੇ ਆਏ ਸਨ। ਇੱਥੇ ਇਕ ਸਾਲ ਛੇ ਮਹੀਨੇ ਦਾ ਲੰਮਾ ਅਰਸਾ ਬਤੀਤ ਕੀਤਾ ਸੀ।

ਗੁਰਬਿਲਾਸ ਛੇਵੀਂ ਪਾਤਸ਼ਾਹੀ ਵਿਚ ਇਸ ਤਰ੍ਹਾਂ ਲਿਖਿਆ ਹੈ:

ਮਾਤ ਦਮੋਦਰੀ ਕੀ ਰਹੇ ਬਹਨ ਡਰੌਲੀ ਮਾਝ।
ਰਾਮੋ ਨਾਮ ਸੁ ਬਡੀ ਸੀ ਯਾਦ ਪ੍ਰਾਂਤ ਕਰ ਸਾਂਝ।.....
ਲਿਖ ਪਾਤੀ ਗੁਰਨਿਕਟ ਪਠਾਈ। ਹੇ ਗੁਰ ਹਮ ਕੋ ਦਰਸ ਲਖਾਈ।
ਰਾਮੋ ਬਿਨਤੀ ਅਧਿਕ ਲਿਖਾਈ। ਦਰਸ਼ਨ ਬਹਨ ਦੀਜੇ ਮਮ ਆਈ।.......
ਨਾਨਕ ਮਤੇ ਦਰਸ ਮੈ ਜਾਵੋ। ਤਿਸੀ ਪੰਧ ਤੁਮਰੇ ਪਹਿ ਆਵੋ।.....
ਸਾਈ ਦਾਸ ਗ੍ਰਹ ਜੋ ਰਚੇ ਹਰਿਗੋਬਿੰਦ ਕੇ ਹੇਤ।
ਤਾ ਸਮਸਰ ਪਾਵੇ ਨਹੀਂ ਸੁਰਪਤ ਕੇਰ ਨਿਕੇਤ।
ਕਛੂ ਦਿਨ ਅਸੁ ਗਏ ਨਿਹਾਰ। ਡਰੌਲੀ ਪਹੁੰਚੇ ਗੁਰੂ ਮੁਰਾਰ।
ਸਾਈ ਦਾਸ ਅਗ੍ਰ ਸੁਨ ਧਾਯੋ। ਦਯਾ ਸਿੰਧ ਗੁਰ ਹਮਰੇ ਆਯੋ।
ਕਥਾ ਬ੍ਰਿਧ ਥੋਰੀ ਕਹੀ ਗਏ ਮਾਸ ਖੱਟ ਬੀਤ।
ਦੇਸ-ਦੇਸ ਸੰਗਤ ਆਈ ਸ੍ਰੀ ਗੁਰ ਪੱਦ ਧਰ ਪ੍ਰੀਤ
ਮੇਲਾ ਭਯੋ ਬਿਸਾਖੀ ਭਾਰੀ। ਕਰ ਦਰਸ਼ਨ ਫਲ ਪਾਏ ਚਾਰੀ।[1]

ਇਸ ਤਰਾਂ ਗੁਰਬਿਲਾਸ ਛੇਵੀਂ ਪਾਤਸ਼ਾਹੀ ਵਰਗੀ ਲਿਖਤ ਤੋਂ ਵੀ ਇਸੇ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਗੁਰੂ ਸਾਹਿਬ ਇੱਥੇ ਕਾਫੀ ਸਮਾਂ ਠਹਿਰੇ ਸਨ। ਬਾਬਾ ਗੁਰਦਿੱਤਾ ਜੀ ਦਾ ਜਨਮ ਵੀ ਡਰੌਲੀ ਭਾਈ ਕੀ ਵਿਖੇ ਹੀ ਹੋਇਆ ਸੀ। ਇਸ ਦੀ ਗਵਾਹੀ ਵੀ ਸਾਨੂੰ ਭੱਟ ਵਹੀ ਤਲਾਉਂਢਾ ਪਰਗਨਾ ਜੀਂਦ ਤੋਂ ਮਿਲਦੀ ਹੈ। ਇਹ ਇਸ ਤਰਾਂ ਹੈ: 'ਬਧਾਈ ਲੀ ਗੁਰਦਿੱਤਾ ਕੀ ਬੇਟਾ ਗੁਰੂ ਹਰਿਗੋਬਿੰਦ ਜੀ ਮਹਲ ਛਟੇ ਕਾ ਪੋਤਾ ਗੁਰੂ ਅਰਜਨ ਜੀ ਕਾ.....ਸੰਮਤ ਸੋਲਾਂ ਸੈ ਪੈਂਸਠ ਅਸੁ ਕੀ ਪੂਰਨਿਮਾ ਕੇ ਦਿਹੁੰ ਮਾਤਾ ਦਮੋਦਰੀ ਕੇ ਉਦਰ ਥੀ। ਸ਼ੁਭ ਘੜੀ ਜਨਮ ਹੂਆ ਗਾਮ ਡਰੌਲੀ ਕੇ ਮਲਹਾਨ ਜੰਗਲ ਦੇਸ਼ ਮੇਂ। ਭੱਟ ਖਿਹਾਰੀ ਕੋ ਮਾਨਾ ਗੁਰੂ ਕੀ ਕੜਾਹੀ ਕੀ।' ਬਾਬਾ ਗੁਰਦਿੱਤਾ ਜੀ ਦੇ ਜਨਮ ਅਸਥਾਨ 'ਤੇ ਅੱਜ ਕੱਲ ਬਹੁਤ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ।

ਡਰੌਲੀ ਭਾਈ ਕੀ ਵਿਖੇ ਹੀ ਭਾਈ ਜੰਗ ਸਿੰਘ ਦੇ ਘਰ ਗੁਰੂ ਸਾਹਿਬ ਅਤੇ ਉਨਾ ਦੇ ਪਰਿਵਾਰ ਨਾਲ ਸੰਬੰਧਿਤ ਕੁੱਝ ਵਸਤਾਂ ਪਈਆਂ ਹਨ। ਇਨਾਂ ਵਿਚ ਗੁਰੂ ਜੀ ਦਾ ਸਿਮਰਨਾ, ਕਛਹਿਰਾ, ਚੋਲਾ, ਦਸਤਾਰ 24 ਗਜ ਲੰਮੀ, ਅਤੇ ਮਾਤਾ ਦਮੋਦਰੀ ਜੀ ਦਾ ਡਾਵਾਂ ਆਦਿ ਹਨ। ਬੀਬੀ ਰਾਮੋ ਪਤਨੀ ਸਾਂਈ ਦਾਸ ਜੀ ਦਾ ਇਕ ਪੁਰਾਣਾ ਸੰਦੂਕ ਪਿਆ ਹੈ। ਇਕ ਪੁਰਾਤਨ ਹੱਥ ਲਿਖਤ ਬੀੜ ਵੀ ਪਈ ਹੈ। ਇਸ ਬੀੜ ਨੂੰ ਇੱਥੇ ਦੇ ਹੀ ਵਸਿੰਦੇ ਭਾਈ ਉਮਰ

---

1. (ਕਵੀ ਸੋਹਣ ਦੇ ਨਾਂ ਨਾਲ ਜਾਣੀ ਜਾਂਦੀ ਰਚਨਾ), ਪਟਿਆਲਾ, 1970, ਪੰਨਾ 208-222

ਸ਼ਾਹ ਦੇ ਸਪੁੱਤਰ ਦੀਵਾਨ ਨੰਦ ਚੰਦ ਉਦਾਸੀ ਸਾਧਾਂ ਦੇ ਕਬਜ਼ੇ ਵਿੱਚੋਂ ਖੋਹ ਕੇ ਲਿਆਏ ਸਨ। ਉਦਾਸੀ ਸਾਧ ਇਸ ਬੀੜ ਦੇ ਬਹਾਨੇ ਸਿਖ ਸੰਗਤਾਂ ਨੂੰ ਗੁਮਰਾਹ ਵੀ ਕਰਦੇ ਸਨ ਅਤੇ ਬੀੜ ਦੀ ਬੇਅਦਬੀ ਵੀ ਕਰਦੇ ਸਨ। ਗੁਰੂ ਸਾਹਿਬ ਦੇ ਕੁਝ ਹੁਕਮਨਾਮੇ ਵੀ ਇੱਥੇ ਬੜੀ ਖਸਤਾ ਹਾਲਤ ਵਿਚ ਪਏ ਹਨ।

ਡਰੋਲੀ ਭਾਈ ਕੀ ਵਿਖੇ ਹੀ ਗੁਰੂ ਜੀ ਨੇ ਸਿਖ ਸੰਗਤਾਂ ਅਤੇ ਪਿੰਡ ਵਾਸੀਆਂ ਦੀ ਸਹੂਲਤ ਲਈ ਇਕ ਡੂੰਘਾ ਖੂਹ ਲਗਵਾਇਆ ਸੀ ਕਿਉਂਕਿ ਗੁਰੂ ਸਾਹਿਬ ਅਤੇ ਉਨ੍ਹਾਂ ਦੀਆਂ ਸਿਖ ਸੰਗਤਾਂ ਇੱਥੇ ਕਾਫੀ ਸਮਾਂ ਠਹਿਰੀਆਂ ਸਨ। ਸਾਲ ਡੇਢ ਸਾਲ ਲਈ ਇਹ ਅਸਥਾਨ ਹੀ ਸਿਖ ਸੰਗਤਾਂ ਦਾ ਕੇਂਦਰ ਬਣਿਆ ਰਿਹਾ ਸੀ ਇਸ ਕਰ ਕੇ ਇੱਥੇ ਪਾਣੀ ਦੀ ਸਹੂਲਤ ਪੂਰੀ ਕਰਨ ਲਈ ਖੂਹ ਦਾ ਲਗਵਾਉਣਾ ਬਹੁਤ ਜ਼ਰੂਰੀ ਸੀ। ਇਹ ਖੂਹ ਅੱਜ ਵੀ ਕਾਇਮ ਹੈ। ਸਥਾਨਿਕ ਲੋਕ ਇਸ ਖੂਹ ਨੂੰ ਗੁਰੂ ਜੀ ਦੀ ਮਿਹਰ ਸਮਝਦੇ ਹੋਏ ਇਸ ਦੇ ਪਾਣੀ ਨੂੰ ਬਹੁਤ ਪਵਿੱਤਰ ਸਮਝਦੇ ਹਨ। ਉਹ ਇਸ ਦੇ ਪਾਣੀ ਨੂੰ ਮੁਰਦਿਆਂ ਦੇ ਮੂੰਹ ਵਿਚ ਪਾਉਂਦੇ ਹਨ। ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਗੁਰੂ ਜੀ ਦੇ ਪਵਿੱਤਰ ਖੂਹ ਦਾ ਪਵਿੱਤਰ ਪਾਣੀ ਮੁਰਦੇ ਦੀ ਰੂਹ ਨੂੰ ਸ਼ਾਂਤੀ ਪਰਦਾਨ ਕਰਦਾ ਹੈ।

ਗੁਰੂ ਜੀ ਦੇ ਦਰਬਾਰ ਲਗਾਉਣ ਵਾਲੇ ਅਸਥਾਨ ਉੱਪਰ ਅੱਜ ਕੱਲ ਬਹੁਤ ਸੁੰਦਰ ਦਰਬਾਰ ਸਾਹਿਬ ਬਣਿਆ ਹੋਇਆ ਹੈ। ਇਸ ਅਸਥਾਨ ਦੀ ਸ਼ੁਰੂਆਤ ਪਹਿਲਾਂ ਇਕ ਵਪਾਰੀ ਵਲੋਂ ਇਕ ਥੜ੍ਹਾ ਬਣਾ ਕੇ ਕੀਤੀ ਗਈ ਸੀ। ਪਿੱਛੋਂ ਮਹਾਰਾਜਾ ਕਰਮ ਸਿੰਘ ਪਟਿਆਲਾ ਨੇ ਪੱਕੀ ਇਮਾਰਤ ਬਣਵਾਈ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸਮੇਂ 180 ਘੁਮਾਅ ਜ਼ਮੀਨ ਇਸ ਦੇ ਨਾਂ ਲਗਵਾਈ ਸੀ। ਇਕਵੰਜਾ ਰੁਪਏ ਸਾਲਾਨਾ ਰਿਆਸਤ ਨਾਭਾ ਵੱਲੋਂ ਅਤੇ ਦੋ ਸੌ ਰੁਪਏ ਸਾਲਾਨਾ ਪਿੰਡ ਰੰਗੀਆਂ ਜ਼ਿਲ੍ਹਾ ਅੰਬਾਲਾ ਵੱਲੋਂ ਜਾਗੀਰ ਦੇ ਤੌਰ 'ਤੇ ਮਿਲਦੇ ਸਨ (ਮਹਾਨ ਕੋਸ਼, ਪੰਨਾ 418) ਸੰਤ ਦਰਬਾਰਾ ਸਿੰਘ ਲੋਪੋਕੇ ਵਾਲਿਆਂ ਨੇ 1970 ਵਿਆਂ ਵਿਚ ਇਸ ਅਸਥਾਨ ਦੀ ਕਾਰ ਸੇਵਾ ਕਰਵਾਈ ਸੀ। ਅੱਜ ਕੱਲ ਇਹ ਅਸਥਾਨ ਸ਼ਰੋਮਣੀ ਕਮੇਟੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਹਨ।

ਮਾਤਾ ਦਮੋਦਰੀ ਜੀ ਦਾ ਦਿਹਾਂਤ ਇੱਥੇ ਹੀ ਹੋਇਆ ਸੀ। ਉਨ੍ਹਾਂ ਦੇ ਸੰਸਕਾਰ ਕਰਨ ਵਾਲੀ ਥਾਂ 'ਤੇ ਸੁੰਦਰ ਦੇਹੁਰਾ ਬਣਿਆ ਹੋਇਆ ਹੈ। ਪਿੰਡ ਤੋਂ ਬਾਹਰਵਾਰ ਭਾਈ ਦੇਸ ਰਾਜ ਦੀ ਸਮਾਧ ਹੈ। ਭਾਈ ਦੇਸ ਰਾਜ ਦੀਵਾਨ ਨੰਦ ਚੰਦ ਦੇ ਸਪੁੱਤਰ ਸਨ ਅਤੇ ਅਠਾਰਵੀਂ ਸਦੀ ਵਿਚ ਅੰਮ੍ਰਿਤਸਰ ਦੀ ਰਾਖੀ ਕਰਦੇ ਹੋਏ ਕਿਸੇ ਲੜਾਈ ਵਿਚ ਸ਼ਹੀਦ ਹੋ ਗਏ ਸਨ। ਇਹ ਆਪਣੇ ਸਮੇਂ ਪੰਥ ਵਿਚ ਬਹੁਤ ਸਤਿਕਾਰੇ ਜਾਂਦੇ ਸਨ। ਇਕ ਵਾਰ ਇਨ੍ਹਾਂ ਨੂੰ 1764-65 ਵਿਚ ਦਲ ਖਾਲਸਾ ਵੱਲੋਂ ਸਿਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਮੁੜ-ਉਸਾਰੀ ਦੀ ਕਾਰ ਸੇਵਾ ਵੀ ਸੌਂਪੀ ਗਈ ਸੀ।

ਸਨੇਰ (ਮੋਗਾ): ਪਿੰਡ ਸਨੇਰ ਜ਼ਿਲ੍ਹਾ ਮੋਗਾ ਵਿਚ, ਜ਼ੀਰੇ ਤੋਂ ਦੱਖਣ ਵੱਲ ਪੰਜ ਕਿਲੋਮੀਟਰ ਦੀ ਵਿੱਥ 'ਤੇ ਅਤੇ ਤਲਵੰਡੀ ਦੇ ਰੇਲਵੇ ਸਟੇਸ਼ਨ ਤੋਂ 12 ਕਿਲੋਮੀਟਰ ਦੀ ਵਿੱਥ 'ਤੇ ਚੜ੍ਹਦੇ ਵੱਲ ਸਥਿਤ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਪਧਾਰੇ ਸਨ। ਭਾਵੇਂ ਉਸ ਸਮੇਂ ਇਹ ਪਿੰਡ ਨਹੀਂ ਸੀ ਸਗੋਂ ਇਹ ਬੇਆਬਾਦ ਥਾਂ ਸੀ। ਇੱਥੇ ਇਕ ਬਹੁਤ ਸੰਘਣਾ ਮਾਲ੍ਹ (ਝਿੜਾ) ਸੀ। ਇਸ ਮਾਲ੍ਹ ਦੇ ਹੇਠ ਹੀ ਗੁਰੂ ਸਾਹਿਬ ਠਹਿਰੇ ਸਨ। ਇਹ ਅਸਥਾਨ ਸਿਖ ਸ਼ਰਧਾਲੂਆਂ

ਨੇ ਸੰਭਾਲ ਕੇ ਰੱਖਿਆ ਅਤੇ ਪਿੱਛੋਂ ਇਥੇ ਵਰਤਮਾਨ ਪਿੰਡ ਦਾ ਵਸੇਬਾ ਹੋਇਆ। ਇਸ ਸਮੇਂ ਪਿੰਡ ਤੋਂ ਬਾਹਰਵਾਰ ਥੋੜੀ ਹੀ ਵਿੱਥ 'ਤੇ ਗੁਰੂ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਹੈ। ਪਹਿਲਾਂ ਭਾਵੇਂ ਇਸ ਗੁਰ ਅਸਥਾਨ ਨਾਲ ਕਾਫੀ ਜ਼ਮੀਨ ਸੀ। ਗਿਆਨੀ ਵਿਸਾਖਾ ਸਿੰਘ ਅਨੁਸਾਰ 'ਗੁਰਦੁਆਰੇ ਦੇ ਨਾਮ ਪਹਿਲਾਂ 60 ਘੁਮਾਂ ਜ਼ਮੀਨ ਸੀ ਪਰੰਤੂ ਸੋਢੀਆਂ ਨੇ ਗਹਿਣੇ ਪਾ ਦਿੱਤੀ ਤੇ ਹੁਣ ਕੇਵਲ 7 ਘੁਮਾਂ ਰਹਿ ਗਈ ਹੈ।' (ਮਾਲਵਾ ਇਤਿਹਾਸ, ਪੰਨਾ 39)। ਅੱਜ ਕੱਲ ਇਸ ਅਸਥਾਨ ਦਾ ਪਰਬੰਧ ਸ਼ਰੋਮਣੀ ਕਮੇਟੀ ਪਾਸ ਹੈ।

ਰੋਡੇ (ਮੋਗਾ): ਪਿੰਡ ਰੋਡੇ ਜ਼ਿਲ੍ਹਾ ਮੋਗਾ ਵਿਚ ਸਥਿਤ ਹੈ ਅਤੇ ਬਾਘਾ ਪੁਰਾਣਾ-ਕੋਟਕਪੂਰਾ ਸੜਕ ਉੱਪਰ ਸਥਿਤ ਹੈ। ਇਥੇ ਗੁਰੂ ਹਰਿਗੋਬਿੰਦ ਸਾਹਿਬ ਇਲਾਕੇ ਵਿਚ ਧਰਮ ਪਰਚਾਰ ਕਰਦੇ ਸਮੇਂ ਪਧਾਰੇ ਸਨ। ਸਥਾਨਿਕ ਲੋਕਾਂ ਦੇ ਵਿਸ਼ਵਾਸ ਅਨੁਸਾਰ ਗੁਰੂ ਸਾਹਿਬ ਡਰੋਲੀ ਭਾਈ ਕੇ ਪਾਸਿਓਂ ਆਏ ਸਨ ਅਤੇ ਲੰਡੇ ਪਿੰਡ ਵੱਲ ਗਏ ਸਨ। ਇੱਥੋਂ ਦੇ ਪਰਸਿੱਧ ਸੰਤ ਕਿਰਪਾਲ ਸਿੰਘ ਨੇ ਸਥਾਨਿਕ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਵਾਈ ਸੀ। ਇਸ ਨੂੰ 50 ਕੁ ਸਾਲ ਤੋਂ ਉੱਪਰ ਸਮਾ ਹੋ ਗਿਆ ਹੈ। ਪਿੰਡ ਬਹੁਤ ਵੱਡਾ ਹੈ। ਪੰਦਰਾਂ ਸੋਲਾਂ ਹਜ਼ਾਰ ਦੇ ਕਰੀਬ ਆਬਾਦੀ ਹੈ। ਪਹਿਲਾਂ ਇਸ ਦਾ ਨਾਂ ਜੋਧਪੁਰ ਸੀ ਪਰ ਪਿੱਛੋਂ ਕਿਸੇ ਕਾਰਨ ਵੱਸ ਇਸ ਦਾ ਨਾਂ ਰੋਡੇ ਪਰਚੱਲਿਤ ਹੋ ਗਿਆ। ਭਿੰਡਰਾਂ ਵਾਲੀ ਟਕਸਾਲ ਦੇ ਚੌਧਵੇਂ ਮੁੱਖੀ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਇਸੇ ਹੀ ਪਿੰਡ ਦੇ ਜੰਮਪਲ ਸਨ। ਸਾਰਾ ਰੋਡੇ ਪਿੰਡ ਸੰਤ ਜੀ ਦਾ ਸ਼ਰਧਾਲੂ ਸੀ।

ਮੋਗਾ: ਮੋਗਾ ਪੰਜਾਬ ਦਾ ਜ਼ਿਲ੍ਹਾ ਹੈਡਕੁਆਰਟਰ ਹੈ। ਇਥੇ ਗੁਰੂ ਹਰਿਗੋਬਿੰਦ ਸਾਹਿਬ ਪਧਾਰੇ ਸਨ। ਉਨ੍ਹਾਂ ਦੀ ਯਾਦ ਵਿਚ 'ਗੁਰਦੁਆਰਾ ਗੁਰੂਸਰ ਸਾਹਿਬ' ਸੁਸ਼ੋਭਿਤ ਹੈ। ਗੁਰਦੁਆਰੇ ਦੀ ਇਮਾਰਤ ਬਹੁਤ ਪੁਰਾਣੀ ਹੈ ਅਤੇ ਪਰਬੰਧ ਸ਼ਰੋਮਣੀ ਕਮੇਟੀ ਪਾਸ ਹੈ।

ਬੰਬੀਹਾ ਭਾਈ (ਮੋਗਾ): ਪਿੰਡ ਬੰਬੀਹਾ ਭਾਈ ਜ਼ਿਲ੍ਹਾ ਮੋਗਾ ਵਿਚ ਹੈ ਅਤੇ ਸਮਾਲਸਰ ਤੋਂ ਲਿੰਕ ਰੋਡ ਰਾਹੀਂ ਜੁੜਿਆ ਹੋਇਆ ਹੈ। ਇੱਥੇ ਭਾਈ ਰੂਪੇ ਦੀ ਸੰਤਾਨ ਵਸਦੀ ਹੋਣ ਕਰ ਕੇ ਇਸ ਪਿੰਡ ਨੂੰ ਭਾਈ ਕਾ ਕਿਹਾ ਜਾਂਦਾ ਹੈ। ਇਥੇ ਗੁਰੂ ਹਰਿਗੋਬਿੰਦ ਸਾਹਿਬ ਡਰੋਲੀ ਭਾਈ ਕੀ ਵਿਖੇ ਰਹਿਣ ਸਮੇਂ ਆਏ ਸਨ। ਗੁਰੂ ਸਾਹਿਬ ਦੀ ਬਿਰਾਜਣ ਵਾਲੀ ਥਾਂ ਉਪਰ ਇਲਾਕੇ ਦੀਆ ਸਿਖ ਸੰਗਤਾਂ ਨੇ ਬਹੁਤ ਵਧੀਆ ਗੁਰਦੁਆਰਾ ਬਣਵਾ ਦਿੱਤਾ ਹੈ। ਪਿੰਡ ਦੀ ਆਬਾਦੀ ਸੱਤ-ਅੱਠ ਹਜ਼ਾਰ ਦੇ ਕਰੀਬ ਹੈ।

ਮਾੜੀ ਮੁਸਤਫਾ (ਮੋਗਾ): ਪਿੰਡ ਮਾੜੀ ਮੁਸਤਫਾ ਜ਼ਿਲ੍ਹਾ ਮੋਗਾ ਵਿਚ ਹੈ ਅਤੇ ਬਾਘਾ ਪੁਰਾਣਾ-ਭਗਤਾ ਭਾਈ ਕਾ ਸੜਕ ਉੱਪਰ ਸਥਿਤ ਹੈ। ਭਾਈ ਕੀ ਡਰੋਲੀ ਰਹਿਣ ਸਮੇਂ ਹੀ ਗੁਰੂ ਹਰਿ ਗੋਬਿੰਦ ਸਾਹਿਬ ਇੱਥੇ ਆਏ ਸਨ। ਅਤੇ ਥੋੜਾ ਹੀ ਸਮਾਂ ਠਹਿਰੇ ਸਨ। ਇੱਥੋਂ ਅੱਗੇ ਭਾਈ ਰੂਪੇ ਵੱਲ ਗਏ ਦੱਸੇ ਜਾਂਦੇ ਹਨ। ਇੱਥੇ ਇਕ ਢਾਬ ਵੀ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਗੁਰੂ ਜੀ ਦੇ ਸਮੇਂ ਦੀ ਹੀ ਹੈ। ਪਹਿਲਾਂ ਇੱਥੇ ਛੋਟਾ ਜਿਹਾ ਗੁਰਦੁਆਰਾ ਸੀ ਪਰ ਹੁਣ ਸਿਖ ਸੰਗਤਾਂ ਨੇ ਨਵੀਂ ਇਮਾਰਤ ਬਣਾ ਦਿੱਤੀ ਹੈ। ਪਿੰਡ ਦੀ ਆਬਾਦੀ ਪੰਦਰਾ-ਸੋਲਾਂ ਹਜ਼ਾਰ ਦੇ ਕਰੀਬ ਹੈ।

ਲਧਾਈ ਕੇ (ਮੋਗਾ): ਪਿੰਡ ਲਧਾਈ ਕੇ ਜ਼ਿਲ੍ਹਾ ਮੋਗਾ ਵਿਚ ਹੈ ਅਤੇ ਬਾਘਾ ਪੁਰਾਣਾ-ਭਗਤਾ ਭਾਈ ਕਾ ਮਾਰਗ ਉੱਪਰ ਸਥਿਤ ਹੈ। ਇਥੇ ਗੁਰੂ ਹਰਿਗੋਬਿੰਦ ਸਾਹਿਬ

ਪਧਾਰੇ ਸਨ। ਸਥਾਨਿਕ ਰਵਾਇਤਾਂ ਅਨੁਸਾਰ ਗੁਰੂ ਜੀ ਭਾਈ ਰੂਪਾ ਨੂੰ ਮਿਲ ਕੇ ਵਾਪਸ ਡਰੌਲੀ ਭਾਈ ਕੀ ਨੂੰ ਜਾਂਦੇ ਹੋਏ ਇਥੇ ਆਏ ਸਨ। ਉਨ੍ਹਾਂ ਦੀ ਯਾਦ ਵਿਚ ਇਹ ਗੁਰਦੁਆਰਾ ਕਲਿਆਣ ਸਰ ਹੈ। ਇਹ ਇਮਾਰਤ ਸੰਤ ਸੁੰਦਰ ਸਿੰਘ ਨੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬਣਵਾਈ ਸੀ। ਪਿੰਡ ਦੀ ਆਬਾਦੀ ਪੰਜ-ਛੇ ਹਜ਼ਾਰ ਦੇ ਕਰੀਬ ਹੈ।

ਵੱਡਾ ਘਰ (ਮੋਗਾ): ਪਿੰਡ ਵੱਡਾ ਘਰ ਜ਼ਿਲ੍ਹਾ ਮੋਗਾ ਵਿਚ ਹੈ ਅਤੇ ਮੋਗਾ-ਕੋਟਕਪੂਰਾ ਸੜਕ ਉੱਪਰ ਸਥਿਤ ਹੈ। ਇਥੇ ਗੁਰੂ ਹਰਿਗੋਬਿੰਦ ਸਾਹਿਬ ਪਧਾਰੇ ਸਨ। ਸਥਾਨਿਕ ਰਵਾਇਤਾਂ ਅਨੁਸਾਰ ਇਥੋਂ ਦੇ ਲੋਕ ਸਰਵਰੀਏ ਪੀਰ, ਜਿਸ ਨੂੰ ਸੁਲਤਾਨੀ ਪੀਰ ਵੀ ਕਿਹਾ ਜਾਂਦਾ ਹੈ, ਦੇ ਪੁਜਾਰੀ ਸਨ ਪਰ ਗੁਰੂ ਹਰਿਗੋਬਿੰਦ ਸਾਹਿਬ ਨੇ ਇਨ੍ਹਾਂ ਲੋਕਾਂ ਨੂੰ ਸਰਵਰੀਆਂ ਵੱਲੋਂ ਤੋੜ ਕੇ ਸਿਖ ਧਰਮ ਵਿਚ ਲਿਆਂਦਾ ਸੀ। ਸਿਖ ਧਰਮ ਨੂੰ ਸਰਵਰੀਆਂ ਦੇ ਮੱਤ ਨਾਲੋਂ ਵੱਡਾ ਮੱਤ ਦਰਸਾਇਆ ਗਿਆ ਸੀ। ਸਿਖ ਬਣੇ ਲੋਕਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਹੁਣ ਉਹ ਵੱਡੇ ਘਰ ਨਾਲ ਜੁੜ ਗਏ ਹਨ। ਇਸ ਕਰ ਕੇ ਇਸ ਪਿੰਡ ਦਾ ਨਾਂ ਵੱਡਾ ਘਰ ਹੀ ਪਰਚੱਲਿਤ ਹੋ ਗਿਆ। 50 ਕੁ ਸਾਲ ਪਹਿਲਾਂ ਸਥਾਨਿਕ ਸੰਗਤਾਂ ਨੇ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਬਣਵਾਈ ਸੀ। ਪਿੰਡ ਦੀ ਆਬਾਦੀ ਦਸ-ਬਾਰਾਂ ਹਜ਼ਾਰ ਦੇ ਕਰੀਬ ਹੈ।

ਦੋਧਰ (ਮੋਗਾ): ਪਿੰਡ ਦੋਧਰ ਜ਼ਿਲ੍ਹਾ ਮੋਗਾ ਦਾ ਪਿੰਡ ਹੈ ਜੋ ਅਜਿੱਤਵਾਲ ਤੋਂ ਛੇ ਕਿਲੋਮੀਟਰ ਪੱਛਮ ਵੱਲ ਹੈ। ਇਥੇ ਪਹਿਲਾਂ ਗੁਰੂ ਨਾਨਕ ਦੇਵ ਜੀ ਆਏ ਸਨ। ਪਿੱਛੋਂ ਗੁਰੂ ਹਰਿਗੋਬਿੰਦ ਸਾਹਿਬ ਪਧਾਰੇ ਸਨ। ਦੋਹਾਂ ਗੁਰੂ ਸਾਹਿਬਾਨ ਦੀ ਯਾਦ ਵਿਚ ਇਕੋ ਗੁਰਦੁਆਰਾ ਹੈ। ਇਸ ਅਸਥਾਨ ਦੀ ਵਿਸ਼ੇਸ਼ ਗੱਲ ਇਹ ਹੈ ਕਿ ਜਦੋਂ ਪਹਿਲੀ ਅਕਤੂਬਰ, 1914 ਨੂੰ ਗੁਰਦੁਆਰੇ ਦੀਆਂ ਨੀਹਾਂ ਦੀ ਪੁਟਾਈ ਹੋ ਰਹੀ ਸੀ ਤਾਂ ਉਸ ਸਮੇਂ ਦੋ ਤਾਂਬੇ ਦੇ ਪੱਤਰ ਮਿਲੇ ਸਨ ਜਿਨ੍ਹਾਂ ਵਿੱਚੋਂ ਇਕ ਉੱਪਰ ਲਿਖਿਆ ਹੋਇਆ ਹੈ 'ਨਾਨਕ ਤਪਾ ਈਹਾਂ ਰਮੇ'। ਇਸ ਦੇ ਦੂਜੇ ਪਾਸੇ ਲਿਖਿਆ ਹੈ 'ਪਹਿਲੀ ਪਾਤਸ਼ਾਹੀ ਛੇਮੀ ਆਏ।' ਦੂਜਾ ਪੱਤਰ ਜੋ ਮੋਹਰ ਦੀ ਸ਼ਕਲ ਦਾ ਹੈ, ਇਸ ਉੱਪਰ ਲਿਖਿਆ ਹੈ 'ਨਾਨਕ'। ਇਨ੍ਹਾਂ ਪੱਤਰਾਂ ਦੇ ਮਿਲਣ ਪਿੱਛੋਂ ਇਕ ਅੱਛੀ ਇਤਿਹਾਸਿਕਤਾ ਸਥਾਪਿਤ ਹੋ ਗਈ ਹੈ। ਇਸ ਕਰ ਕੇ ਸਥਾਨਿਕ ਸੰਗਤਾਂ ਨੇ ਬਹੁਤ ਚਾਵਾਂ-ਮਲਾਰਾਂ ਨਾਲ ਇਥੇ ਗੁਰਦੁਆਰੇ ਦੀ ਉਸਾਰੀ ਕੀਤੀ ਸੀ। ਗੁਰਦੁਆਰੇ ਦਾ ਨਾਂ ਗੋਬਿੰਦ ਗੜ੍ਹ ਸਾਹਿਬ ਹੈ।

ਮੱਦੋ ਕੇ: ਪਿੰਡ ਮੱਦੋ ਕੇ, ਡਰੌਲੀ ਭਾਈ ਕੀ ਤੋਂ ਤਕਰੀਬਨ ਪੰਝੀ ਕਿਲੋਮੀਟਰ ਪੂਰਬ ਵੱਲ ਹੈ। ਇਥੇ ਗੁਰੂ ਘਰ ਦਾ ਪਰਚਾਰਕ ਭਾਈ ਮੱਦੋ ਰਹਿੰਦਾ ਸੀ। ਗੁਰੂ ਹਰਿਗੋਬਿੰਦ ਸਾਹਿਬ ਧਰਮ ਪਰਚਾਰ ਕਰਦੇ ਹੋਏ ਡਰੌਲੀ ਭਾਈ ਤੋਂ ਇਥੇ ਪਹੁੰਚੇ ਸਨ। ਗਿਆਨੀ ਠਾਕਰ ਸਿੰਘ ਅਨੁਸਾਰ 'ਭਾਈ ਮੱਦੋ ਦੇ ਪ੍ਰੇਮ ਕਰ ਇਥੇ ਚਰਨ ਪਾਏ ਅਤੇ ਇਕ ਦਿਨ ਰਾਤ ਇਥੇ ਦਰਸ਼ਨ ਦਿੱਤਾ। ਸਤਿਨਾਮ ਵਾਹਿਗੁਰੂ ਮੰਤਰ ਦ੍ਰਿੜ ਕਰਾਇ ਸੰਗਤ ਨੂੰ ਨਿਹਾਲ ਕੀਤਾ, ਪੁਜਾਰੀ ਸਿਖ ਹਨ।' ਭਾਈ ਕਾਨ੍ਹ ਸਿੰਘ ਨੇ ਲਿਖਿਆ ਹੈ: 'ਮੱਦੋ ਕੇ: ਜ਼ਿਲ੍ਹਾ ਫਿਰੋਜ਼ਪੁਰ, ਤਸੀਲ ਥਾਣਾ ਮੋਗਾ ਦਾ ਇਕ ਪਿੰਡ, ਜੋ ਰੇਲਵੇ ਸਟੇਸ਼ਨ ਅਜਿੱਤਵਾਲ ਤੋਂ ਚਾਰ ਮੀਲ ਦੱਖਣ ਪੱਛਮ ਹੈ। ਇਸ ਪਿੰਡ ਤੋਂ ਅੱਧ ਮੀਲ ਦੱਖਣ ਪੂਰਵ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਹੈ। ਇਥੇ ਸਤਿਗੁਰਾਂ ਨੇ ਚੋਰਾਂ ਤੋਂ ਚੋਰੀ ਛੁਡਵਾ ਕੇ ਸਿਖੀ ਅਤੇ ਸਦਾਚਾਰ ਦੀ ਦਾਤ ਦਿੱਤੀ। ਗੁਰਦੁਆਰਾ ਅਤੇ ਰਹਾਇਸ਼ੀ ਮਕਾਨ ਬਣੇ ਹੋਏ ਹਨ। ਪਿੰਡ ਵੱਲੋਂ ਇਕ ਘੁਮਾਉਂ

ਜ਼ਮੀਨ ਹੈ। ਪੁਜਾਰੀ ਅਕਾਲੀ ਸਿੰਘ ਹੈ।'

ਲੋਪੋਕੇ: ਪਿੰਡ ਲੋਪੋਕੇ ਅੱਜ ਕੱਲ ਜ਼ਿਲ੍ਹਾ ਮੋਗਾ ਵਿਚ ਸਥਿਤ ਹੈ। ਇਸ ਦਾ ਥਾਣਾ ਨਿਹਾਲ ਸਿੰਘ ਵਾਲਾ ਹੈ। ਅਜਿਤਵਾਲ ਤੋਂ 16 ਕਿਲੋਮੀਟਰ ਦੱਖਣ ਵੱਲ ਹੈ; ਮੱਦੋ ਕਿਆਂ ਤੋਂ 12 ਕਿਲੋਮੀਟਰ ਦੀ ਵਿੱਥ 'ਤੇ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਪਧਾਰੇ ਸਨ। ਉਨਾਂ ਦੀ ਯਾਦ ਵਿਚ ਪਿੰਡ ਦੇ ਦੱਖਣ-ਪੂਰਬ ਵੱਲ ਗੁਰਦੁਆਰਾ ਹੈ। ਪੰਡਿਤ ਤਾਰਾ ਸਿੰਘ ਨਰੋਤਮ ਅਤੇ ਗਿਆਨੀ ਠਾਕਰ ਸਿੰਘ ਅਨੁਸਾਰ ਗੁਰੂ ਜੀ ਇੱਥੇ ਮੱਦੋ ਕੇ ਪਿੰਡ ਵੱਲੋਂ ਆਏ ਸੀ ਪਰ ਭਾਈ ਕਾਨ ਸਿੰਘ ਨਾਭਾ ਅਨੁਸਾਰ ਗੁਰੂ ਜੀ ਮਧੇਹ ਪਿੰਡ ਵੱਲੋਂ ਆਏ ਸਨ। ਹੋ ਸਕਦਾ ਹੈ ਕਿ ਮੱਦੋ ਕੇ ਅਤੇ ਮਧੇਹ ਦੋਵੇਂ ਵੱਖ-ਵੱਖ ਤਰਾਂ ਨਾਲ ਉਚਾਰੇ ਜਾਣ ਵਾਲੇ ਇਕੋ ਪਿੰਡ ਦੇ ਹੀ ਦੋ ਨਾਂ ਹੋਣ। ਗਯਾਨੀ ਗਯਾਨ ਸਿੰਘ ਨੇ ਲਿਖਿਆ ਹੈ: '80 ਘੁਮਾਂ ਮਾਫੀ ਇੱਥੇ ਦੋ ਦਿਨ ਰਹਿ ਕੇ ਅਨੇਕ ਜਨ ਤਾਰੇ ਲੋਪੋ ਪਾਖਰ ਖੱਡਾ ਤੇ ਉੱਤਮ ਛੋਟਾ ਦੋ ਲੰਬਰਦਾਰ ਥੇ ਬਡਾ ਗੁਰੂ ਦੇ ਬਰਾਬਰ ਆ ਬੈਠਾ ਛੋਟਾ ਨੀਚੇ ਬੈਠਾ ਬਚਨ ਹੋਯਾ' ਹਰਿ ਹੰਕਾਰ ਨਾ ਭਾਵਈ' ਹੁਣ ਛੋਟਾ ਵੱਡਾ ਹੋਯਾ। ਉੱਤਮ ਪਿੰਡ ਦਾ ਮਾਲਕ ਹੋਵੇਗਾ। ਕਿਸੇ ਨੇ ਕਿਹਾ ਇਹ ਤਾਂ ਗਰੀਬ ਹੈ। ਹੁਕਮ ਹੋਯਾ ਨਸੀਬ ਬਡਾ ਹੋ ਗਿਆ। ਹੁਣ ਓਸ ਦੀ ਸੰਤਾਨ ਦੇ ਤਿੰਨ ਪਿੰਡ ਵਸਦੇ ਹਨ ਪਾਖਰ ਦਾ ਇਕੋ ਘਰ ਹੈ।'[1] ਭਾਈ ਕਾਨ ਸਿੰਘ ਨਾਭਾ ਨੇ ਲਿਖਿਆ ਹੈ: 'ਇਸ ਗੁਰਦੁਆਰੇ ਨੂੰ ਗੁਰੂ ਸਰ ਵੀ ਆਖਦੇ ਹਨ, ਦਰਬਾਰ ਅਤੇ ਰਿਹਾਇਸ਼ੀ ਮਕਾਨ ਬਣੇ ਹੋਏ ਹਨ। ਪੁਜਾਰੀ ਨਿਰਮਲਾ ਸਿੰਘ ਹੈ। ਇਸ ਗੁਰਦੁਆਰੇ ਨਾਲ 120 ਘੁਮਾਊ ਦੇ ਕਰੀਬ ਜ਼ਮੀਨ ਕਈ ਪਿੰਡਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਹੈ।'[2]

ਮਹਿਰੋਂ (ਮੋਗਾ): ਪਿੰਡ ਮਹਿਰੋਂ, ਮੋਗਾ-ਕੋਟਕਪੂਰਾ ਸੜਕ ਉੱਪਰ ਮੋਗੇ ਤੋਂ ਅੱਠ ਕਿਲੋਮੀਟਰ ਦੀ ਵਿੱਥ ਉੱਤੇ ਹੈ। ਇਹ ਪਿੰਡ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਫੇਰੀ ਸਮੇਂ ਭਾਵੇਂ ਆਬਾਦ ਨਹੀਂ ਸੀ ਪਰ ਮਹਿਰਮੀ ਕਬੀਲੇ ਦੇ ਲੋਕਾਂ ਵੱਲੋਂ ਗੁਰੂ ਸਾਹਿਬ ਦੀ, ਲੜਾਈਆਂ ਵਿਚ ਸਰਗਰਮ ਮੱਦਦ ਦੇਣ ਕਰ ਕੇ ਗੁਰੂ ਜੀ ਨੇ ਇਨਾਂ ਨੂੰ ਇੱਥੇ ਉਨਾਂ ਦਾ ਪਿੰਡ ਵਸਾਉਣ ਲਈ ਪਰੇਰਿਆ ਸੀ। ਗੁਰੂ ਜੀ ਦੀ ਆਸ਼ੀਰਵਾਦ ਨਾਲ ਪਿੰਡ ਵਸਾਇਆ ਹੋਣ ਕਰ ਕੇ ਮਹਿਰਮੀਂ ਲੋਕਾ ਨੇ ਇੱਥੇ ਗੁਰੂ ਜੀ ਦੀ ਯਾਦ ਵਚ ਇਕ ਗੁਰਦੁਆਰਾ ਬਣਵਾਇਆ ਸੀ। ਇਨਾਂ ਲੋਕਾਂ ਦੇ ਵੱਡੇ ਵਡੇਰੇ ਮਾਲੋ ਅਤੇ ਸੱਜਣ ਸਨ ਜਿਨਾਂ ਦਾ ਪਿਛੋਕੜ ਚੜਿੱਕ ਪਿੰਡ ਦਾ ਸੀ। ਇਹ ਗੁਰੂ ਘਰ ਦੇ ਅਨਿੰਨ ਭਗਤ ਸਨ। ਮਹਿਰਮੀ ਲੋਕਾਂ ਦਾ ਪਿੰਡ ਹੋਣ ਕਰ ਕੇ ਹੀ ਇਸ ਪਿੰਡ ਦਾ ਨਾਂ ਮਹਿਰੋਂ ਪਰਚੱਲਿਤ ਹੋ ਗਿਆ। ਇਸ ਦੀਆਂ ਤਿੰਨ ਪੱਤੀਆਂ ਹਨ: ਮਾਲੋ, ਸੱਜਣ ਅਤੇ ਗੁਰਾਇਆ। ਇੱਥੇ ਨਾਥਾਂ ਦਾ ਡੇਰਾ ਵੀ ਹੈ। ਇਸ ਡੇਰੇ ਵਿਚ ਇਕ ਨਾਥ ਬਾਬੇ ਨੇ ਕਾਲਾ ਬੁਰਕਾ ਪਾ ਕੇ ਉਮਰ ਭਰ ਤਪੱਸਿਆ ਕੀਤੀ ਸੀ। ਪਿੱਛੋਂ ਉਸੇ ਦੀ ਯਾਦ ਵਿਚ ਇਹ ਡੇਰਾ ਸਥਾਪਿਤ ਹੋ ਗਿਆ। ਇਸ ਦੀ ਸਮਾਧ ਵੀ ਹੈ।

ਗੁਰੂ ਜੀ ਦੀ ਯਾਦ ਵਿਚ ਇਕ ਬਹੁਤ ਹੀ ਸੁੰਦਰ ਗੁਰਦੁਆਰਾ ਹੈ। ਇਸ ਦਾ ਨਾਂ ਗੁਰਦੁਆਰਾ ਗੁਰੂ ਸਰ ਹੈ। ਇੱਥੇ ਇਕ ਬੇਰੀ ਦਾ ਭਾਰੀ ਦਰਖ਼ਤ ਹੈ ਜਿਸ ਬਾਰੇ ਵਿਸ਼ਵਾਸ

1. *ਗੁਰਧਾਮ ਸੰਗ੍ਰਹਿ*, ਪੰਨਾ 120.
2. *ਮਹਾਨ ਕੋਸ਼*, ਪੰਨਾ 805.

ਕੀਤਾ ਜਾਂਦਾ ਹੈ ਕਿ ਇਹ ਗੁਰੂ ਸਾਹਿਬ ਦੇ ਸਮੇਂ ਦਾ ਹੈ। ਇਹ ਗੁਰਦੁਆਰਾ ਪਿੰਡ ਦੇ ਉੱਤਰ ਵੱਲ ਹਾਈ ਸਕੂਲ ਦੇ ਨੇੜੇ ਹੈ। ਭਾਈ ਕਾਨ ਸਿੰਘ ਨੇ ਇਸ ਦਾ ਜ਼ਿਕਰ ਇਸ ਤਰਾਂ ਕੀਤਾ ਹੈ: 'ਮਹਿਰੋ: ਜ਼ਿਲ੍ਹਾ ਫਿਰੋਜ਼ਪੁਰ, ਤਸੀਲ ਥਾਣਾ ਮੋਗਾ ਦਾ ਪਿੰਡ, ਜੋ ਰੇਲਵੇ ਸਟੇਸ਼ਨ ਮੋਗੇ ਤੋਂ ਚਾਰ ਮੀਲ ਦੱਖਣ ਹੈ। ਇਸ ਪਿੰਡ ਤੋਂ ਉੱਤਰ ਸਮੀਪ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ 'ਗੁਰੂ ਸਰ' ਨਾਮਕ ਗੁਰਦੁਆਰਾ ਹੈ। ਸਤਿਗੁਰੂ ਜੀ ਮੱਦੋ ਕੇ ਤੋਂ ਡਰੋਲੀ ਜਾਂਦੇ ਵਿਰਾਜੇ ਹਨ। ਗੁਰਦੁਆਰਾ ਨਵਾਂ ਛੋਟਾ ਜਿਹਾ ਬਣਿਆ ਹੋਇਆ ਹੈ। ਅਕਾਲੀ ਸਿੰਘ ਪੁਜਾਰੀ ਹੈ।'[1]

ਗੁਰਦੁਆਰਾ ਗੁਰੂ ਸਰ ਪਾਤਿਸ਼ਾਹੀ ਛੇਵੀਂ ਗੱਜਣ ਵਾਲਾ: ਇਹ ਗੁਰਦੁਆਰਾ ਪਿੰਡ ਗੱਜਣ ਵਾਲਾ ਵਖੇ ਸਥਿਤ ਹੈ ਜੋ ਮੋਗਾ ਕੋਟਕਪੂਰਾ ਸੜਕ ਉੱਤੇ ਵਾਕਿਆ ਹੈ। ਇਸ ਦੇ ਨਾਲ ਹੀ ਸਿੰਘਾਂ ਵਾਲਾ ਅਤੇ ਡਗਰੂ ਪਿੰਡ ਵੀ ਸਥਿਤ ਹਨ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਆਏ ਸਨ।

ਜਿਸ ਸਮੇਂ ਗੁਰੂ ਸਾਹਿਬ ਡਰੋਲੀ ਭਾਈ ਵਿਖੇ ਠਹਿਰੇ ਹੋਏ ਸਨ ਤਾਂ ਉਸ ਸਮੇਂ, ਇੱਧਰ ਸਿਖ ਸੰਗਤਾਂ ਵਿਚ ਪਰਚਾਰ ਕਰਨ ਲਈ ਆਇਆ ਕਰਦੇ ਸਨ। ਪਿੱਛੋਂ ਇੱਥੋਂ ਦੀਆਂ ਸਿਖ ਸੰਗਤਾਂ ਨੇ ਇਕ ਗੁਰਦੁਆਰੇ ਦੀ ਉਸਾਰੀ ਕਰ ਦਿੱਤੀ। ਸਰਦਾਰ ਅਜਮੇਰ ਸਿੰਘ, ਲਾਹੌਰਾ ਸਿੰਘ ਅਤੇ ਕਰਨੈਲ ਸਿੰਘ ਨੇ ਗੁਰਦੁਆਰੇ ਦੀ ਉਸਾਰੀ ਲਈ ਸਿਖ ਸੰਗਤਾਂ ਦੀ ਅਗਵਾਈ ਕੀਤੀ ਅਤੇ ਤਕਰੀਬਨ ਇਕ ਲੱਖ ਰੁਪਿਆ ਇਸ ਉੱਪਰ ਖਰਚ ਕੀਤਾ।

ਸਿਰੀ ਹਰਿਗੋਬਿੰਦਪੁਰ ਸਾਹਿਬ: ਸਿਰੀ ਹਰਿਗੋਬਿੰਦਪੁਰ ਸਾਹਿਬ ਜ਼ਿਲ੍ਹਾ ਗੁਰਦਾਸਪੁਰ ਅਤੇ ਤਹਿਸੀਲ ਬਟਾਲਾ ਵਿਚ ਸਥਿਤ ਹੈ। ਇਹ ਗੁਰਦਾਸਪੁਰ ਤੋਂ 40 ਕਿਲੋਮੀਟਰ ਅਤੇ ਅੰਮ੍ਰਿਤਸਰ ਤੋਂ 60 ਕਿਲੋਮੀਟਰ ਦੀ ਦੂਰੀ 'ਤੇ ਹੈ। ਇੱਥੇ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਵਿੱਤਰ ਚਰਨ ਪਏ ਹੋਏ ਹਨ। ਮੂਲ ਰੂਪ ਵਿਚ ਹਰਿਗੋਬਿੰਦਪੁਰ ਸਾਹਿਬ ਨਗਰ ਗੁਰੂ ਅਰਜਨ ਦੇਵ ਜੀ ਦੇ ਨਵੇਂ ਨਗਰ ਸਥਾਪਿਤ ਕਰਨ ਦੇ ਪਰੋਗਰਾਮ ਨਾਲ ਸੰਬੰਧਿਤ ਹੈ ਕਿਉਂਕਿ ਗੁਰੂ ਜੀ ਨੇ ਸਿਖ ਧਰਮ ਦੇ ਵਿਕਾਸ ਲਈ ਨਿਰੋਲ ਸਿਖ ਸਭਿਆਚਾਰ ਵਾਲੇ ਨਗਰ ਸਥਾਪਿਤ ਕਰਨੇ ਅਰੰਭੇ ਸਨ। ਇਸ ਤਹਿਤ ਪਹਿਲਾਂ ਤਰਨ-ਤਾਰਨ, ਅੰਮ੍ਰਿਤਸਰ, ਕਰਤਾਰਪੁਰ ਆਦਿ ਨਗਰਾਂ ਦੀ ਬੁਨਿਆਦ ਰੱਖੀ ਗਈ ਸੀ। ਇਸੇ ਨੀਤੀ ਤਹਿਤ ਸ੍ਰੀ ਹਰਿਗੋਬਿੰਦ ਸਾਹਿਬ ਦੀ ਨੀਂਹ ਰੱਖੀ ਗਈ ਸੀ।

ਪਰ ਗੁਰਮੁੱਖੀ ਦੀਆਂ ਪੁਰਾਤਨ ਲਿਖਤਾਂ ਵਿਚ ਇਹ ਲਿਖਿਆ ਮਿਲਦਾ ਹੈ ਕਿ ਇਹ ਨਗਰ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਸਥਾਪਿਤ ਕੀਤਾ ਸੀ। ਇਨ੍ਹਾਂ ਅਨੁਸਾਰ ਇਹ ਥਾਂ ਉਸ ਚੰਦੂ ਦੀ ਸੀ ਜਿਸ ਦਾ ਨਾਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਜ਼ਿੰਮੇਵਾਰ ਵਿਅਕਤੀਆਂ ਵਿਚ ਆਉਂਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਿੱਛੋਂ ਹਥਿਆਰਬੰਦ ਨੀਤੀ ਅਪਣਾ ਕੇ ਗੁਰੂ-ਘਰ ਦੇ ਵਿਰੋਧੀ ਲੋਕਾਂ ਨੂੰ ਇਹ ਤਾੜਨਾ ਕਰ ਦਿੱਤੀ ਸੀ ਕਿ ਜੇ ਉਨ੍ਹਾਂ ਨੇ ਸਿਖ ਧਰਮ ਦੀ ਵਿਰੋਧਤਾ ਨਾ ਛੱਡੀ ਤਾਂ ਉਨ੍ਹਾਂ ਵਿਰੁੱਧ ਹਥਿਆਰਬੰਦ ਸਿੱਧੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ। ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ ਕਿ ਗੁਰੂ ਜੀ ਨੇ ਚੰਦੂ ਦੇ ਪਿੰਡ ਰੁਹੇਲੇ ਉੱਪਰ ਹਮਲਾ ਕਰ ਕੇ ਉਸ ਨੂੰ ਪਕੜ ਲਿਆ ਸੀ

1. *ਮਹਾਨ ਕੋਸ਼, ਪੰਨਾ 937.*

ਅਤੇ ਉਸ ਦੇ ਘਰ ਘਾਟ ਨੂੰ ਬੁਰੀ ਤਰਾਂ ਢਾਹ ਕੇ ਥੇਹ ਬਣਾ ਦਿੱਤਾ ਸੀ। ਇਹ ਥੇਹ ਉੱਪਰ ਹੀ ਹਰਿਗੋਬਿੰਦਪੁਰ ਸਾਹਿਬ ਨਗਰ ਦੀ ਨੀਂਹ ਰੱਖੀ ਗਈ ਸੀ:

ਰੁਹੀਲਾ ਕਸਬਾ ਤਾ ਕਾ ਆਹਾ। ਸਤਗੁਰ ਆਗਿਆ ਸੋ ਸਭ ਢਾਹਾ।
ਗੁਰਬਚਨ ਕਹਾ ਜੋ ਕਹੇ ਰੁਹੀਲਾ। ਤਾ ਕੇ ਤਨ ਦੂਖ ਲਾਗੇ ਹੀਲਾ।
ਢਾਹ ਤਹਾ ਪੁਨ ਨਗਰ ਬਸਾਇਆ। ਸ੍ਰੀ ਹਰਿਗੋਬਿੰਦਪੁਰ ਨਾਮ ਰਖਾਇਆ॥[1]

ਕੇਸਰ ਸਿੰਘ ਛਿੱਬਰ ਨੇ ਵੀ ਲਗਪੱਗ ਇਸੇ ਤਰਾਂ ਲਿਖਦਿਆਂ ਕਿਹਾ ਹੈ ਕਿ ਸੰਮਤ ਸੋਲਾਂ ਸੌ ਚੌਸਟ ਬਿ. ਮੁਤਾਬਿਕ ਸੰਨ 1607 ਈ. ਵਿਚ ਗੁਰੂ ਹਰਿਗੋਬਿੰਦ ਸਾਹਿਬ ਨੇ ਅੰਮ੍ਰਿਤਸਰੋ ਆ ਕੇ ਰੁਹੇਲਾ ਪਿੰਡ ਮੱਲ ਲਿਆ। ਗੁਰੂ ਜੀ ਨੇ ਡੇਰਾ ਉੱਥੇ ਹੀ ਲਗਾ ਕੇ ਇਸ ਦਾ ਨਾਂ ਹਰਿਗੋਬਿੰਦਪੁਰ ਰੱਖ ਦਿੱਤਾ।

ਸੰਮਤ ਸੋਲਾਂ ਸੌ ਚੌਸਟ ਭਏ।
ਸਾਹਿਬ ਉੱਥੇ ਆਏ ਤਾਂ ਗਿਰਾਉਂ ਰੁਹੀਲਾ ਮਲਿ ਲਏ।
ਤਿਸ ਦਾ ਨਾਉਂ ਸ੍ਰੀ ਹਰਿਗੋਬਿੰਦਪੁਰ ਧਰਿਆ।
ਡੇਰਾ ਜਾਏ ਉੱਥੇ ਹੀ ਕਰਿਆ।[2]

ਗਯਾਨੀ ਗਯਾਨ ਸਿੰਘ ਨੇ ਪੰਥ ਪ੍ਰਕਾਸ਼ ਵਿਚ ਲਿਖਿਆ ਹੈ ਕਿ ਗੁਰੂ ਜੀ ਸੰਮਤ 1675 ਬਿ. ਮੁਤਾਬਿਕ ਸੰਨ 1618 ਈ. ਵਿਚ ਚੰਦੂ ਨੂੰ ਮਾਰ ਕੇ ਉਸ ਦੇ ਪਿੰਡ ਉੱਪਰ ਕਬਜਾ ਕਰ ਲਿਆ। ਹਰਿਗੋਬਿੰਦਪੁਰ ਨਾਂ ਰੱਖਿਆ ਅਤੇ ਕਿਹਾ ਕਿ ਜਿਵੇਂ ਇਸ ਨੇ ਸਾਡੀ ਜ਼ਮੀਨ ਖੋਹੀ ਸੀ ਉਸੇ ਤਰਾਂ ਅਸੀਂ ਉਸ ਕੋਲੋਂ ਖੋਹ ਲਈ ਹੈ:

ਜਯੋਂ ਸੰਮਤ ਪਾਛਤ੍ਰ ਮੇਂ ਇਨ ਮਾਰ ਚੰਦੂ ਕੋ ਤਾਈ।
ਗਾਮ ਰੁਹੀਲਾ ਤਿਹ ਉਜਾਰ ਕੇ ਅਪਨਾ ਲਯੋ ਬਸਾਈ।
ਹਰਿਗੋਬਿੰਦਪੁਰ ਨਾਮ ਰਖਯੋ ਤਿਹ ਮਤ ਕਿਤ ਮਮ ਸੰਗਾਰੀ।
ਕਰੇ ਤੈਸ ਹੀ ਲਰੇ ਸੰਗ ਮਮ ਛੀਨ ਜਮੀਨ ਹਮਾਰੀ।[3]

ਗਯਾਨੀ ਗਯਾਨ ਸਿੰਘ ਨੇ ਇਸ ਗੱਲ ਨੂੰ ਤਵਾਰੀਖ ਗੁਰੂ ਖਾਲਸਾ ਵਿਚ ਹੋਰ ਵਧੇਰੇ ਸਪਸ਼ਟਤਾ ਨਾਲ ਲਿਖਿਆ ਹੈ: 'ਫੇਰ ਦੁਆਬੇ ਦੇਸ ਦਾ ਦੌਰਾ ਤੇ ਸਿਖਾਂ ਦਾ ਸੁਧਾਰ ਕਰਦੇ ਹੋਏ ਮੁਕੇਰੀਆਂ ਤੇ ਬਯਾਸਾ ਪਾਰ ਹੋ ਕੇ ਇਕ ਥੇਹ ਉੱਤੇ ਜਾ ਠਹਿਰੇ। ਉੱਥੋਂ ਦਾ ਰੁਹੀਲਾ ਪਿੰਡ ਜੋ ਦੀਵਾਨ ਚੰਦੂ ਲਾਲ ਦੀ ਮਲਕੀਅਤ ਜ਼ਬਤ ਕਰ ਕੇ ਬਾਦਸ਼ਾਹ ਨੇ ਉਜਾੜ ਦਿੱਤਾ ਸੀ। ਗੁਰੂ ਜੀ ਨੇ ਸ਼ਾਹੀ ਸਨਦ ਲੈ ਕੇ ਉੱਥੇ 17 ਅਸੂ, ਸੰਮਤ 1677 ਬਿ. ਵਿਚ ਹਰਿਗੋਬਿੰਦਪੁਰ ਬਸਾਯਾ ਜਿਸ ਦੀ ਮਲਕੀਯਤ ਹੁਣ ਤੱਕ ਗੁਰੂ ਜੀ ਦੀ ਔਲਾਦ ਪਾਸ ਹੈ।'[4] ਪਰ ਇਸੇ ਹੀ ਲੇਖਕ ਨੇ ਆਪਣੀ ਸਭ ਤੋਂ ਪਿਛਲੇ ਸਮੇਂ ਵਿਚ ਲਿਖੀ ਹੋਈ ਲਿਖਤ ਗੁਰਧਾਮ ਸੰਗ੍ਰਿਹ ਵਿਚ ਇਸ

---

1. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼* (ਭਾਗ ਦੂਜਾ-1776 ਈ.), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ 424.
2. 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ', *ਪਰਖ*, ਚੰਡੀਗੜ੍ਹ, 1972, ਪੰਨਾ 62.
3. *ਸ੍ਰੀ ਗੁਰ ਪੰਥ ਪ੍ਰਕਾਸ਼* (ਪੱਥਰ ਛਾਪ, ਦੂਜੀ), ਅੰਮ੍ਰਿਤਸਰ, 1889 ਈ., ਪੰਨਾ 102.
4. *ਤਵਾਰੀਖ ਗੁਰੂ ਖਾਲਸਾ* (ਪੱਥਰ ਛਾਪ, ਪਹਿਲੀ), ਸਿਆਲਕੋਟ, 1891, ਪੰਨਾ 226.

ਅਸਥਾਨ ਦਾ ਕੁਝ ਵੱਖਰਾ ਵੇਰਵਾ ਦਿੱਤਾ ਹੈ: 'ਇਥੇ ਘੇਰੜ ਗੋਤੇ ਭਗਵਾਨੇ ਖਤਰੀ ਤਪੇਦਾਰ ਨੇ ਗੁਰੂ ਸਾਹਿਬ ਨਾਲ ਲੜਾਈ ਕੀਤੀ ਅੰਤ ਨੂੰ ਮਾਰਿਆ ਗਿਆ ਫੇਰ ਉਸ ਦਾ ਤੇ ਚੰਦੂ ਦੀਵਾਨ ਦਾ ਪੁੱਤਰ ਸਾਹੀ ਫੌਜ ਚੜ੍ਹਾ ਕੇ ਲੈ ਆਏ। ਅੰਤ ਨੂੰ ਮੂੰਹੋਂ ਮੂੰਹ ਖਾ ਕੇ ਹਾਰੇ ਪਹਿਲੇ ਇਹ ਚੰਦੂ ਸਾਹ ਦੀਵਾਨ ਦਾ ਰੁਹੀਲਾ ਨਾਮ ਪਿੰਡ ਸੀ ਜੋ ਬਾਦਸ਼ਾਹ ਨੇ ਉਜਾੜ ਕੇ ਗੁਰੂ ਦੇ ਅਰਪਨ ਕਰ ਦਿੱਤਾ। ਸੰ: 1676 ਬਿ. ਨੂੰ ਫੇਰ ਗੁਰੂ ਜੀ ਨੇ ਬਾਦਸ਼ਾਹ ਤੇ ਜਿਮੀਦਾਰਾ ਲੈ ਕੇ ਬਸਾ ਕਰ ਇਕ ਸਰਾਇ ਇਕ ਮਸੀਤ ਬਨਵਾ ਕਰ ਸਦਾ ਬਰਤ ਕਾਇਮ ਕਰ ਰਖਿਆ ਸੀ। ਪਹਿਲੇ ਤਾਂ ਬਹੁਤ ਜਾਗੀਰ ਸੀ ਹੁਣ ਤਿੰਨ ਸੌ ਦੀ ਹੈ। ਜਿਥੇ ਗੁਰੂ ਕੇ ਮਹਿਲ ਰਹਿਆ ਕਰਦੇ ਸਨ ਉਹ ਅਸਥਾਨ ਭੀ ਪੂਜਨੀਕ ਹੈ।'[1]

ਭਾਈ ਕਾਨ ਸਿੰਘ ਨਾਭਾ ਨੇ ਉਪਰੋਕਤ ਲਿਖਤਾਂ ਤੋਂ ਕੁਝ ਵੱਖਰੇ ਵਿਚਾਰ ਦਰਜ ਕੀਤੇ ਹਨ। ਉਨਾਂ ਦਾ ਵਿਚਾਰ ਹੈ ਕਿ ਹਰਿਗੋਬਿੰਦ ਨਗਰ ਗੁਰੂ ਅਰਜਨ ਜੀ ਨੇ ਬਸਾਇਆ ਸੀ ਗੁਰੂ ਹਰਿਗੋਬਿੰਦ ਜੀ ਨੇ ਨਹੀਂ। ਉਹ ਲਿਖਦੇ ਹਨ: 'ਸ੍ਰੀ ਗੋਬਿੰਦਪੁਰ-ਜ਼ਿਲ੍ਹਾ ਗੁਰਦਾਸਪੁਰ ਦੀ ਬਟਾਲਾ ਤਸੀਲ ਵਿਚ ਬਿਆਸ ਦੇ ਉਤਰੀ ਕਿਨਾਰੇ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੰਮਤ 1644 ਬਿ. (1587 ਈ.) ਵਿਚ ਵਸਾਇਆ ਇਕ ਨਗਰ ਜੋ ਚੰਦੂ ਦੀ ਸ਼ਰਾਰਤ ਨਾਲ ਭਗਵਾਨ ਦਾਸ ਘੇਰੜ ਨੂੰ ਮਿਲ ਗਿਆ ਸੀ। ਗੁਰਪ੍ਰਤਾਪ ਸੂਰਜ ਵਿਚ ਲਿਖਿਆ ਹੈ ਕਿ ਇਹ ਨਗਰ ਛੀਵੇਂ ਸਤਿਗੁਰੂ ਨੇ ਵਸਾਇਆ ਹੈ ਪਰ ਇਹ ਸਹੀ ਨਹੀਂ। ਕਰਤਾਰਪੁਰ ਵਾਲੇ ਪ੍ਰਾਚੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਨਾਰੇ ਦੇ ਪੱਤਰਿਆਂ ਉੱਤੇ ਨੋਟ ਹੈ ਕਿ ਸ੍ਰੀ ਗੋਬਿੰਦਪੁਰ ਸੰਮਤ 1644 ਵਿਚ ਆਬਾਦ ਹੋਇਆ ਹੈ।'

'ਜਦ ਛੀਵੇਂ ਸਤਿਗੁਰੂ ਜੀ ਸੰਮਤ 1687 ਵਿਚ ਇਸ ਥਾਂ ਆਏ ਤਾਂ ਭਗਵਾਨ ਦਾਸ ਨੇ ਭਾਰੀ ਵਿਰੋਧ ਕੀਤਾ ਜਿਸ ਦਾ ਫਲ ਉਸ ਨੇ ਅਤੇ ਉਸ ਦੇ ਸਾਥੀਆਂ ਨੇ ਸ੍ਰੀ ਗੋਬਿੰਦਪੁਰ ਦੇ ਜੰਗ ਵਿਚ ਪਾਇਆ। ਇਸ ਦੀ ਮਲਕੀਅਤ ਕਰਤਾਰਪੁਰ ਦੇ ਰਈਸ ਸੋਢੀ ਸਾਹਿਬ ਦੇ ਪਾਸ ਹੈ।'[2] ਸਤਿਬੀਰ ਸਿੰਘ ਨੇ ਇਸ ਬਾਰੇ ਦੱਸਿਆ ਹੈ: 'ਲਾਹੌਰ ਤੋਂ ਵਾਪਸ ਆ ਕੇ ਗੁਰੂ ਜੀ ਅੰਮ੍ਰਿਤਸਰ ਨਾ ਟਿਕੇ ਤੇ ਦੁਆਬੇ ਵੱਲ ਚਲ ਪਏ। ਕੁੱਝ ਚਿਰ ਕਰਤਾਰਪੁਰ ਟਿਕਾਣਾ ਰੱਖਿਆ ਤੇ ਮੁਕੇਰੀਆਂ ਤੋਂ ਦਰਿਆ ਬਿਆਸ ਲੰਘ ਕੇ 1620 ਈ. ਵਿਚ ਦਰਿਆ ਦੇ ਕੰਢੇ ਮਾਝੇ ਵਾਲੇ ਪਾਸੇ ਹਰਿਗੋਬਿੰਦਪੁਰ ਦੀ ਨੀਂਹ ਰੱਖੀ। ਪਹਿਲਾਂ ਪਿੰਡ ਦਾ ਨਾਂ ਗੋਬਿੰਦਪੁਰ ਹੀ ਰੱਖਿਆ ਪਰ ਪਿੱਛੋਂ ਹਰਿਗੋਬਿੰਦਪੁਰ ਹੀ ਪੈ ਗਿਆ। ਉੱਥੇ ਹਰ ਜਾਤੀ ਦੇ ਲੋਕਾਂ ਨੂੰ ਵਸਾਇਆ। ਇਕ ਗੁਰਦੁਆਰਾ, ਇਕ ਸਰਾਂ, ਇਕ ਮਸੀਤ ਵੀ ਬਣਾਈ।......ਹਰਿਗੋਬਿੰਦਪੁਰ ਦੀ ਉਸਾਰੀ ਦਾ ਕੰਮ ਇਸਮਾਈਲ, ਭਾਈ ਅਮੀਉ, ਭਾਈ ਬਾਲਾ, ਭਾਈ ਜੇਠਾ, ਭਾਈ ਲਾਲੋ ਤੇ ਭਾਈ ਕਲਿਆਣੇ ਦੇ ਹਵਾਲੇ ਕਰ ਕੇ ਬਟਾਲੇ ਦੇ ਰਾਹ ਸ੍ਰੀ ਅੰਮ੍ਰਿਤਸਰ ਪੁਜੇ।'[3]

ਉਕਤ ਵੱਖ-ਵੱਖ ਲਿਖਤਾਂ ਤੋਂ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਰੁਹੇਲਾ ਦੀਵਾਨ ਚੰਦੂ ਦਾ ਪਿੰਡ ਸੀ; ਚੰਦੂ ਅਤੇ ਹੋਰ ਸਥਾਨਿਕ ਚੌਧਰੀਆਂ ਦੀ ਗੁਰੂ ਘਰ ਨਾਲ ਪੂਰੀ ਖਾਰ ਸੀ;

---

1. ਗੁਰਧਾਮ ਸੰਗ੍ਰਹਿ, ਪੰਨਾ 111.
2. *ਮਹਾਨ ਕੋਸ਼*, ਪੰਨਾ 188.
3. *ਗੁਰ ਭਾਰੀ*, ਪਟਿਆਲਾ, 1994, ਪੰਨਾ 61.

ਗੁਰੂ ਹਰਿਗੋਬਿੰਦ ਸਾਹਿਬ ਨੇ ਇੱਥੇ ਨਗਰ ਬਸਾਇਆ ਅਤੇ ਇਸ ਨਗਰ ਵਿਚ ਗੁਰੂ ਜੀ ਦੀ ਲੜਾਈ ਹੋਈ। ਜਿਹੜੀ ਗੱਲ ਇਹ ਕਹੀ ਜਾਂਦੀ ਹੈ ਕਿ ਇਹ ਨਗਰ ਗੁਰੂ ਅਰਜਨ ਜੀ ਨੇ ਬਸਾਇਆ ਸੀ ਗੁਰੂ ਹਰਿਗੋਬਿੰਦ ਜੀ ਨੇ ਨਹੀਂ। ਇਸ ਦਾ ਸੰਤੋਸ਼ਜਨਕ ਉੱਤਰ ਇਹ ਹੀ ਹੈ ਕਿ ਇਹ ਜਗਾਹ ਗੁਰੂ ਅਰਜਨ ਦੇਵ ਜੀ ਨੇ ਹੀ ਖਰੀਦੀ ਸੀ। ਉਨ੍ਹਾਂ ਦੀ ਸ਼ਹਾਦਤ ਸਮੇਂ ਉਨ੍ਹਾਂ ਦੀ ਸਾਰੀ ਜਾਇਦਾਦ ਜ਼ਬਤ ਕਰ ਲਈ ਗਈ ਸੀ ਜਿਵੇਂ ਕਿ ਜਹਾਂਗੀਰ ਦੀ ਆਪਣੀ ਹੀ ਲਿਖਤ ਤੁਜ਼ਕੇ ਜਹਾਂਗੀਰੀ ਤੋਂ ਸਾਬਤ ਹੁੰਦਾ ਹੈ। ਇਸ ਜਾਇਦਾਦ ਦੀ ਜ਼ਬਤੀ ਦੇ ਵਿਚ ਹੀ ਰੁਹੀਲੇ ਪਿੰਡ ਦੀ ਜਾਇਦਾਦ ਵੀ ਜ਼ਬਤ ਕਰ ਲਈ ਸੀ ਅਤੇ ਇਹ ਇਲਾਕਾ ਭਗਵਾਨ ਦਾਸ ਘੇਰੜ ਅਤੇ ਦੀਵਾਨ ਚੰਦੂ ਸ਼ਾਹ ਦਾ ਸੀ। ਹੋ ਸਕਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਜ਼ਬਤ ਕੀਤੀ ਇਸ ਜਾਇਦਾਦ ਨੂੰ ਇਨ੍ਹਾਂ ਦੇ ਹਵਾਲੇ ਕਰ ਦਿੱਤਾ ਗਿਆ ਹੋਵੇ। ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਿਆਈ ਧਾਰਨ ਕਰ ਕੇ ਅਤੇ ਹਥਿਆਰਬੰਦ ਨੀਤੀ ਅਪਣਾ ਕੇ ਆਪਣੀ ਪਿਤਾ ਪੁਰਖੀ ਜਾਇਦਾਦ ਨੂੰ ਇਨ੍ਹਾਂ ਤੋਂ ਮੰਗਿਆ ਹੋਵੇ। ਜਦੋਂ ਜਾਇਦਾਦ ਗੱਲਾਂ ਬਾਤਾਂ ਨਾਲ ਨਹੀਂ ਮਿਲੀ ਤਾਂ ਗੁਰੂ ਜੀ ਨੇ ਤਾਕਤ ਨਾਲ ਆਪਣੀ ਜਾਇਦਾਦ ਮੱਲ ਲਈ ਹੋਵੇਗੀ ਅਤੇ ਉੱਥੇ ਮਕਾਨ ਬਣਾ ਕੇ ਨਵੇਂ ਨਗਰ ਦੀ ਨੀਂਹ ਰੱਖ ਦਿੱਤੀ ਹੋਵੇਗੀ। ਇਸ ਗੱਲ ਨੂੰ ਕਿਸੇ ਵੀ ਤਰੀਕੇ ਨਾਲ ਵਿਆਖਿਆ ਜਾ ਸਕਦਾ ਹੈ। ਭਾਵੇਂ ਤਾਕਤ ਨਾਲ ਖੋਹੀ ਸਮਝਿਆ ਜਾਵੇ ਭਾਵੇਂ ਬਾਦਸ਼ਾਹ ਦੀ ਪਰਵਾਨਗੀ ਨਾਲ ਵਾਪਸ ਲਈ ਗਈ ਹੋਵੇ। ਗੁਰੂ ਜੀ ਦੀ ਬਾਦਸ਼ਾਹ ਨਾਲ ਪਿੱਛੋਂ ਅੱਛੀ ਦੋਸਤੀ ਪੈ ਗਈ ਸੀ ਇਸ ਲਈ ਇਹ ਗੱਲ ਸੰਭਵ ਹੋ ਸਕਦੀ ਹੈ।

ਗੁਰੂ ਜੀ ਨੇ ਇੱਥੇ ਮਕਾਨ ਬਣਵਾਏ ਅਤੇ ਬਾਗ ਵੀ ਲਗਵਾਏ ਸਨ। ਸੁਜਾਨ ਰਾਇ ਭੰਡਾਰੀ ਨੇ ਇਸ ਦੀ ਸੁੰਦਰਤਾ ਬਾਰੇ ਲਿਖਿਆ ਹੈ ਕਿ ਹੈਬਤਪੁਰ ਪਟੀ ਦੁਆਬਾ ਬਾਰੀ ਵਿਚ ਇਕ ਪਰਗਨਾ ਹੈ। ਇਸ ਅੰਦਰ ਹਰਿਗੋਬਿੰਦ ਇਕ ਨਗਰ ਹੈ ਜਿੱਥੇ ਵਧੀਆ ਬਾਗ ਤੇ ਪਾਵਨ ਸਰੋਵਰ ਬਣੇ ਹੋਏ ਹਨ। ਵੈਸਾਖੀ ਨੂੰ ਮੇਲਾ ਲਗਦਾ ਹੈ। ਬੇਸ਼ੁਮਾਰ ਲੋਕੀ ਇਕੱਠੇ ਹੁੰਦੇ ਹਨ। ਇੱਥੇ ਦਾ ਘੋੜਾ ਚਾਲ-ਢਾਲ ਵਿਚ ਇਰਾਕੀ ਘੋੜੇ ਦੀ ਬਰਾਬਰੀ ਕਰਦਾ ਹੈ। ਕਈਆਂ ਦਾ ਮੁੱਲ ਦੱਸ ਪੰਦਰਾਂ ਹਜ਼ਾਰ ਤੱਕ ਪੁੱਜਦਾ ਹੈ।[1]

ਬਾਦਸ਼ਾਹ ਜਹਾਂਗੀਰ ਦੇ ਸਮੇਂ ਤੱਕ ਕਿਉਂਕਿ ਗੁਰੂ ਜੀ ਦੇ ਸੰਬੰਧ ਅੱਛੇ ਰਹੇ ਸਨ ਇਸ ਕਰ ਕੇ ਇੱਥੋਂ ਦਾ ਚੌਧਰੀ ਦਬਿਆ ਰਿਹਾ ਸੀ ਪਰ ਸ਼ਾਹ ਜਹਾਨ ਦੀ ਤਖ਼ਤ-ਪਰਾਪਤੀ ਬਾਦ ਮੁਗਲ ਸਰਕਾਰ ਦੀ ਪਹਿਲੀ ਉਦਾਰਵਾਦੀ ਨੀਤੀ ਬਿਲਕੁਲ ਬਦਲ ਗਈ ਸੀ। ਇਸ ਨੀਤੀ ਤੋਂ ਉਤਸ਼ਾਹਤ ਹੋ ਕੇ ਇੱਥੇ ਦੇ ਚੌਧਰੀ ਭਗਵਾਨ ਦਾਸ ਨੇ ਫਿਰ ਤੋਂ ਗੁਰੂ ਜੀ ਨੂੰ ਕੱਢਣ ਦੀ ਕੋਸ਼ਿਸ਼ ਕੀਤੀ। ਗੁਰੂ ਹਰਿਗੋਬਿੰਦ ਸਾਹਿਬ ਨਗਰ ਦੀ ਚਾਰਦਿਵਾਰੀ ਕਰਵਾ ਰਹੇ ਸਨ ਕਿ ਭਗਵਾਨ ਦਾਸ ਘੇਰੜ ਨੇ ਉਸ ਨੂੰ ਰੁਕਵਾਉਣ ਦੀ ਕੋਸ਼ਿਸ਼ ਕੀਤੀ। ਇਸ ਕੋਸ਼ਿਸ਼ ਵਿਚ ਉਹ ਮਾਰਿਆ ਗਿਆ। ਉਸ ਦੇ ਮਰਨ ਉਪਰੰਤ ਉਸ ਦਾ ਪੁੱਤਰ ਰਤਨ ਚੰਦ ਜਲੰਧਰ ਦੇ ਹਾਕਮ ਅਬਦੁੱਲਾ ਪਾਸ ਸਹਾਇਤਾ ਲਈ ਗਿਆ। ਉੱਥੇ ਉਸ ਦਾ ਇਕ ਹੋਰ ਰਿਸ਼ਤੇਦਾਰ ਨਾਲ ਚੰਦ ਅੜ੍ਹ ਦੀਵਾਨ ਚੰਦੂ ਸ਼ਾਹ ਦਾ ਪੁੱਤਰ ਕਰਮ ਚੰਦ ਵੀ ਮੁਲਾਜ਼ਮਤ ਕਰਦੇ ਸਨ। ਉਨ੍ਹਾਂ ਸਭ ਨੇ ਮਿਲ ਕੇ ਸਾਂਝੇ ਤੌਰ 'ਤੇ ਗੁਰੂ ਜੀ ਦੇ ਖਿਲਾਫ਼ ਚੜ੍ਹਾਈ ਕਰਨ ਦਾ ਪਲਾਨ ਬਣਾਇਆ।

---

1. *ਖੁਲਾਸਤੁਤ ਤਵਾਰੀਖ* (ਪੰਜਾਬੀ ਤਰਜਮਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972, ਪੰਨਾ 77.

ਅਬਦੁੱਲਾਂ ਖਾਂ ਵੱਲੋਂ ਚਾਰ ਹਜਾਰ ਸੈਨਾ ਬੈਰਮ ਖਾਨ, ਮੁਹੰਮਦ ਖਾਨ, ਬਲਵੰਤ ਖਾਨ, ਇਮਾਮ ਬਖ਼ਸ਼, ਨਬੀ ਬਖਸ, ਚਿਰਾਗ ਦੀਨ ਅਤੇ ਅਕਬਰ ਖਾਨ ਦੀ ਅਗਵਾਈ ਹੇਠ ਗੁਰੂ ਜੀ ਉੱਪਰ ਚੜ੍ਹਾਈ ਕਰਨ ਲਈ ਭੇਜੀ। ਗੁਰੂ ਜੀ ਵੱਲ ਭਾਈ ਜੱਟੂ, ਭਾਈ ਕਲਿਆਣਾ, ਭਾਈ ਕਾਲਾ, ਭਾਈ ਪਿਰਾਗਾ, ਭਾਈ ਮਥੁਰਾ, ਭਾਈ ਜਗਨ ਨਾਥ, ਭਾਈ ਜਗਨਾ, ਭਾਈ ਸਕਤੂ, ਭਾਈ ਜਤੀ ਮੱਲ, ਭਾਈ ਪਰਸ ਰਾਮ ਅਤੇ ਭਾਈ ਮਾਲੂਕਾ ਆਦਿ ਸਿਰਕੱਢ ਸਿਖ, ਸੰਗਤਾਂ ਦੀ ਅਗਵਾਈ ਕਰ ਰਹੇ ਸਨ। ਸਿਖ ਸੰਗਤਾਂ ਨੇ ਪੂਰੀ ਦਿਰੜ੍ਹਤਾ ਨਾਲ ਮੁਕਾਬਲਾ ਕੀਤਾ। ਸਾਰਾ ਦਿਨ ਤੇ ਸਾਰੀ ਰਾਤ ਲੜਾਈ ਹੁੰਦੀ ਰਹੀ। ਲੜਾਈ ਵਿਚ ਅਬਦੁੱਲਾ ਖਾਂ, ਇਸ ਦਾ ਪੁੱਤਰ, ਕਰਮ ਚੰਦ ਅਤੇ ਰਤਨ ਚੰਦ ਸਭ ਮਾਰੇ ਗਏ। ਹਮਲਾਵਰ ਫੌਜ ਰਾਤ ਦੇ ਹਨੇਰੇ ਵਿਚ ਹੀ ਵਾਪਸ ਮੁੜ ਗਈ। ਗੁਰੂ ਜੀ ਨੇ ਸ਼ਹੀਦ ਹੋਏ ਸਿਖਾਂ ਦਾ ਅਤੇ ਹਮਲਾਵਰ ਫੌਜ ਦੇ ਸਿਪਾਹੀਆਂ ਦਾ ਜਥਾਯੋਗ ਦਾਹ-ਸੰਸਕਾਰ ਕਰਵਾਇਆ। ਇਸ ਲੜਾਈ ਵਿਚ ਅਬਦੁੱਲਾ ਖਾਂ ਤੇ ਸਥਾਨਿਕ ਚੌਧਰੀਆਂ ਦੇ ਮਾਰੇ ਜਾਣ ਕਾਰਨ ਗੁਰੂ ਜੀ ਦਾ ਸਾਰੇ ਇਲਾਕੇ ਉੱਤੇ ਦਬਦਬਾ ਸਥਾਪਿਤ ਹੋ ਗਿਆ ਸੀ। ਇਸ ਦਾ ਸਭ ਤੋਂ ਵੱਡਾ ਫਾਇਦਾ ਇਹ ਹੋਇਆ ਸੀ ਕਿ ਅੱਗੇ ਤੋਂ ਕਿਸੇ ਨੇ ਵੀ ਸਿਰੀ ਹਰਿਗੋਬਿੰਦ ਪੁਰ ਉੱਪਰ ਚੜ੍ਹਾਈ ਕਰਨ ਦੀ ਕੋਸ਼ਿਸ਼ ਨਹੀਂ ਕੀਤੀ।

ਹਰਿਗੋਬਿੰਦ ਪੁਰ ਦੀ ਮਜਬੂਤ ਚਾਰ ਦਿਵਾਰੀ ਕੀਤੀ ਗਈ। ਇਕ ਮਸੀਤ ਵੀ ਇੱਥੇ ਬਣਵਾਈ ਗਈ ਤਾਂ ਕਿ ਗੁਰੂ ਜੀ ਦੇ ਮੁਸਲਮਾਨ ਸ਼ਰਧਾਲੂ ਆਪਣੀ ਇਬਾਦਤ ਕਰ ਸਕਣ। ਇਸ ਤਰਾਂ ਨਗਰ ਦੀ ਪੂਰੀ ਪਲੈਨਿੰਗ ਤਿਆਰ ਕੀਤੀ ਗਈ। ਇਸ ਲੜਾਈ ਦੇ ਪਿੱਛੋਂ ਚੰਦੂ ਦੀ ਔਲਾਦ ਅਤੇ ਭਗਵਾਨ ਦਾਸ ਘੇਰੜ ਦੇ ਘਰ ਵੀ ਢਾਹ ਦਿੱਤੇ ਗਏ ਹੋਣਗੇ। ਰੁਹੀਲਾ ਇਕ ਥੇਹ ਹੈ। ਥੇਹ ਕਦੋਂ ਬਣਿਆ ਇਸ ਦਾ ਹੋਰ ਤਾਂ ਕੋਈ ਜਵਾਬ ਨਹੀਂ ਹੈ। ਥੇਹ ਇਸੇ ਲੜਾਈ ਵਿਚ ਹੀ ਹੋ ਸਕਦਾ ਹੈ। ਭਾਵੇਂ ਗੁਰੂ ਸਾਹਿਬ ਇੱਥੇ ਬਹੁਤਾ ਚਿਰ ਨਹੀਂ ਰਹੇ ਜਿਸ ਕਰ ਕੇ ਇਸ ਨਗਰ ਦੀ ਉਸਾਰੀ ਲਗਾਤਾਰ ਨਾ ਹੁੰਦੀ ਰਹਿ ਸਕੀ। ਬਹੁਤ ਅਰਸੇ ਬਾਦ ਜਦੋਂ ਪੰਜਾਬ ਵਿਚ ਸਿਖ ਮਿਸਲਾਂ ਦਾ ਰਾਜ ਕਾਇਮ ਹੋਇਆ ਤਾਂ ਰਾਮਗੜ੍ਹੀਆ ਮਿਸਲ ਦੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੇ ਸਿਰੀ ਹਰਿਗੋਬਿੰਦ ਪੁਰ ਸਾਹਿਬ ਨੂੰ ਆਪਣਾ ਹੈਡਕੁਆਰਟਰ ਬਣਾਇਆ ਅਤੇ ਇਸ ਨੂੰ ਹਰ ਪੱਖੋਂ ਬਹੁਤ ਅੱਛੀ ਤਰਾਂ ਵਿਕਸਿਤ ਕਰਨ ਦਾ ਇਰਾਦਾ ਕੀਤਾ। ਅਸਲ ਵਿਚ ਇਸੇ ਸਮੇਂ ਹੀ ਇਸ ਦੇ ਚਾਰੇ ਪਾਸੇ ਵੱਖ-ਵੱਖ ਦਰਵਾਜ਼ੇ ਉਸਾਰੇ ਗਏ ਸਨ। ਇਨ੍ਹਾਂ ਦਰਵਾਜ਼ਿਆਂ ਦੇ ਨਾਂ ਹਨ। ਮੋਰੀ ਦਰਵਾਜ਼ਾ, 2. ਸ਼ਾਹਮਾਨਾ ਦਰਵਾਜ਼ਾ, 3. ਲਾਹੌਰ ਦਰਵਾਜ਼ਾ, 4. ਮਿਆਦੀ ਦਰਵਾਜ਼ਾ, 5. ਤੇਲੀ ਤਰਵਾਜ਼ਾ, 6. ਘਿਰਤ ਦਰਵਾਜ਼ਾ। ਇਸ ਸਮੇਂ ਸਿਰਫ ਲਾਹੌਰੀ ਦਰਵਾਜ਼ਾ ਹੀ ਕਾਇਮ ਹੈ ਬਾਕੀ ਸਾਰੇ ਦਰਵਾਜ਼ੇ ਢਹਿ ਗਏ ਹਨ।

ਸ੍ਰੀ ਹਰਿਗੋਬਿੰਦ ਪੁਰ ਵਿਚ ਅਨੇਕਾਂ ਇਤਿਹਾਸਿਕ ਗੁਰਦੁਆਰੇ ਅਤੇ ਧਾਰਮਿਕ ਅਸਥਾਨ ਹਨ ਜਿਹੜੇ ਆਪਣੇ ਆਪ ਵਿਚ ਇਸ ਨਗਰ ਦੀ ਵਿਸ਼ੇਸ਼ਤਾ ਨੂੰ ਸਮੋਈ ਬੈਠੇ ਹਨ। ਇਨ੍ਹਾਂ ਦਾ ਸੰਖੇਪ ਵੇਰਵਾ ਇਸ ਤਰਾਂ ਹੈ:

ੳ) ਗੁਰਦੁਆਰਾ ਗੁਰੂ ਕੇ ਮਹਿਲ: ਇੱਥੇ ਗੁਰੂ ਹਰਿਗੋਬਿੰਦ ਸਾਹਿਬ ਦੀ ਆਪਣੀ ਰਿਹਾਇਸ਼ ਸੀ। ਇਹ ਅਸਥਾਨ ਨਗਰ ਦੇ ਬਿਲਕੁਲ ਕੇਂਦਰ ਵਿਚ ਹੈ। ਜਿਹੜੀ ਗਲੀ ਵਿਚ ਇਹ ਅਸਥਾਨ ਸਥਿਤ ਹੈ ਉਸ ਦਾ ਨਾਂ ਵੀ 'ਗੁਰੂ ਕੀ ਗਲੀ' ਹੈ। ਭਾਵੇਂ ਇਹ ਅਸਥਾਨ ਬਿਲਕੁਲ ਢਹਿ ਚੁੱਕਿਆ ਹੈ ਸਿਰਫ ਕੁਝ ਇਕ ਨਿਸ਼ਾਨੀਆਂ ਹੀ

ਖੰਡਰਾਤ ਦੇ ਰੂਪ ਵਿਚ ਰਹਿੰਦੀਆਂ ਹਨ। ਇਸ ਦੇ ਥੋੜੇ ਜਿਹੇ ਥਾਂ ਵਿਚ ਗੁਰਦੁਆਰਾ ਉਸਾਰਿਆ ਹੋਇਆ ਹੈ। ਇਸ ਨੂੰ ਗੁਰਦੁਆਰਾ ਮੰਜੀ ਸਾਹਿਬ ਵੀ ਕਿਹਾ ਜਾਂਦਾ ਹੈ।

ਅ) ਗੁਰਦੁਆਰਾ ਦਮਦਮਾ ਸਾਹਿਬ: ਇਹ ਗੁਰਦੁਆਰਾ, ਇਸ ਨਗਰ ਦਾ ਸਭ ਤੋਂ ਵੱਡਾ ਗੁਰਦੁਆਰਾ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਲੜਾਈ ਤੋਂ ਪਿੱਛੋਂ ਆ ਕੇ ਠਹਿਰੇ ਸਨ। ਅੱਜ ਕੱਲ ਇਸ ਗੁਰਦੁਆਰੇ ਦੀ ਸਥਾਨਿਕ ਸਿਖ ਸੰਗਤਾਂ ਵੱਲੋਂ ਨਵੀਂ ਉਸਾਰੀ ਕੀਤੀ ਜਾ ਰਹੀ ਹੈ। ਇਹ ਉਸਾਰੀ ਸੰਗਮਰਮਰ ਦੀਆਂ ਟਾਈਲਾਂ ਨਾਲ ਸਸ਼ੋਭਿਤ ਹੈ। ਗੁਰਦੁਆਰੇ ਦੇ ਨਾਲ ਤਿੰਨ ਕਮਰੇ ਹਨ। ਇਕ ਕਮਰੇ ਵਿਚ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਹੈ। ਇਸ ਦਾ ਪਰਬੰਧ ਐਸ. ਜੀ. ਪੀ. ਸੀ. ਪਾਸ ਹੈ।

ੲ) ਗੁਰਦੁਆਰਾ ਗੁਰੂ ਕੀ ਮਸੀਤ: ਇਹ ਮਸੀਤ ਮੌਲਿਕ ਤੌਰ ਤੇ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਮੁਸਲਮਾਨਾਂ ਲਈ ਬਣਵਾਈ ਗਈ ਸੀ। ਅੱਜ ਕੱਲ ਇਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਹੁੰਦਾ ਹੈ ਕਿਉਂਕਿ 1947 ਵੇਲੇ ਇੱਥੋਂ ਦੀ ਮੁਸਲਮਾਨ ਆਬਾਦੀ ਪਿੰਡ ਛੱਡ ਕੇ ਚਲੀ ਗਈ ਸੀ।

ਸ) ਗੁਰਦੁਆਰਾ ਸਤਿਕਰਤਾਰੀਆਂ: ਗੁਰਦੁਆਰਾ ਸਤਿਕਰਤਾਰੀਆਂ, ਸਤਿਕਰਤਾਰੀ ਸੰਪਰਦਾ ਦਾ ਹੈ ਅਤੇ ਸ਼ਹਿਰ ਦੇ ਵਿਕਾਰ ਹੈ। ਜਦੋਂ ਗੁਰੂ ਜੀ ਇੱਥੇ ਆਏ ਸਨ ਤਾਂ ਉਨਾਂ ਨੇ ਨਾਲ ਲਗਵੇਂ ਪਿੰਡ ਧੀਰੋਵਾਲ ਤੋਂ ਬਾਬਾ ਸੰਗਤ ਦਾਸ ਨੂੰ ਇੱਥੇ ਲਿਆਂਦਾ ਸੀ। ਗਯਾਨੀ ਗਯਾਨ ਸਿੰਘ ਅਨੁਸਾਰ, 'ਗੁਰੂ ਸਾਹਿਬ ਭਾਈ ਸੰਗਤੀਏ ਨੂੰ ਹਰਿਗੋਬਿੰਦ ਪੁਰ ਦੀ ਹਿਫਾਜ਼ਤ ਸਪੁਰਦ ਕਰ ਕੇ ਆਪ ਕਰਤਾਰ ਪੁਰ ਚਲੇ ਗਏ ਸਨ।'[1] ਬਾਬਾ ਜੀ ਇੱਥੇ ਰਹਿ ਕੇ ਸਿਖ ਧਰਮ ਦਾ ਪਰਚਾਰ ਕਰਦੇ ਸਨ। ਜਿੱਥੇ ਬਾਬਾ ਜੀ ਦਾ ਅੰਤਿਮ ਸੰਸਕਾਰ ਕੀਤਾ ਸੀ ਉੱਥੇ ਉਨਾਂ ਦੀ ਯਾਦ ਵਿਚ ਇਕ ਸਮਾਧ ਬਣਾਈ ਗਈ ਸੀ। ਇਸ ਥਾਂ 'ਤੇ ਹੀ ਗੁਰਦੁਆਰਾ ਸਤਿਕਾਰਤਾਰੀਆਂ ਬਣਾਇਆ ਗਿਆ ਹੈ। ਇੱਥੇ ਬਾਬਾ ਸੰਗਤ ਦਾਸ ਦੀਆਂ ਖੜਾਵਾਂ ਪਈਆਂ ਹਨ।

ਇਨਾਂ ਗੁਰਦੁਆਰਿਆਂ ਤੋਂ ਇਲਾਵਾ ਇੱਥੇ ਵੱਖ-ਵੱਖ ਸੰਪਰਦਾਵਾਂ ਦੀਆਂ ਧਰਮਸ਼ਾਲਾਵਾਂ ਵੀ ਹਨ। ਜਿਵੇਂ: ਧਰਮਸ਼ਾਲਾ ਨਿਰਮਲਿਆਂ, ਧਰਮਸ਼ਾਲਾ ਸੁਥਰਿਆਂ, ਧਰਮਸ਼ਾਲਾ ਗ੍ਰੰਥੀਆਂ, ਧਰਮਸ਼ਾਲਾ ਅਮਰਦਾਸ ਆਦਿ। ਨਗਰ ਵਿਚ ਕੁੱਝ ਹਿੰਦੂ ਮੰਦਰ ਵੀ ਹਨ। ਜਿਵੇਂ: ਕਿਸ਼ਨ ਮੰਦਰ, ਸ਼ਿਵ ਮੰਦਰ, ਸ੍ਰੀ ਰਘੂਨਾਥ ਮੰਦਰ, ਸ਼ਿਵਾਲਾ ਬੈਨੀਗਰ, ਕਾਲੀ ਮਾਤਾ ਦਾ ਮੰਦਰ, ਹਨੂੰਮਾਨ ਮੰਦਰ, ਦੁਰਗਾ ਦਾ ਮੰਦਰ ਅਤੇ ਸ਼ਿਵਾਲਾ ਆਦਿ। ਕੁੱਝ ਮਜ਼ਾਰਾਂ ਵੀ ਹਨ: ਜਿਵੇਂ ਕਿ ਮਜ਼ਾਰ ਸਾਹਮਾਨਾ, ਮਜ਼ਾਰ ਜਾਨੀਸ਼ਾਹ ਅਤੇ ਮਜ਼ਾਰ ਮੋਲੇ ਸ਼ਾਹ।

ਨਗਰ ਅਨੇਕਾਂ ਗਲੀਆਂ ਅਤੇ ਬਾਜ਼ਾਰਾਂ ਵਿਚ ਵੰਡਿਆ ਹੋਇਆ ਹੈ। ਜਿਨਾਂ ਦਾ ਆਪਣਾ ਇਤਿਹਾਸ ਹੈ।

ਕਰਤਾਰ ਪੁਰ (ਜਲੰਧਰ): ਸ਼ਹਿਰ ਕਰਤਾਰ ਪੁਰ ਜ਼ਿਲ੍ਹਾ ਜਲੰਧਰ ਦਾ ਇਸ ਸਮੇਂ ਬਹੁਤ ਪਰਸਿੱਧ ਨਗਰ ਹੈ। ਇਹ ਜਲੰਧਰ ਤੋਂ ਅੰਮ੍ਰਿਤਸਰ ਵੱਲ, ਜੀ. ਟੀ. ਰੋਡ ਦੇ ਬਿਲਕੁਲ ਉੱਪਰ 20 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਹ ਉਨਾਂ ਕੁਝ ਮੁੱਖ ਨਗਰਾਂ ਵਿੱਚੋਂ ਹੈ

---

1. *ਤਵਾਰੀਖ਼ ਗੁਰੂ ਖਾਲਸਾ*, ਪੰਨਾ 237.

ਜਿਹੜੇ ਗੁਰੂ ਅਰਜਨ ਦੇਵ ਜੀ ਨੇ ਵਸਾਏ ਸਨ। ਗੁਰੂ ਅਰਜਨ ਦੇਵ ਜੀ ਨੇ ਸਿਖ ਧਰਮ ਦੇ ਪਰਚਾਰ ਅਤੇ ਵਿਕਾਸ ਲਈ ਨਵੇਂ ਨਗਰ ਵਸਾਉਣ ਦਾ ਪਰੋਗਰਾਮ ਬਣਾਇਆ ਸੀ। ਇਸ ਪਰੋਗਰਾਮ ਤਹਿਤ ਪਹਿਲਾਂ ਅੰਮ੍ਰਿਤਸਰ ਦੇ ਨੇੜੇ ਤਰਨਤਾਰਨ ਵਸਾਇਆ। ਫਿਰ ਕਰਤਾਰ ਪੁਰ ਅਤੇ ਬਾਅਦ ਵਿਚ ਸਿਰੀ ਹਰਿਗੋਬਿੰਦ ਪੁਰ। ਨਵੇਂ ਨਗਰ ਵਸਾਉਣ ਦਾ ਮਤਲਬ ਸਿਰਫ ਇਹ ਹੀ ਸੀ ਕਿ ਇਹ ਨਵੇਂ ਨਗਰ ਨਿਰੋਲ ਸਿਖ ਸਭਿਆਚਾਰ ਵਾਲੇ ਹੀ ਹੋਣ ਤਾ ਕਿ ਉੱਥੇ ਸਿਖ ਸੰਗਤਾਂ ਨਿਰੋਲ ਸਿਖ ਸਿਧਾਂਤਾਂ ਅਨੁਸਾਰ ਆਪਣਾ ਵਿਕਾਸ ਕਰ ਸਕਣ। ਗੁਰੂ ਅਰਜਨ ਦੇਵ ਜੀ ਨੇ ਕਰਤਾਰ ਪੁਰ ਦੀ ਪਰਸ਼ੰਸਾ ਵਿਚ ਇਕ ਸ਼ਬਦ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਹੈ:

ਸਿਮਰਿ ਸਿਮਰਿ ਪੂਰਨ ਪ੍ਰਭ ਕਾਰਜ ਭਏ ਰਾਸਿ॥
ਕਰਤਾਰ ਪੁਰਿ ਕਰਤਾ ਵਸੈ ਸੰਤਨ ਕੈ ਪਾਸਿ॥ *(ਗੁਰੂ ਗ੍ਰੰਥ ਸਾਹਿਬ ਪੰਨਾ-)*

ਕਰਤਾਰ ਪੁਰ 1593 ਈ: ਵਿਚ ਵਸਾਇਆ ਗਿਆ ਸੀ। ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ ਕਿ 1608 ਈ: ਵਿਚ ਬਾਦਸ਼ਾਹ ਜਹਾਂਗੀਰ ਨੇ ਕਰਤਾਰ ਪੁਰ ਕਸਬੇ ਦੇ ਨਾਂ ਮੁਆਮਲੇ ਦੀ ਮੁਆਫੀ ਵਾਲਾ ਪਟਾ ਲਗਵਾਇਆ ਸੀ। ਇਸ ਪਟੇ ਵਿਚ ਕਰਤਾਰ ਪੁਰ ਦੀ 8946 ਘੁਮਾ 7 ਕਨਾਲ 15 ਮਰਲੇ ਜ਼ਮੀਨ ਦਰਜ ਹੈ (ਮਹਾਨ ਕੋਸ਼, ਪੰਨਾ 302)। ਇਸ ਗੱਲ ਤੋਂ ਜਾਪਦਾ ਹੈ ਕਿ ਜਹਾਂਗੀਰ ਨੂੰ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਦਾ ਪਛਤਾਵਾ ਸੀ ਅਤੇ ਉਹ ਗੁਰੂ ਹਰਿਗੋਬਿੰਦ ਸਾਹਿਬ ਨਾਲ ਅੱਛੇ ਸੰਬੰਧ ਬਣਾ ਕੇ ਰੱਖਣਾ ਚਾਹੁੰਦਾ ਸੀ। ਗੁਰੂ ਹਰਿ ਗੋਬਿੰਦ ਸਾਹਿਬ ਨਥਾਣਾ (ਬਠਿੰਡਾ) ਵਿਖੇ ਸਫਲ ਲੜਾਈ ਲੜਨ ਦੇ ਪਿੱਛੋਂ ਕਰਤਾਰ ਪੁਰ ਆ ਗਏ ਸਨ। ਇੱਥੇ ਕੁੱਝ ਸਮਾਂ ਸ਼ਾਂਤੀ ਦਾ ਬਤੀਤ ਕੀਤਾ ਪਰ ਦੁਸ਼ਮਣਾਂ ਨੇ ਇੱਥੇ ਵੀ ਗੁਰੂ ਸਾਹਿਬ ਨੂੰ ਸ਼ਾਂਤੀ ਨਾਲ ਨਹੀਂ ਰਹਿਣ ਦਿੱਤਾ। ਇੱਥੇ ਹਮਲਾ ਕਰਨ ਵਾਲਿਆਂ ਵਿਚ ਪੈਂਦੇ ਖਾਂ ਦਾ ਜਿਕਰ ਵੀ ਆਉਂਦਾ ਹੈ। ਇਹ ਪੈਂਦੇ ਖਾਂ ਉਹੀ ਸੀ ਜੋ ਗੁਰੂ ਸਾਹਿਬ ਦੇ ਘਰ ਵਿਚ ਪਰਿਵਾਰ ਦੇ ਮੈਂਬਰਾਂ ਵਾਂਗ ਹੀ ਪਾਲਿਆ ਗਿਆ ਸੀ ਤੇ ਜਾਂ ਕੋਈ ਹੋਰ ਮੁਗਲ ਸਰਕਾਰ ਦਾ ਅਧਿਕਾਰੀ ਸੀ ਇਸ ਬਾਰੇ ਕੋਈ ਪੱਕਾ ਪਤਾ ਨਹੀਂ ਹੈ। ਗੁਰਮੁਖੀ ਦੀਆਂ ਜਿਨਾਂ ਲਿਖਤਾਂ ਵਿਚ ਇਸ ਲੜਾਈ ਦਾ ਜਿਕਰ ਆਉਂਦਾ ਹੈ ਉਨਾਂ ਨੇ ਉਹੀ ਪੈਂਦੇ ਖਾਨ ਲਿਖਿਆ ਹੈ ਜੋ ਗੁਰੂ ਪਰਿਵਾਰ ਵਿਚ ਪਲਿਆ ਸੀ। ਕੋਈ ਮੈਂਬਰ ਆਪਣੇ ਹੀ ਗੁਰੂ ਉੱਪਰ ਗੁਰੂ ਜੀ ਦੇ ਦੁਸ਼ਮਣ ਨਾਲ ਮਿਲ ਕੇ ਮਾਰੂ ਹਮਲਾ ਕਰੇ। ਇਹ ਗੱਲ ਛੇਤੀ ਮੰਨੀ ਨਹੀਂ ਜਾ ਸਕਦੀ। ਇਸ ਬਾਰੇ ਹੋਰ ਖੋਜ ਦੀ ਲੋੜ ਹੈ। ਹੋ ਸਕਦਾ ਹੈ ਕਿ ਇਹ ਪੈਂਦੇ ਖਾਂ ਮੁਗਲ ਫੌਜ ਦਾ ਕੋਈ ਕਮਾਂਡਰ ਹੋਵੇ। ਜ਼ੁਲਫਕਾਰ ਅਰਧਿਸਤਾਨੀ ਨੇ ਲਿਖਿਆ ਹੈ ਕਿ ਕਰਤਾਰ ਪੁਰ ਵਿਖੇ ਮੀਰ ਬਡੇਹਰਾ ਅਤੇ ਪੈਂਦੇ ਖਾਂ ਦੀ ਸਾਂਝੀ ਕਮਾਂਡ ਹੇਠ ਹਮਲਾ ਕੀਤਾ ਗਿਆ ਸੀ।[1] ਇਰਵਿਨ ਵੀ ਇਸ ਨੂੰ ਸ਼ਾਹੀ ਕਮਾਂਡਰ ਹੀ ਦੱਸਦਾ ਹੈ। ਤੇਜਾ ਸਿੰਘ ਗੰਡਾ ਸਿੰਘ ਅਨੁਸਾਰ, 'ਮੁਖ਼ਲਿਸ਼ ਖਾਂ ਜਿਹੜਾ ਆਪ ਅੰਮ੍ਰਿਤਸਰ ਦੀ ਲੜਾਈ ਵਿਚ ਮਾਰਿਆ ਗਿਆ ਸੀ, ਦਾ ਭਰਾ ਕਾਲੇ ਖਾਂ ਫੌਜ ਲੈ ਕੇ ਗੁਰੂ ਜੀ ਦੇ ਖਿਲਾਫ਼ ਲੜਾਈ ਲੜਨ ਲਈ ਆਇਆ। ਉਸ ਦੀ ਸਹਾਇਤਾ ਲਈ ਉਸ ਦੇ ਨਾਲ ਪੈਂਦੇ ਖਾਂ ਅਤੇ ਜਲੰਧਰ ਦਾ ਫੌਜਦਾਰ ਕੁਤਬ ਖਾਂ ਵੀ ਆਏ। 1634 ਵਿਚ ਕਰਤਾਰ ਪੁਰ ਨੂੰ ਘੇਰਾ

1. ਮਾਖ਼ਜ਼ਿ ਤਵਾਰੀਖ-ਏ-ਸਿਖਾਂ (ਸ. ਗੰਡਾ ਸਿੰਘ), ਅੰਮ੍ਰਿਤਸਰ, 1950, ਪੰਨਾ 35.

ਪਾ ਲਿਆ। ਗੁਰੂ ਜੀ ਦੇ ਸਿਖ ਜਿਹੜੇ ਆਪਣੇ ਧਰਮ ਦੀ ਖ਼ਾਤਰ ਲੜੇ ਸਨ ਉਨਾਂ ਸ਼ਾਹੀ ਫ਼ੌਜਾਂ ਦੇ ਮੁਕਾਬਲੇ ਵਿਚ ਤਕੜੇ ਸਨ ਜਿਹੜੀਆਂ ਕੇਵਲ ਤਨਖ਼ਾਹ ਅਤੇ ਲੁੱਟ ਮਾਰ ਲਈ ਲੜਦੀਆਂ ਸਨ।'[1]

ਗੁਰੂ ਜੀ ਦੀ ਅਗਵਾਈ ਹੇਠ ਸਿਖ ਸੰਗਤਾਂ ਨੇ ਇਸ ਹਮਲੇ ਨੂੰ ਸੌਖਿਆਂ ਹੀ ਪਛਾੜ ਦਿੱਤਾ ਸੀ। ਮੀਰ ਬਡੇਹਰਾ ਅਤੇ ਪੈਂਦੇ ਖਾਂ ਦੋਵੇਂ ਹੀ ਮਾਰੇ ਗਏ ਸਨ। ਸਿਖ ਰਵਾਇਤਾਂ ਅਨੁਸਾਰ ਇਸ ਗੱਲ ਦਾ ਵੀ ਜਿਕਰ ਆਉਂਦਾ ਹੈ ਕਿ ਇਸ ਲੜਾਈ ਨੂੰ ਗੁਰੂ ਜੀ ਦੇ ਪਰਿਵਾਰ ਨੇ ਆਪਣੇ ਮਕਾਨਾਂ ਦੀਆਂ ਛੱਤਾਂ ਉੱਪਰ ਬੈਠ ਕੇ ਦੇਖਿਆ ਸੀ ਅਤੇ ਬਾਲ ਤੇਗ ਬਹਾਦੁਰ ਜੀ ਨੇ ਵੀ ਇਸ ਵਿਚ ਭਾਗ ਲਿਆ ਸੀ ਇਸ ਗੱਲ ਤੋਂ ਜਾਪਦਾ ਹੈ ਕਿ ਇਹ ਲੜਾਈ ਕੋਈ ਵੱਡੇ ਪੱਧਰ ਦੀ ਨਹੀਂ ਸੀ। ਇਸ ਲੜਾਈ ਵਿਚ ਇਸ ਗੱਲ ਦੀ ਵੀ ਜਾਣਕਾਰੀ ਮਿਲਦੀ ਹੈ ਕਿ ਗੁਰੂ ਜੀ ਦੀ ਜਦੋਂ ਕਾਲੇ ਖਾਂ ਨਾਲ ਆਹਮੋ-ਸਾਹਮਣੇ ਦੀ ਟੱਕਰ ਹੋਈ ਤਾਂ ਗੁਰੂ ਜੀ ਨੇ ਕਾਲੇ ਖਾਂ ਨੂੰ ਪਹਿਲਾਂ ਵਾਰ ਕਰਨ ਲਈ ਕਿਹਾ। ਕਾਲੇ ਖਾਂ ਨੇ ਵਾਰ ਕੀਤਾ ਪਰ ਖਾਲੀ ਗਿਆ। ਫਿਰ ਜਦੋਂ ਗੁਰੂ ਜੀ ਨੇ ਵਾਰ ਕੀਤਾ ਤਾਂ ਵਾਰ ਕਰਦਿਆਂ ਕਾਲੇ ਖਾਂ ਨੂੰ ਕਿਹਾ 'ਤਲਵਾਰ ਇਉਂ ਨਹੀਂ ਇਸ ਤਰਾਂ ਚਲਾਈਦੀ ਹੈ।' ਇਹ ਕਹਿ ਕੇ ਇਕੋ ਵਾਰ ਨਾਲ ਕਾਲੇ ਖਾਂ ਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ ਸੀ।

ਭਾਵੇਂ ਗੁਰੂ ਜੀ ਦੀ ਇਸ ਲੜਾਈ ਵਿਚ ਫਤਿਹ ਹੋਈ ਸੀ ਪਰ ਉਹ ਕਰਤਾਰ ਪੁਰ ਵਿਖੇ ਨਹੀਂ ਰਹੇ ਸਨ। ਫਤਿਹ ਪਰਾਪਤ ਕਰਨ ਦੇ ਤੁਰੰਤ ਪਿੱਛੋਂ ਹੀ ਗੁਰੂ ਸਾਹਿਬ ਕੀਰਤ ਪੁਰ ਸਾਹਿਬ ਵੱਲ ਨੂੰ ਰਵਾਨਾ ਹੋ ਗਏ ਸਨ। ਇਸ ਗੱਲ ਦਾ ਜਿਕਰ ਜ਼ੁਲਫਕਾਰ ਅਰਧਿਸਤਾਨੀ ਨੇ ਵੀ ਕੀਤਾ ਹੈ। ਇਸ ਤਰਾਂ ਅਸੀਂ ਦੇਖਦੇ ਹਾਂ ਕਿ ਭਾਵੇਂ ਕਰਤਾਰ ਪੁਰ ਗੁਰੂ ਅਰਜਨ ਜੀ ਰਾਹੀਂ ਵਸਾਇਆ ਗਿਆ ਸੀ ਅਤੇ ਬਾਕੀ ਗੁਰੂ ਸਾਹਿਬਾਨ ਦੀ ਵੀ ਇਸ ਨੂੰ ਚਰਨ-ਛੋਹ ਪਰਾਪਤ ਸੀ ਪਰ ਇਹ ਨਗਰ ਪਿੱਛੋਂ ਸਿਖ ਧਰਮ ਦੇ ਵਿਰੋਧੀ ਲੋਕਾਂ ਦਾ ਕੇਂਦਰ ਬਣ ਗਿਆ ਸੀ। ਇਸ ਦਾ ਮੁੱਖ ਕਾਰਨ ਇਹ ਸੀ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਸਤਵੇਂ ਪਾਤਸ਼ਾਹ ਗੁਰੂ ਹਰਿ ਰਾਇ ਜੀ ਬਣੇ ਸਨ। ਗੁਰੂ ਹਰਿ ਰਾਇ ਜੀ ਬਾਬਾ ਗੁਰਦਿੱਤਾ ਜੀ ਦੇ ਛੋਟੇ ਸਪੁੱਤਰ ਸਨ ਅਤੇ ਉਨਾਂ ਦਾ ਵੱਡਾ ਸਪੁੱਤਰ ਧੀਰ ਮੱਲ ਸੀ। ਧੀਰ ਮੱਲ ਨੇ ਆਪਣੇ ਛੋਟੇ ਭਰਾ ਨੂੰ ਮਾਣਤਾ ਨਹੀਂ ਦਿੱਤੀ ਅਤੇ ਉਹ ਆਕੀ ਹੋ ਕੇ ਖੜਾ ਹੋ ਗਿਆ ਅਤੇ ਪਰਿਵਾਰਕ ਝਗੜੇ ਵਿਚ ਕਰਤਾਰ ਪੁਰ ਦਾ ਇਲਾਕਾ ਧੀਰ ਮੱਲ ਨੂੰ ਮਿਲ ਗਿਆ ਸੀ ਜਾਂ ਉਸ ਨੇ ਰੋਕ ਲਿਆ ਸੀ। ਇਸ ਪਿੱਛੋਂ ਇਹ ਨਗਰ ਲਗਾਤਾਰ ਵਿਰੋਧੀ ਰੁੱਖ ਹੀ ਅਪਨਾਉਂਦਾ ਰਿਹਾ ਹੈ। ਧੀਰ ਮੱਲ ਨੇ ਲਗਾਤਾਰ ਸਿਖ ਗੁਰੂ ਸਾਹਿਬਾਨ ਦੀ ਵਿਰੋਧਤਾ ਕੀਤੀ ਸੀ। ਇੱਥੋਂ ਤੱਕ ਕਿ ਉਸ ਨੇ ਇਕ ਵਾਰ ਗੁਰੂ ਤੇਗ ਬਹਾਦੁਰ ਜੀ ਉਪਰ, ਬਾਬਾ ਬਕਾਲਾ ਵਿਖੇ ਇਕ ਮਾਰੂ ਹਮਲਾ ਵੀ ਕਰਵਾਇਆ ਸੀ। ਧੀਰ ਮੱਲ ਤੋਂ ਪਿੱਛੋਂ ਉਸ ਦੇ ਉਤਰਅਧਿਕਾਰੀ ਵੀ ਆਪਣੇ ਸਮੇਂ ਦੇ ਹਾਕਮਾਂ ਨਾਲ ਮਿਲ ਕੇ ਸਿਖਾਂ ਦੀ ਵਿਰੋਧਤਾ ਕਰਦੇ ਰਹੇ ਸਨ। ਅਠਾਰਵੀਂ ਸਦੀ ਵਿਚ ਸਿਖ ਰਾਜ ਕਾਇਮ ਹੋਣ ਨਾਲ ਕਰਤਾਰ ਪੁਰ ਦੇ ਸੋਢੀ ਵੀ ਗੁਰੂ ਘਰ ਨਾਲ ਆ ਜੁੜੇ ਸਨ।

ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਸਮੇਂ ਕਰਤਾਰ ਪੁਰ ਦਾ ਕਾਫੀ ਨੁਕਸਾਨ

1. *ਸਿਖ ਇਤਿਹਾਸ*, ਪੰਜਾਬੀ ਯੂਨੀਵਰਸਿਟੀ, 1985, ਪੰਨਾ 50

ਹੋਇਆ ਸੀ। ਉਸ ਨੇ ਕਰਤਾਰ ਪੁਰ ਨੂੰ ਅੱਗ ਲਾ ਕੇ ਫੂਕ ਦਿੱਤਾ ਸੀ। ਉਸ ਸਮੇਂ ਬਾਬਾ ਖੜਭਾਗ ਸਿੰਘ ਸੋਢੀ ਇੱਥੋਂ ਦਾ ਮੁਖੀ ਸੀ। ਉਸ ਨੇ ਦਲ ਖਾਲਸੇ ਪਾਸ ਫਰਿਆਦ ਕੀਤੀ। ਫਲਸਰੂਪ ਦਲ ਖਾਲਸੇ ਨੇ ਅਹਿਮਦ ਸ਼ਾਹ ਅਬਦਾਲੀ ਵੱਲੋਂ ਨੀਯਤ ਕੀਤੇ ਦੁਆਬੇ ਦੇ ਹਾਕਮ ਨਾਸਰ ਅਲੀ ਖਾਂ 'ਤੇ ਹਮਲਾ ਕੀਤਾ ਅਤੇ ਉਸ ਨੂੰ ਪਕੜ ਕੇ ਜਿਉਂਦੇ ਨੂੰ ਅੱਗ ਵਿਚ ਸਾੜਿਆ ਗਿਆ ਸੀ।[1] ਇਸ ਤਰਾਂ ਕਰਤਾਰ ਪੁਰ ਦੇ ਸੋਢੀ ਪੰਥ ਦੀ ਮੁੱਖ ਧਾਰਾ ਵਿਚ ਆ ਗਏ ਸਨ। ਪਿੱਛੋਂ ਮਹਾਰਾਜਾ ਰਣਜੀਤ ਸਿੰਘ ਨੇ ਕਰਤਾਰ ਪੁਰ ਦੇ ਧਾਰਮਿਕ ਅਸਥਾਨ ਨਾਲ ਕੀਮਤੀ ਜਾਗੀਰਾਂ ਵੀ ਲਗਵਾਈਆਂ ਸਨ ਅਤੇ ਅਲੀਸ਼ਾਨ ਇਮਾਰਤਾਂ ਦੀ ਤਾਮੀਰ ਵੀ ਕਰਵਾਈ ਸੀ। 1891 ਈ: ਦੇ ਸਮੇਂ ਇੱਥੇ ਸਰਦਾਰ ਨੌਨਿਹਾਲ ਸਿੰਘ ਸੋਢੀਆਂ ਦਾ ਮੁਖੀ ਸੀ। ਇਸ ਗੱਲ ਦੀ ਜਾਣਕਾਰੀ ਗਯਾਨੀ ਗਯਾਨ ਸਿੰਘ ਨੇ ਇਸ ਤਰਾਂ ਲਿੱਖ ਕੇ ਦਿੱਤੀ ਹੈ: '21 ਮੱਘਰ ਸੰ. 1651 ਬਿ. ਨੂੰ ਕਸਬਾ ਕਰਤਾਰ ਪੁਰ ਬਸਾਯਾ ਇੱਥੇ ਹੁਣ ਇਸੇ ਗੁਰੂ ਦੀ ਸੰਤਾਨ ਮਾਫੀਦਾਰ ਸੋਢੀ ਨੌਨਿਹਾਲ ਸਿੰਘ ਜੀ ਕਾਯਮ ਹਨ।'[2]

ਕਰਤਾਰ ਪੁਰ ਵਿਚ ਕਈ ਗੁਰੂ ਅਸਥਾਨ ਹਨ ਜਿਹੜੇ ਵੱਖ-ਵੱਖ ਸਮਿਆਂ ਦੀ ਯਾਦ ਸੰਭਾਲੀ ਬੈਠੇ ਹਨ। ਇਨਾਂ ਵਿਚ ਇਹ ਅਸਥਾਨ ਸ਼ਾਮਿਲ ਹਨ।

1. ਗੁਰਦੁਆਰਾ ਥੰਮ ਸਾਹਿਬ: ਇਹ ਉਹ ਅਸਥਾਨ ਹੈ ਜਿੱਥੇ ਸਭ ਤੋਂ ਪਹਿਲਾਂ ਗੁਰੂ ਅਰਜਨ ਦੇਵ ਜੀ ਨੇ ਸਿਖ ਸੰਗਤਾਂ ਲਈ ਦੀਵਾਨ ਅਸਥਾਨ ਤਿਆਰ ਕਰਵਾਇਆ ਸੀ। ਪੱਕੇ ਥੰਮ ਬਣਾਉਣ ਦੀ ਥਾਂ ਗੁਰੂ ਜੀ ਨੇ ਟਾਹਲੀ ਦਾ ਇਕ ਤਕੜਾ ਥੰਮ ਗੱਡਿਆ ਸੀ ਜਿਸ ਉੱਪਰ ਹੋਰ ਸ਼ਤੀਰੀਆਂ ਚੜ੍ਹਾਈਆਂ ਗਈਆਂ ਸਨ। ਇਸ ਤਰਾਂ ਇਹ ਖੁੱਲਾ ਹਾਲ ਸਿਖ ਸੰਗਤ ਦੇ ਦੀਵਾਨ ਲਈ ਤਿਆਰ ਹੋ ਗਿਆ ਸੀ। ਇਸ ਥੰਮ ਤੋਂ ਇਸ ਅਸਥਾਨ ਦਾ ਨਾਂ ਗੁਰਦੁਆਰਾ ਥੰਮ ਸਾਹਿਬ ਚਾਲੂ ਹੋ ਗਿਆ।
2. ਸ਼ੀਸ਼ ਮਹਿਲ: ਇਹ ਗੁਰੂ ਸਾਹਿਬਾਨ ਦੀ ਰਿਹਾਇਸ਼ ਲਈ ਸੀ। ਸਿਖ ਸੰਗਤਾਂ ਇਸ ਨੂੰ ਸ਼ੀਸ਼ ਮਹਿਲ ਦੇ ਨਾਂ ਨਾਲ ਯਾਦ ਕਰਦੀਆਂ ਸਨ। ਇਸ ਵਿਚ ਅਨੇਕਾਂ ਵਸਤਾਂ ਸੰਭਾਲ ਕੇ ਰੱਖੀਆਂ ਹੋਈਆਂ ਹਨ। ਇਨਾਂ ਵਿਚ ਇਕ ਪੁਰਾਤਨ ਬੀੜ ਗੁਰੂ ਗ੍ਰੰਥ ਸਾਹਿਬ ਦੀ, ਇਕ ਗੁਰੂ ਹਰਿਗੋਬਿੰਦ ਸਾਹਿਬ ਦਾ ਖੰਡਾ, ਇਕ ਗੁਰੂ ਹਰਿ ਰਾਇ ਜੀ ਦਾ ਖੰਡਾ ਜਿਸ ਉੱਪਰ ਲਿਖਿਆ ਹੈ 'ਗੁਰੂ ਨਾਨਕ ਜੀ ਸਹਾਏ ਗੁਰੂ ਹਰਿ ਰਾਇ ਜੀ 1694 'ਪਰ ਜਿਸ ਤਰਾਂ ਇਹ ਸੰਮਤ ਦਿੱਤਾ ਗਿਆ ਹੈ ਉਸ ਤੋਂ ਗੁਰੂ ਹਰਿ ਰਾਇ ਜੀ ਦੇ ਸਮ੍ਹੇਂ ਦੀ ਗਵਾਹੀ ਨਹੀਂ ਮਿਲਦੀ। ਗੁਰੂ ਅਰਜਨ ਦੇਵ ਜੀ ਦੇ ਪਾਠ ਦਾ ਗੁਟਕਾ, ਬਾਬਾ ਸਿਰੀ ਚੰਦ ਜੀ ਦੀ ਸੇਲੀ-ਟੋਪੀ, ਬਾਬਾ ਗੁਰਦਿੱਤਾ ਜੀ ਦੀਆਂ ਕੁੱਝ ਨਿਸ਼ਾਨੀਆਂ, ਆਦਿ ਆਦਿ। ਇਨਾਂ ਵਸਤਾਂ ਦੀ ਇਤਿਹਾਸਿਕ ਪਰਮਾਣੀਕਤਾ ਸਿਰਫ ਇੱਥੋਂ ਦੇ ਪਰਬੰਧਕਾਂ ਜਾਂ ਮਾਲਕਾਂ ਦਾ ਆਪਣੇਂ ਬਿਆਨ ਹੀ ਹਨ ਹੋਰ ਕੋਈ ਗਵਾਹੀ ਨਹੀਂ ਹੈ।
3. ਖੂਹ ਮੱਲੀਆਂ: ਇੱਥੇ ਭਾਈ ਗੁਰਦਾਸ ਜੀ ਬੈਠ ਕੇ ਆਪਣੀ ਲਿਖਤ ਲਿਖਦੇ ਹੁੰਦੇ ਸਨ।
4. ਗੰਗਸਰ ਕੂਆ: ਇਸ ਖੂਹ ਨੂੰ ਪਿੰਡ ਦੀ ਸਥਾਪਨਾ ਵੇਲੇ ਗੁਰੂ ਅਰਜਨ ਦੇਵ ਜੀ ਨੇ ਲਗਾਇਆ ਸੀ। ਇਹ ਮਾਤਾ ਗੰਗਾ ਜੀ ਦੀ ਯਾਦ ਵਿਚ ਸੀ।

---

1. *ਤੇਜਾ ਸਿੰਘ ਗੰਡਾ ਸਿੰਘ*, ਪੰਨੇ 177-180.
2. *ਤਵਾਰੀਖ ਗੁਰੂ ਖਾਲਸਾ*, ਸਿਆਲਕੋਟ, 1891, ਪੰਨਾ 198.

5. ਸ਼ਹਿਰ ਦੇ ਇਕ ਪਾਸੇ ਗੁਰੂ ਹਰਿ ਰਾਇ ਜੀ ਦਾ ਯਾਦਗਾਰੀ ਅਸਥਾਨ ਟਾਹਲੀ ਸਾਹਿਬ ਹੈ।
6. ਦਮਦਮਾ ਸਾਹਿਬ: ਇਸ ਅਸਥਾਨ 'ਤੇ ਬੈਠ ਕੇ ਗੁਰੂ ਹਰਿਗੋਬਿੰਦ ਸਾਹਿਬ ਸਿਖ ਸੰਗਤਾਂ ਦੇ ਦਰਬਾਰ ਲਗਾਇਆ ਕਰਦੇ ਸਨ।
7. ਵਿਵਾਹ ਅਸਥਾਨ: ਇੱਥੇ ਗੁਰੂ ਤੇਗ ਬਹਾਦੁਰ ਜੀ ਦਾ ਮਾਤਾ ਗੁਜਰੀ ਜੀ ਨਾਲ ਵਿਵਾਹ ਹੋਇਆ ਸੀ। ਇਹ ਅਸਥਾਨ ਰਬਾਬੀਆਂ ਦੇ ਮੁਹੱਲੇ ਹੈ। ਇਸ ਤੋਂ ਇਲਾਵਾ ਇੱਥੇ ਗੁਰਦੁਆਰਾ ਨਾਨਕਿਆਣਾ, ਬੇਰ ਸਾਹਿਬ ਅਤੇ ਬੀਬੀ ਕੌਲਾਂ ਜੀ ਦੀ ਸਮਾਧ ਵੀ ਹੈ।

ਅੱਜ ਕੱਲ ਕਰਤਾਰ ਪੁਰ ਵਿਚ ਸਰਦਾਰ ਅਮਰਜੀਤ ਸਿੰਘ ਸੋਢੀ ਇਸ ਖਾਨਦਾਨ ਦੇ ਮੁੱਖੀ ਹਨ। ਇਹ ਨਗਰ ਅੱਜ ਸਾਰੇ ਭਾਰਤ ਵਿਚ ਲਕੜੀ ਦੇ ਕੰਮ ਵਿਚ ਬਹੁਤ ਪਰਸਿੱਧ ਹੈ। ਰਾਮਗੜੀਆਂ ਦੇ ਇਹ ਘਰ ਗੁਰੂ ਅਰਜਨ ਦੇਵ ਜੀ ਵੱਲੋਂ ਇੱਥੇ ਲਿਆ ਕੇ, ਵਸਾਏ ਗਏ ਮਿਸਤਰੀ ਸਿਖਾਂ ਦੀ ਹੀ ਉਲਾਦ ਹਨ।

ਬਸਤੀ ਸ਼ੇਖ ਜਲੰਧਰ: ਗੁਰਦੁਆਰਾ ਬਸਤੀ ਸ਼ੇਖ ਜਲੰਧਰ ਸ਼ਹਿਰ ਦਾ ਹੀ ਇਕ ਹਿੱਸਾ ਹੈ। ਬਰਾਸਤਾ ਘਾਹ ਮੰਡੀ ਹੋ ਕੇ ਇੱਥੇ ਪਹੁੰਚੀਦਾ ਹੈ। ਘਾਹ ਮੰਡੀ ਦੇ ਚੌਕ ਤੋਂ ਸਿਰਫ ਸੌ ਗਜ ਦੀ ਦੂਰੀ 'ਤੇ ਗੁਰਦੁਆਰਾ ਸਥਿਤ ਹੈ। ਇਹ ਬਸਤੀ ਸ਼ੇਖ ਭਾਵੇਂ ਪਹਿਲਾਂ ਇਕ ਪਿੰਡ ਹੁੰਦਾ ਸੀ।[1] ਇਸ ਦੇ ਦੋ ਹਿੱਸੇ ਹੁੰਦੇ ਸਨ। ਇਨਾਂ ਨੂੰ ਚੱਕ ਆਖਿਆ ਜਾਂਦਾ ਸੀ। ਇਕ ਚੱਕ ਲੋਧੀ ਪਠਾਣਾਂ ਦਾ ਸੀ ਤੇ ਦੂਜਾ ਵਡਾਲਾ ਮੁਸਲਮਾਨ ਰਾਜਪੂਤਾਂ ਦਾ ਸੀ। ਸ਼ੇਖ ਮੁਹੰਮਦ ਦਰਵੇਸ਼ ਨੇ ਲੋਧੀ ਪਠਾਣਾਂ ਦਾ ਚੱਕ ਖਰੀਦ ਕੇ ਇੱਥੇ ਹੀ ਵਸੇਬਾ ਕਰ ਲਿਆ ਸੀ। ਇਸ ਕਰ ਕੇ ਇਸ ਚੱਕ ਦਾ ਨਾਂ ਬਸਤੀ ਸ਼ੇਖ ਚਾਲੂ ਹੋ ਗਿਆ ਸੀ। ਇਸੇ ਹੀ ਬਸਤੀ ਵਿਚ ਕੁੰਦੀ ਗੋਤ ਦੇ ਰਾਮਗੜੀਏ ਪਰਿਵਾਰ ਆ ਕੇ ਵਸ ਗਏ ਸਨ। ਇਹ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖੀ ਵਿਚ ਆਏ ਸਨ। ਇਨ੍ਹਾਂ ਦਾ ਬਜ਼ੁਰਗ ਇਕ ਭਾਈ ਸਿਰੰਦਾ ਸੀ। ਇਹ ਇੱਥੇ ਸਿਖ ਧਰਮ ਦਾ ਪਰਚਾਰਕ ਸੀ। ਗੁਰੂ ਹਰਿਗੋਬਿੰਦ ਸਾਹਿਬ ਇੱਥੇ ਭਾਈ ਸਿਰੰਦਾ ਜੀ ਦੇ ਬੁਲਾਵੇ 'ਤੇ ਹੀ ਸਿਖ ਸੰਗਤਾਂ ਨੂੰ ਧਰਮ ਉਪਦੇਸ਼ ਦੇਣ ਆਏ ਸਨ। ਸਥਾਨਿਕ ਰਵਾਇਤ ਅਨੁਸਾਰ ਗੁਰੂ ਸਾਹਿਬ ਇੱਥੇ ਤਿੰਨ ਦਿਨ ਰਹੇ ਸਨ ਅਤੇ ਉਨਾਂ ਨੇ ਬਸਤੀ ਦੀ ਸਿਖ ਸੰਗਤ ਲਈ ਇਕ ਖੂਹ ਵੀ ਲਗਵਾਇਆ ਸੀ। ਇਹ ਖੂਹ ਸਮਾਂ ਪਾ ਕੇ ਬੰਦ ਹੋ ਗਿਆ ਸੀ ਜਿਸ ਦੀ ਮੁਰੰਮਤ ਪਿੱਛੋਂ 1923 ਈ. (ਸੰਮਤ 1980 ਬਿ.) ਵਿਚ ਇੱਥੋਂ ਦੇ ਕੁੰਦੀ ਪਰਿਵਾਰ ਦੇ ਸੱਜਣਾਂ ਵੱਲੋਂ ਹੀ ਕਰਵਾਈ ਗਈ ਸੀ। ਅੱਜ ਕੱਲ ਪਰਬੰਧਕਾਂ ਪਾਸ ਜੋ ਇਕ ਯਾਦਗਾਰੀ ਸਿੱਲ ਸੰਭਾਲ ਕੇ ਰੱਖੀ ਹੋਈ ਹੈ ਉਸ ਉੱਪਰ ਲਿਖਿਆ ਹੋਇਆ ਹੈ-ਯਾਦਗਾਰ ਗੁਰੂ ਹਰਿਗੋਬਿੰਦ ਸਾਹਿਬ। ਇਹ ਖੂਆ-ਸੇਵਾ ਕਰਾਈ ਬਾਬੂ ਖੁਸ਼ਹਾਲ ਸਿੰਘ, ਬਿਸ਼ਨ ਸਿੰਘ ਓਵਰਸੀਅਰ ਸੰਮਤ 1980 ਬਿ.। ਸ: ਬਿਸ਼ਨ ਸਿੰਘ ਜੀ ਦੇ ਮਾਤਾ ਅੱਛਰੋ ਜੀ ਇੱਥੇ ਗੁਰੂ ਜੀ ਦੀ ਪਵਿੱਤਰ ਯਾਦ ਵਿਚ ਰੋਜ਼ਾਨਾ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਕਰਦੇ ਰਹਿੰਦੇ ਸਨ ਅਤੇ ਗੁਰੂ ਜੀ ਦੀ ਯਾਦ ਵਿਚ ਪਰਿਵਾਰ ਨੇ ਇਕ ਥੜ੍ਹਾ ਬਣਾ ਰੱਖਿਆ ਹੋਇਆ ਸੀ। ਮਾਤਾ ਅੱਛਰੋ ਜੀ ਪਿੱਛੋਂ ਇਕ ਸੱਜਣ ਭਾਈ ਲੱਜੀ ਰਾਮ ਨੇ ਇਹ ਸੇਵਾ

1. ਭਾਈ ਕਾਨ੍ਹ ਸਿੰਘ ਨਾਭਾ, ਪੰਨਾ 824.

ਜਾਰੀ ਰੱਖੀ। ਜਦੋਂ ਪਰਿਵਾਰ ਦਾ ਮੈਂਬਰ ਇੱਥੇ ਕੋਈ ਨਾ ਰਿਹਾ ਤਾਂ ਕੁੰਦੀ ਪਰਿਵਾਰ ਦੇ ਬਾਹਰ ਰਹਿੰਦੇ ਮੈਂਬਰਾਂ ਨੇ ਇਹ ਘਰ ਸੰਗਤਾਂ ਨੂੰ ਸੌਂਪ ਦਿੱਤਾ ਅਤੇ ਸਿਖ ਸੰਗਤਾਂ ਨੇ ਇੱਥੇ ਅਤੀ ਸੁੰਦਰ ਗੁਰਦੁਆਰਾ ਉਸਾਰ ਦਿੱਤਾ। ਇਸ ਦੀ ਡਿਊਢੀ ਛੇ ਮੰਜ਼ਲੀ ਹੈ ਅਤੇ ਇਸ ਦਾ ਦਰਬਾਰ ਹਾਲ 101'×65' ਚੌੜਾ ਹੈ। ਇਸ ਸਮੁੱਚੇ ਕੰਪਲੈਕਸ ਉੱਪਰ ਪੰਦਰਾਂ ਲੱਖ ਰੁਪਿਆ ਖਰਚ ਆਇਆ ਦੱਸਿਆ ਜਾਂਦਾ ਹੈ। ਬਸਤੀ ਦਾ ਮਾਲਕ ਸ਼ੇਖ ਦਰਵੇਸ਼ ਬਾਰੇ ਰਵਾਇਤ ਹੈ ਕਿ ਉਹ ਭਾਈ ਮਿਰੰਦਾ ਦੇ ਘਰ ਹੀ ਗੁਰੂ ਜੀ ਨੂੰ ਮਿਲਣ ਆਇਆ ਸੀ। ਇੱਥੇ ਇਕ ਬੀੜ ਵੀ ਪਈ ਹੈ ਜਿਸ ਬਾਰੇ ਪਰਬੰਧਕ ਦੱਸਦੇ ਹਨ ਕਿ ਇਹ ਬਾਬਾ ਦੀਪ ਸਿੰਘ ਜੀ ਰਾਹੀਂ ਲਿਖੀ ਹੋਈ ਹੈ।

ਗੁਰਦੁਆਰਾ ਬਾਬਾ ਬੱਦੋਆਣਾ ਸਾਹਿਬ ਡੱਲੀ (ਜਲੰਧਰ): ਇਹ ਅਸਥਾਨ ਜਲੰਧਰ ਤੋਂ ਪਠਾਨਕੋਟ ਨੂੰ ਜਾਣ ਵਾਲੀ ਸੜਕ ਉੱਪਰ ਜਲੰਧਰ ਤੋਂ 29 ਕਿਲੋਮੀਟਰ ਦੂਰੀ 'ਤੇ ਸਥਿਤ ਹੈ। ਸੜਕ ਤੋਂ ਛਿਪਦੇ ਵੱਲ ਗਿਆਨ ਕੇਸਰੀ ਹਸਪਤਾਲ ਦੇ ਸਾਹਮਣੇ ਇਕ ਬਹੁਤ ਸੁੰਦਰ ਦਰਵਾਜ਼ਾ ਬਣਿਆ ਹੋਇਆ ਹੈ। ਇਸ ਤੋਂ ਇਕ ਫਰਲਾਂਗ ਦੀ ਵਿੱਥ 'ਤੇ ਗੁਰਦੁਆਰਾ ਬਾਬਾ ਬੱਦੋਆਣਾ ਸਾਹਿਬ ਹੈ। ਪਿੰਡ ਡੱਲੀ ਹੈ। ਇੱਥੇ ਛੇਵੇਂ ਪਾਤਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਜੀ ਪਧਾਰੇ ਸਨ।

ਸਥਾਨਿਕ ਪੰਪਰਾਵਾਂ ਜਾਂ ਕਥਾਵਾਂ ਅਨੁਸਾਰ ਗੁਰੂ ਜੀ ਦਾ ਇਕ ਯੋਧਾ ਸਿਖ ਬਾਬਾ ਬੱਦੋਆਣਾ, ਕਿਸੇ ਲੜਾਈ ਵਿਚ ਸਖ਼ਤ ਜ਼ਖ਼ਮੀ ਹੋ ਗਿਆ ਸੀ ਜੋ ਇਸੇ ਅਸਥਾਨ 'ਤੇ ਗੁਰਪੁਰੀ ਨੂੰ ਸਿਧਾਰ ਗਿਆ ਸੀ। ਬਾਬਾ ਬੱਦੋਆਣਾ ਜੀ ਦਾ ਗੁਰੂ ਸਾਹਿਬ ਨੇ ਇੱਥੇ ਅੰਤਮ ਸੰਸਕਾਰ ਕੀਤਾ ਅਤੇ ਸਿਖ ਸੰਗਤਾਂ ਨੂੰ ਇਸ ਥਾਂ ਦੀ ਸੇਵਾ-ਸੰਭਾਲ ਕਰਨ ਲਈ ਕਿਹਾ। ਪਿੱਛੋਂ ਇੱਥੇ ਛੋਟਾ ਜਿਹਾ ਗੁਰਦੁਆਰਾ ਬਣਾ ਦਿੱਤਾ ਗਿਆ ਸੀ। 1978 ਵਿਚ ਭਾਈ ਕੇਸਰ ਸਿੰਘ ਜਮਾਂਦਾਰ ਦੀ ਅਗਵਾਈ ਵਿਚ ਸਥਾਨਿਕ ਸੰਗਤਾਂ ਨੇ ਵਰਤਮਾਨ ਇਮਾਰਤ ਦੀ ਸ਼ੁਰੂਆਤ ਕਰਵਾਈ ਸੀ।

ਬੰਗਾ (ਜਲੰਧਰ): ਨਗਰ ਬੰਗਾ, ਜ਼ਿਲ੍ਹਾ ਜਲੰਧਰ ਦਾ ਪਰਸਿੱਧ ਅਸਥਾਨ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਕਰਤਾਰ ਪੁਰ ਵੱਲੋਂ ਅੱਗੇ ਕੀਰਤਪੁਰ ਨੂੰ ਜਾਂਦੇ ਸਮੇਂ ਠਹਿਰੇ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਇੱਥੇ ਪਧਾਰਨ ਬਾਰੇ ਵੀਰ ਸਿੰਘ ਬਲ ਨੇ ਲਿਖਿਆ ਹੈ ਕਿ:

ਐਸੇ ਕਹਿ ਗੁਰ ਵੰਗੀ ਆਏ। ਚਰਨ ਕੰਵਲ ਕਛੁ ਤਾਂਹਿ ਠਰਾਏ।
ਤਨਕ ਠਹਿਰ ਦੂੰਨ ਬਰ ਗਏ। ਨਗਰ ਪਾਇਲੀ ਪ੍ਰਾਪਤ ਭਏ।।[1]

ਗਯਾਨੀ ਠਾਕਰ ਸਿੰਘ ਨੇ ਲਿਖਿਆ ਹੈ: 'ਨਗਰ ਜੀਂਦਵਾਲ ਡਬੇਲੀ ਤੋਂ ਟੁਰ ਕੇ ਮਹਾਰਾਜ ਇੱਥੇ ਆਏ ਅਤੇ ਇੱਥੇ ਸੁਹੇਲਾ ਘੋੜਾ ਬੀਮਾਰ ਹੋ ਗਿਆ। ਇਕ ਦਿਨ ਮਹਾਰਾਜ ਇੱਥੇ ਰਹੇ। ਨਗਰ ਦੇ ਲੋਕਾਂ ਨੇ ਬਹੁਤ ਸੇਵਾ ਕੀਤੀ। ਇਸ ਨਗਰ ਦੇ ਪਾਸ ਮਸ਼ਹੂਰ ਕਸਬਾ ਸ਼ਹਿਰ ਬੰਗਾ ਹੈ। ਸਟੇਸ਼ਨ ਬੰਗਿਆਂ ਤੋਂ ਇਕ ਮੀਲ ਦੀ ਵਿੱਥ ਉੱਤੇ ਇਹ ਗੁਰਦੁਆਰਾ ਸਾਹਿਬ ਜੀ ਹੈ। ਪੁਜਾਰੀ ਉਦਾਸੀ ਹਨ। ਜ਼ਮੀਨ ਭੀ ਹੈ, ਜ਼ਿਲ੍ਹਾ ਜਲੰਧਰ ਹੈ' (ਪੰਨਾ 210) ਇਹ ਲਿਖਤ 1924 ਤੋਂ ਪਹਿਲਾਂ ਦੀ ਹੈ। ਅੱਜ ਕੱਲ ਇੱਥੇ ਬਹੁਤ ਵਧੀਆਂ ਗੁਰਦੁਆਰਾ ਸਾਹਿਬ ਹੈ। ਜੱਥੇਦਾਰ ਹਰਿਗੁਰਨਾਦ ਸਿੰਘ ਸਵਰਗਵਾਸੀ ਨੇ ਇਸ ਅਸਥਾਨ ਦੇ ਵਿਕਾਸ

1. ਗੁਰਕੀਰਤ ਪ੍ਰਕਾਸ਼, ਪੰਨਾ 215.

ਵਿਚ ਬਹੁਤ ਯੋਗਦਾਨ ਪਾਇਆ ਹੈ। ਗੁਰਦੁਆਰਾ ਸਾਹਿਬ ਦੇ ਨਾਲ ਹੀ ਕੁੜੀਆਂ ਦਾ ਕਾਲਜ ਹੈ।

ਜੀਦਵਾਲ: ਪਿੰਡ ਜੀਦਵਾਲ, ਗੁਰਦੁਆਰਾ ਚਰਨ ਕੰਵਲ ਬੰਗਾ ਤੋਂ ਨਵਾਂ ਸ਼ਹਿਰ ਨੂੰ ਜਾਂਦਿਆਂ ਇਕ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਥੇ ਹਰਿਗੋਬਿੰਦ ਸਾਹਿਬ ਨੇ ਕਰਤਾਰ ਪੁਰ ਤੋਂ ਫਗਵਾੜਾ, ਸੋਤਰਾਂ ਨੂੰ ਆਉਂਦਿਆਂ ਆਪਣੇ ਪਵਿੱਤਰ ਚਰਨ ਪਾਏ ਸਨ। ਸਭ ਲਿਖਤਾਂ ਵਿਚ ਇਸ ਗੱਲ ਦਾ ਜ਼ਿਕਰ ਹੈ ਕਿ ਇੱਥੇ ਗੁਰੂ ਸਾਹਿਬ ਦਾ ਸੁਹੇਲਾ ਘੋੜਾ ਬਿਮਾਰ ਹੋ ਗਿਆ ਸੀ। ਇੱਥੇ ਸਭ ਤੋਂ ਪਹਿਲਾਂ ਗੁਰਦੁਆਰਾ ਮਹਾਰਾਜਾ ਰਣਜੀਤ ਸਿੰਘ ਜੀ ਨੇ ਬਣਵਾਇਆ ਸੀ। ਇਸ ਦਾ ਨਾਂ ਗੁਰਦੁਆਰਾ ਚਰਨ ਕੰਵਲ ਜੀਦਵਾਲ ਹੈ। ਇਸ ਦੀ ਵਰਮਾਨ ਦਰਸ਼ਨੀ ਡਿਉਢੀ ਸੰਤ ਬਾਬਾ ਸੇਵਾ ਸਿੰਘ ਜੀ ਕਿਲਾ ਆਨੰਦਗੜ੍ਹ ਵਾਲਿਆਂ ਨੇ ਬਣਵਾਈ ਸੀ। ਲੰਗਰ ਸੇਵਾ ਕਮੇਟੀ ਨੇ ਇੱਥੇ ਦੀ ਲਾਇਬਰੇਰੀ ਸਥਾਪਿਤ ਕੀਤੀ। ਇਸ ਦਾ ਨਾਂ ਬੇਬੇ ਨਾਨਕੀ ਲਾਇਬਰੇਰੀ ਹੈ। ਇੱਥੇ ਲੰਗਰ ਦੀ ਇਕ ਵਿਸ਼ਾਲ ਇਮਾਰਤ ਬਣ ਰਹੀ ਹੈ ਜਿਸ ਦੀ ਕਾਰ ਸੇਵਾ ਸੰਤ ਬਾਬਾ ਲਾਭ ਸਿੰਘ ਜੀ ਕਿਲਾ ਆਨੰਦਗੜ੍ਹ ਸਾਹਿਬ ਵਾਲੇ ਕਰਵਾ ਰਹੇ ਹਨ।

ਪੰਡਿਤ ਤਾਰਾ ਸਿੰਘ ਨਰੋਤਮ ਨੇ ਇਸ ਅਸਥਾਨ ਦਾ ਜ਼ਿਕਰ ਇਉਂ ਕੀਤਾ ਹੈ: 'ਜੀਂਦਵਾਲ ਗ੍ਰਾਮ ਬੰਗਿਆ ਸੇ ਏਕ ਕੋਸ ਉਤਰ। (ਸੇਵਾਦਾਰ) ਉਦਾਸੀ। ਈਹਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਕੀ ਸਵਾਰੀ ਕਾ ਸੁਹੇਲਾ ਘੋੜਾ ਬਿਮਾਰ ਹੂਆ। ਬੰਗੇ ਸ਼ੇਹਰ ਜ਼ਿਲੇ ਜਲੰਧਰ ਮੇਂ ਹੈ।'[1] ਗਿਆਨੀ ਠਾਕਰ ਸਿੰਘ ਨੇ ਇਸ ਦਾ ਜ਼ਿਕਰ ਕੁੱਝ ਹੋਰ ਵਿਸਥਾਰ ਨਾਲ ਕਰਦਿਆਂ ਇੰਜ ਲਿਖਿਆ ਹੈ: 'ਨਗਰ ਜੀਦਵਾਲ ਡੁਬੇਲੀ ਤੋਂ ਟੁਰ ਕੇ ਮਹਾਰਾਜ ਇੱਥੇ ਆਏ ਅਤੇ ਸੁਹੇਲਾ ਘੋੜਾ ਬਿਮਾਰ ਹੋ ਗਿਆ। ਇਕ ਦਿਨ ਮਹਾਰਾਜ ਇੱਥੇ ਰਹੇ। ਨਗਰ ਦੇ ਲੋਕਾਂ ਨੇ ਬਹੁਤ ਸੇਵਾ ਕੀਤੀ। ਇਸ ਨਗਰ ਦੇ ਪਾਸ ਮਸ਼ਹੂਰ ਕਸਬਾ ਸ਼ੇਹਰ ਬੰਗੇ ਹੈ। ਸਟੇਸ਼ਨ ਬੰਗਿਆਂ ਤੋਂ ਇਕ ਮੀਲ ਦੀ ਵਿੱਥ ਉੱਤੇ ਇਹ ਗੁਰਦੁਆਰਾ ਸਾਹਿਬ ਜੀ ਹੈ। ਪੁਜਾਰੀ ਉਦਾਸੀ ਹਨ ਅਤੇ ਜ਼ਮੀਨ ਭੀ ਹੈ। ਜ਼ਿਲ੍ਹਾਂ ਜਲੰਧਰ ਹੈ।'[2]

ਗੁਰਦੁਆਰਾ ਸਾਹਿਬ ਦੇ ਖੱਬੇ ਪਾਸੇ ਇਕ ਸੁੰਦਰ ਸਰੋਵਰ ਹੈ। ਇੱਥੇ ਗੁਰੂ ਹਰਿ ਰਾਇ ਜੀ ਅਤੇ ਗੁਰੂ ਤੇਗ ਬਹਾਦੁਰ ਜੀ ਵੀ ਆਏ ਸਨ।

ਦੁਰਗਾ ਪੁਰ (ਜਲੰਧਰ): ਪਿੰਡ ਦੁਰਗਾ ਪੁਰ, ਜਲੰਧਰ ਦੀ ਤਹਿਸੀਲ ਨਵਾਂ ਸ਼ਹਿਰ (ਅੱਜ ਕੱਲ ਜ਼ਿਲ੍ਹਾਂ ਨਵਾਂ ਸ਼ਹਿਰ), ਥਾਣਾ ਰਾਹੋਂ ਵਚ ਹੈ। ਨਵਾਂ ਸ਼ਹਿਰ ਤੋਂ ਤਿੰਨ ਕਿਲੋਮੀਟਰ ਪੂਰਬ ਵੱਲ ਹੈ। ਪਿੰਡ ਦੇ ਪੱਛਮ ਵੱਲ ਗੁਰਦੁਆਰਾ ਸਾਹਿਬ ਹੈ ਜੋ ਗੁਰੂ ਹਰਿਗੋਬਿੰਦ ਨੂੰ ਜਾਂਦੇ ਹੋਏ ਇੱਥੇ ਠਹਿਰੇ ਸਨ। ਪਹਿਲਾਂ-ਪਹਿਲਾਂ ਗੁਰੂ ਜੀ ਦੇ ਬਿਰਾਜਣ ਵਾਲੀ ਥਾਂ 'ਤੇ ਸਾਧਾਰਣ ਜਿਹਾ ਨਿਸ਼ਾਨ ਸਾਹਿਬ ਹੀ ਸੀ। ਇਸ ਥਾਂ 'ਤੇ ਪਿੱਛੋਂ ਬਾਬਾ ਰਾਮ ਸਿੰਘ ਜੀ ਦੀ ਪਰੇਰਣਾ ਨਾਲ ਗੁਰਦੁਆਰਾ ਬਣਾਇਆ ਗਿਆ। ਪਿੰਡ ਵੱਲੋਂ 10 ਘੁਮਾਉ ਜ਼ਮੀਨ ਵੀ ਗੁਰਦੁਆਰਾ ਸਾਹਿਬ ਨਾਲ ਲਗਵਾ ਦਿੱਤੀ ਗਈ ਸੀ। ਅੱਜ ਕੱਲ ਨਾਮਧਾਰੀ ਸਿੰਘ ਹੀ ਇਸ ਅਸਥਾਨ ਦੀ ਸੇਵਾ ਕਰਦੇ ਹਨ।

---

1. *ਸ੍ਰੀ ਗੁਰ ਤੀਰਥ ਸੰਗ੍ਰਹਿ*, ਪੰਨਾ 58.
2. *ਗ੍ਰੰਥ ਸ੍ਰੀ ਗੁਰਦੁਆਰੇ ਦਰਸ਼ਨ*, ਪੰਨੇ 209-10.

ਗੁਰਦੁਆਰਾ ਥੰਮ ਸਾਹਿਬ ਡੁਮੇਲੀ (ਕਪੂਰਥਲਾ): ਪਿੰਡ ਡੁਮੇਲੀ ਜਿਲ੍ਹਾ ਕਪੂਰਥਲਾ ਵਿਚ ਅਤੇ ਜਲੰਧਰ ਤੋਂ 16 ਕਿਲੋਮੀਟਰ ਦੀ ਵਿੱਥ 'ਤੇ ਚੜ੍ਹਦੇ ਵਾਲੇ ਪਾਸੇ ਹੈ। ਪੰਡਿਤ ਤਾਰਾ ਸਿੰਘ ਨਰੋਤਮ ਅਤੇ ਗਯਾਨੀ ਠਾਕਰ ਸਿੰਘ ਦੇ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਕੀਰਤ ਪੁਰ ਸਾਹਿਬ ਨੂੰ ਜਾਂਦੇ ਸਮੇਂ ਇੱਥੇ ਠਹਿਰੇ ਸਨ। ਇਨ੍ਹਾਂ ਨੇ ਗੁਰੂ ਜੀ ਦੇ ਇੱਥੇ ਆਉਣ ਦੀ ਮਿਤੀ 12 ਚੇਤ, ਸੰਮਤ 1689 ਬਿ. ਦਿਨ ਐਤਵਾਰ (ਮੁਤਾਬਕ ਸੰਨ 1632 ਈ.) ਦਿੱਤੀ ਹੈ। ਭਾਈ ਕਾਨ੍ਹ ਸਿੰਘ ਅਨੁਸਾਰ 'ਡੁਮੇਲੀ (ਰਿਆਸਤ ਕਪੂਰਥਲਾ, ਤਹਿਸੀਲ ਫਗਵਾੜਾ) ਦੀ ਆਬਾਦੀ ਵਿਚ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦੁਆਰਾ। ਇੱਥੇ ਚੁਕੋਣਾ ਥੰਮਲਾ ਪੰਜ ਫੁੱਟ ਉੱਚਾ ਹੈ ਜਿਸ ਨੂੰ ਥੰਮ ਜੀ ਆਖਦੇ ਹਨ। ਦਰਬਾਰ ਸੁੰਦਰ ਬਣਿਆ ਹੋਇਆ ਹੈ। 25 ਘੁਮਾਉਂ ਜ਼ਮੀਨ ਤਿੰਨ ਖੂਹਾਂ ਸਮੇਤ ਰਿਆਸਤ ਕਪੂਰਥਲੇ ਵਲੋਂ ਹੈ ਰੇਲਵੇ ਸਟੇਸ਼ਨ ਫਗਵਾੜੇ ਤੋਂ ਹੁਸ਼ਿਆਰ ਪੁਰ ਵਾਲੀ ਸੜਕ ਪੁਰ ਦੱਸ ਮੀਲ ਹੈ।'[1]

ਫਗਵਾੜਾ (ਕਪੂਰਥਲਾ): ਫਗਵਾੜਾ ਸ਼ਹਿਰ, ਕਪੂਰਥਲਾ ਦੀ ਤਹਿਸੀਲ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ, ਕਰਤਾਰ ਪੁਰ ਤੋਂ ਰਵਾਨਾ ਹੋ ਕੇ ਜਦੋਂ ਕੀਰਤਪੁਰ ਸਾਹਿਬ ਨੂੰ ਜਾ ਰਹੇ ਸਨ, ਤਦ ਆਏ ਸਨ। ਫਗਵਾੜੇ ਵਿਖੇ ਅਚਾਨਕ ਹੀ ਗੁਰੂ ਸਾਹਿਬ ਉੱਪਰ ਦੁਸ਼ਮਣਾਂ ਵੱਲੋਂ ਬੜਾ ਤਕੜਾ ਹਮਲਾ ਕੀਤਾ ਗਿਆ ਸੀ ਪਰ ਇਸ ਹਮਲੇ ਨੂੰ ਗੁਰੂ ਸਾਹਿਬ ਨੇ ਪਛਾੜ ਦਿੱਤਾ ਸੀ। ਗੁਰੂ ਜੀ ਦੇ ਫਗਵਾੜੇ ਆਉਣ ਦਾ ਜਿਕਰ ਉਨ੍ਹਾਂ ਦੇ ਸਮਕਾਲੀ ਲੇਖਕ ਜ਼ੁਲਫਕਾਰ ਅਰਧਿਸਤਾਨੀ ਨੇ ਵੀ ਆਪਣੀ ਲਿਖਤ ਵਿਚ ਕੀਤਾ ਹੈ। ਉਨੀਵੀਂ ਸਦੀ ਦੇ ਪਹਿਲੇ ਅੱਧ ਦੇ ਲੇਖਕ ਵੀਰ ਸਿੰਘ ਬਲ ਨੇ ਵੀ ਗੁਰੂ ਜੀ ਦੇ ਫਗਵਾੜੇ ਆਉਣ ਦਾ ਜਿਕਰ ਇਉਂ ਕੀਤਾ ਹੈ ਕਿ ਕਰਤਾਰ ਪੁਰ ਤੋਂ ਸਭ ਸਮਾਨ ਸਾਥ ਲੈ ਕੇ ਗੁਰੂ ਜੀ ਨੇ ਪੂਰਬ ਦੀ ਤਰਫ ਚਾਲੇ ਪਾਏ। ਅਜੇ ਦੋ ਕੁ ਘੜੀਆਂ ਹੀ ਦਿਨ ਚੜ੍ਹਿਆ ਸੀ ਕਿ ਗੁਰੂ ਜੀ ਫਗਵਾੜੇ ਆ ਪਹੁੰਚੇ ਸਨ:

ਰਾਜ ਸਮਾਜੁ ਸਰਬ ਸੰਗ ਲੀਨੋ ਪੂਰਬ ਓਰ ਕੂਚ ਗੁਰ ਕੀਨੋ।
ਦੁਵੈ ਘਟਕਾ ਦਿਨ ਚੜਿਯੋ ਸੁ ਜਬ ਹੀ।
ਪਹੁੰਚੇ ਆ ਫਗਵਾੜੇ ਤਬ ਹੀ।[2]

ਭਾਈ ਕਾਨ੍ਹ ਸਿੰਘ ਨੇ ਵੀ ਆਪਣੀ ਲਿਖਤ ਵਿਚ ਇਸ ਅਸਥਾਨ ਦਾ ਇਉਂ ਜਿਕਰ ਕੀਤਾ ਹੈ: ਸੁਖਚੈਨ ਆਣਾ, ਸ਼ਹਿਰ ਤੋਂ ਡੇਢ ਮੀਲ ਦੇ ਕਰੀਬ ਪੂਰਵ ਸ਼੍ਰੀ ਗੁਰੂ ਹਰਿਗੋਬਿੰਦ ਜੀ ਅਤੇ ਸ਼੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਇਕੋ ਅਸਥਾਨ ਹੈ। ਗੁਰਦੁਆਰਾ ਛੋਟਾ ਜਿਹਾ ਬਣਿਆ ਹੋਇਆ ਹੈ। ਪੱਕਾ ਸੇਵਾਦਾਰ ਕੋਈ ਨਹੀਂ। ਗੁਰਦੁਆਰੇ ਨਾਲ ਤਿੰਨ ਘੁਮਾਉਂ ਜ਼ਮੀਨ ਰਿਆਸਤ ਕਪੂਰਥਲੇ ਵੱਲੋਂ ਹੈ। ਵੈਸਾਖੀ ਨੂੰ ਮੇਲਾ ਹੁੰਦਾ ਹੈ। ਰੇਲਵੇ ਸਟੇਸ਼ਨ ਫਗਵਾੜਾ ਤੋਂ ਦੋ ਮੀਲ ਉਤਰ-ਪੂਰਵ ਹੈ।' (ਪੰਨਾ 808) ਪਰ ਇਹ ਲਿਖਤ ਕਿਉਂਕਿ 1930 ਈ. ਦੀ ਹੈ। ਅੱਜ ਕੱਲ ਇੱਥੇ ਬਹੁਤ ਸੁੰਦਰ ਅਤੇ ਵਿਸ਼ਾਲ ਗੁਰਦੁਆਰਾ ਹੈ।

ਸਿਧਵਾਂ ਦੋਨਾਂ: ਪਿੰਡ ਸਿਧਵਾਂ ਦੋਨਾਂ ਕਪੂਰਥਲਾ-ਸ਼ਾਹਕੋਟ ਸੜਕ ਦੇ ਪੱਛਮ ਵਾਲੇ ਪਾਸੇ ਸਥਿਤ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਪਧਾਰੇ ਸਨ। ਉਨ੍ਹਾਂ ਦੀ ਯਾਦ ਵਿਚ

---

1. *ਮਹਾਨ ਕੋਸ਼,* ਪੰਨਾ 613.
2. ਵੀਰ ਸਿੰਘ ਬਲ, *ਗੁਰਕੀਰਤ ਪ੍ਰਕਾਸ਼* (1834 ਈ.), ਪੰਜਾਬੀ ਯੂਨੀ. ਪਟਿਆਲਾ, 1986, ਪੰਨਾ 214

ਗੁਰਦੁਆਰਾ ਬੇਰ ਸਾਹਿਬ ਸਸ਼ੋਭਿਤ ਹੈ। ਗੁਰੂ ਸਾਹਿਬ ਪਿੰਡ ਕਾਲਾ ਸੰਘਿਆਂ ਵੱਲੋਂ ਆਉਂਦੇ ਹੋਏ ਇੱਥੇ ਆਏ ਸਨ। ਇੱਥੇ ਇਕ ਢਾਬ ਸੀ ਅਤੇ ਢਾਬ ਦੇ ਕਿਨਾਰੇ 'ਤੇ ਗੁਰੂ ਸਾਹਿਬ ਦਾ ਡੇਰਾ ਸੀ। ਇੱਥੋਂ ਦੇ ਵਸਨੀਕ ਸਿਧੂ ਖੇੜਿਆਂ ਨੇ ਗੁਰੂ ਸਾਹਿਬ ਅਤੇ ਉਨਾਂ ਦੇ ਲਸ਼ਕਰ ਦੀ ਬਹੁਤ ਸੇਵਾ ਕੀਤੀ ਸੀ। ਇਨਾਂ ਸਿਧੂ ਖੇੜਿਆਂ ਦਾ ਵਿਸ਼ਵਾਸ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਦੀ ਬਖ਼ਸ਼ਿਸ਼ ਕਾਰਨ ਹੀ ਉਨਾਂ ਨੂੰ ਸਿੱਖੀ ਦੀ ਦਾਤ ਮਿਲੀ ਹੈ। ਇੱਥੇ ਬੇਰੀ ਦਾ ਇਕ ਪੁਰਾਣਾ ਰੁੱਖ ਮੌਜੂਦ ਹੈ। ਇਸ ਬਾਰੇ ਵਿਸ਼ਵਾਸ਼ ਹੈ ਕਿ ਇਹ ਬੇਰੀ ਗੁਰੂ ਸਾਹਿਬ ਦੇ ਸਮੇਂ ਦੀ ਹੈ। ਗੁਰਦੁਆਰੇ ਦਾ ਨਾਂ ਵੀ ਇਸੇ ਬੇਰੀ ਦੇ ਰੁੱਖ ਕਰ ਕੇ ਪਰਸਿੱਧ ਹੋਇਆ ਹੈ। ਇਸ ਅਸਥਾਨ ਦੀ ਪਛਾਣ ਪਹਿਲੀ ਵਾਰ ਇਲਾਕੇ ਦੇ ਲੋਕਾਂ ਨੂੰ ਦਮਦਮੀ ਟਕਸਾਲ ਦੇ ਚੌਧਵੇਂ ਮੁੱਖੀ ਸਿੰਘ ਸਾਹਿਬ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਨੇ ਕਰਵਾਈ ਸੀ। ਉਨਾਂ ਦੀ ਪਰੇਰਣਾ ਨਾਲ ਹੀ ਇੱਥੇ ਗੁਰਦੁਆਰਾ ਸਾਹਿਬ ਦੀ ਇਮਾਰਤ ਉਸਾਰੀ ਜਾਣੀ ਸ਼ੁਰੂ ਹੋਈ ਸੀ। ਇਸ ਸਮੇਂ ਇਕ ਵੱਡਾ ਦਰਬਾਰ ਹਾਲ ਅਤੇ ਇਕ ਸਰੋਵਰ ਬਣ ਚੁਕਿਆ ਹੈ।

ਗੁਰਦੁਆਰਾ ਟਾਹਲੀ ਸਾਹਿਬ ਮੂਣਕ: ਪਿੰਡ ਮੂਣਕ, ਜਲੰਧਰ-ਪਠਾਨਕੋਟ ਸੜਕ ਉੱਪਰ ਟਾਂਡੇ ਤੋਂ ਤਕਰੀਬਨ ਪੰਜ ਕਿਲੋਮੀਟਰ ਦੀ ਵਿੱਥ 'ਤੇ ਜ਼ਿਲਾ ਹੁਸ਼ਿਆਰ ਪੁਰ ਵਿਚ ਸਥਿਤ ਹੈ। ਇਸ ਦੀ ਜੂਹ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਟਾਹਲੀ ਸਾਹਿਬ ਸਸ਼ੋਭਿਤ ਹੈ। ਗੁਰੂ ਸਾਹਿਬ ਇੱਥੇ ਰੋਝੜੀ, ਡੱਲਾ ਅਤੇ ਪੁਲ ਪੁੱਖ਼ਤਾ ਆਦਿ ਥਾਵਾਂ ਉੱਤੋਂ ਦੀ ਹੁੰਦੇ ਹੋਏ ਪਹੁੰਚੇ ਸਨ। ਅੱਜ ਕੱਲ ਜਿਹੜਾ ਇੱਥੇ ਟਾਹਲੀ ਦਾ ਦਰਖਤ ਹੈ ਉਸ ਬਾਰੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਗੁਰੂ ਸਾਹਿਬ ਦੇ ਸਮੇਂ ਦਾ ਹੈ ਜਾਂ ਉਸ ਦੀ ਹੀ ਜੜ ਵਿੱਚੋਂ ਉਗਮਿਆ ਹੋਇਆ ਹੈ। ਇਸੇ ਦੇ ਨਾਂ 'ਤੇ ਹੀ ਗੁਰਦੁਆਰਾ ਸਾਹਿਬ ਦਾ ਨਾਂ ਚਾਲੂ ਹੋਇਆ ਹੈ। ਇਸ ਗੁਰਦੁਆਰਾ ਸਾਹਿਬ ਨੂੰ ਅਤੇ ਇੱਥੋਂ ਦੀ ਬਾਉਲੀ ਸਾਹਿਬ ਨੂੰ ਬਣਵਾਉਣ ਵਿਚ ਮੂਣਕ ਕਲਾਂ ਦੇ ਡਾਕਟਰ ਗੁਰਦਿੱਤ ਸਿੰਘ ਦਾ ਕਾਫੀ ਯੋਗਦਾਨ ਹੈ। 1983 ਵਿਚ ਸੰਤ ਚਰਨ ਸਿੰਘ ਭੀਖੋਵਾਲ ਵਾਲਿਆਂ ਨੇ ਕਾਰ ਸੇਵਾ ਸੰਭਾਲ ਕੇ ਇਸ ਨਾਲ ਹੋਰ ਜ਼ਮੀਨ ਜੋੜ ਦਿੱਤੀ ਅਤੇ ਗੁਰਦੁਆਰੇ ਨੂੰ ਹੋਰ ਸੁੰਦਰ ਬਣਵਾਇਆ। 1940 ਵਿਚ ਹੁਸ਼ਿਆਰ ਪੁਰ ਜ਼ਿਲ੍ਹੇ ਦੇ ਪਿੰਡ ਰਲਹਨ ਦੇ ਇਕ ਗੁਰਮੁਖ ਪਰਿਵਾਰ ਭਾਈ ਦੁੱਨਾ ਸਿੰਘ ਨੇ ਇੱਥੇ ਇਕ ਵੱਡਾ ਦੀਵਾਨ ਅਸਥਾਨ ਬਣਵਾਇਆ ਸੀ। ਇੱਥੇ ਇਕ ਪਾਣੀ ਦੇ ਨਾਲੇ ਉੱਪਰੋਂ ਦੀ ਲੰਮਾਂ ਚੌੜਾ ਪੁੱਲ ਵੀ ਇਲਾਕੇ ਦੀਆਂ ਸੰਗਤਾਂ ਵੱਲੋਂ ਸੰਤ ਚਰਨ ਸਿੰਘ ਦੀ ਦੇਖ ਰੇਖ ਹੇਠ ਬਣਵਾਇਆ ਜਾ ਰਿਹਾ ਹੈ।

ਗਿਆਨੀ ਠਾਕਰ ਸਿੰਘ ਨੇ ਇਸ ਅਸਥਾਨ ਦਾ ਜ਼ਿਕਰ ਕਰਦਿਆਂ ਲਿਖਿਆ ਹੈ: 'ਇਹ ਨਗਰ ਗੋਂਦਪੁਰਾ ਜ਼ਿਲ੍ਹੇ ਹੁਸ਼ਿਆਰ ਪੁਰ ਤੋਂ ਅੱਠ ਕਿਲੋਮੀਟਰ ਦੀ ਵਿੱਥ ਉੱਤੇ ਹੈ। ਮਹਾਰਾਜ ਇੱਥੇ ਆਏ ਤੇ ਇਕ ਦਿਨ ਨਿਵਾਸ ਕੀਤਾ। ਸੰਮਤ 1665 ਬਿ. ਮੁਤਾਬਕ ਸੰਨ 1608 ਈ. ਮਹੀਨੇ ਫਗਣ ਦਿਨ 13 ਮਹਾਰਾਜ ਇੱਥੇ ਆਏ। ਗੁਰਦੁਆਰੇ ਦੀ ਸੇਵਾ ਹੋਣੀ ਲੋੜੀਂਦੀ ਹੈ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਰਕਾਸ਼ ਹੋਣਾ ਚਾਹੀਏ।'[1] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ: 'ਜ਼ਿਲ੍ਹਾ ਹੁਸ਼ਿਆਰਪੁਰ ਤਹਿਸੀਲ ਦਸੂਹਾ, ਥਾਣਾ ਟਾਂਡਾ ਦੇ ਪਿੰਡ ਮੂਣਕ

1. *ਗ੍ਰੰਥ ਸ੍ਰੀ ਗੁਰਦੁਆਰੇ ਦਰਸ਼ਨ*, ਪੰਨਾ 204.

ਦੇ ਬਾਹਰਵਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦੁਆਰਾ ਹੈ। ਗੁਰੂ ਜੀ ਸ਼ਿਕਾਰ ਖੇਡਦੇ ਇਥੇ ਆਏ। ਟਾਹਲੀ ਦੇ ਨਾਲ ਗੁਰੂ ਜੀ ਦਾ ਘੋੜਾ ਬੱਧਾ ਸੀ। ਸਾਧਾਰਣ ਜਿਹਾ ਮੰਜੀ ਸਾਹਿਬ ਬਣਿਆ ਹੋਇਆ ਹੈ। ਸੇਵਾਦਾਰ ਕੋਈ ਨਹੀਂ ਹੈ। ਦੋ ਕਨਾਲ ਜ਼ਮੀਨ ਦਾ ਅਹਾਤਾ ਹੈ। ਹਾੜ ਵਦੀ ਇਕ ਨੂੰ ਮੇਲਾ ਹੁੰਦਾ ਹੈ। ਗੁਰਦੁਆਰੇ ਪਾਸ ਇਕ ਬਹੁਤ ਸੁੰਦਰ ਨਦੀ ਚਲ ਰਹੀ ਹੈ। ਰੇਲਵੇ ਸਟੇਸ਼ਨ ਟਾਂਡਾ ਤੋਂ ਉਤਰ ਦੋ ਮੀਲ ਦੇ ਕਰੀਬ ਹੈ।'[1]

ਗੁਰਦੁਆਰਾ ਪਾਇਲ ਸਾਹਿਬ (ਰੋਪੜ): ਇਹ ਅਸਥਾਨ ਆਨੰਦ ਪੁਰ ਸਾਹਿਬ ਤੋਂ ਗੁਰੂ ਕੇ ਲਾਹੌਰ ਵਲ ਜਾਂਦਿਆਂ ਪੰਜ ਕਿਲੋਮੀਟਰ ਦੀ ਵਿੱਥ 'ਤੇ ਹੈ। ਇਥੇ ਗੁਰੂ ਹਰਿਗੋਬਿੰਦ ਸਾਹਿਬ ਕੀਰਤ ਪੁਰ ਸਾਹਿਬ ਨੂੰ ਜਾਂਦਿਆਂ ਠਹਿਰੇ ਸਨ। ਪਰਚੱਲਿਤ ਕਥਾ ਅਨੁਸਾਰ ਗੁਰੂ ਸਾਹਿਬ ਦਾ ਅਤੀ ਪਿਆਰਾ ਘੋੜਾ, ਜਿਸ ਦਾ ਨਾਂ ਸੁਹੇਲਾ ਸੀ, ਪਿਛਲੀ ਲੜਾਈ ਵਿਚ ਜ਼ਖ਼ਮੀ ਹੋਣ ਕਰ ਕੇ ਸਰੀਰਕ ਤੌਰ 'ਤੇ ਬਹੁਤ ਕਮਜ਼ੋਰ ਹੋ ਗਿਆ ਸੀ। ਇਥੇ ਪਹੁੰਚ ਕੇ ਘੋੜਾ ਚੜ੍ਹਾਈ ਕਰ ਗਿਆ। ਇਥੇ ਹੀ ਇਸ ਘੋੜੇ ਦਾ ਸੰਸਕਾਰ ਕੀਤਾ ਗਿਆ ਸੀ। ਇਸ ਸੁਹੇਲੇ ਘੋੜੇ ਬਾਰੇ ਅਤੇ ਇਸ ਦੇ ਚਲਾਣੇ ਬਾਰੇ ਵੀਰ ਸਿੰਘ ਬਲ ਨੇ ਇਸ ਤਰਾਂ ਲਿਖਿਆ ਹੈ:

ਡੇਰਾ ਤਾਹਿ ਸਿਰੀ ਗੁਰ ਕੀਨੋ। ਸਰਬ ਸਾਧ ਮੇਲ ਸੰਗ ਲੀਨੋ।
ਤੰਬੂ ਲਾਏ ਦੇਗ ਸਜਵਾਈ। ਤ੍ਰਿਹਾਵਲ ਲੇਆ ਕੜਾਹੁ ਬਣਾਈ।
ਕਮਰ ਖੋਲ ਨਿਜ ਸਿਰੀ ਗੁਰ ਪਾਖਰ ਲਈ ਉਤਾਰ।
ਕਮਰ ਸੁਹੇਲੇ ਜੀਨ ਤੇ ਝੜਿਯਾ ਸਵਾ ਮਣ ਸਾਰ।
ਗਇਆ ਸੁਹੇਲਾ ਸੁਰਪੁਰੀ ਓੜਕ ਪ੍ਰੀਤਿ ਨਿਬਾਹਿ।
ਥਾਪਿਯਾ ਤਾਂਹਿ ਸੁਹੇਲ ਗੜ੍ਹ ਗੁਰ ਛਿਵੇਂ ਪਾਤਿਸ਼ਾਹੀ।[2]

ਪਿੱਛੋਂ ਗੁਰੂ ਸਾਹਿਬ ਨੇ ਆਪਣੇ ਕੁਝ ਸਿਖ ਕੀਰਤ ਪੁਰੋਂ ਭੇਜ ਕੇ ਇਥੇ ਇਕ ਖੂਹ ਵੀ ਲਗਵਾ ਦਿੱਤਾ ਸੀ। ਇਥੇ ਦੇ ਗੁਰਦੁਆਰੇ ਦਾ ਨਾਂ ਗੁਰਦੁਆਰਾ ਸੁਹੇਲਾ ਘੋੜਾ ਹੈ।

ਕੂਆ ਸਾਹਿਬ (ਰੋਪੜ): ਗੁਰਦੁਆਰਾ ਕੂਆ ਸਾਹਿਬ, ਆਨੰਦ ਪੁਰ ਸਾਹਿਬ ਅਤੇ ਕੀਰਤ ਪੁਰ ਸਾਹਿਬ ਦੇ ਵਿਚਕਾਰ ਸਥਿਤ ਹੈ। ਇਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਕ ਬਾਗ ਵੀ ਲਗਵਾਇਆ ਸੀ। ਇਸ ਬਾਗ ਨੂੰ ਗੁਰੂ ਕਾ ਬਾਗ ਵੀ ਕਿਹਾ ਜਾਂਦਾ ਸੀ। ਪਾਣੀ ਦੀ ਸਹੂਲਤ ਵਾਸਤੇ ਇਕ ਖੂਹ ਲਗਵਾਇਆ ਸੀ। ਇਹ ਖੂਹ ਅੱਜ ਵੀ ਮੌਜੂਦ ਹੈ। ਗਯਾਨੀ ਠਾਕੁਰ ਸਿੰਘ ਨੇ ਲਿਖਿਆ ਹੈ: 'ਇਹ ਖੂਹ ਮਹਾਰਾਜ ਜੀ ਨੇ ਆਪ ਅਰਦਾਸ ਕਰ ਟੱਕ ਲਗਾਇ ਲਗਾਇਆ ਅਤੇ ਗੁਰੂ ਕਾ ਬਾਗ ਸਜਾਇਆ। ਇਥੇ ਬਾਬਾ ਅਨੋਖ ਸਿੰਘ ਸਾਹਿਬ ਜੀ ਮਹਾਂ ਜਪੀ ਤਪੀ ਹਠੀ ਵੰਡ ਛੱਕਣ ਵਾਲੇ ਰਹਿਤ ਬਬੇਕ ਦੇ ਪੂਰੇ ਬਚਨ ਦੇ ਸੂਰੇ ਦੇਗ ਚਲਾਉਂਦੇ ਰਹੇ। ਇਸ ਅਸਥਾਨ ਨੂੰ ਸ਼ਹੀਦੀ ਬਾਗ ਵੀ ਕਹਿੰਦੇ ਹਨ। ਸੇਵਾਦਾਰ ਨਿਹੰਗ ਸਿੰਘ ਹਨ।'

ਝਿੜਾ ਸਾਹਿਬ (ਰੋਪੜ): ਗੁਰਦੁਆਰਾ ਝਿੜਾ ਸਾਹਿਬ, ਜ਼ਿਲ੍ਹਾ ਰੋਪੜ ਵਿਚ ਸਥਿਤ ਹੈ। ਅਨੰਦ ਪੁਰ ਸਾਹਿਬ ਤੋਂ ਛੇ ਕਿਲੋਮੀਟਰ ਦੱਖਣ-ਪੁਰਬ ਵੱਲ ਹੈ। ਇਥੇ ਸੰਘਣੇ ਜੰਗਲ

---

1. *ਮਹਾਨ ਕੋਸ਼*, ਪੰਨਾ 550.
2. *ਗੁਰਕੀਰਤ ਪ੍ਰਕਾਸ਼*, ਪੰਨੇ 214-215.

ਹੁੰਦੇ ਸਨ। ਗੁਰੂ ਹਰਿਗੋਬਿੰਦ ਸਾਹਿਬ ਇੱਥੇ ਕੀਰਤ ਪੁਰ ਸਾਹਿਬ ਤੋਂ ਇੱਧਰ ਸ਼ਿਕਾਰ ਆਦਿ ਖੇਡਣ ਸਮੇਂ ਆਇਆ ਕਰਦੇ ਸਨ। ਗੁਰੂ ਜੀ ਨੇ ਇੱਥੇ ਇਕ ਖੂਹ ਵੀ ਲਗਵਾਇਆ ਸੀ ਜਿਹੜਾ ਹੁਣ ਵੀ ਮੌਜੂਦ ਹੈ। ਇੱਥੇ ਗੁਰੂ ਜੀ ਦਾ ਯਾਦ ਵਿਚ ਬਹੁਤ ਸੁੰਦਰ ਗੁਰਦੁਆਰਾ ਝਿੜਾ ਸਾਹਿਬ ਬਣਿਆ ਹੋਇਆ ਹੈ। ਰਾਜਾ ਤਾਰਾ ਚੰਦ ਹਿੰਡੂਰ ਵਾਲੇ ਵੱਲੋਂ ਇਸ ਗੁਰਦੁਆਰੇ ਨਾਲ ਪੰਜ ਸੋ ਘੁਮਾਉਂ ਜ਼ਮੀਨ ਲਗਵਾਈ ਹੋਈ ਸੀ। ਗੁਰਦੁਆਰੇ ਨਾਲ ਰਿਹਾਇਸ਼ੀ ਮਕਾਨ ਵੀ ਹਨ।

ਚਰਨੌਲੀ (ਰੋਪੜ): ਪਿੰਡ ਚਰਨੌਲੀ ਜਿਲ੍ਹਾ ਰੋਪੜ ਦਾ ਪਿੰਡ ਹੈ ਜੋ ਕੀਰਤ ਪੁਰ ਸਾਹਿਬ ਤੋਂ ਦਰਿਆ ਪਾਰ ਚਾਰ ਕਿਲੋਮੀਟਰ ਦੱਖਣ ਵੱਲ ਹੈ। ਇਸ ਪਿੰਡ ਵਿਚ ਗੁਰੂ ਹਰਿਗੋਬਿੰਦ ਸਾਹਿਬ ਆਏ ਸਨ ਜਿਨ੍ਹਾਂ ਦੀ ਯਾਦ ਵਿਚ ਉਨਾਂ ਦਾ ਗੁਰਦੁਆਰਾ ਬਣਿਆ ਹੋਇਆ ਹੈ। ਗੁਰੂ ਸਾਹਿਬ ਕੀਰਤ ਪੁਰ ਤੋਂ ਇੱਧਰ ਧਰਮ ਪਰਚਾਰ ਕਰਦੇ ਹੋਏ ਆਏ ਸਨ। ਗੁਰਦੁਆਰੇ ਦਾ ਨਾਂ ਮੰਜੀ ਸਾਹਿਬ ਹੈ ਪਰ ਨਾਲ ਕੋਈ ਜ਼ਮੀਨ ਜਾਗੀਰ ਨਹੀਂ ਹੈ।

ਕੀਰਤਪੁਰ ਸਾਹਿਬ: ਕਰਤਾਰ ਪੁਰ ਦੀ ਲੜਾਈ ਪਿੱਛੋਂ ਗੁਰੂ ਹਰਿਗੋਬਿੰਦ ਸਾਹਿਬ ਉੱਥੇ ਜਿਆਦਾ ਸਮਾਂ ਨਹੀਂ ਠਹਿਰੇ ਸਨ। ਉਹ ਜਲਦੀ ਕਰਤ ਪੁਰ ਸਾਹਿਬ ਪਹੁੰਚਣਾ ਚਾਹੁੰਦੇ ਸਨ ਜਿਹੜਾ ਕਿ ਸਰਕਾਰੀ ਦਖ਼ਲ ਤੋਂ ਬਹੁਤ ਦੂਰ ਇਕ ਪਹਾੜੀ ਰਿਆਸਤ (ਕਹਿਨੂਰ) ਦੀ ਹੱਦ ਅੰਦਰ ਆਬਾਦ ਕੀਤਾ ਹੋਇਆ ਸੀ ਪਰ ਗੁਰੂ ਸਾਹਿਬ ਜਿਉਂ ਹੀ ਕਰਤਾਰ ਪੁਰ ਤੋਂ ਰਵਾਨਾ ਹੋਏ ਸਥਾਨਿਕ ਹਾਕਮਾਂ ਨੇ ਉਨ੍ਹਾਂ ਉੱਪਰ ਫਗਵਾੜੇ ਦੇ ਨੇੜੇ ਅਚਾਨਕ ਹਮਲਾ ਕਰ ਦਿੱਤਾ। ਭਾਵੇਂ ਗੁਰੂ ਸਾਹਿਬ ਨੇ ਇਸ ਅਚਾਲਕ ਹਮਲੇ ਨੂੰ ਪੂਰੀ ਦਿਰੜ੍ਹਤਾ ਅਤੇ ਦਲੇਰੀ ਨਾਲ ਰੋਕਿਆ ਪਰ ਉਹ ਲੜਾਈ ਕਰਦੇ ਹੋਏ ਕੀਰਤ ਪੁਰ ਸਾਹਿਬ ਵੱਲ ਨੂੰ ਵੱਧ ਰਹੇ ਸਨ। ਸਾਰੀ ਲੜਾਈ, ਇਕ ਥਾਂ 'ਤੇ ਜੰਮ ਕੇ ਕਰਨ ਦੀ ਵਜਾਏ, ਰਾਹ ਜਾਂਦਿਆਂ ਹੀ ਲੜੀ ਗਈ ਸੀ। ਜਾਪਦਾ ਹੈ ਕਿ ਗੁਰੂ ਸਾਹਿਬ ਹਮਲਾ ਕਰਨ ਵਾਲੇ ਸਥਾਨਕ ਚੌਧਰੀਆਂ ਜਾਂ ਹਾਕਮਾਂ ਦੇ ਆਪਣੇ ਇਲਾਕੇ ਵਿਚ ਇਕ ਥਾਂ ਖਲੋ ਕਿ ਲੜਾਈ ਕਰਨਾ ਨਹੀਂ ਚਾਹੁੰਦੇ ਸਨ। ਉਹ ਜਲਦੀ ਹੀ ਉਨਾਂ ਦੇ ਇਲਾਕੇ ਵਿੱਚੋਂ ਨਿਕਲ ਕੇ ਇਕ ਸੁਰੱਖਿਅਤ ਇਲਾਕੇ ਵਿਚ ਜਾਣਾ ਚਾਹੁੰਦੇ ਸਨ। ਜ਼ੁਲਫਕਾਰ ਅਰਧਿਸਤਾਨੀ ਲਿਖਦਾ ਹੈ: 'ਅੰਤ ਵਿਚ ਹਰਿਗੋਬਿੰਦ (ਸਾਹਿਬ) ਕਰਤਾਰ ਪੁਰ ਵਿਖੇ ਲੜੀ ਗਈ ਲੜਾਈ ਤੋਂ ਵੇਹਲੇ ਹੋ ਕੇ ਭਗਵਾੜ (ਫਗਵਾੜੇ) ਦੀ ਤਰਫ਼ ਰਵਾਨਾ ਹੋਏ ਕਿਉਂਕਿ ਉਹ (ਕਰਤਾਰਪੁਰ) ਲਾਹੌਰ ਦੇ ਜ਼ਿਆਦਾ ਨੇੜੇ ਸੀ। ਉਸ (ਗੁਰੂ) ਨੇ ਇਨਾ ਮੁਸ਼ਕਿਲਾਂ ਤੋਂ ਆਪਣੇ ਆਪ ਨੂੰ ਬਚਾਇਆ ਅਤੇ ਫਿਰ ਜਲਦੀ ਨਾਲ ਗੇਰਾਇਤ ਪੁਰ (ਕੀਰਤਪੁਰ) ਵੱਲ ਨੂੰ ਰਵਾਨਾ ਹੋ ਗਏ।'[1] ਮੈਕਾਲਿਫ ਵੀ ਇਸੇ ਵਿਚਾਰ ਨਾਲ ਸਹਿਮਤ ਹੁੰਦਾ ਹੋਇਆ ਲਿਖਦਾ ਹੈ ਕਿ 'ਕਿਉਂਕਿ ਸ਼ਹਿਰ (ਕਰਤਾਰ ਪੁਰ) ਲਾਹੌਰ ਨੂੰ ਜਾਣ ਵਾਲੀ ਸੜਕ ਦੇ ਬਿਲਕੁਲ ਉੱਪਰ ਸਥਿਤ ਸੀ ਜਿੱਥੇ ਕਿ ਬੜੀ ਆਸਾਨੀ ਨਾਲ ਉਸ (ਗੁਰੂ) ਦੇ ਖਿਲਾਫ ਮੁਹਿੰਮ ਭੇਜੀ ਜਾ ਸਕਦੀ ਸੀ। ਇਸ ਕਰ ਕੇ ਉਸ (ਗੁਰੂ) ਨੇ ਕੀਰਤ ਪੁਰ ਵੱਲ ਵਧਣਾ ਜਾਰੀ ਰੱਖਿਆ।'[2] ਗਯਾਨੀ ਗਜਾਨ ਸਿਘ ਲਿਖਦਾ ਹੈ 'ਓੜਕ ਨੂੰ ਅਸਮਾਨ ਖਾਂ ਜਿਹੇ ਕਈ ਸਰਦਾਰ ਗੁਰੂ ਸਾਹਿਬ ਜੀ ਦੇ ਪਵਿੱਤਰ ਹੱਥਾਂ ਤੋਂ ਤਲਵਾਰ ਦੇ ਘਾਟ ਉਤਰ ਗਏ। ਇਸ

1. ਇੰਦੂ ਭੂਸ਼ਣ ਬੈਨਰਜੀ ਦੇ ਹਵਾਲੇ ਅਨੁਸਾਰ, *ਪੂਰਵਅੰਕਤ*, ਪੰਨਾ 25.
2. ਮੈਕਾਲਿਫ, *ਹਿਸਟਰੀ ਆਫ਼ ਸਿਖ ਰਿਲੀਜਨ*, ਜਿਲਦ 2, ਪੰਨਾ 213.

ਵਕਤ ਇਕ ਤਾਂ ਅੰਧੇਰਾ ਹੀ ਸੀ ਤੇ ਦੂਸਰੇ ਹਨੇਰੀ ਦਾ ਜ਼ੋਰ ਸੀ ਇਸ ਕਰ ਕੇ ਆਪਣਾ ਪਰਾਯਾ, ਰਾਹ ਪੈਂਡਾ ਕੁਛ ਨਾ ਸੁਝਯਾ, ਸ਼ਾਹੀ ਸਿਪਾਹ ਤਾਂ ਮਾਰੀ ਬਿਪਤਾ ਦੀ ਜਿਧਰ ਮੂੰਹ ਹੋਯਾ ਉਸੇ ਰਾਹ ਪੈ ਗਈ ਤੇ ਦੂਸਰੇ ਦਿਨ ਗੁਰੂ ਜੀ ਉਥੋਂ ਤੁਰ ਕੇ ਹਕੀਮ ਪੁਰ ਆਦਿਕ ਪਿੰਡਾਂ ਵਿਚ ਉਤਰਦੇ ਹੋਏ ਸਤਲੁਜੋਂ ਪਾਰ ਕੀਰਤ ਪੁਰ ਜਾ ਬਿਰਾਜੇ।'[1]

ਸਪਸ਼ਟ ਹੈ ਕਿ ਗੁਰੂ ਸਾਹਿਬ ਲੜਾਈਆਂ ਵਿਚ ਉਲਝਣਾ ਨਹੀਂ ਚਾਹੁੰਦੇ ਸਨ ਪਰ ਗੁਰੂ ਘਰ ਦੇ ਦੋਖੀ ਗੁਰੂ ਸਾਹਿਬ ਨੂੰ ਕਿਧਰੇ ਵੀ ਅਮਨ-ਚੈਨ ਨਾਲ ਰਹਿਣ ਨਹੀਂ ਦੇਣਾ ਚਾਹੁੰਦੇ ਸਨ। ਗੁਰੂ ਸਾਹਿਬ ਨੇ ਪਹਿਲਾਂ ਵੀ ਅਨੇਕਾਂ ਥਾਵਾਂ 'ਤੇ ਆਪਣੀ ਰਿਹਾਇਸ਼ ਬਦਲ ਕੇ ਦੇਖੀ ਪਰ ਸਿਖ ਲਹਿਰ ਦੇ ਦੋਖੀ ਕਿਸੇ ਵੀ ਥਾਂ 'ਤੇ ਹਮਲੇ ਕਰਨੋਂ ਨਾ ਹਟੇ। ਅਖੀਰ ਵਿਚ ਗੁਰੂ ਜੀ ਨੇ ਕਹਿਲੂਰ ਰਿਆਸਤ ਵਿਚਲੀ ਐਸੀ ਥਾਂ ਨੂੰ ਆਪਣੀ ਰਿਹਾਇਸ਼ ਲਈ ਚੁਣਿਆ ਜਿਥੇ ਸਿਖ ਲਹਿਰ ਦੇ ਦੋਖੀ ਅਸਰਦਾਰ ਨਹੀਂ ਹੋ ਸਕਦੇ ਸਨ। ਇਹ ਥਾਂ ਭਾਵੇਂ ਕਹਿਲੂਰ (ਬਿਲਾਸ ਪੁਰ) ਰਿਆਸਤ ਵਿਚ ਸੀ ਪਰ ਇਹ ਕਹਿਲੂਰ, ਹਿੰਡੂਰ ਅਤੇ ਰੋਪੜ ਦੇ ਐਨ ਕੋਨੇ 'ਤੇ ਹੋਣ ਕਰ ਕੇ ਤਿੰਨ ਰਿਆਸਤਾਂ ਦੀ ਸਾਂਝੀ ਥਾਂ ਸਮਝੀ ਜਾਣ ਲੱਗੀ ਸੀ। ਰੋਪੜ ਮੁਗਲ ਰਾਜ ਦਾ ਇਲਾਕਾ ਸੀ। ਹਿੰਡੂਰ ਤੇ ਕਹਿਲੂਰ ਹਿੰਦੂ ਰਿਆਸਤਾਂ ਸਨ। ਸਤਲੁਜ ਦਰਿਆ ਦੇ ਬਿਲਕੁਲ ਉੱਪਰ ਇਹ ਥਾਂ ਸਥਿਤ ਸੀ। ਇਸ ਪੱਖੋਂ ਪਾਣੀ ਦੀ ਬਹੁਤ ਵੱਡੀ ਸਹੂਲਤ ਸੀ।

ਸਰੂਪ ਦਾਸ ਭੱਲਾ ਨੇ ਲਿਖਿਆ ਹੈ:

ਗ੍ਰਹ ਲੋਕ ਸਮਗ੍ਰੀ ਸੰਗ ਨਿਜ ਲਏ। ਕਹਲੂਰ ਹਜ਼ੂਰ ਦੇਸ ਮੋ ਗਏ।
ਸਤਲੁਜ ਕੰਠ ਪਰਬਤ ਕੀ ਤਰੀ। ਨਿਰਬਿਘਨ ਸੁੱਖ ਨੌਰ ਸੰਪਦ ਪ੍ਰਭ ਕਰੀ।
ਧਰ ਨਾਮ ਕੀਰਤ ਪੁਰ ਕੀਨਾ ਬਾਸਾ।
ਹੋਇ ਪਰਮ ਅਨੰਦ ਸੁੱਖ ਸਦਾ ਬਿਲਾਸਾ।
ਦੇਖ ਬਿਘਨ ਤਹਾ ਕਛੂ ਨਾ ਹੋਇ। ਦੁਸ਼ਟ ਭਾਉ ਰਖੈ ਨਹੀ ਕੋਇ।
ਸਭ ਰਾਜਾ ਪਰਜਾ ਦਰਸ਼ਨ ਆਵੈ। ਗੁਰਚਰਨ ਪ੍ਰਤਾਪ ਮਨ ਇਛਿਆ ਪਾਵੈ।[2]

ਵੀਰ ਸਿੰਘ ਬਲ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਸਭ ਸਮਾਨ ਸੰਭਾਲ ਕੇ ਨਦੀ ਦੇ ਕੰਢੇ-ਕੰਢੇ ਹੋ ਤੁਰੇ। ਸਾਰਾ ਪਰਿਵਾਰ ਆਦਿ ਪਹਿਲੋਂ ਹੀ ਤੋਰ ਦਿੱਤੇ ਗਏ ਸਨ। ਪਿੱਛੋਂ ਖੁਦ ਗੁਰੂ ਸਾਹਿਬ ਨਗਾਰਿਆਂ ਦੀ ਆਵਾਜ਼ ਵਿਚ ਨਦੀ ਦੇ ਕੰਢੇ ਵਸੇ ਕੀਰਤ ਪੁਰ ਵਿਖੇ ਆ ਗਏ। ਸਤਲੁਜ ਦਰਿਆ ਦੇ ਕੰਢੇ ਵਾਸਾ ਕੀਤਾ ਗਿਆ। ਸ਼ਾਨਦਾਰ ਭਵਨ ਉਸਾਰੇ ਗਏ। ਇਕ ਪਾਸੇ ਸਤਲੁਜ ਦਾ ਨਜ਼ਾਰਾ ਸੀ ਅਤੇ ਦੂਜੇ ਪਾਸੇ ਵਿਸ਼ਾਲ ਅਤੇ ਉੱਚੇ ਪਹਾੜ ਸਨ। ਕਰਤਾਰ ਪੁਰ ਨਾਲੋਂ ਇਥੇ ਜ਼ਿਆਦਾ ਰੌਣਕ ਸੀ:

ਸਾਜ ਸਮਾਜ ਸੁਵਾਇ ਨਦ ਤੀਰੁ। ਦੀਆ ਤੋਰ ਗੁਰ ਸਰਬ ਵਹੀਰੁ।
ਪਾਛੇ ਚਢੇ ਦੁੰਦਭੀ ਵਾਏ। ਨਦੀ ਨਾਖ ਕੀਰਤ ਪੁਰਿ ਆਏ।
ਕੂਲ ਸਤੁੱਦ੍ਰਵ ਆਇ ਬਿਰਾਜੇ। ਭਵਨ ਅਨੂਪ ਤਹਾਂ ਗੁਰ ਸਾਜੇ।
ਇਤ ਸਤਦ੍ਰਵ ਉਤ ਅੱਦ੍ਰ ਅਪਾਰ। ਸੁਰਪਤ ਪੁਰ ਤੇ ਅਧਕ ਬਹਾਰ।[3]

1. *ਤਵਾਰੀਖ਼ ਗੁਰੂ ਖ਼ਾਲਸਾ* ਪੰਨਾ 244.
2. *ਮਹਿਮਾ ਪ੍ਰਕਾਸ਼*, ਪੰਨਾ 475.
3. *ਗੁਰ ਕੀਰਤ ਪ੍ਰਕਾਸ਼*, ਪੰਨਾ 215.

ਕੀਰਤ ਪੁਰ ਸਾਹਿਬ ਦੀ ਸਥਾਪਨਾ ਭਾਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਕਾਫੀ ਸਮਾਂ ਪਹਿਲੋਂ ਹੀ ਕਰ ਰੱਖੀ ਸੀ ਪਰ ਇੱਥੇ ਆਏ ਉਹ 1634-35 ਈ. ਵਿਚ ਹੀ ਸਨ। ਕੀਰਤ ਪੁਰ ਸਾਹਿਬ ਦੀ ਮੋੜ੍ਹੀ ਗੱਡਣ ਦੀ ਮਿਤੀ ਬਾਰੇ ਸਾਡੀਆਂ ਮੁੱਢਲੀਆਂ ਲਿਖਤਾਂ ਵਿਚ ਇਕਮੱਤ ਨਹੀ ਹੈ ਸਗੋਂ ਸਭ ਵਿਚ ਵੱਖ-ਵੱਖ ਮਿਤੀਆਂ ਦਿੱਤੀਆਂ ਹੋਈਆਂ ਹਨ। ਪੰਡਿਤ ਤਾਰਾ ਸਿੰਘ ਨਰੋਤਮ ਨੇ ਇਸ ਨੂੰ ਸੰਮਤ 1686 ਬਿ. ਅਸਾੜ ਪਰਵਿਸ਼ਟੇ ਦੋ ਮੁਤਾਬਕ ਸੰਨ, 1629 ਈ. ਵਿਚ ਸਥਾਪਤ ਕੀਤਾ ਲਿਖਿਆ ਹੈ।[1]

ਗਯਾਨੀ ਗਯਾਨ ਸਿੰਘ ਨੇ *ਤਵਾਰੀਖ ਗੁਰੂ ਖਾਲਸਾ* ਵਿਚ ਤਾਂ 13 ਮੱਘਰ ਸੰਮਤ 1684 ਬਿ. ਦੀ ਮਿਤੀ ਲਿਖੀ ਹੈ ਜੋ ਨਵੰਬਰ, 1627 ਈ. ਬਣਦੀ ਹੈ ਪਰ *ਗੁਰਧਾਮ ਸੰਗ੍ਰਹਿ* ਵਿਚ ਸੰਮਤ 1682 ਬਿ. ਮੁਤਾਬਕ ਸੰਨ 1625 ਈ. ਦਾ ਲਿਖਿਆ ਹੈ।[2] ਗਯਾਨੀ ਠਾਕਰ ਸਿੰਘ ਨੇ ਹਾੜ, ਸੰਮਤ, 1686 ਬਿ. ਮੁਤਾਬਕ ਸੰਨ 1629 ਈ. ਦਿੱਤਾ ਹੈ।[3] ਭਾਈ ਕਾਨ੍ਹ ਸਿੰਘ ਨੇ ਇਸ ਦੀ ਸਥਾਪਨਾ ਦਾ ਸਾਲ ਸੰਮਤ 1683 ਬਿ. ਮੁਤਾਬਕ ਸੰਨ 1626 ਈ. ਦਿੱਤਾ ਹੈ।[4] ਪਰ ਇਨਾਂ ਸਭ ਤੋਂ ਹੀ ਵੱਖਰਾ ਪਰ ਭਰੋਸੇਯੋਗ ਸੰਮਤ ਭੱਟ ਵਹੀਆਂ ਵਿਚ ਇਸ ਤਰਾਂ ਦਿੱਤਾ ਗਿਆ ਹੈ:

'ਰਾਜਾ ਕਲਿਆਣ ਚੰਦ ਚੰਦਰਬੰਸੀ ਚੰਦੇਲਗੋਤਰ ਕਹਿਲੂਰਪਤੀ ਬੇਟੇ ਤਾਰਾ ਚੰਦ ਕੇ ਗੈਲ ਲੇ ਸਾਲ ਸੋਲਾਂ ਸੈ ਸਤਾਸੀ ਬੈਸਾਖ ਸੁਦੀ ਚਾਉਥ ਗੁਰੂ ਚੱਕ ਕੇ ਮਲਹਾਨ ਨਵਾਂ ਗਾਂਵ ਬਸਾਨੇ ਲਈ ਗੁਰੂ ਹਰਿ ਗੋਬਿੰਦ ਜੀ ਮਹਲ ਛਟੇ ਕੋ ਨਗਰ ਜਊਵਾਲ, ਕਲਿਆਣ ਪੁਰ, ਭਟੋਲੀਆਂ, ਜਊਵਾਲ ਕੀ ਧਰਤੀ ਪੁੰਨ ਅਰਥ ਭੇਟ ਕੀ'

'ਗੁਰੂ ਹਰਿ ਗੋਬਿੰਦ ਜੀ ਮਹਲ ਛਟੇ ਨੇ, ਬੇਟਾ ਗੁਰਦਿਤਾ ਜੀ ਕੋ ਨਗਰ ਜਊਵਾਲ, ਭਾਈ ਹਰੀਏ ਬੜੂੰਗ ਕੇ ਘਰ ਭੇਜਾ, ਗੈਲ ਬਾਬਾ ਸ੍ਰੀ ਚੰਦ ਜੀ ਆਏ ਕਮਲੀਏ ਅਲਮਸਤ ਕੋ ਸਾਥ ਲੈ ਕੇ। ਸਾਲ ਸੋਲਾਂ ਸੈ ਸਤਾਸੀ ਬੈਸਾਖ ਮਾਸ ਕੀ ਪੂਰਨਿਮਾ ਕੇ ਦਿਹੁੰ ਗੁਰੂ ਬਾਬਾ ਸ੍ਰੀ ਚੰਦ ਜੀ ਕੇ ਪਾਵਨ ਹਾਥੋਂ ਸੇ ਮੋੜ੍ਹੀ ਗਾਡੀ। ਬਾਉਲੀ ਕਾ ਟੱਕ ਲਾਇਆ। ਨਗਰੀ ਕਾ ਨਾਉ ਕੀਰਤ ਪੁਰ ਰਾਖਾ।'[5]

ਭੱਟ ਵਹੀਆਂ ਵਿਚ ਦਿੱਤੀ ਗਈ ਜਾਣਕਾਰੀ ਬਾਕੀ ਸਭ ਲਿਖਤਾਂ ਨਾਲੋਂ ਵੱਧ ਭਰੋਸੇ ਯੋਗ ਹੈ। ਇਸ ਤਰ੍ਹਾਂ ਇਨਾਂ ਮੁਤਾਬਕ ਕੀਰਤ ਪੁਰ ਸਾਹਿਬ ਦੀ ਸਥਾਪਨਾ ਬਿਸਾਖ ਦੀ ਪੂਰਨਮਾਸ਼ੀ, ਸੰਮਤ 1627 ਬਿ. ਮੁਤਾਬਕ ਅਪ੍ਰੈਲ-ਮਈ, ਸੰਨ 1630 ਈ. ਵਿਚ ਕੀਤੀ ਗਈ ਸੀ।

ਕੀਰਤਪੁਰ ਸਾਹਿਬ ਵਿਖੇ ਨਿਵਾਸ ਕਰ ਲੈਣ ਨਾਲ ਮੁਗਲ ਹਕੂਮਤ ਦੇ ਸਥਾਨਕ

---

1. *ਸ੍ਰੀ ਗੁਰ ਤੀਰਥ ਸੰਗ੍ਰਹਿ* ਪੰਨਾ 159.
2. *ਤਵਾਰੀਖ ਗੁਰੂ ਖਾਲਸਾ*, ਪੰਨਾ 231 ਅਤੇ *ਗੁਰਧਾਮ ਸੰਗ੍ਰਹਿ* (ਮਿਤੀ ਨਹੀਂ), ਪੰਨਾ 135.
3. *ਗੁਰੂ ਸ੍ਰੀ ਗੁਰਦੁਆਰੇ ਦਰਸ਼ਨ*, 1923, ਪੰਨਾ 207.
4. *ਮਹਾਨ ਕੋਸ਼*, ਪੰਨਾ 992.
5. 'ਭੱਟ ਵਹੀ ਮੁਲਤਾਨੀ ਸਿੰਧੀ ਖਾਤਾ ਉਦਾਸੀਓ ਕਾ' ਪਿਆਰਾ ਸਿੰਘ ਪਦਮ ਦੇ ਹਵਾਲੇ ਅਨੁਸਾਰ, ਪਰੋਸੀਡਿੰਗਜ਼ ਪੰਜਾਬ ਹਿਸਟਰੀ ਕਾਨਫਰੰਸ (ਪੰਜਾਬੀ ਸੈਕਸ਼ਨ), 20ਵਾਂ ਸੈਸ਼ਨ, ਫਰਵਰੀ 28-ਮਾਰਚ 2, 1986, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨੇ 401-3.

ਅਧਿਕਾਰੀਆਂ ਨਾਲ ਲੜਾਈਆਂ ਦਾ ਲੰਮਾ ਸਿਲਸਿਲਾ ਵੀ ਖ਼ਤਮ ਹੋ ਗਿਆ ਸੀ। ਗੁਰੂ ਸਾਹਿਬ ਨੂੰ ਖੁੱਲਾ ਸਮਾਂ ਸ਼ਾਂਤੀ ਦਾ ਮਿਲ ਗਿਆ ਸੀ। ਇਸ ਸ਼ਾਂਤੀ ਦੇ ਸਮੇਂ ਵਿਚ ਗੁਰੂ ਸਾਹਿਬ ਨੇ ਸਿਖ ਧਰਮ ਦੇ ਜੱਥੇਬੰਦਕ ਢਾਂਚੇ ਨੂੰ ਧਰਮ ਪਰਚਾਰ ਵਾਲੇ ਪਾਸੇ ਸੰਗਠਤ ਕੀਤਾ। ਬਾਬਾ ਸਿਰੀ ਚੰਦ ਜੀ ਆਪਣੀ ਪੁਰਾਣੀ ਦੁਸ਼ਮਣੀ ਤਿਆਗ ਕੇ ਸਿਖ ਧਰਮ ਦੀ ਮੁੱਖ ਧਾਰਾ ਵਿਚ ਸ਼ਾਮਿਲ ਹੋ ਚੁੱਕੇ ਸਨ। ਇਸ ਨਾਲ ਉਨ੍ਹਾਂ ਦੀ ਉਦਾਸੀ ਸੰਪਰਦਾ ਵੀ ਸਿਖ ਧਰਮ ਦੀ ਮੁੱਖ ਧਾਰਾ ਵਿਚ ਸ਼ਾਮਿਲ ਹੋ ਗਈ ਸੀ। ਬਾਬਾ ਗੁਰਦਿਤਾ ਜੀ, ਜੋ ਗੁਰੂ ਸਾਹਿਬ ਦੇ ਸਭ ਤੋਂ ਵੱਡੇ ਸਾਹਿਬਜ਼ਾਦੇ ਸਨ, ਦੀ ਅਗਵਾਈ ਹੇਠ ਸਿਖ ਧਰਮ ਦੇ ਪਰਚਾਰ ਨੂੰ ਨਵੀਆਂ ਲੀਹਾਂ 'ਤੇ ਜੱਥੇਬੰਦ ਕੀਤਾ ਗਿਆ। ਇਸ ਤਹਿਤ ਉਦਾਸੀ ਸੰਤਾਂ ਨੂੰ ਪੰਜਾਬ ਤੋਂ ਬਾਹਰ ਦੂਰ-ਦੁਰਾਡੇ ਵਾਲੀਆਂ ਥਾਵਾਂ 'ਤੇ ਭੇਜਿਆ ਗਿਆ ਅਤੇ ਉਨਾਂ ਲਈ ਚਾਰ ਮੁੱਖ ਕੇਂਦਰਾਂ ਦੀ ਸਥਾਪਨਾ ਵੀ ਕੀਤੀ ਗਈ। ਇਨਾਂ ਚਾਰ ਮੁੱਖ ਕੇਂਦਰਾ ਨੂੰ ਉਦਾਸੀਆਂ ਦੀ ਹੀ ਰਵਾਇਤ ਮੁਤਾਬਕ ਚਾਰ ਧੂਣੇ ਕਿਹਾ ਜਾਂਦਾ ਸੀ। ਇਸ ਤਰ੍ਹਾਂ ਸਿਖ ਧਰਮ ਦੇ ਜੱਥੇਬੰਦਕ ਢਾਂਚੇ ਵਿਚ ਮਸੰਦ ਪਰਣਾਲੀ ਦੇ ਸਮਾਨੰਤਰ ਇਕ ਉਦਾਸੀ ਪਰਚਾਰਕਾਂ ਦੀ ਪਰਣਾਲੀ ਵੀ ਸਥਾਪਤ ਹੋ ਗਈ ਸੀ। ਇਸ ਨਾਲ ਮਸੰਦ ਪਰਣਾਲੀ ਅਤੇ ਸਿਖ ਦਾ ਸੰਗਤਾਂ ਦੇ ਸੰਗਠਨ ਵਿਚ ਹੋਰ ਮਜ਼ਬੂਤੀ ਆ ਗਈ ਸੀ। ਹਰੀ ਰਾਮ ਗੁਪਤਾ ਅਨੁਸਾਰ: "The system of *masands* and *sangats* was strengthened by the addition of a number of *Dhuans* and Bakhshish. In these institutions udasis rendered great service to the cause of sikhism."[1]

ਦੂਸਰੇ ਕਦਮ ਵਜੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਪੰਜਾਬ ਤੋਂ ਬਾਹਰ ਸਥਾਪਤ ਹੋਏ ਸਿਖ ਅਸਥਾਨਾਂ ਦੀ ਯਾਤਰਾ ਦਾ ਕੰਮ ਸ਼ੁਰੂ ਕੀਤਾ। ਗੁਰੂ ਨਾਨਕ ਦੇਵ ਜੀ ਤੋਂ ਪਿੱਛੋਂ ਹੋਰ ਕੋਈ ਵੀ ਗੁਰੂ ਪੰਜਾਬ ਤੋਂ ਬਾਹਰਲੀਆਂ ਸਿਖ ਸੰਗਤਾਂ ਪਾਸ ਨਹੀਂ ਜਾ ਸਕਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਹੀ ਸਿਰਫ ਦੂਸਰੇ ਗੁਰੂ ਸਨ ਜਿਨਾਂ ਨੇ ਗੁਰੂ ਨਾਨਕ ਦੇਵ ਜੀ ਵਾਂਗ ਦੂਰ-ਦੁਰਾਡੇ ਵਾਲੀਆਂ ਥਾਵਾਂ ਦੇ ਪਰਚਾਰ ਦੌਰੇ ਕੀਤੇ ਸਨ। ਇਉਂ ਗੁਰੂ ਸਾਹਿਬ ਉੱਤਰ ਪਰਦੇਸ਼ ਦੇ ਕਈ ਪਰਮੁੱਖ ਥਾਵਾਂ 'ਤੇ ਗਏ। ਇਨਾਂ ਵਿਚ ਇਹ ਥਾਵਾਂ ਹਨ: ਨਾਨਕ ਮੱਤਾ, ਪੀਲੀ ਭੀਤ, ਲਖੀਮ ਪੁਰ ਖੀਰੀ, ਆਗਰਾ ਅਤੇ ਮਥੁਰਾ ਆਦਿ। ਜੰਮੂ-ਕਸ਼ਮੀਰ ਵਲ ਗੁਰੂ ਸਾਹਿਬ ਪਹਿਲੋਂ ਹੀ ਜਾ ਚੁਕੇ ਸਨ। ਹਰਿਆਣੇ ਵਿਚਲੀਆਂ ਅਨੇਕਾਂ ਥਾਵਾਂ 'ਤੇ ਵੀ ਗੁਰੂ ਸਾਹਿਬ ਦੇ ਪਵਿੱਤਰ ਚਰਨ ਪੈਣ ਦੀਆਂ ਜਾਣਕਾਰੀਆਂ ਮਿਲਦੀਆਂ ਹਨ।

ਜੇਕਰ ਕੀਰਤਪੁਰ ਸਾਹਿਬ ਵਿਖੇ ਰਹਿਣ ਦਾ ਸਮਾਂ ਸ਼ਾਂਤੀ ਭਰਿਆ ਸੀ ਤਾਂ ਇਹ ਸਮਾਂ ਇਕ ਪੱਖੋਂ ਗੁਰੂ ਸਾਹਿਬ ਲਈ ਗਮੀਆਂ ਭਰਿਆ ਵੀ ਸੀ। ਇੱਥੇ ਰਹਿਣ ਸਮੇਂ ਹੀ ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਗੁਰਦਿਤਾ ਜੀ, ਜੋ ਗੁਰੂ ਜੀ ਦੇ ਅਗਲੇ ਉਤਰਅਧਿਕਾਰੀ ਵੀ ਸਨ ਅਤੇ ਜਿਨਾਂ ਦੀ ਅਗਵਾਈ ਵਿਚ ਸਿਖ ਧਰਮ ਦਾ ਪਰਚਾਰ ਬਹੁਤ ਅੱਛੀ ਤਰਾਂ ਹੋ ਰਿਹਾ ਸੀ, ਸਵਰਗ ਸਿਧਾਰ ਗਏ ਸਨ। ਇਹ ਸੱਟ ਸਿਖ ਧਰਮ ਲਈ ਬਹੁਤ ਵੱਡੀ ਸੀ। ਇਕ ਹੋਰ ਛੋਟੇ ਸਾਹਿਬਜ਼ਾਦੇ ਬਾਬਾ ਅਟੱਲ ਰਾਇ ਜੀ ਪਹਿਲੋਂ ਹੀ ਸਵਰਗ ਸਿਧਾਰ ਚੁੱਕੇ ਸਨ। ਭਾਵੇਂ ਗੁਰੂ

---

1. *History of The Sikhs*, Vol. I, New Delhi, 1994, p. 177

ਸਾਹਿਬ ਸੁੱਖਾਂ-ਦੁੱਖਾਂ ਜਾਂ ਖੁਸ਼ੀਆਂ-ਗਮੀਆਂ ਦੀਆਂ ਸੋਚਾਂ ਤੋਂ ਬਹੁਤ ਉੱਪਰ ਸਨ ਪਰ ਇਨ੍ਹਾਂ ਘਟਨਾਵਾਂ ਦਾ ਅਸਰ ਤਾਂ ਹੁੰਦਾ ਹੀ ਹੈ।

1644 ਈ. ਵਿਚ 48 ਸਾਲ ਦੀ ਘਟਨਾਵਾਂ ਭਰਭੂਰ ਜ਼ਿੰਦਗੀ ਗੁਜ਼ਾਰ ਕੇ ਗੁਰੂ ਹਰਿਗੋਬਿੰਦ ਸਾਹਿਬ ਜੋਤੀ-ਜੋਤ ਸਮਾ ਗਏ ਸਨ। ਜੋਤੀ ਜੋਤ ਸਮਾਉਣ ਤੋਂ ਪਹਿਲਾਂ ਬਾਬਾ ਗੁਰਦਿੱਤਾ ਜੀ ਦੇ ਵੱਡੇ ਸਪੁੱਤਰ ਸ੍ਰੀ ਹਰਿ ਰਾਇ ਜੀ ਨੂੰ ਗੁਰਗੱਦੀ ਦੇ ਕੇ ਸੱਤਵਾਂ ਗੁਰੂ ਨਿਯੁਕਤ ਕਰ ਗਏ ਸਨ। ਗੁਰੂ ਹਰਿਗੋਬਿੰਦ ਸਾਹਿਬ ਦੇ ਦੋ ਸਾਹਿਬਜ਼ਾਦੇ ਬਾਬਾ ਸੂਰਜ ਮੱਲ ਜੀ ਅਤੇ ਬਾਬਾ ਤੇਗ ਬਹਾਦੁਰ ਜੀ ਉਸ ਸਮੇ ਜਿਉਂਦੇ ਸਨ। ਉਨ੍ਹਾਂ ਨੇ ਗੁਰੂ ਜੀ ਦਾ ਹੁਕਮ ਸਵੀਕਾਰ ਕਰਦਿਆਂ ਹਰਿ ਰਾਇ ਜੀ ਨੂੰ ਆਪਣਾ ਸੱਤਵਾਂ ਗੁਰੂ ਸਵੀਕਾਰ ਕਰ ਲਿਆ ਸੀ। ਜਿੱਥੋਂ ਤੱਕ ਕੀਰਤ ਪੁਰ ਸਾਹਿਬ ਕਸਬੇ ਦਾ ਸੰਬੰਧ ਹੈ ਇਹ ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ ਜੋਤ ਸਮਾਂ ਜਾਣ ਪਿੱਛੋਂ ਵੀ ਕਾਫੀ ਸਮਾਂ ਸਿਖ ਧਰਮ ਦਾ ਕੇਂਦਰ ਬਣਿਆ ਰਿਹਾ ਸੀ। ਸਤਵੇਂ ਪਾਤਸ਼ਾਹ ਗੁਰੂ ਹਰਿ ਰਾਇ ਜੀ (1644-1661) ਇੱਥੇ ਹੀ ਰਹਿੰਦੇ ਸਨ। ਉਨ੍ਹਾਂ ਤੋਂ ਪਿੱਛੋਂ ਗੁਰੂ ਹਰਿ ਕ੍ਰਿਸ਼ਨ ਜੀ, ਅਠਵੇਂ ਪਾਤਸ਼ਾਹ (1661-1664) ਵੀ ਇੱਥੇ ਹੀ ਰਹਿੰਦੇ ਰਹੇ ਸਨ ਪਰ ਗੁਰੂ ਤੇਗ ਬਹਾਦੁਰ ਜੀ, ਇੱਥੋਂ ਥੋੜੀ ਦੂਰ ਸਥਿਤ ਚੱਕ ਨਾਨਕੀ (ਆਨੰਦਪੁਰ ਸਾਹਿਬ) ਵਿਖੇ ਜਾ ਕੇ ਰਹਿਣ ਲੱਗ ਪਏ ਸਨ। ਇਸ ਕਰ ਕੇ ਗੁਰੂ ਤੇਗ ਬਹਾਦੁਰ ਜੀ ਦੀ ਗੁਰਿਆਈ ਪਿੱਛੋਂ ਕੀਰਤ ਪੁਰ ਸਾਹਿਬ ਸਿਰਫ ਬਾਬਾ ਸੂਰਜ ਮੱਲ ਜੀ ਦੀ ਸੰਤਾਨ ਦਾ ਹੀ ਨਗਰ ਬਣ ਕੇ ਰਹਿ ਗਿਆ ਸੀ। ਭਾਵੇਂ ਗੁਰੂ ਤੇਗ ਬਹਾਦੁਰ ਜੀ ਇੱਥੇ ਸਮੇਂ-ਸਮੇਂ 'ਤੇ ਆਉਂਦੇ ਰਹੇ ਸਨ।

ਕੀਰਤਪੁਰ ਸਾਹਿਬ ਵਿਖੇ ਸਿਖ ਗੁਰੂ ਸਾਹਿਬਾਨ ਨਾਲ ਸੰਬੰਧਿਤ ਕਈ ਗੁਰ ਅਸਥਾਨ ਹਨ ਜਿਹੜੇ ਅੱਜ ਸੁੰਦਰ ਗੁਰਦੁਆਰਿਆਂ ਦਾ ਰੂਪ ਧਾਰਨ ਕਰ ਚੁਕੇ ਹਨ। ਇਨ੍ਹਾਂ ਵਿਚ ਇਹ ਮੁੱਖ ਅਸਥਾਨ ਹਨ:

1. ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ: ਇਸ ਅਸਥਾਨ 'ਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਰਿਹਾਇਸ਼ੀ ਮਕਾਨ ਸਨ। ਗੁਰੂ ਹਰਿ ਰਾਇ ਜੀ ਅਤੇ ਗੁਰੂ ਹਰਿ ਕ੍ਰਿਸ਼ਨ ਜੀ ਨੇ ਇੱਥੇ ਹੀ ਜਨਮ ਲਿਆ ਸੀ। ਸਿਖ ਸੰਗਤਾਂ ਇਸ ਅਸਥਾਨ ਨੂੰ ਸ਼ੀਸ਼ ਮਹਿਲ ਨਾਲ ਪੁਕਾਰਦੀਆਂ ਸਨ। ਇਸ ਕਰ ਕੇ ਇਸੇ ਨਾਂ 'ਤੇ ਹੀ ਇੱਥੇ ਗੁਰਦੁਆਰਾ ਸ਼ੀਸ਼ ਮਹਿਲ ਬਣਾਇਆ ਗਿਆ ਹੈ। ਸੰਤ ਬਾਬਾ ਸੇਵਾ ਸਿੰਘ ਨੌਰੇ ਵਾਲੇ ਨੇ ਇਸ ਅਸਥਾਨ ਦੀ ਸੇਵਾ ਆਰੰਭੀ ਸੀ ਅਤੇ ਸੰਤ ਬਾਬਾ ਲਾਭ ਸਿੰਘ ਜੀ ਆਨੰਦਗੜ੍ਹ ਵਾਲਿਆਂ ਨੇ ਇਹ ਸੰਪੂਰਨ ਕੀਤੀ।
2. ਗੁਰਦੁਆਰਾ ਕੋਟ ਸਾਹਿਬ: ਇਸ ਅਸਥਾਨ 'ਤੇ ਛੇਵੇਂ ਪਾਤਸ਼ਾਹ ਆਪਣਾ ਦੀਵਾਨ ਲਗਾਇਆ ਕਰਦੇ ਸਨ। ਗੁਰੂ ਹਰਿ ਰਾਇ ਜੀ ਅਤੇ ਗੁਰੂ ਹਰਿ ਕ੍ਰਿਸ਼ਨ ਜੀ ਨੇ ਗੁਰਗੱਦੀ ਇੱਥੇ ਹੀ ਬੈਠ ਕੇ ਧਾਰਨ ਕੀਤੀ ਸੀ। ਉਪਰੋਕਤ ਸੰਤ ਸਾਹਿਬਾਨ ਨੇ ਹੀ ਇਸ ਅਸਥਾਨ ਦੀ ਕਾਰ ਸੇਵਾ ਕਰਵਾਈ ਹੈ।
3. ਗੁਰਦੁਆਰਾ ਪਤਾਲ ਪੁਰੀ ਸਾਹਿਬ: ਇਸ ਅਸਥਾਨ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅੰਤਮ ਸੰਸਕਾਰ ਕੀਤਾ ਗਿਆ ਸੀ। ਇਹ ਅਸਥਾਨ ਦਰਿਆ ਸਤਲੁਜ ਦੇ ਐਨ ਕੰਢੇ ਉੱਪਰ ਹੈ। ਅੱਜ ਕੱਲ ਸਿਖ ਸੰਗਤਾਂ ਇੱਥੇ ਮੁਰਦਿਆਂ ਦੇ ਫੁੱਲ ਤੇਰਨ ਆਉਂਦੀਆਂ ਹਨ। ਸਤਲੁਜ ਦਰਿਆ ਦਾ ਪਾਣੀ ਭਾਵੇਂ, ਭਾਖੜਾ ਨਹਿਰ ਨਿਕਲਣ

ਕਾਰਨ ਬਹੁਤ ਥੋੜਾ ਰਹਿ ਗਿਆ ਹੈ ਪਰ ਫਿਰ ਵੀ ਫੁੱਲ ਤੇਰਨ ਜੋਗਾ ਪਾਣੀ ਵਗਦਾ ਰਹਿੰਦਾ ਹੈ। ਇਹ ਅਸਥਾਨ ਸ਼੍ਰੋਮਣੀ ਕਮੇਟੀ ਦੇ ਪਰਬੰਧ ਹੇਠ ਹੈ। ਬਹੁਤ ਸੁੰਦਰ ਅਤੇ ਵਿਸ਼ਾਲ ਗੁਰਦੁਆਰਾ ਕੰਪਲੈਕਸ ਹੈ।

4. ਗੁਰੂ ਹਰਿ ਰਾਇ ਜੀ ਦਾ ਬਾਗ: ਇਸ ਅਸਥਾਨ 'ਤੇ ਗੁਰੂ ਹਰਿ ਰਾਇ ਜੀ ਨੇ ਇਕ ਬਾਗ ਲਗਵਾਇਆ ਸੀ। ਭਾਵੇਂ ਇਹ ਬਾਗ ਸਮੇਂ ਦੇ ਗੇੜ ਨਾਲ ਉਜੜ-ਪੁਜੜ ਗਿਆ ਸੀ ਪਰ ਇਸ ਨਗਰ ਦੇ ਗੁਰ ਅਸਥਾਨਾਂ ਦੀ ਸੇਵਾ ਸੰਭਾਲ ਲੈਣ ਸਮੇਂ ਸੰਤ ਬਾਬਾ ਸੇਵਾ ਸਿੰਘ ਅਤੇ ਉਨਾਂ ਦੇ ਮੌਜੂਦਾ ਉਤਰਅਧਿਕਾਰੀ ਸੰਤ ਬਾਬਾ ਲਾਭ ਸਿੰਘ ਜੀ ਨੇ ਅੱਜ ਫਿਰ ਇੱਥੇ ਬਾਗ ਲਗਵਾ ਦਿੱਤਾ ਹੈ। ਵੱਖ-ਵੱਖ ਫਲਾਂ ਦੇ ਅਨੇਕਾਂ ਦਰੱਖਤ ਲਗਵਾਏ ਗਏ ਹਨ। ਇਸ ਦੇ ਵਿਚ ਹੀ ਇਹ ਖੂਹ ਸੀ ਜੋ ਗੁਰੂ ਹਰਿ ਰਾਇ ਜੀ ਵੱਲੋਂ ਲਗਵਾਇਆ ਗਿਆ ਸੀ। ਇਸ ਨੂੰ ਵੀ ਮੁੜ ਤੋਂ ਚਾਲੂ ਕਰ ਦਿੱਤਾ ਗਿਆ ਹੈ। ਬਾਗ ਦੇ ਵਿਚ ਦਮਦਮਾ ਸਾਹਿਬ ਬਣਿਆ ਹੋਇਆ ਹੈ। ਇੱਥੇ ਗੁਰੂ ਹਰਿ ਰਾਇ ਜੀ ਬਾਗ ਦਾ ਆਨੰਦ ਮਾਣਨ ਸਮੇਂ ਬੈਠਿਆ ਕਰਦੇ ਸਨ। ਇੱਥੇ ਅੱਜ ਕੱਲ ਇਕ ਲੰਗਰ ਦੀ ਇਮਾਰਤ ਤਿਆਰ ਕੀਤੀ ਜਾ ਚੁੱਕੀ ਹੈ। ਇੱਥੇ ਦਿਨ-ਰਾਤ ਲੰਗਰ ਤਿਆਰ ਮਿਲਦਾਹੈ। ਇਸ ਅਸਥਾਨ ਦੇ ਮੁੱਖ ਦਰਵਾਜੇ ਨੂੰ ਬਹੁਤ ਸ਼ਾਨਦਾਰ ਬਣਾ ਦਿੱਤਾ ਗਿਆ ਹੈ। ਪਹਿਲਾਂ ਇਸ ਅਸਥਾਨ ਲਈ ਰਸਤਾ ਬਹੁਤ ਤੰਗ ਸੀ ਪਰ ਸੰਤ ਬਾਬਾ ਲਾਭ ਸਿੰਘ ਜੀ ਦੀ ਪਰੇਰਣਾ ਸਦਕਾ ਇਕ ਗੁਰਮੁਖ ਪਿਆਰੇ ਨੇ ਆਪਣਾ ਮਕਾਨ (ਕੁਝ ਇਵਜਾਨਾ ਲੈ ਕੇ) ਦੇ ਦਿੱਤਾ। ਜਿਸ ਨਾਲ ਹੁਣ ਨਹਿਰ ਤੋਂ ਸਿੱਧਾ ਹੀ ਖੁੱਲਾ ਰਸਤਾ ਬਣ ਗਿਆ ਹੈ।

5. ਗੁਰਦੁਆਰਾ ਬਾਬਾ ਗੁਰਦਿੱਤਾ ਜੀ: ਇਸ ਅਸਥਾਨ ਨੂੰ ਦੇਹਰਾ ਬਾਬਾ ਗੁਰਦਿੱਤਾ ਜੀ ਵੀ ਕਿਹਾ ਜਾਂਦਾ ਹੈ। ਇੱਥੇ ਬਾਬਾ ਗੁਰਦਿੱਤਾ ਜੀ ਦਾ ਅੰਤਮ ਸੰਸਕਾਰ ਕੀਤਾ ਗਿਆ ਸੀ। ਇਸ ਦੀਆਂ ਪਾਉੜੀਆਂ ਵਿਚ ਹੀ ਗੁਰਦੁਆਰਾ ਤੀਰ ਸਾਹਿਬ ਹੈ। ਗੁਰੂ ਹਰਿਗੋਬਿੰਦ ਸਾਹਿਬ ਇੱਥੇ ਬੈਠ ਕਿ ਆਪਣੇ ਸਿਖਾਂ ਨੂੰ ਤੀਰ ਅੰਦਾਜੀ ਦੀ ਸਿੱਖਿਆ ਦਿਆ ਕਰਦੇ ਸਨ।

6. ਗੁਰਦੁਆਰਾ ਬਾਬਾ ਸਿਰੀ ਚੰਦ ਜੀ: ਇਸ ਅਸਥਾਨ 'ਤੇ ਬਾਬਾ ਸਿਰੀ ਚੰਦ ਜੀ ਆ ਕੇ ਰਹੇ ਸਨ। ਬਾਬਾ ਸਿਰੀ ਚੰਦ ਜੀ ਆਪਣੀ ਵੱਖਰੀ ਸੰਪਰਦਾ ਤਿਆਗ ਕੇ ਗੁਰੂ ਹਰਿਗੋਬਿੰਦ ਦੇ ਅਤੇ ਸਿਖ ਧਰਮ ਦੀ ਮੁੱਖ ਧਾਰਾ ਵਿਚ ਸ਼ਾਮਿਲ ਹੋ ਗਏ ਸਨ। ਸਿਖ ਸੰਗਤਾਂ ਨੇ ਬਾਬਾ ਜੀ ਦੀ ਰਹਿਣ ਵਾਲੀ ਥਾਂ 'ਤੇ ਗੁਰਦੁਆਰਾ ਉਸਾਰ ਕੇ ਉਨਾਂ ਦੀ ਯਾਦ ਨੂੰ ਸਦਾ ਲਈ ਅਮਰ ਕਰ ਦਿੱਤਾ ਹੈ। ਕੀਰਤ ਪੁਰ ਦੀ ਮੋਹੜੀ ਗੱਡਣ ਵਿਚ ਵੀ ਬਾਬਾ ਸਿਰੀ ਚੰਦ ਜੀ ਦਾ ਯੋਗਦਾਨ ਸੀ। ਇਸ ਅਸਥਾਨ ਨਾਲ ਵੀ ਲੰਗਰ ਹਾਲ ਅਤੇ ਕੁਝ ਰਿਹਾਇਸ਼ੀ ਕਮਰੇ ਬਣਾਏ ਗਏ ਹਨ।

ਅੱਜ ਕੱਲ ਕੀਰਤਪੁਰ ਸਾਹਿਬ ਜ਼ਿਲ੍ਹਾ ਰੋਪੜ ਦਾ ਇਕ ਪਰਸਿੱਧ ਨਗਰ ਹੈ। ਭਾਖੜਾ ਨਹਿਰ ਦੇ ਦੋਵੇਂ ਕੰਢਿਆਂ 'ਤੇ ਵਸਿਆ ਹੋਇਆ ਹੋਣ ਕਰ ਕੇ ਬਹੁਤ ਰਮਣੀਕ ਅਸਥਾਨ ਬਣ ਗਿਆ ਹੈ। ਆਲੇ-ਦੁਆਲੇ ਦੀ ਜ਼ਮੀਨ ਭਾਵੇਂ ਉੱਚੀ ਨੀਵੀਂ ਹੋਣ ਕਰ ਕੇ ਖੇਤੀ ਕਰਨ ਯੋਗ ਨਹੀਂ ਹੈ ਪਰ ਜਿਨੀ ਵੀ ਜ਼ਮੀਨ ਹੈ ਉਹ ਅੱਛੀ ਉਪਜਾਊ ਹੈ। ਅੱਜ ਕੀਰਤਪੁਰ ਸਾਹਿਬ ਹਿੰਦੂ

ਤੀਰਥ ਹਰਿਦੁਆਰ ਦੇ ਮੁਕਾਬਲੇ 'ਤੇ ਸਿਖਾਂ ਦੇ ਮੁਰਦਿਆਂ ਦੇ ਫੁੱਲ ਤੇਰਨ ਵਾਲਾ ਇਕ ਸੰਸਾਰ ਪਰਸਿੱਧ ਤੀਰਥ ਅਸਥਾਨ ਬਣ ਗਿਆ ਹੈ।

ਸ੍ਰੀ ਨਗਰ (ਕਸ਼ਮੀਰ): ਸ੍ਰੀ ਨਗਰ, ਜੰਮੂ ਅਤੇ ਕਸ਼ਮੀਰ ਦੀ ਰਾਜਧਾਨੀ ਹੈ। ਇਥੇ ਗੁਰੂ ਹਰਿਗੋਬਿੰਦ ਸਾਹਿਬ ਪਧਾਰੇ ਸਨ। ਉਨਾਂ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਵੀ ਇਥੇ ਆ ਚੁੱਕੇ ਸਨ। ਜਾਪਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜਾਂ ਤਾਂ ਬਾਦਸ਼ਾਹ ਜਹਾਂਗੀਰ ਨਾਲ ਇੱਧਰ ਆਏ ਸਨ ਤੇ ਜਾਂ ਫਿਰ ਲੜਾਈਆਂ ਤੋਂ ਪਿੱਛੋਂ ਆਏ ਸਨ। ਜੇਕਰ ਗੁਰਿਆਈ ਦੇ ਮੁੱਢਲੇ ਸਾਲਾਂ ਵਿਚ ਇੱਧਰ ਆਏ ਹੋਣਗੇ ਤਾਂ ਜ਼ਰੂਰ ਹੀ ਜਹਾਂਗੀਰ ਨਾਲ ਆਏ ਹੋਣਗੇ ਕਿਉਂਕਿ ਬਾਦਸ਼ਾਹ ਪੰਜਾਬ ਵਿੱਚੋਂ ਦੀ ਲੰਘ ਕੇ ਜਾਂ ਪੰਜਾਬ ਵਿਖੇ ਹੀ ਰਹਿੰਦਾ ਹੋਇਆ ਕਈ ਵਾਰ ਕਸ਼ਮੀਰ ਗਿਆ ਸੀ। ਭਾਵੇਂ ਇਹ ਹੋ ਸਕਦਾ ਹੈ ਕਿ ਜਹਾਂਗੀਰ ਜਾਣ ਬੁੱਝ ਕੇ ਗੁਰੂ ਜੀ ਨੂੰ ਆਪਣੇ ਨਾਲ ਰੱਖਦਾ ਸੀ ਤੇ ਜਾਂ ਫਿਰ ਇਹ ਗੱਲ ਗੁਰੂ ਜੀ ਦੀ ਖੁੱਲੀ ਨਜ਼ਰਬੰਦੀ ਦੀ ਹੋ ਸਕਦੀ ਹੈ। ਕੁਝ ਵੀ ਹੋਵੇ ਗੁਰੂ ਜੀ ਬਾਦਸ਼ਾਹ ਨਾਲ ਹੋਣ ਦੇ ਬਾਵਜੂਦ ਵੀ ਆਪਣੀ ਇੱਛਾ ਅਨੁਸਾਰ ਉਰਾਂ-ਪਰਾਂ ਆ ਜਾ ਜਾਂ ਠਹਿਰਾ ਕਰ ਸਕਦੇ ਸਨ।

ਸ੍ਰੀ ਨਗਰ ਵਿਖੇ ਉਨਾਂ ਨਾਲ ਸੰਬੰਧਤ ਪਰੰਪਰਾ ਅਨੁਸਾਰ ਇਥੇ ਇਕ ਗੁਰੂ ਘਰ ਦੀ ਸ਼ਰਧਾਲੂ ਮਾਈ ਵੱਲੋਂ ਆਪਣੇ ਹੱਥੀਂ ਤਿਆਰ ਕੀਤਾ ਪਹਿਰਾਵਾ ਭੇਟ ਕਰਨ ਦੀ ਗੱਲ ਦੱਸੀ ਜਾਂਦੀ ਹੈ। ਗੁਰੂ ਸਾਹਿਬ ਦਾ ਅਸਥਾਨ ਹਰੀ ਪਰਬਤ ਦੇ ਪਾਸ ਹੈ। ਪੰਡਿਤ ਤਾਰਾ ਸਿੰਘ ਨਰੋਤਮ ਨੇ ਲਿਖਿਆ ਹੈ: 'ਕਸ਼ਮੀਰ ਦੇਸ਼ ਸ਼ਹਿਰ ਸ੍ਰੀ ਨਗਰ-ਗੁਰਦੁਆਰਾ ਹਰੀ ਪਰਬਤ ਕੇ ਸਮੀਪ-ਨਿਰਮਲੇ-ਕਸ਼ਮੀਰ ਮੇਂ ਇਕ ਮਾਈ ਨੇ ਗੁਰੂ ਜੀ ਵਾਸਤੇ ਪੁਸ਼ਾਕ ਤਿਆਰ ਕਰ ਯਾਦ ਕੀਏ ਹੇ ਗੁਰੂ ਮਹਾਰਾਜ ਮੇਰਾ ਪ੍ਰੇਮ ਦੇਖ ਕਰ ਈਹਾਂ ਦਰਸ਼ਨ ਦੇਵੋ। ਤਬ ਗੁਰੂ ਹਰਿਗੋਬਿੰਦ ਜੀ ਗਏ।'[1] ਗਯਾਨੀ ਗਯਾਨ ਸਿੰਘ ਨੇ ਲਿਖਿਆ ਹੈ: 'ਹਰੀ ਪਰਬਤ ਪਾਸ ਗੰਗਾ ਤੀਰੇ ਪਾਰ ਦੇ ਪੁਜਾਰੀ ਸਯਦ ਉਗਰ ਦੇ ਸਿਖ ਜੋਤ ਘ੍ਰਿਤ ਦੀ ਹਰ ਵੇਲੇ ਜਗਦੀ ਰਹਿੰਦੀ ਹੈ। ਪੁਜਾਰੀਆਂ ਦੀ ਚੰਗੀ ਰੌਣਕ ਤੇ ਗੁਜਰਾਨ ਹੈ।'[2] ਗਯਾਨੀ ਠਾਕਰ ਸਿੰਘ ਅਨੁਸਾਰ, 'ਗੁਰਦੁਆਰਾ ਹਰੀ ਪਰਬਤ-ਕਸ਼ਮੀਰ ਦੇਸ਼ ਸ੍ਰੀ ਨਗਰ ਹੈ, ਇੱਥੇ ਇਕ ਮਾਈ ਨੇ ਲੋਗੜ ਦਾ ਜਾਮਾ ਕੱਤ ਬਣਾਏ ਸਲਾਏ ਧੁਲਾਏ ਪਾਸ ਰੱਖ ਅਰਾਧਨਾ ਕੀਤੀ। ਮਾਈ ਦਾ ਪ੍ਰੇਮ ਦੇਖ ਸਤਿਗੁਰੂ ਜੀ ਪਹੁੰਚੇ ਅਤੇ ਮਾਈ ਨੂੰ ਦਰਸ਼ਨ ਦੇ ਚੋਲਾ ਪਹਿਰ ਪ੍ਰਸੰਨ ਕਰ ਨਿਹਾਲ ਕੀਤਾ। ਇਸ ਮਾਈ ਦਾ ਨਾਮ ਭਾਗਭਰੀ ਅਤੇ ਜਾਤੀ ਬ੍ਰਾਹਮਣ ਹੈ। ਪੁਜਾਰੀ ਨਿਰਮਲੇ ਸੰਤ ਹਨ।'[3] ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ: 'ਸ੍ਰੀ ਨਗਰ-ਕਸ਼ਮੀਰ ਦੀ ਰਾਜਧਾਨੀ, ਜਿਸ ਦੀ ਸਮੁੰਦਰ ਤੋਂ ਉਚਾਈ 5276 ਫੁੱਟ ਹੈ। ਇਸ ਨਗਰ ਵਿਚ ਕਾਠੀ ਦਰਵਾਜ਼ੇ ਮਾਈ ਭਾਗਭਰੀ ਦੇ ਘਰ ਛੀਵੇਂ ਸਤਿਗੁਰੂ ਜੀ ਦਾ ਗੁਰਦੁਆਰਾ ਹੈ ਜੋ ਹਰੀ ਪਰਬਤ ਦੇ ਪਾਸ ਹੈ।'[4]

ਬਾਰਾਮੂਲਾ (ਕਸ਼ਮੀਰ): ਬਾਰਾਮੂਲਾ ਜੰਮੂ-ਕਸ਼ਮੀਰ ਦਾ ਬਹੁਤ ਪਰਸਿੱਧ ਸ਼ਹਿਰ ਹੈ।

---

1. ਸ੍ਰੀ ਗੁਰ ਤੀਰਥ ਸੰਗ੍ਰਹਿ, ਪੰਨੇ 44-45.
2. ਗੁਰਧਾਮ ਸੰਗ੍ਰਹਿ, ਪੰਨਾ 133.
3. ਗੁਰਦੁਆਰੇ ਦਰਸ਼ਨ, ਪੰਨਾ 161.
4. ਮਹਾਨ ਕੋਸ਼, ਪੰਨਾ 251.

ਇਥੇ ਗੁਰੂ ਹਰਿਗੋਬਿੰਦ ਸਾਹਿਬ ਕਾਫੀ ਸਮਾਂ ਠਹਿਰੇ ਮਾਲੂਮ ਹੁੰਦੇ ਹਨ। ਬਾਰਾਮੂਲਾ ਖਾਸ ਅਤੇ ਇਸ ਦੇ ਆਲੇ-ਦੁਆਲੇ ਗੁਰੂ ਜੀ ਦੀ ਯਾਦ ਵਿਚ ਕੁੱਝ ਅਸਥਾਨ ਬਣੇ ਹੋਏ ਹਨ। ਖਾਸ ਬਾਰਾਮੂਲਾ ਵਿਖੇ ਜੋ ਗੁਰ ਅਸਥਾਨ ਹੈ ਉਸ ਦਾ ਨਾਂ ਕੋਟ ਤੀਰਥ ਹੈ। ਜਿਸ ਦਾ ਭਾਵ ਹੈ ਕਿ ਇਸ ਗੁਰ ਅਸਥਾਨ ਦੇ ਦਰਸ਼ਨ ਕਰੋੜ ਤੀਰਥਾਂ ਦਾ ਇਸ਼ਨਾਨ ਕਰਨ ਦੇ ਬਰਾਬਰ ਹਨ। ਇਸ ਨਾਲ ਮਹਾਰਾਜਾ ਰਣਜੀਤ ਸਿੰਘ ਜੀ ਨੇ ਚਾਰ ਪਿੰਡਾਂ ਦੀ ਜਾਗੀਰ ਲੁਆਈ ਸੀ। ਇਸ ਤੋਂ ਤਿੰਨ ਹਜ਼ਾਰ ਰੁਪਏ ਦੀ ਆਮਦਨ ਹੁੰਦੀ ਸੀ। ਰਿਆਸਤ ਜੰਮੂ ਵੱਲੋਂ 79 ਰੁਪਏ ਸਲਾਨਾ ਸਨ। ਇਥੇ ਗੁਰੂ ਜੀ ਦਾ ਆਪਣੇ ਹੱਥ ਨਾਲ ਲਾਇਆ ਚਨਾਰ ਦਾ ਦਰਖਤ ਦੱਸਿਆ ਜਾਂਦਾ ਹੈ। ਵੈਸਾਖ ਦੀ ਪਹਿਲੀ ਨੂੰ ਅਤੇ ਪੋਹ ਸੁਦੀ ਸਤਵੀਂ ਨੂੰ ਅਤੇ ਕੱਤਕ ਦੀ ਪੂਰਨਮਾਸ਼ੀ ਨੂੰ ਇਥੇ ਗੁਰਪੁਰਬ ਜੁੜਦੇ ਹਨ। ਬਾਰਾਮੂਲੇ ਤੋਂ ਪਰੇ ਕੁੱਝ ਵਿੱਥ ਨਾਲ ਇਕ ਪੁਰਾਣੀ ਸਰਾਇ ਪਾਸ ਵੀ ਗੁਰੂ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਥੜ੍ਹਾ ਸਾਹਿਬ ਹੈ। ਇਸ ਤੋ ਇਲਾਵਾ ਇਕ ਹੋਰ ਕਿਠਾਈ ਨਾਂ ਦੀ ਥਾਂ ਉੱਪਰ ਵੀ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਥੜ੍ਹਾ ਸਾਹਿਬ ਹੈ।

ਮੁਜ਼ੱਫਰਾਬਾਦ (ਪਾਕਿਸਤਾਨ): ਸ਼ਹਿਰ ਮੁਜ਼ੱਫਰਾਬਾਦ ਇਸ ਸਮੇਂ ਪਾਕਿਸਤਾਨੀ ਕਸ਼ਮੀਰ ਦੀ ਰਾਜਧਾਨੀ ਹੈ। ਇਹ ਦਰਿਆ ਕਿਸ਼ਨ ਗੰਗਾ ਤੋਂ ਕੁੱਝ ਉੱਚਾਈ 'ਤੇ ਖੱਬੇ ਪਾਸੇ ਸਮੁੰਦਰੀ ਤਲ ਤੋਂ 20, 200 ਫੁੱਟ ਦੀ ਉੱਚਾਈ 'ਤੇ ਆਬਾਦ ਹੈ। ਇਹ ਮੁੱਖ ਸੜਕਾਂ ਰਾਹੀਂ ਰਾਵਲ ਪਿੰਡੀ, ਐਬਟਾਬਾਦ ਨਾਲ ਜੁੜਿਆ ਹੋਇਆ ਹੈ। ਸਿਰੀ ਨਗਰ ਨਾਲ ਵੀ ਇਹ ਮੁੱਖ ਸੜਕ ਰਾਹੀਂ ਜੁੜਿਆ ਹੋਇਆ ਸੀ ਪਰ ਅੱਜ ਕੱਲ ਇਹ ਰਸਤਾਂ ਅੰਤਰ-ਰਾਸ਼ਟਰੀ ਹੱਦ ਰਾਹੀਂ ਕੱਟਿਆ ਹੋਇਆ ਹੈ। ਮੁੱਜਫਰਾਬਾਦ ਦਾ ਜ਼ਿਲ੍ਹਾ ਦਰਿਆ ਜਿਹਲਮ ਅਤੇ ਕਿਸ਼ਨ ਗੰਗਾ ਦਰਿਆ ਦੇ ਦੋਨੋਂ ਪਾਸੇ ਫੈਲਿਆ ਹੋਇਆ ਹੈ। ਇੱਥੇ ਕਸ਼ਮੀਰ ਦੀ ਯਾਤਰਾ ਕਰਦੇ ਹੋਏ ਗੁਰੂ ਹਰਿਗੋਬਿੰਦ ਸਾਹਿਬ ਜੀ ਪਧਾਰੇ ਸਨ। ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿਚ ਇਕ ਸੁੰਦਰ ਗੁਰਦੁਆਰਾ ਸਸ਼ੋਭਿਤ ਹੈ। ਇਹ ਗੁਰ ਅਸਥਾਨ ਜਿਹਲਮ ਅਤੇ ਕਿਸ਼ਨ ਗੰਗਾ ਦਰਿਆ ਦੇ ਸੰਗਮ ਅਸਥਾਨ ਦੇ ਬਿਲਕੁਲ ਸਾਹਮਣੇ ਥੋੜੀ ਜਿਹੀ ਉੱਚੀ ਥਾਂ 'ਤੇ ਸਥਿਤ ਹੈ। ਇਸ ਨੂੰ ਗੁਰਦੁਆਰਾ ਛੇਵੀਂ ਪਾਤਸ਼ਾਹੀ ਨਲੁਛੀ ਕਹਿੰਦੇ ਹਨ। ਗੁਰਦੁਆਰਾ ਸਾਹਿਬ ਵਾਲੀ ਲੋਕਲ ਥਾਂ ਨਲੁਛੀ ਦੇ ਨਾਂ ਨਾਲ ਜਾਣੀ ਜਾਂਦੀ ਹੈ। ਇੱਥੇ ਹੀ ਦੋ ਕੁ ਸੌ ਗਜ ਦੀ ਦੂਰੀ 'ਤੇ ਸੰਤ ਜੋਗਾ ਸਿੰਘ ਜੀ ਦਾ ਡੇਰਾ ਹੈ ਜਿਸ ਨੂੰ ਗੁਫ਼ਾ ਵਾਲਾ ਡੇਰਾ ਕਿਹਾ ਜਾਂਦਾ ਹੈ। ਦਰਿਆ ਕਿਸ਼ਨ ਗੰਗਾ ਦੇ ਖੱਬੇ ਕੰਢੇ 'ਤੇ ਸ਼ਹਿਰ ਤੋਂ ਤਕਰੀਬਨ ਇਕ ਮੀਲ ਦੀ ਦੂਰੀ 'ਤੇ ਸਿਖ ਰਾਜ ਸਮੇਂ ਦਾ ਇਕ ਮਜਬੂਤ ਕਿਲ੍ਹਾ ਉਸਰਿਆ ਹੋਇਆ ਹੈ। ਨੇੜੇ ਹੀ ਥੋੜੀ ਜਿਹੀ ਵਿੱਥ 'ਤੇ ਇਸੇ ਦਰਿਆ ਦੇ ਸੱਜੇ ਕੰਢੇ 'ਤੇ ਬਾਦਸ਼ਾਹ ਜਹਾਂਗੀਰ ਰਾਹੀ ਬਣਵਾਈ ਹੋਈ ਸਰਾਂ ਸਥਿਤ ਹੈ। ਕਿਸ਼ਨ ਗੰਗਾ ਦੇ ਜਿਹਲਮ ਨਾਲ ਮਿਲਣ ਵਾਲੇ ਦੇ ਮੇਲ ਅਸਥਾਨ ਤੋ ਪੰਜ ਸੌ ਗਜ਼ ਦੀ ਦੂਰੀ 'ਤੇ ਦਰਿਆ ਜਿਹਲਮ ਉੱਪਰ ਇਕ ਲਟਕਵਾਂ ਲੱਕੜ ਦਾ ਪੁਲ ਲੋਕਾਂ ਦੀ ਸਹੂਲਤ ਲਈ ਬਣਵਾਇਆ ਸੀ।[1]

---

1. ਦੇਖੋ ਸ. ਸ. ਸ਼ਕਤੀਮਾਨ ਦਾ ਲੇਖ "1947 ਵਿਚ ਕਸ਼ਮੀਰ ਤੇ ਕਬਾਇਲੀ ਹਮਲੇ ਸਮੇਂ ਸਿੱਖਾਂ ਦਾ ਯੋਗਦਾਨ" *ਪਰੋਸੀਡਿੰਗਜ ਪੰਜਾਬ ਹਿਸਟਰੀ ਕਾਨਫਰੰਸ* (ਪੰਜਾਬੀ ਸੈਕਸ਼ਨ), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ, 1996.

ਹੋਰ ਵੱਖ-ਵੱਖ ਲਿਖਤਾਂ ਵਿਚ ਇਸ ਅਸਥਾਨ ਦਾ ਜ਼ਿਕਰ ਇਉਂ ਆਇਆ ਹੈ:

ਪੰਡਿਤ ਤਾਰਾ ਸਿੰਘ ਨਰੋਤਮ ਅਨੁਸਾਰ, 'ਕਸ਼ਮੀਰ ਸੇ ਚੱਲ ਗੁਜਰਾਤ ਓਰ ਆਵਤੇ ਗੁਰੂ ਜੀ ਮੁਜੱਫਰਬਾਦ ਸ਼ਹਿਰ ਮੇਂ ਕਿਸ਼ਨ ਗੰਗਾ ਕੇ ਤੀਰੇ ਉਤਰੇ ਸਿਖਾਂ ਕੀ ਵਹਾਂ ਦੱਸ ਪਾਂਚ ਘਰ ਕੀ ਵਸਤੀ ਹੈ।' (ਪੰਨਾ 45)

ਗਯਾਨੀ ਗਜਾਨ ਸਿੰਘ ਨੇ ਲਿਖਿਆ ਹੈ' ਮੁਜੱਫਰਾਬਾਦ (ਕਸ਼ਮੀਰ) ਇੱਥੇ ਇਕ ਜੋਗੀਸ਼ਰ ਦੇ ਅਰਾਧਣੇ ਪਰ ਦਰਸ਼ਨ ਦਿੱਤੇ। ਜੋਗੀ ਨੂੰ ਉਪਦੇਸ਼ ਦੇ ਜੀਵਨ ਮੁਕਤ ਕੀਤਾ। ਆਮਦਨੀ ਪੰਜ ਸੌ ਦੀ ਲੰਗਰ ਚੰਗਾ ਚਲਦਾ ਹੈ।' (ਪੰਨਾ 136)

ਗਯਾਨੀ ਠਾਕਰ ਸਿੰਘ ਜੀ ਲਿਖਦੇ ਹਨ' ਦੇਸ਼ ਕਸ਼ਮੀਰ ਪਰਸਿੱਧ ਨਗਰ ਮੁਜੱਫਰਾਬਾਦ ਨਦੀ ਕ੍ਰਿਸ਼ਨ ਗੰਗਾ ਤੋਂ ਪਾਰ ਇਕ ਮੀਲ ਦੀ ਵਿੱਥ ਉੱਤੇ ਚੰਗੇ ਖੁੱਲ੍ਹੇ ਮੈਦਾਨ ਵਿਚ ਬਹੁਤ ਹੀ ਸੁੰਦਰ ਸੁਭਾਇਮਾਨ ਗੁਰਦੁਆਰਾ ਸਾਹਿਬ ਜੀ ਦੇ ਦਰਸ਼ਨ ਹੁੰਦੇ ਹਨ। ਇੱਥੇ ਛੋਟੀ ਜਿਹੀ ਬਸਤੀ ਬਰਾਹਮਣਾਂ ਸਿਖਾਂ ਦੀ ਹੈ। ਇੱਥੇ ਹੀ ਨਿਵਾਸ ਕਰਨੇ ਵਾਲੇ ਭਾਈ ਹੀਰਾ ਸਿੰਘ ਜੀ ਪ੍ਰਤਾਪ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਰਹੇ।' (ਪੰਨਾ 161)

1947 ਤੋਂ ਪਿੱਛੋਂ ਇਹ ਪਹਿਲਾ ਪਰਬੰਧ ਬਿਲਕੁਲ ਤਹਿਸ ਨਹਿਸ ਹੋ ਗਿਆ ਹੈ। ਇਸ ਸਮੇਂ ਇਸ ਅਸਥਾਨ ਦਾ ਕੀ ਪਰਬੰਧ ਹੈ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਗੁਜਰਾਤ: ਗੁਜਰਾਤ, ਅੱਜ ਕੱਲ ਪਾਕਿਸਤਾਨ ਵਿਚ, ਪੱਛਮੀ ਪੰਜਾਬ ਦਾ ਬਹੁਤ ਪਰਸਿੱਧ ਜ਼ਿਲ੍ਹਾ ਅਸਥਾਨ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਵੱਲੋਂ ਆਉਂਦੇ ਹੋਏ ਠਹਿਰੇ ਸਨ। ਪਰਚੱਲਿਤ ਕਥਾਵਾਂ ਅਨੁਸਾਰ ਇੱਥੇ ਕਿਸੇ ਸਥਾਨਕ ਫਕੀਰ ਸ਼ਾਹ ਦੌਲਾ ਨਾਲ ਗੁਰੂ ਸਾਹਿਬ ਦੀ ਮੀਰੀ-ਪੀਰੀ ਦੀ ਨੀਤੀ ਬਾਰੇ ਵਿਚਾਰ-ਗੋਸ਼ਟੀ ਹੋਈ ਦੱਸੀ ਗਈ ਹੈ। ਗਯਾਨੀ ਠਾਕੁਰ ਸਿੰਘ ਨੇ ਇੱਥੋਂ ਦੇ ਗੁਰ ਅਸਥਾਨ ਬਾਰੇ ਲਿਖਦਿਆਂ ਜਾਣਕਾਰੀ ਦਿੱਤੀ ਹੈ: 'ਗੁਰਦੁਆਰੇ ਦੇ ਸੇਵਾਦਾਰ ਚੰਗੇ ਮਹਾਤਮਾ ਗੁਰ ਸਿਖ ਹੁੰਦੇ ਰਹੇ ਹਨ ਅਤੇ ਅੱਜ ਕੱਲ੍ਹ (ਤਕਰੀਬਨ 1824 ਈ.) ਭਾਈ ਗੌਧਮ ਸਿੰਘ ਜੀ ਗੁਰਮੁਖ ਸੁਹਿਰਦ ਬਾਣੀ ਦੇ ਪ੍ਰੇਮੀ ਆਏ ਗਏ ਸਿਖ ਸਾਧ ਨਾਲ ਚੰਗਾ ਪ੍ਰੇਮ ਕਰਦੇ ਹਨ। ਜਾਗੀਰ ਕੋਈ ਨਹੀਂ ਅਤੇ ਨਾ ਸ਼ਹਿਰ ਨਿਵਾਸੀਆਂ ਵੱਲੋਂ ਕੋਈ ਬੰਧਾਨ ਹੈ। ਇਹ ਗੁਜਰਾਤ ਲਾਹੌਰ ਤੋਂ ਪਸ਼ੌਰ ਰੇਲਵੇ ਲਾਈਨ ਉੱਪਰ ਹੈ ਤੇ ਸਟੇਸ਼ਨ ਤੋਂ ਗੁਰਦੁਆਰਾ ਇਕ ਮੀਲ ਦੀ ਵਿੱਥ 'ਤੇ ਹੈ।'[1] ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ: 'ਪੰਜਾਬ ਦਾ ਇਕ ਨਗਰ ਜੋ ਜ਼ਿਲ੍ਹੇ ਦਾ ਅਸਥਾਨ ਹੈ। ਇਹ ਵਜ਼ੀਰਾਬਾਦ ਅਤੇ ਲਾਲਮੂਸਾ ਦੇ ਮੱਧ ਹੈ। ਗੁਜਰਾਤ ਵਿਚ ਗੁਰੂ ਹਰਿਗੋਬਿੰਦ ਸਾਹਿਬ ਦਾ ਕਾਬਲੀ ਦਰਵਾਜ਼ੇ ਗੁਰਦੁਆਰਾ ਹੈ। ਕਸ਼ਮੀਰ ਤੋਂ ਹੱਟਦੇ ਹੋਏ ਗੁਰੂ ਸਾਹਿਬ ਇੱਥੇ ਵਿਰਾਜੇ ਸਨ। ਰੇਲਵੇ ਸਟੇਸ਼ਨ ਗੁਜਰਾਤ ਤੋਂ ਇਕ ਮੀਲ ਪੂਰਵ ਹੈ।'[2]

ਗੁਰੂ ਕਾ ਕੋਠਾ ਵਜ਼ੀਰਾਬਾਦ (ਪਾਕਿਸਤਾਨ): ਗੁਰਦੁਆਰਾ ਸਾਹਿਬ ਗੁਰੂ ਕਾ ਕੋਠਾ ਪੱਛਮੀ ਪੰਜਾਬ ਦੇ ਜ਼ਿਲ੍ਹਾ ਗੁੱਜਰਾਂਵਾਲਾ ਵਿਚ ਸਥਿਤ ਪਰਸਿੱਧ ਸ਼ਹਿਰ ਵਜ਼ੀਰਾਬਾਦ ਵਿਚ ਹੈ।

---

1. *ਉਕਤ* ਪੰਨਾ 163.
2. *ਮਹਾਨ ਕੋਸ਼*, ਪੰਨਾ 411.

ਇੱਥੇ ਗੁਰੂ ਹਰਿਗੋਬਿੰਦ ਸਾਹਿਬ ਗੁਜਰਾਤ ਤੋਂ ਚਲ ਕੇ ਪਹੁੰਚੇ ਸਨ। ਇੱਥੇ ਜਿਸ ਮਕਾਨ ਵਿਚ ਗੁਰੂ ਸਾਹਿਬ ਰਹੇ ਸਨ ਉਸ ਨੂੰ ਪਿੱਛੋਂ ਸ਼ਰਧਾ ਵਜੋਂ ਗੁਰੂ ਕਾ ਕੋਠਾ ਹੀ ਕਿਹਾ ਜਾਣ ਲੱਗ ਪਿਆ। ਇਸੇ ਕਰ ਕੇ ਹੀ ਗੁਰਦੁਆਰੇ ਦਾ ਨਾਂ ਪਰਚਲਿਤ ਹੋਇਆ ਹੈ। ਪੰਡਿਤ ਤਾਰਾ ਸਿੰਘ ਨਰੋਤਮ ਨੇ ਲਿਖਿਆ ਹੈ 'ਗੁਜਰਾਤ ਸੇ ਚਲ ਕਰ ਗੁਰੂ ਜੀ ਵਜ਼ੀਰਾਬਾਦ ਆਏ। ਖੇਮ ਚੰਦ ਪੁਰ-ਧਨੀ ਖੱਤਰੀ ਨੇ ਅਪਨਾ ਘਰ ਚੜ੍ਹਾਇਆ। ਉਸ ਸਮੇਂ ਪ੍ਰਸੰਨ ਹੋ ਗੁਰੂ ਜੀ ਨੇ ਬਚਨ ਕੀਆ ਵਜ਼ੀਰਾਬਾਦ ਗੁਰੂ ਕਾ ਕੋਠਾ। ਜੋ ਪਹਿਲੇ ਤੇਰਾ ਨਾਮ ਲੇਕਰ ਹਮਾਰੀ ਪੂਜਾ ਕਰੇਗਾ ਬਾਂਛਤ ਫਲ ਪਾਵੇਗਾ। ਗੁਰਦੁਆਰੇ ਮੇਂ ਹੀ ਖੇਮ ਚੰਦ ਕੀ ਸਮਾਧ ਹੈ। ਉਸ ਪੈ ਦੀਵੇ ਬਹੁਤ ਜਗਤੇ ਹੈਂ।' (ਪੰਨੇ 45-46) ਗਯਾਨੀ ਗਯਾਨ ਸਿੰਘ ਨੇ ਲਿਖਿਆ ਹੈ: 'ਖੇਮ ਚੰਦ ਖੱਤਰੀ ਨੇ ਗੁਰੂ ਸਾਹਿਬ ਨੂੰ ਵਜ਼ੀਰਾਬਾਦ ਲੈ ਜਾ ਕੇ ਚਾਰ ਦਿਨ ਬਹੁਤ ਸੇਵਾ ਕੀਤੀ ਤੇ ਮਕਾਨ ਭੀ ਅਰਪਣ ਕਰ ਦਿੱਤਾ ਜੋ ਹੁਣ ਸ਼ਹਿਰੋਂ ਬਾਹਰ ਹੈ। ਮਹਾਰਾਜਾ ਪਟਿਆਲਾ ਨੇ ਉੱਥੋਂ ਦੇ ਮਹੰਤ ਗੰਡਾ ਸਿੰਘ ਦੇ ਹੱਥੀਂ ਅਸਥਾਨ ਪਕਾ ਬਣਵਾ ਦਿੱਤਾ ਹੈ। ਆਮਦਨੀ ਚਾਰ ਸੌ ਦੀ ਹੈ। ਹੁਣ ਇਸ ਸ਼ਹਿਰ ਵਿਚ ਬਾਬੇ ਬੰਦੇ ਦੀ ਸੰਤਾਨ ਬਸਦੀ ਹੈ।' (ਪੰਨਾ 132) ਗਯਾਨੀ ਠਾਕਰ ਸਿੰਘ ਨੇ ਉਕਤ ਕਥਨ ਨਾਲ ਮਿਲਦੀ-ਜੁਲਦੀ ਜਾਣਕਾਰੀ ਦੇ ਕੇ ਜੋ ਵਾਧੂ ਜਾਣਕਾਰੀ ਦਿੱਤੀ ਹੈ ਉਹ ਇਸ ਤਰਾਂ ਹੈ: 'ਇੱਥੇ ਪੁਜਾਰੀ ਸਿਖ ਹਨ ਅਤੇ ਜਾਗੀਰ ਜ਼ਮੀਨ ਕੋਈ ਨਹੀਂ। ਸਟੇਸ਼ਨ ਖਾਸ ਵਜ਼ੀਰਾਬਾਦ ਹੈ ਅਤੇ ਲਾਹੌਰ ਪਸ਼ੌਰ ਲਾਈਨ ਉੱਤੇ ਹੈ। ਸਟੇਸ਼ਨ ਤੋਂ ਇਕ ਮੀਲ ਦਾ ਫਾਸਲਾ ਹੈ ਗੁਰਦੁਆਰਾ ਬਹੁਤ ਸੁੰਦਰ ਹੈ ਜੋ ਦਰਸ਼ਨ ਦੇ ਯੋਗ ਹੈ।' (ਪੰਨਾ 164) ਭਾਈ ਕਾਨ੍ਹ ਸਿੰਘ ਨੇ ਇਸ ਅਸਥਾਨ ਦੀ ਜਾਣਕਾਰੀ ਦੋ ਐਂਟਰੀਆਂ ਵਿਚ ਦਿੱਤੀ ਹੈ। ਇਕ ਐਂਟਰੀ ਵਜ਼ੀਰਾਬਾਦ ਦੀ ਹੈ ਅਤੇ ਦੂਸਰੀ 'ਗੁਰੂ ਕਾ ਕੋਠਾ' ਨਾਂ ਦੀ ਹੈ। ਵਜ਼ੀਰਾਬਾਦ ਵਾਲੀ ਐਂਟਰੀ ਵਿਚ ਲਿਖਿਆ ਹੈ: 'ਵਜ਼ੀਰਾਬਾਦ-ਜ਼ਿਲ੍ਹਾ ਗੁੱਜਰਾਂ ਵਾਲਾ ਵਿਚ ਇਕ ਤਸੀਲ ਦਾ ਪ੍ਰਧਾਨ ਨਗਰ ਜੋ ਚਨਾਬ (ਚੰਦ੍ਰ ਭਾਗਾ) ਦੇ ਕਿਨਾਰੇ ਹੈ। ਸਾਹਿਬ ਇਸ ਨਗਰ ਵਿਰਾਜੇ ਹਨ। ਖੇਮ ਚੰਦ ਖੱਤਰੀ ਨੇ ਜੋ ਅਸਥਾਨ ਉਸ ਸਮੇਂ ਸਤਿਗੁਰੂ ਦੀ ਭੇਟ ਕੀਤਾ ਉਸ ਦਾ ਨਾਮ 'ਗੁਰੂ ਕਾ ਕੋਠਾ ਹੈ। ਵਜ਼ੀਰਾਬਾਦ ਲਾਹੌਰੋਂ 62 ਮੀਲ ਹੈ ਇਸ ਦੀ ਆਬਾਦੀ 16, 450 ਹੈ।' (ਪੰਨਾ 1080). ਗੁਰੂ ਕਾ ਕੋਠਾ ਵਾਲੀ ਐਂਟਰੀ ਵਿਚ ਲਿਖਿਆ ਹੈ, 'ਵਜ਼ੀਰਾਬਾਦ ਵਿਚ ਭਾਈ ਖੇਮ ਚੰਦ ਪ੍ਰੇਮੀ ਸਿਖ ਦਾ ਮਕਾਨ। ਜਿਸ ਵਿਚ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਤੋਂ ਮੁੜਦੇ ਹੋਏ ਵਿਰਾਜੇ ਹਨ। ਇਸ ਗੁਰਦੁਆਰੇ ਨਾਲ 36 ਘੁਮਾਉਂ ਮੁਆਫੀ ਸਿਖ ਰਾਜ ਸਮੇਂ ਦੀ ਵਜ਼ੀਰਵਾਦ ਵਿਚ ਅਤੇ 77 ਘੁਮਾਉਂ ਹੋਰਨਾਂ ਪਿੰਡ ਵਿਚ ਹੈ। ਬਸੰਤ ਪੰਚਮੀ ਅਤੇ ਦਿਵਾਲੀ ਨੂੰ ਮੇਲਾ ਹੁੰਦਾ ਹੈ।' (ਪੰਨਾ 422).

ਹਾਫ਼ਿਜ਼ਾਬਾਦ (ਪਾਕਿਸਤਾਨ): ਹਾਫਿਜ਼ਾਬਾਦ, ਪੱਛਮੀ ਪੰਜਾਬ ਦੇ ਜ਼ਿਲ੍ਹਾ ਗੁਜਰਾਂਵਾਲਾ ਵਿਚ ਇਕ ਪਰਸਿੱਧ ਨਗਰ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਕਸ਼ਮੀਰ ਤੋਂ ਮੁੜਦੇ ਹੋਏ ਆਏ ਸਨ। ਇੱਥੇ ਗੁਰੂ ਘਰ ਦਾ ਇਕ ਸ਼ਰਧਾਲੂ ਪਰਚਾਰਕ ਭਾਈ ਭਗਤ ਰਾਮ ਸੀ। ਉਸ ਦੀ ਸੰਗਤ ਨੂੰ ਦਰਸ਼ਨ ਦੇਣ ਲਈ ਗੁਰੂ ਸਾਹਿਬ ਇੱਥੇ ਪਧਾਰੇ ਸਨ। ਗਯਾਨੀ ਠਾਕਰ ਸਿੰਘ ਨੇ ਇਸ ਅਸਥਾਨ ਦਾ ਇਉਂ ਜ਼ਿਕਰ ਕੀਤਾ ਹੈ: 'ਭਾਈ ਭਗਤ ਰਾਮ ਜ਼ਾਤ ਖੱਤਰੀ ਦਾ ਪ੍ਰੇਮ ਜਾਣ ਮਹਾਰਾਜ ਜੀ ਇੱਥੇ ਆਏ। ਸ਼ਹਿਰੋਂ ਬਾਹਰ ਇਕ ਹਜ਼ਾਰ ਕਦਮ ਦੇ ਫਾਸਲੇ ਉੱਤੇ ਹੈ। ਇਹ ਗੁਰਦੁਆਰਾ ਸਾਹਿਬ ਜੀ ਬਹੁਤ ਹੀ ਸੁੰਦਰ ਬਣੇ ਹੋਏ ਹਨ। ਅੰਮ੍ਰਿਤ

ਵੇਲੇ ਆਸਾ ਜੀ ਦੀ ਵਾਰ ਕਥਾ ਆਦਿਕ ਉਤਸ਼ਾਹ ਹੁੰਦੇ ਹਨ........ਪੁਜਾਰੀ ਸਿਖ ਹਨ, ਜ਼ਮੀਨ ਅਤੇ ਜਾਗੀਰ ਵੀ ਹੈ, ਲੰਗਰ ਦਾ ਪੱਕਾ ਪ੍ਰਬੰਧ ਹੋਣਾ ਚਾਹੀਦਾ ਹੈ, ਪੁਜਾਰੀਆਂ ਨੂੰ ਗੁਰਮਤ ਤੇ ਗੁਰਬਾਣੀ ਦੇ ਪ੍ਰੇਮੀ ਹੋਣਾ ਲੋੜੀਂਦਾ ਹੈ। ਇਹ ਗੁਰਦੁਆਰਾ ਜ਼ਿਲ੍ਹਾ ਗੁੱਜਰਾਂ ਵਾਲੇ ਵਿਚ ਹੈ।' (ਪੰਨੇ 164-65) ਠਾਕਰ ਸਿੰਘ ਜੀ ਦੀ ਇਹ ਲਿਖਤ 1924 ਈ. ਤੋਂ ਪਹਿਲਾਂ ਦੀ ਹੈ। ਇਸ ਲਈ ਇਹ ਬਿਰਤਾਂਤ ਉਸ ਸਮੇਂ ਦਾ ਮੰਨਣਾ ਚਾਹੀਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ ਪਿੱਛੋਂ ਇਉਂ ਲਿਖਿਆ ਹੈ: 'ਹਾਫ਼ਿਜ਼ਾਬਾਦ ਜ਼ਿਲ੍ਹਾ ਗੁੱਜਰਾਂਵਾਲੇ ਦੀ ਇਕ ਤਸੀਲ ਦਾ ਪ੍ਰਧਾਨ ਨਗਰ ਜੋ ਅਕਬਰ ਬਾਦਸ਼ਾਹ ਦੇ ਮਾਲੀ ਅਹੁਦੇ ਦਾਰ ਹਾਫ਼ਿਜ਼ ਨੇ ਵਸਾਇਆ ਹੈ। ਇਹ ਵਜ਼ੀਰਾਬਾਦ ਤੋਂ ਵੀਹ ਕੋਹ ਪੱਛਮ ਵੱਲ ਖਾਸ ਰੇਲਵੇ ਸਟੇਸ਼ਨ ਹੈ। ਕਸ਼ਮੀਰ ਤੋਂ ਹਟਦੇ ਹੋਏ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਇਸ ਥਾਂ ਵਿਰਾਜੇ ਹਨ। ਦਰਬਾਰ ਸੁੰਦਰ ਬਣਿਆ ਹੋਇਆ ਹੈ। ਚਾਲੀ ਘੁਮਾਉ ਜ਼ਮੀਨ ਹਾਫ਼ਿਜ਼ਾਬਾਦ ਵਿਚ ਅਤੇ 28 ਘੁਮਾਉਂ ਪਿੰਡ ਬਟੇਰੇ ਵਿਚ ਸਿਖ ਰਾਜ ਸਮੇਂ ਦੀ ਹੈ। ਪੰਦਰਾਂ ਹਾੜ ਨੂੰ ਮੇਲਾ ਲਗਦਾ ਹੈ।' (ਪੰਨਾ 272). 1947 ਵਿਚ ਭਾਰਤ-ਪਾਕਿ ਵੰਡ ਸਮੇਂ ਇਹ ਸਾਰੇ ਪਰਬੰਧ ਖ਼ਤਮ ਹੋ ਗਏ ਹਨ। ਇਸ ਅਸਥਾਨ ਦੀ ਵਰਤਮਾਨ ਕੀ ਦਸ਼ਾ ਹੈ ਇਸ ਦਾ ਕੋਈ ਪਤਾ ਨਹੀ ਹੈ।

ਭਾਈ ਕੇ ਮੱਟੂ (ਪਾਕਿਸਤਾਨ): ਪਿੰਡ ਭਾਈ ਕੇ ਮੱਟੂ ਪੱਛਮੀ ਪੰਜਾਬ ਦੇ ਜ਼ਿਲ੍ਹਾ ਗੁੱਜਰਾਂਵਾਲਾ ਵਿਚ ਥਾਣਾ ਨੌਸ਼ਹਿਰਾ ਵਿਰਕਾਂ ਤੋਂ ਦੱਖਣ-ਪੱਛਮ ਵੱਲ ਦੋ ਫਰਲਾਂਗ ਦੇ ਕਰੀਬ ਦੂਰ ਗੁਰੂ ਹਰਿਗੋਬਿੰਦ ਸਾਹਿਬ ਦਾ ਯਾਦਗਾਰੀ ਅਸਥਾਨ ਹੈ। ਸਥਾਨਕ ਪਰੰਪਰਾ ਅਨੁਸਾਰ ਇੱਥੇ ਦੇ ਕੁਝ ਪੰਡਿਤ ਗੁਰੂ ਘਰ ਦੇ ਸ਼ਰਧਾਲੂ ਸਨ। ਉਨਾਂ ਨੇ ਗੁਰੂ ਹਰਿਗੋਬਿੰਦ ਜੀ ਤੋਂ ਸਿੱਖੀ ਧਾਰਨ ਕੀਤੀ ਸੀ। ਸਿੱਖੀ ਧਾਰਨ ਕਰਨ ਤੋਂ ਪਿੱਛੋਂ ਇਹ ਬਰਾਹਮਣ ਤਮਾਕੂਨੋਸ਼ੀ ਤੋਂ ਬਿਲਕੁਲ ਮੁਕਤ ਹੋ ਗਏ ਸਨ। ਇਨਾਂ ਦਾ ਮੁੱਖੀ ਭਾਈ ਮੱਟੂ ਸੀ। ਇਸ ਦੇ ਨਾਂ 'ਤੇ ਹੀ ਇਸ ਅਸਥਾਨ ਦਾ ਨਾਂ ਭਾਏ ਕੇ ਮੱਟੂ ਪਿਆ ਹੈ। ਗਿਆਨੀ ਠਾਕਰ ਸਿੰਘ ਅਨੁਸਾਰ, 'ਗੁਰੂ ਸਾਹਿਬ ਇੱਥੇ ਸੱਤ ਦਿਨ ਰਹੇ ਸਨ ਅਤੇ ਭਾਈ ਦਾ ਖਿਤਾਬ ਦਿੱਤਾ ਸੀ। ਇਹੋ ਕਾਰਨ ਹੈ ਕਿ ਨਗਰ ਦਾ ਪਰਸਿੱਧ ਨਾਮ ਭਾਈ ਕੇ ਮੱਟੂ ਹੈ। ਇਹ ਨਗਰ ਹਾਫ਼ਿਜ਼ਾਬਾਦੋਂ ਨੇੜੇ ਹੈ, ਪੁਜਾਰੀ ਭਾਈ ਜੀ ਦੀ ਅੰਸ-ਬੰਸ ਦੇ ਹਨ।' (ਪੰਨਾ 166). ਭਾਈ ਕਾਨ੍ਹ ਸਿੰਘ ਨੇ ਲਿਖਿਆ ਹੈ: 'ਜਦੋ ਗੁਰੂ ਜੀ ਇੱਥੇ ਆ ਕੇ ਬੈਠੇ ਤਾਂ ਇਕ ਆਦਮੀ ਮੱਥਾ ਟੇਕ ਕੇ ਪਾਸ ਬੈਠ ਗਿਆ। ਜਿਸ ਦੀਆਂ ਮੁੱਛਾਂ ਤਮਾਕੂ ਪੀਂਦੇ ਪੀਲੀਆਂ ਹੋ ਗਈਆਂ ਸਨ। ਗੁਰੂ ਜੀ ਨੇ ਇਸ ਦਾ ਨਾਉਂ ਪੁੱਛਿਆ ਤਾਂ ਉਸ ਨੇ ਉੱਤਰ ਦਿੱਤਾ ਕਿ ਮੇਰਾ ਨਾਉਂ ਹਰਿਗੋਬਿੰਦ ਹੈ। ਸਤਿਗੁਰਾਂ ਆਖਿਆ ਭਾਈ ਇਹ ਨਾਉਂ ਰਖਾ ਕੇ ਫੇਰ ਤਮਾਕੂ ਪੀਣ ਦਾ ਕੁਕਰਮ ਕਿਉਂ ਕਰਦਾ ਹੈ? ਤਾਂ ਉਸ ਨੇ ਅੱਗੋਂ ਲਈ ਤਮਾਕੂ ਪੀਣਾ ਛੱਡ ਦਿੱਤਾ। ਪਿਛਲੀ ਭੁੱਲ ਪਰ ਖਿਮਾ ਮੰਗੀ ਤੇ ਗੁਰੂ ਜੀ ਦਾ ਸਿਖ ਹੋਇਆ। ਗੁਰਦੁਆਰਾ ਛੋਟਾ ਜਿਹਾ ਬਣਿਆ ਹੋਇਆ ਹੈ। ਸੱਤ ਸਾਉਣ ਨੂੰ ਮੇਲਾ ਹੁੰਦਾ ਹੈ। ਰੇਲਵੇ ਸਟੇਸ਼ਨ ਤੇ ਨੈਰਤ ਕੋਣ 15 ਮੀਲ ਹੈ।' (ਪੰਨਾ 374)

ਗੁਰੂ ਸਰ ਰਣਜੀਤ ਗੜ੍ਹ (ਪਾਕਿਸਤਾਨ): ਗੁਰਦੁਆਰਾ ਗੁਰੂ ਸਰ ਸਾਹਿਬ ਰਣਜੀਤ ਗੜ੍ਹ ਪਾਕਿਸਤਾਨ ਵਿਚ ਪੱਛਮੀ ਪੰਜਾਬ ਦੇ ਜ਼ਿਲ੍ਹਾ ਸਿਆਲਕੋਟ ਤੋਂ ਬਾਰਾਂ ਕਿਲੋਮੀਟਰ ਉੱਤਰ ਵਾਲੇ ਪਾਸੇ ਸਥਿਤ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਲਾਕੇ ਦੇ ਲੋਕਾਂ ਲਈ ਇਕ ਖੂਹ ਲਗਵਾਇਆ ਸੀ ਕਿਉਂਕਿ ਇਲਾਕੇ ਵਿਚ ਪਾਣੀ ਦੀ ਬਹੁਤ ਕਿੱਲਤ ਸੀ। ਗੁਰੂ ਜੀ ਨੇ

ਬਰਛਾ ਮਾਰ ਕੇ ਖੂਹ ਪੁੱਟਣ ਦਾ ਉਦਘਾਟਨ ਕੀਤਾ ਸੀ। ਇਸ ਬਰਛਾ ਮਾਰਨ ਦੀ ਸ਼ੁਰੂਆਤ ਨੂੰ ਸਰਧਾ ਵਜੋਂ ਸਥਾਨਕ ਲੋਕ ਗੁਰੂ ਸਾਹਿਬ ਵਲੋਂ ਬਰਛਾ ਮਾਰ ਕੇ ਪਾਣੀ ਨਿਕਾਲਣ ਦੀ ਗੱਲ ਵੀ ਕਰਦੇ ਹਨ। ਗਯਾਨੀ ਗਯਾਨ ਸਿੰਘ ਨੇ ਗੁਰਦੁਆਰੇ ਦਾ ਨਾਂ ਵੀ ਬਰਛਾ ਸਾਹਿਬ ਲਿਖਿਆ ਹੈ ਪਰ ਬਾਕੀ ਲਿਖਤਾਂ ਵਿਚ ਗੁਰਦੁਆਰੇ ਦਾ ਨਾਂ ਗੁਰੂ ਸਰ ਸਾਹਿਬ ਲਿਖਿਆ ਹੈ। ਜਿਵੇਂ ਕਿ ਭਾਈ ਕਾਨ੍ਹ ਸਿੰਘ ਨੇ ਲਿਖਿਆ ਹੈ: 'ਰਣਜੀਤ ਗੜ੍ਹ-ਜ਼ਿਲ੍ਹਾ ਸਿਆਲਕੋਟ ਤੇ ਚਾਰ ਕੋਹ ਉੱਤਰ ਇਕ ਗ੍ਰਾਮ। ਇਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਬਰਛਾ ਮਾਰ ਕੇ ਜਲ ਕੱਢਿਆ। ਤੀਰਥ ਦਾ ਨਾਉਂ 'ਗੁਰੂਸਰ' ਹੈ।' (ਪੰਨਾ 1020).

ਗਲੋਟੀਆਂ: ਵੱਖ-ਵੱਖ ਲਿਖਤਾਂ ਵਿੱਚੋਂ ਪਿੰਡ ਗਲੋਟੀਆਂ ਬਾਰੇ ਮਿਲੀ ਜਾਣਕਾਰੀ ਅਨੁਸਾਰ ਇਹ ਪਿੰਡ ਪਾਕਿਸਤਾਨ ਜ਼ਿਲ੍ਹਾ ਸਿਆਲਕੋਟ, ਤਹਿਸੀਲ ਡਸਕਾ ਵਿਚ ਸਥਿਤ ਹੈ। ਗੁੱਜਰਾਂਵਾਲੇ ਦੇ ਰੇਲਵੇ ਸਟੇਸ਼ਨ ਤੋਂ ਪੂਰਬ ਵੱਲ ਬੀਹ ਕਿਲੋਮੀਟਰ ਦੀ ਦੂਰੀ 'ਤੇ ਹੈ। ਗਯਾਨ ਸਿੰਘ ਅਨੁਸਾਰ 'ਗਲੋਟੀ ਪਿੰਡ (ਗੁਜਰਾਤ) ਪਰਗਣਾ ਵਜ਼ੀਰਾਬਾਦ ਅਸਥਾਨ ਪੱਕਾ ਸੌ ਬਿਘਾ ਜਮੀਨ ਹੈ ਇਥੇ ਸਾਹਿਬ ਸਿੰਘ ਬੇਦੀ ਦਾ ਥੜਾ ਭੀ ਪੂਜੀਦਾ ਹੈ।'[1] ਗਯਾਨੀ ਠਾਕਰ ਸਿੰਘ ਅਨੁਸਾਰ, 'ਇਥੇ ਮਹਾਰਾਜ ਗੁਰੂ ਹਰਿਗੋਬਿੰਦ ਸਾਹਿਬ ਜੀ ਕਸ਼ਮੀਰ ਜਾਂਦੇ ਹੋਏ ਠਹਿਰੇ। ਇਹ ਪਿੰਡ ਵਜ਼ੀਰਾਬਾਦ ਤੋਂ ਦੱਸ ਕੋਹ ਹੈ ਅਤੇ ਜ਼ਿਲ੍ਹਾ ਸਿਆਲਕੋਟ ਹੈ। ਇਥੇ ਇਕ ਪ੍ਰੇਮੀ ਭਾਈ ਤਖਤ ਮੱਲ ਅਰੋੜਾ ਗੁਰੂ ਕਾ ਸਿਖ ਹੋਇਆ ਹੈ ਉਸ ਦਾ ਪ੍ਰੇਮ ਦੇਖ ਕਰ ਇਕ ਰਾਤ ਨਿਵਾਸ ਕੀਤਾ। ਪੁਜਾਰੀ ਸਿਖ ਹਨ।'[2] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, 'ਇਸ ਥਾਂ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਜਾਂਦੇ ਵਿਰਾਜੇ ਹਨ ਅਤੇ ਗੁਰੂ ਹਰਿ ਰਾਇ ਸਾਹਿਬ ਨੇ ਇਕ ਪ੍ਰੇਮੀ ਦੀ ਅਰਾਧਨਾ ਪੁਰ ਅਚਾਨਕ ਦਰਸ਼ਨ ਦਿੱਤਾ ਸੀ। ਗੁਰੂ ਸਾਹਿਬ ਦੇ ਸਮੇਂ ਦਾ ਬੋਹੜ ਦਾ ਬਿਰਛ ਹੈ। ਗੁਰਦੁਆਰਾ ਬਣਿਆ ਹੋਇਆ ਹੈ। ਤੇਰਾਂ ਘੁਮਾਉਂ ਜ਼ਮੀਨ ਇਸੇ ਪਿੰਡ ਵੱਲੋਂ ਹੈ।'[3]

ਨਨਕਾਣਾ ਸਾਹਿਬ (ਪਾਕਿਸਤਾਨ): ਗੁਰਦੁਆਰਾ ਕੰਪਲੈਕਸ ਨਨਕਾਣਾ ਸਾਹਿਬ ਸੰਸਾਰ ਪਰਸਿੱਧ ਅਸਥਾਨ ਹੈ। ਬੁਨਿਆਦੀ ਤੌਰ 'ਤੇ ਇਹ ਅਸਥਾਨ ਸਿਖ ਧਰਮ ਦੇ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਹੈ ਪਰ ਪਿੱਛੋਂ ਦੂਸਰੇ ਗੁਰੂ ਸਾਹਿਬਾਨ ਵੀ ਇਸ ਅਸਥਾਨ ਦੇ ਦਰਸ਼ਨ ਕਰਨ ਆਉਂਦੇ ਰਹੇ ਸਨ। ਇਸ ਤਰਾਂ ਗੁਰੂ ਹਰਿਗੋਬਿੰਦ ਸਾਹਿਬ ਵੀ ਇਥੇ ਪਧਾਰੇ ਸਨ। ਇਹ ਅਸਥਾਨ ਸਿਖ ਸੰਗਤਾਂ ਦਾ ਵੀ ਕੇਂਦਰ ਸੀ ਅਤੇ ਇਥੇ ਗੁਰੂ ਨਾਨਕ ਦੇਵ ਜੀ ਦੀਆਂ ਯਾਦਗਾਰਾਂ ਦੀ ਵੀ ਸੰਭਾਲ ਕਰਨੀ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਹ ਦੋਵੇਂ ਕੰਮ ਕੀਤੇ। ਵੱਖ-ਵੱਖ ਪੁਰਾਤਨ ਲਿਖਤਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਗੁਰੂ ਸਾਹਿਬ ਇਥੇ ਹਾੜ ਸੁਦੀ ਇਕਾਦਸੀ ਨੂੰ ਆਏ ਸਨ। ਇਸ ਕਰ ਕੇ ਉਨ੍ਹਾਂ ਦੀ ਯਾਦ ਵਿਚ ਹਰ ਸਾਲ ਹਾੜ ਦੀ ਇਕਾਦਸ਼ੀ ਨੂੰ ਮੇਲਾ ਲੱਗਣਾ ਸ਼ੁਰੂ ਹੋ ਗਿਆ ਸੀ। ਪੰਡਿਤ ਤਾਰਾ ਸਿੰਘ ਨਰੋਤਮ ਅਤੇ ਗਯਾਨੀ ਠਾਕਰ ਸਿੰਘ ਜੀ ਤਾਂ ਇਹ ਕਹਿੰਦੇ ਹਨ ਕਿ ਹਾੜ ਦੀ ਇਕਾਦਸ਼ੀ ਦਾ ਮੇਲਾ ਕਿਉਂਕਿ ਭਾਰੀ ਗਰਮੀ ਵਿਚ ਹੁੰਦਾ ਸੀ। ਇਸ ਕਰ ਕੇ ਜਲ ਦੀ ਬਹੁਤ

1 *ਗੁਰਧਾਮ ਸੰਗ੍ਰਹਿ*, ਪੰਨਾ 123.
2 *ਗੁਰਦੁਆਰੇ ਦਰਸ਼ਨ*, ਪੰਨਾ 159.
3 *ਮਹਾਨ ਕੋਸ਼*, ਪੰਨਾ 401.

ਤੰਗੀ ਹੁੰਦੀ ਸੀ। ਮੌਸਮ ਦੀ ਵੀ ਤੰਗੀ ਹੁੰਦੀ ਸੀ। ਇਥੋਂ ਦੇ ਪਰਬੰਧਕਾਂ ਨੇ ਸਲਾਹ ਮਸ਼ਵਰਾ ਕਰ ਕੇ, ਸਿਰੀ ਅਕਾਲ ਤਖ਼ਤ ਸਾਹਿਬ ਤੋਂ ਇਜਾਜ਼ਤ ਲੈ ਕੇ ਇਹ ਮੇਲਾ ਕੱਤਕ ਦੀ ਪੂਰਨਮਾਸ਼ੀ ਨੂੰ ਲਗਾਉਣਾ ਸ਼ੁਰੂ ਕਰ ਦਿੱਤਾ। ਇਨਾਂ ਲੇਖਕਾਂ ਮੁਤਾਬਕ ਇਹ ਬਦਲਾਅ ਸੰਮਤ, 1934 ਬਿ. ਮੁਤਾਬਕ ਸੰਨ 1877 ਈ. ਵਿਚ ਸ਼ੁਰੂ ਹੋਇਆ ਸੀ।

ਇਹ ਵੀ ਜਾਣਕਾਰੀ ਮਿਲਦੀ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਨਨਕਾਣਾ ਸਾਹਿਬ ਦੇ ਅਸਥਾਨ ਦੀ ਸੇਵਾ-ਸੰਭਾਲ ਕਰਨ ਲਈ ਬਾਬਾ ਅਲਮਸਤ ਜੀ ਨੂੰ ਨਿਯੁਕਤ ਕੀਤਾ ਸੀ। ਹੋ ਸਕਦਾ ਹੈ ਕਿ ਇਥੋਂ ਹੀ ਉਦਾਸੀ ਸੰਤਾਂ ਦਾ ਪਰਬੰਧ ਸ਼ੁਰੂ ਹੋਇਆ ਹੋਵੇ। ਬਾਬਾ ਅਲਮਸਤ ਜੀ ਨੂੰ ਗੁਰੂ ਸਾਹਿਬ ਕਸ਼ਮੀਰ ਤੋਂ ਹੀ ਆਪਣੇ ਨਾਲ ਲੈ ਕੇ ਆਏ ਸਨ। ਜਿਸ ਅਸਥਾਨ 'ਤੇ ਗੁਰੂ ਸਾਹਿਬ ਠਹਿਰੇ ਸਨ ਇਹ ਅਸਥਾਨ ਗੁਰਦੁਆਰਾ ਤੰਬੂ ਸਾਹਿਬ ਦੇ ਨੇੜੇ ਹੀ ਹੈ। ਇਥੇ ਬਹੁਤ ਅੱਛਾ ਗੁਰਦੁਆਰਾ ਬਣਿਆ ਹੋਇਆ ਹੈ।

ਲਾਹੌਰ (ਪਾਕਿਸਤਾਨ): ਲਾਹੌਰ ਪੱਛਮੀ ਪੰਜਾਬ ਦੀ ਰਾਜਧਾਨੀ ਹੈ। ਇਥੇ ਤਿੰਨ ਗੁਰੂ ਸਾਹਿਬਾਨ ਦੇ ਪਵਿੱਤਰ ਚਰਨ ਪਏ ਹੋਏ ਹਨ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਇਥੇ ਹੀ ਹੋਈ ਸੀ। ਗੁਰੂ ਹਰਿਗੋਬਿੰਦ ਸਾਹਿਬ ਇਥੇ ਆਏ ਸਨ ਅਤੇ ਉਨ੍ਹਾਂ ਨੇ ਪਹਿਲੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਅਸਥਾਨਾਂ ਦੀ ਸੇਵਾ-ਸੰਭਾਲ ਕਰਵਾਈ ਸੀ। ਮਹਿਮਾ ਪ੍ਰਕਾਸ਼ ਵਿਚ ਗੁਰੂ ਜੀ ਦੀ ਆਮਦ ਬਾਰੇ ਇਉਂ ਲਿਖਿਆ ਹੈ:

ਕੀਆ ਕੂਚ ਲਹੌਰ ਮਗ ਲੀਨਾ। ਤਬ ਆਏ ਸੰਗ ਸਤਗੁਰ ਪਰਬੀਨਾ।
ਸਭ ਮਿਲ ਸੰਗਤ ਦਰਸ਼ਨ ਗੁਰ ਆਏ। ਜਾਨਾ ਭਾਗ ਦਰਸ ਗੁਰ ਪਾਏ।
ਇਕ ਭਲੇ ਸਥਾਨ ਡੇਰਾ ਗੁਰ ਕੀਨਾ। ਆਨੰਦ ਮੰਗਲ ਨਿਤ ਨਵੀਨਾ।[1]

ਗਯਾਨੀ ਗਯਾਨ ਸਿੰਘ ਨੇ ਲਿਖਿਆ ਹੈ: 'ਇਸੇ ਸਾਲ (ਸੰਮਤ 1669 ਬਿ.) ਵਿਚ ਲਾਹੌਰੀ ਸਿਖਾਂ ਦੀ ਬੇਨਤੀ ਮੰਨ ਕੇ ਲਾਹੌਰ ਜਾ ਕਰ ਭਾਟੀ ਦਰਵਾਜ਼ੇ ਜੀਵਨ ਮਿਸਤਰੀ ਦੇ ਘਰ ਤਿੰਨ ਮਹੀਨੇ ਨਿਵਾਸ ਕਰ ਕੇ ਸਿਖਾਂ ਦੇ ਕਾਰਜ ਪੂਰੇ ਕੀਤੇ ਅਤੇ ਗੁਰੂ ਅਰਜਨ ਸਾਹਿਬ ਜੀ ਦੀ ਸਮਾਧ ਭੀ ਬਣਾਈ ਜੋ ਲਾਹੌਰ ਕਿਲੇ ਦੇ ਪਾਸ ਹੈ।'[2]

ਲਾਹੌਰ ਵਿਖੇ ਗੁਰੂ ਹਰਿਗੋਬਿੰਦ ਸਾਹਿਬ ਨਾਲ ਹੇਠ ਲਿਖੇ ਅਸਥਾਨ ਸੰਬੰਧਿਤ ਹਨ:

1. ਚੁਮਾਲਾ ਮੁਹੱਲੇ ਵਿਚ: ਇਹ ਅਸਥਾਨ ਲਾਹੌਰ ਸ਼ਹਿਰ ਦੇ ਭਾਟੀ ਦਰਵਾਜ਼ੇ ਦੇ ਅੰਦਰ ਚੁਮਾਲਾ ਮੁਹੱਲੇ ਵਿਚ ਹੈ। ਇਥੇ ਹੀ ਭਾਈ ਜੀਵਨ ਮਲ ਦਾ ਘਰ ਸੀ। ਉਸ ਦੇ ਘਰ ਨੂੰ ਹੀ ਪਿੱਛੋਂ ਗੁਰਦੁਆਰੇ ਦੇ ਰੂਪ ਵਿਚ ਸੰਭਾਲ ਲਿਆ ਸੀ। ਇਸ ਅਸਥਾਨ ਦੀ ਸਾਂਭ-ਸੰਭਾਲ ਪਹਿਲਾਂ ਮਹੰਤਾਂ ਪਾਸ ਸੀ। ਸੰਨ 1915 ਵਿਚ ਗੁਰਦੁਆਰੇ ਦਾ ਵਿਸਥਾਰ ਕੀਤਾ ਗਿਆ ਸੀ। ਸੰਨ 1921 ਵਿਚ ਹੋਰਨਾਂ ਗੁਰਦੁਆਰਿਆਂ ਦੇ ਨਾਲ-ਨਾਲ ਇਸ ਗੁਰਦੁਆਰੇ ਦਾ ਪਰਬੰਧ ਵੀ ਸਿਖ ਸੰਗਤਾਂ ਦੇ ਹੱਥਾਂ ਵਿਚ ਆ ਗਿਆ ਸੀ। 1927 ਈ. ਵਿਚ ਇਹ ਪਰਬੰਧ ਸ਼ਰੋਮਣੀ ਕਮੇਟੀ ਅੰਮ੍ਰਿਤਸਰ ਨੇ ਸੰਭਾਲ ਲਿਆ ਸੀ। 1947 ਈ. ਵੰਡ ਪਿੱਛੋਂ ਇਹ ਅਸਥਾਨ ਪਾਕਿਸਤਾਨ ਸਰਕਾਰ ਦੇ ਅਧੀਨ ਹੋ ਗਏ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, 'ਸਤਿਗੁਰੂ ਮੁਜੰਗ ਤੋਂ

---

1. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼*, ਪੰਨੇ 451-52.
2. *ਤਵਾਰੀਖ਼ ਗੁਰ ਖ਼ਾਲਸਾ*, ਪੰਨਾ 216.

ਆ ਕੇ ਇਥੇ ਕਈ ਵਾਰ ਦੀਵਾਨ ਲਗਾਇਆ ਕਰਦੇ ਸਨ। ਜਿਸ ਬੇਰੀ ਨਾਲ ਘੋੜਾ ਬੰਨਿਆ ਜਾਂਦਾ ਸੀ ਉਹ ਮੌਜੂਦ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਲਈ ਸੁੰਦਰ ਖੁੱਲਾ ਕਮਰਾ ਹੈ। ਮੁਸਾਫਰਾਂ ਦੇ ਰਹਿਣ ਲਈ ਚੋਖੇ ਮਕਾਨ ਹਨ। ਗੁਰਦੁਆਰੇ ਨਾਲ ਇਕ ਮਕਾਨ ਭਾਟੀ ਦਰਵਾਜ਼ੇ ਅਤੇ 27 ਘੁਮਾਉਂ ਜ਼ਮੀਨ ਪਿੰਡ ਖੁਰਦਪੁਰ, ਤਸੀਲ ਲਹੌਰ ਵਿਚ ਹੈ। ਕਮੇਟੀ ਦੇ ਹੱਥ ਪ੍ਰਬੰਧ ਹੈ। ਬਸੰਤ ਪੰਚਮੀ ਨੂੰ ਮੇਲਾ ਹੁੰਦਾ ਹੈ।'[1]

2. ਮੁਜੰਗ: ਇਹ ਗੁਰਦੁਆਰਾ ਲਾਹੌਰ ਸ਼ਹਿਰ ਤੋਂ ਤਕਰੀਬਨ ਦੋ ਕਿਲੋਮੀਟਰ ਬਾਹਰ ਹੈ। ਇਥੇ ਵੀ ਗੁਰੂ ਸਾਹਿਬ ਨੇ ਕੁੱਝ ਸਮਾਂ ਠਹਿਰਾ ਕੀਤਾ ਸੀ। ਇਕ ਘੋੜੇ ਨੂੰ ਮੁਗਲ ਅਧਿਕਾਰੀਆਂ ਵੱਲੋਂ ਖੋਹੇ ਜਾਣ ਦੀ ਗੱਲ ਵੀ ਇਸ ਅਸਥਾਨ ਨਾਲ ਜੋੜੀ ਜਾਂਦੀ ਹੈ। ਵਰਤਮਾਨ ਸਮੇਂ ਇਹ ਅਸਥਾਨ ਮੰਦਰ ਰੋਡ ਝੁੰਡਪੁਰਾ ਅਰਥਾਤ ਟੈਂਪਲ ਥਾਣੇ ਦੇ ਕੋਲ ਹੈ। ਮਹਾਰਾਜਾ ਰਣਜੀਤ ਸਿੰਘ ਨੇ ਸਭ ਤੋਂ ਪਹਿਲਾਂ ਗੁਰਦੁਆਰਾ ਬਣਵਾਇਆ ਸੀ। 1926 ਈ. ਵਿਚ ਭਾਈ ਮੇਹਰ ਸਿੰਘ ਦੇ ਉਦਮ ਨਾਲ ਮੌਜੂਦਾ ਇਮਾਰਤ ਹੋਂਦ ਵਿਚ ਆਈ। 1927 ਈ. ਵਿਚ ਇਸ ਦਾ ਪਰਬੰਧ ਸ਼ਰੋਮਣੀ ਕਮੇਟੀ ਪਾਸ ਆ ਗਿਆ ਸੀ ਪਰ 1947 ਵਿਚ ਵੰਡ ਸਮੇਂ ਇਹ ਅਸਥਾਨ ਪਾਕਿਸਤਾਨ ਸਰਕਾਰ ਦੇ ਅਧੀਨ ਆ ਗਿਆ ਹੈ।

3. ਗੁਰਦੁਆਰਾ ਸ਼ਿਕਾਰ ਗੜ੍ਹ ਸਾਹਿਬ: ਇਹ ਗੁਰਦੁਆਰਾ ਮੁਜੰਗਾਂ ਤੋਂ ਥੋੜਾ ਅੱਗੇ ਜਾ ਕੇ ਫਿਰੋਜ਼ਪੁਰ ਨੂੰ ਜਾਂਦੀ ਸੜਕ ਉੱਪਰ ਹੈ। ਇਥੇ ਗੁਰੂ ਸਾਹਿਬ ਸ਼ਿਕਾਰ ਖੇਡਦੇ ਹੁੰਦੇ ਸਨ। ਉਸ ਸਮੇਂ ਇਹ ਥਾਂ ਘਣੇ ਜੰਗਲ ਵਾਲੀ ਸੀ ਪਰ ਸਿਖਾਂ ਨੇ ਗੁਰੂ ਜੀ ਦੀ ਯਾਦ ਵੱਜੋਂ ਸੰਭਾਲ ਰੱਖੀ ਸੀ। ਅੱਜ ਕੱਲ੍ਹ ਭਾਵੇਂ ਇਥੇ ਇਕ ਬਹੁਤ ਸੁੰਦਰ ਗੁਰਦੁਆਰਾ ਅਤੇ ਸਰੋਵਰ ਹੈ ਪਰ ਇਥੇ ਸਿਖ ਸੰਗਤਾਂ ਦੇ ਨਾ ਹੋਣ ਕਰ ਕੇ ਇਹ ਸਰੋਵਰ ਸੁੱਕਾ ਹੀ ਪਿਆ ਹੈ।

ਰਾਮਪੁਰਾ ਅਤੇ ਰਾਮਪੁਰਾ ਕਲਾਂ (ਪਾਕਿਸਤਾਨ): ਇਹ ਦੋਵੇਂ ਪਿੰਡ ਵੈਸੇ ਵੱਖ-ਵੱਖ ਹਨ ਅਤੇ ਪੱਛਮੀ ਪੰਜਾਬ ਦੇ ਲਾਹੌਰ ਜ਼ਿਲ੍ਹੇ ਦੇ ਥਾਣਾ ਬਰਕੀ ਵਿਚ ਹਨ। ਰਾਮਪੁਰਾ ਛੋਟਾ ਪਿੰਡ ਹੈ ਅਤੇ ਰਾਮਪੁਰਾ ਕਲਾਂ ਵੱਡਾ। ਜੱਲੋ ਪਿੰਡ ਦੇ ਰੇਲਵੇ ਸਟੇਸ਼ਨ ਤੋਂ 16 ਕਿਲੋਮੀਟਰ ਦੱਖਣ-ਪੱਛਮ ਵੱਲ ਹਨ। ਰਾਮਪੁਰਾ ਦੋ ਆਬਾਦੀਆ ਵਿਚ ਵੰਡਿਆ ਹੋਇਆ ਹੈ। ਇਨਾਂ ਦੋ ਆਬਾਦੀਆਂ ਜਾਂ ਬਸਤੀਆਂ ਵਿਚਕਾਰ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦੁਆਰਾ ਹੈ। ਇਸ ਨਾਲ ਪੰਦਰਾ ਬਿਘੇ ਦੇ ਕਰੀਬ ਜ਼ਮੀਨ ਸੀ। ਰਾਮਪੁਰਾ ਤੋਂ ਕੁਝ ਵਿੱਥ ਨਾਲ ਰਾਮਪੁਰਾ ਕਲਾਂ ਹੈ। ਇਥੇ ਵੀ ਗੁਰੂ ਹਰਿਗੋਬਿੰਦ ਸਾਹਿਬ ਆਏ ਸਨ।[2]

ਕੁਰੂਕਸ਼ੇਤਰ (ਹਰਿਆਣਾ): ਕੁਰੂਕਸ਼ੇਤਰ ਹਰਿਆਣਾ ਪਰਾਂਤ ਦਾ ਜ਼ਿਲ੍ਹਾ ਹੈਡਕੁਆਟਰ ਵੀ ਹੈ ਅਤੇ ਹਿੰਦੂਆਂ ਦਾ ਇਕ ਮਿਥਿਹਾਸਿਕ ਕਥਾਵਾਂ ਨਾਲ ਭਰਭੂਰ ਧਾਰਮਿਕ ਅਸਥਾਨ ਵੀ ਹੈ। ਹਿੰਦੂ ਧਾਰਮਿਕ ਅਸਥਾਨ ਹੋਣ ਕਰ ਕੇ ਅਤੇ ਇਥੇ ਮਿਥਿਹਾਸਿਕ ਕਥਾਵਾਂ ਦਾ ਬੋਲਬਾਲਾ ਹੋਣ ਕਰ ਕੇ ਇਥੇ ਸਿਖ ਗੁਰੂ ਸਾਹਿਬਾਨ ਅਕਸਰ ਆਪਣੇ ਪਰਚਾਰ ਦੌਰਿਆਂ ਸਮੇਂ ਆਉਂਦੇ ਰਹਿੰਦੇ ਸਨ। ਸਿਖ ਗੁਰੂ ਸਾਹਿਬਾਨ ਦਾ ਮੁੱਖ ਮਨੋਰਥ ਬਰਾਹਮਣਵਾਦ ਨੂੰ ਅਤੇ ਇਸ ਰਾਹੀ ਫੈਲਾਈਆਂ ਗਈਆਂ ਮਿਥਿਹਾਸਿਕ ਤੇ ਕਾਲਪਨਿਕ ਕਥਾਵਾਂ ਨੂੰ ਖ਼ਤਮ ਕਰਨ ਦਾ ਸੀ ਤਾਂ ਕਿ

---

1. *ਮਹਾਨ ਕੋਸ਼*, ਪੰਨਾ 1055.
2. *ਉਕਤ*, ਪੰਨਾ 1035.

ਭੋਲੀ-ਭਾਲੀ ਜਨਤਾ ਘੱਟੋ-ਘੱਟ ਆਪਣੇ ਪਰਿਵਾਰਿਕ ਜੀਵਨ ਨੂੰ ਸੁਤੰਤਰ ਮਾਨਸਿਕਤਾ ਨਾਲ ਜਿਉ ਸਕੇ। ਪਹਿਲਾ ਇਥੇ ਗੁਰੂ ਨਾਨਕ ਦੇਵ ਜੀ ਆਏ ਸਨ। ਉਨਾਂ ਨੇ ਇਥੇ ਦੇ ਬਰਾਹਮਣਾਂ ਦੇ ਮਿਥਿਹਾਸਿਕ ਵਿਸ਼ਵਾਸ ਨੂੰ ਪਹਿਲਾਂ ਪੱਛਮ ਵਲ ਪਾਣੀ ਸੁੱਟ ਕੇ ਅਤੇ ਫਿਰ ਸਰੋਵਰ ਦੇ ਕੰਢੇ ਹਿਰਨ ਦਾ ਮਾਸ ਬਣਾ ਕੇ ਤੋੜਿਆ ਸੀ। ਉਨ੍ਹਾਂ ਪਿੱਛੋਂ ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਵੀ ਇਥੇ ਆਏ ਸਨ। ਗੁਰੂ ਹਰਿਗੋਬਿੰਦ ਸਾਹਿਬ ਵੀ ਇੱਥੇ ਆਏ ਸਨ। ਇਨਾਂ ਦੀ ਇਹ ਯਾਤਰਾ ਨਾਨਕਮਤੇ ਨੂੰ ਜਾਣ ਸਮੇਂ ਦੀ ਵੀ ਹੋ ਸਕਦੀ ਹੈ ਅਤੇ ਪਿੱਛੋਂ ਪਰਚਾਰ ਦੌਰਿਆਂ ਸਮੇਂ ਦੀ ਵੀ ਹੋ ਸਕਦੀ ਹੈ। ਪੁਰਾਤਨ ਲਿਖਤਾਂ ਵਿਚ ਗੁਰੂ ਜੀ ਦੀ ਯਾਤਰਾ ਬਾਰੇ ਇਸ ਤਰਾਂ ਜ਼ਿਕਰ ਆਇਆ ਹੈ। ਗਯਾਨ ਸਿੰਘ ਨੇ ਲਿਖਿਆ ਹੈ: 'ਥਨੇਸਰ ਮੰਜੀ ਸਾਹਿਬ (ਜ਼ਿਲ੍ਹਾ ਕਰਨਾਲ) ਇੱਥੇ ਸੂਰਜ ਗ੍ਰਹਿਣ ਦੇ ਮੇਲੇ ਪਰ ਆਏ ਸਨ। ਬ੍ਰਾਹਮਣਾਂ ਨੂੰ ਉਪਦੇਸ਼ ਦੇ ਕੇ ਸ਼ਾਂਤੀ ਬਖ਼ਸ਼ੀ ਭਗਤਿ ਮਾਰਗ ਦ੍ਰਿੜਾਯਾ ਇਹ ਅਸਥਾਨ ਜ਼ਿਲ੍ਹਾ ਕਰਨਾਲ ਮੇਂ ਹੈ' (ਗੁਰਧਾਮ, ਪੰਨਾ 127). ਗਯਾਨੀ ਠਾਕਰ ਸਿੰਘ ਨੇ ਲਿਖਿਆ ਹੈ: 'ਥਨੇਸਰ ਸ਼ਹਿਰ ਗੁਰੂ ਮਹਾਰਾਜ ਜੀ ਪੁੱਜੇ ਅਤੇ ਕੁਰੂਕਸ਼ੇਤਰ ਦੇ ਪੰਡਿਆਂ ਦਾ ਹੰਕਾਰ ਦੂਰ ਕਰ ਨਾਮ ਜੱਪਣ ਦੀ ਮਹਿਮਾਂ ਵਰਣਨ ਕੀਤੀ, ਅੰਬਾਲਾ ਤੇ ਦਿੱਲੀ ਲਾਇਨ (ਕਰਨਾਲ) ਦੇ ਰਸਤੇ ਸਟੇਸ਼ਨ ਖਾਸ ਕੁਰਕਸ਼ੇਤਰ ਧਨੇਸਰ ਸ਼ਹਿਰ ਹੈ।' (ਪੰਨਾ 177).

ਆਮ ਤੌਰ 'ਤੇ ਇਸ ਅਸਥਾਨ ਨੂੰ ਪਹਿਲਾਂ ਥਨੇਸਰ ਕਿਹਾ ਜਾਂਦਾ ਸੀ। ਅੱਜ ਕੱਲ੍ਹ ਥਨੇਸਰ ਪੁਰਾਣਾ ਸ਼ਹਿਰ ਹੈ ਜਿਹੜਾ ਆਧੁਨਿਕ ਕੁਰੂਕਸ਼ੇਤਰ ਦੇ ਵਿਕਾਸ ਪਰੋਗਰਾਮ ਕਰ ਕੇ ਵਿੱਚ ਹੀ ਰਲ ਗਿਆ ਹੈ। ਭਾਵੇਂ ਪੁਰਾਣੇ ਸ਼ਹਿਰ ਨੂੰ ਲੋਕ ਥਨੇਸਰ ਹੀ ਕਹਿੰਦੇ ਹਨ ਪਰ ਸਮੁੱਚੇ ਅਸਥਾਨ ਨੂੰ ਬਾਹਰੀ ਤੌਰ ਤੇ ਕੁਰੂਕਸ਼ੇਤਰ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਹੈ।

ਗੁਰੂ ਹਰਿਗੋਬਿੰਦ ਸਾਹਿਬ ਦੇ ਬਿਰਾਜਣ ਵਾਲੀ ਥਾਂ ਉੱਪਰ ਅੱਜ ਕੱਲ੍ਹ ਬਹੁਤ ਵਿਸ਼ਾਲ ਅਤੇ ਸ਼ਾਨਦਾਰ ਗੁਰਦੁਆਰਾ ਬਣਿਆ ਹੋਇਆ ਹੈ। ਇੱਥੇ ਹੀ ਸਥਾਨਕ ਗੁਰਦੁਆਰਿਆਂ ਦੀ ਪਰਬੰਧਕ ਕਮੇਟੀ ਦਾ ਦਫ਼ਤਰ ਹੈ। ਗੁਰਦੁਆਰਾ ਪਾਤਸ਼ਾਹੀ ਛੇਵੀਂ ਗੁਰਦੁਆਰਾ ਐਕਟ ਦੇ ਅਧੀਨ ਸ਼ਰੋਮਣੀ ਕਮੇਟੀ ਦੇ ਸਿੱਧੇ ਪਰਬੰਧ ਹੇਠ ਹੈ। ਇਸ ਇਤਿਹਾਸਿਕ ਗੁਰਦੁਆਰੇ ਦੇ ਪਿਛੋਕੜ ਬਾਰੇ ਭਾਈ ਕਾਨ੍ਹ ਸਿੰਘ ਲਿਖਦੇ ਹਨ: 'ਸਨੇਤ (ਸੇਨਾਬਤ) ਨਾਮਕ ਤਾਲ ਦੇ ਪਾਸ ਹੀ ਪਹੋਏ ਵਾਲੀ ਪੱਕੀ ਸੜਕ ਪਾਸ ਸ਼ਹਿਰ ਤੋਂ ਦੋ ਫਰਲਾਂਗ ਅਗਨਿ ਕੋਣ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦੁਆਰਾ ਹੈ ਜੋ ਰਹਿਣ ਦੇ ਮਕਾਨਾਂ ਸਹਿਤ ਬਣਿਆ ਹੋਇਆ ਹੈ। ਇਹ ਸੇਵਾ ਸਾਧ ਸੰਗਤਿ ਵੱਲੋਂ ਸੰਮਤ 1966 ਬਿ. (1909 ਈ.) ਵਿਚ ਹੋਈ ਹੈ। ਗੁਰਦੁਆਰੇ ਦੀ ਸੇਵਾ ਕਰਨ ਵਾਲੀ ਇਕ ਮਾਈ ਨੂੰ ਰਿਆਸਤ ਪਟਿਆਲੇ ਵੱਲੋਂ ਇਕ ਮਣ ਆਟਾ ਹਰ ਮਹੀਨੇ ਮਿਲਦਾ ਹੈ।' (ਪੰਨਾ 610)

1947 ਤੱਕ ਉਹੀ ਛੋਟੀ ਇਮਾਰਤ ਵਾਲਾ ਗੁਰਦੁਆਰਾ ਹੀ ਰਿਹਾ ਪਰ 1947 ਦੀ ਵੰਡ ਸਮੇਂ ਪਾਕਿਸਤਾਨ ਵਿੱਚੋਂ ਆਏ ਲੱਖਾਂ ਸ਼ਰਨਾਰਥੀ ਇੱਥੇ ਆ ਗਏ ਸਨ। ਸਰਕਾਰ ਨੇ ਉਨਾਂ ਦਾ ਇਸੇ ਗੁਰਦੁਆਰੇ ਵਿਚ ਹੀ ਕੈਂਪ ਲਗਵਾ ਦਿੱਤਾ ਸੀ। ਹਿੰਦੂ ਧਾਰਮਿਕ ਮੰਦਰਾਂ ਦੇ ਪਾਂਡਿਆਂ ਅਤੇ ਬਰਾਹਮਣਾਂ ਨੇ ਆਪਣੇ ਮੰਦਰਾਂ ਨੂੰ ਜਿੰਦਰੇ ਲਗਾ ਦਿੱਤੇ ਸਨ। ਉਹ ਸਮਝਦੇ ਸਨ ਕਿ ਪਾਕਿਸਤਾਨ ਵਿੱਚੋਂ ਆਏ ਸ਼ਰਨਾਰਥੀ ਉਨਾਂ ਦੇ ਮੰਦਰਾਂ ਨੂੰ ਅਪਵਿੱਤਰ ਕਰ ਦੇਣਗੇ।

ਇਹ ਦੇਖ ਕੇ ਕੈਂਪ ਵਿਚ ਹਾਜ਼ਰ ਸਭ ਸ਼ਰਨਾਰਥੀਆਂ ਨੇ ਗੁਰਦੁਆਰੇ ਦੀ ਵਿਸ਼ਾਲ ਇਮਾਰਤ ਉਸਾਰਨ ਲਈ ਯਥਾਯੋਗ ਪੈਸੇ ਇਕੱਠੇ ਕਰਨ ਦਾ ਮਤਾ ਬਣਾਇਆ। ਫਲਸਰੂਪ ਸ਼ਰਨਾਰਥੀਆਂ ਅਤੇ ਸਥਾਨਕ ਸੰਗਤਾਂ ਦੇ ਸਹਿਯੋਗ ਨਾਲ ਵਰਤਮਾਨ ਗੁਰਦੁਆਰਾ ਇਮਾਰਤ ਹੋਂਦ ਵਿਚ ਆਈ। ਉਸ ਸਮੇਂ ਤੋਂ ਲੈ ਕੇ ਅੱਜ ਤੱਕ ਇਥੇ 24 ਘੰਟੇ ਲੰਗਰ ਅਤੇ ਚਾਹ ਹਰ ਯਾਤਰੂ ਲਈ ਮਿਲਦੀ ਹੈ। ਯਾਤਰੀਆ ਦੇ ਠਹਿਰਣ ਦਾ ਵੀ ਪੂਰਾ ਪਰਬੰਧ ਹੈ। ਧਿਆਨ ਦੇਣ ਯੋਗ ਗੱਲ ਇਹ ਹੈ ਕਿ ਇਥੇ ਵੱਡੇ-ਵੱਡੇ ਮੰਦਰ ਹੋਣ ਦੇ ਬਾਵਜੂਦ ਵੀ ਕਿਸੇ ਯਾਤਰੀ ਵਾਸਤੇ ਉਨਾਂ ਵਿਚ ਲੰਗਰ ਅਤੇ ਰਿਹਾਇਸ਼ ਦਾ ਪਰਬੰਧ ਨਹੀ ਹੈ। ਨੇੜੇ ਹੀ ਕੁੱਝ ਧਰਮਸ਼ਾਲਾਵਾਂ ਹਨ ਜਿਨਾ ਵਿਚ ਯਾਤਰੀ ਕੁੱਝ ਨੀਯਤ ਕਿਰਾਇਆ ਦੇ ਕੇ ਰਹਿ ਸਕਦਾ ਹੈ ਪਰ ਗੁਰਦੁਆਰੇ ਵਿਚ ਹਰ ਵਿਅਕਤੀ ਨੂੰ ਲੰਗਰ ਅਤੇ ਰਿਹਾਇਸ਼ ਮੁਫਤ ਦਿੱਤੀ ਜਾਂਦੀ ਹੈ।

ਕੁਰੂਕਸ਼ੇਤਰ ਵਿਚ ਇਥੇ ਨੇੜੇ ਹੀ ਕੁਰੂਕਸ਼ੇਤਰਾ ਯੂਨੀਵਰਸਿਟੀ ਦਾ ਵਿਸ਼ਾਲ ਕੈਂਪਸ ਹੈ। ਅੱਜ ਕੱਲ੍ਹ ਕੁਰੂਕਸ਼ੇਤਰ ਦੇ ਵਿਕਾਸ ਲਈ ਹਰਿਆਣੇ ਦੀ ਸਰਕਾਰ ਵਿਸ਼ੇਸ਼ ਦਿਲਚਸਪੀ ਲੈ ਰਹੀ ਹੈ।

ਚੀਕਾ (ਕੈਂਥਲ): ਜ਼ਿਲ੍ਹਾ ਕੈਂਥਲ ਦਾ ਪਰਸਿੱਧ ਪਿੰਡ ਚੀਕਾ ਜੋ ਆਮ ਤੌਰ 'ਤੇ ਗੂਹਲਾ-ਚੀਕਾ ਦੇ ਸੰਯੁਕਤ ਨਾਂ ਨਾਲ ਜਾਣਿਆ ਜਾਂਦਾ ਹੈ ਤਿੰਨ ਗੁਰੂ ਸਾਹਿਬਾਨ ਦੀ ਚਰਨ-ਛੋਹ ਦੁਆਰਾ ਪਵਿੱਤਰ ਹੋਇਆ ਨਗਰ ਹੈ। ਗੁਰੂ ਹਰਿਗੋਬਿੰਦ ਸਾਹਿਬ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਇਥੇ ਆ ਚੁਕੇ ਸਨ। ਪਿੱਛੋਂ ਗੁਰੂ ਤੇਗ ਬਹਾਦੁਰ ਜੀ ਵੀ ਧਰਮ ਪਰਚਾਰ ਕਰਦੇ ਹੋਏ ਇਥੇ ਆਏ ਸਨ। ਪਰਚੱਲਿਤ ਪਰੰਪਰਾ ਅਨੁਸਾਰ ਗੁਰੂ ਛੇਵੇਂ ਪਾਤਸ਼ਾਹ ਨਾਨਕ ਮਤੇ ਨੂੰ ਜਾਂਦੇ ਹੋਏ ਇਥੇ ਠਹਿਰੇ ਸਨ। ਇਥੋਂ ਦਾ ਧਰਮ ਪਰਚਾਰਕ ਭਾਈ ਗਲੋਰਾ ਬਹੁਤ ਪਰਸਿੱਧ ਵਿਅਕਤੀ ਹੋਇਆ ਹੈ। ਇਹ ਗੁਰੂ ਤੇਗ ਬਹਾਦੁਰ ਜੀ ਦੇ ਸਮੇਂ ਹੋਇਆ ਸੀ।

1978 ਵਿਚ ਸਥਾਨਕ ਕਮੇਟੀ ਦੇ ਮੁੱਖੀ ਭਾਈ ਲਛਮਣ ਸਿੰਘ ਨੇ ਗੁਰਦੁਆਰੇ ਦੀ ਕਾਰ ਸੇਵਾ ਸੰਤ ਬਾਬਾ ਹਰੀ ਸਿੰਘ ਨੂੰ ਸੌਂਪੀ। ਉਨਾਂ ਨੇ ਬਹੁਤ ਸੁੰਦਰ ਇਮਾਰਤ ਤਿਆਰ ਕਰਵਾਈ। ਅੱਜ ਕੱਲ੍ਹ ਬਾਬਾ ਚਰਨ ਸਿੰਘ ਕੁਰੂਕਸ਼ੇਤਰ ਵਾਲੇ ਇਸ ਅਸਥਾਨ ਦੀ ਕਾਰ ਸੇਵਾ ਕਰਵਾ ਰਹੇ ਹਨ। ਦੀਵਾਨ ਹਾਲ ਅਤੇ ਲੰਗਰ ਦੀ ਇਮਾਰਤ ਪੂਰੀ ਤਰਾਂ ਬਣ ਕੇ ਤਿਆਰ ਹੋ ਗਏ ਹਨ। ਯਾਤਰੀਆਂ ਦੇ ਰਹਿਣ ਦਾ ਪੂਰਾ ਪਰਬੰਧ ਹੈ। ਅੱਜ ਕੱਲ੍ਹ ਸਰੋਵਰ ਦੀ ਕਾਰ ਸੇਵਾ ਚੱਲ ਰਹੀ ਹੈ। ਪਰਿਕਰਮਾ ਤਿਆਰ ਹੋ ਰਹੀ ਹੈ। ਸਥਾਨਕ ਨਿਵਾਸੀ ਭਾਈ ਉਦੈ ਸਿੰਘ ਨੇ 150 ਕਿਲੇ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਲਗਵਾਈ ਹੈ। ਗੁਰਦੁਆਰਾ ਸਾਹਿਬ ਦੀ ਪਰਬੰਧਕ ਕਮੇਟੀ ਵੱਲੋਂ ਦੋ ਪਬਲਿਕ ਸਕੂਲ ਵੀ ਚਲਾਏ ਜਾ ਰਹੇ ਹਨ।

ਮਜਨੂੰ ਕਾ ਟਿੱਲਾ (ਦਿੱਲੀ): ਗੁਰਦੁਆਰਾ ਮਜਨੂੰ ਕਾ ਟਿੱਲਾ, ਦਿੱਲੀ ਵਿਚ ਸਥਿਤ ਹੈ। ਦਿੱਲੀ ਰਾਸ਼ਟਰੀ ਰਾਜਧਾਨੀ ਹੈ। ਇਸ ਅਸਥਾਨ 'ਤੇ ਪਹਿਲਾਂ ਗੁਰੂ ਨਾਨਕ ਦੇਵ ਜੀ ਆਏ ਸਨ। ਪਿੱਛੋਂ ਗੁਰੂ ਹਰਿਗੋਬਿੰਦ ਸਾਹਿਬ ਪਧਾਰੇ ਸਨ। ਇਹ ਅਸਥਾਨ ਜਮੁਨਾ ਨਦੀ ਦੇ ਕਿਨਾਰੇ ਚੰਦਰਾਵਲ ਪਿੰਡ ਦੇ ਪਾਸ ਹੈ। ਕਸ਼ਮੀਰੀ ਦਰਵਾਜੇ ਤੋਂ ਬਾਹਰ, ਚਾਂਦਨੀ ਚੌਂਕ ਤੋਂ ਪੰਜ ਕਿਲੋਮੀਟਰ ਦੀ ਦੂਰੀ 'ਤੇ ਹੈ।[1] ਜਿਵੇਂ ਕਿ ਨਾਂ ਤੋਂ ਹੀ ਸਪਸ਼ਟ ਹੈ ਕਿ ਇਹ ਅਸਥਾਨ ਕਿਸੇ

1. *ਮਹਾਨ ਕੋਸ਼*, ਪੰਨਾ 635

ਮਜਨੂੰ ਨਾਮੀ ਫ਼ਕੀਰ ਦਾ ਡੇਰਾ ਸੀ। ਡੇਰਾ ਉੱਚੇ ਥਾਂ ਹੋਣ ਕਰ ਕੇ ਇਸ ਨੂੰ ਟਿੱਲਾ ਕਿਹਾ ਜਾਂਦਾ ਸੀ। ਜਦੋਂ ਗੁਰੂ ਨਾਨਕ ਦੇਵ ਜੀ ਇਥੇ ਆਏ ਸਨ ਤਾਂ ਉਨ੍ਹਾਂ ਨੇ ਮਜਨੂੰ ਫ਼ਕੀਰ ਦੇ ਪਾਸ ਹੀ ਠਹਿਰਾ ਕੀਤਾ ਸੀ। ਇਸ ਠਹਿਰਾ ਸਮੇਂ ਹੀ ਮਜਨੂੰ ਫ਼ਕੀਰ ਗੁਰੂ ਜੀ ਦਾ ਸਿਖ ਹੋ ਗਿਆ ਸੀ। ਗੁਰੂ ਜੀ ਨੇ ਮਜਨੂੰ ਫ਼ਕੀਰ ਨੂੰ ਸਿਖ ਧਰਮ ਦਾ ਪਰਚਾਰਕ ਨੀਯਤ ਕੀਤਾ ਅਤੇ ਇਸ ਦਾ ਟਿੱਲਾ ਸਿਖ ਸੰਗਤ ਦਾ ਮਿਲਨ ਅਸਥਾਨ ਬਣ ਗਿਆ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਬਾਦਸ਼ਾਹ ਜਹਾਂਗੀਰ ਨੂੰ ਮਿਲਣ ਲਈ ਦਿੱਲੀ ਆਏ ਸਨ ਤਾਂ ਦਿੱਲੀ ਵਿਖੇ ਮਜਨੂੰ ਫ਼ਕੀਰ ਦੇ ਟਿੱਲੇ 'ਤੇ ਹੀ ਠਹਿਰੇ ਸਨ। ਇਹ ਤਾਂ ਪਤਾ ਨਹੀਂ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਸਮੇਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਵਾਲਾ ਮਜਨੂੰ ਫ਼ਕੀਰ ਸੀ ਜਾਂ ਨਹੀਂ ਪਰ ਇਹ ਡੇਰਾ ਗੁਰੂ ਸਾਹਿਬ ਦੀ ਠਹਿਰਣ ਵਾਲੀ ਥਾਂ ਜ਼ਰੂਰ ਸੀ। ਪੁਰਾਤਨ ਲਿਖਤਾਂ ਵਿੱਚੋਂ ਗਯਾਨੀ ਠਾਕਰ ਸਿੰਘ ਦੀ ਲਿਖਤ ਵਿਚ ਲਿਖਿਆ ਗਿਆ ਹੈ ਕਿ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਇਥੇ ਆਏ ਸਨ ਤਾਂ 'ਇਥੇ ਜਮਨਾ ਦਰਯਾ ਦੇ ਕਿਨਾਰੇ ਪਰ ਮਜਨੂੰ ਨਾਮੇ ਇਕ ਫਕੀਰ ਰਹਿੰਦਾ ਸੀ, ਉਹ ਗੁਰੂ ਕਾ ਅਤੀ ਸ਼ਰਧਾਲੂ ਅਤੇ ਪ੍ਰੇਮੀ ਸੀ ਜੋ ਮਹਾਰਾਜ ਜੀ ਦੇ ਦਰਸ਼ਨ ਦੀ ਸਿੱਕ ਰੱਖਦਾ ਸੀ।......ਮਹਾਰਾਜ ਜੀ ਇਸ ਜਗਾ ਮੰਤ ਮਜਨੂੰ ਦਾ ਪ੍ਰੇਮ ਦੇਖ ਕੇ ਤਿੰਨ ਦਿਨ ਰਹੇ।'[1]

ਗੁਰੂ ਸਾਹਿਬ ਦਿੱਲੀ ਬਾਦਸ਼ਾਹ ਨਾਲ ਮੁਲਾਕਾਤ ਕਰਨ ਗਏ ਸੀ ਪਰ ਇਸ ਮੁਲਾਕਾਤ ਸਮੇਂ ਹੀ ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਨਜ਼ਰਬੰਦ ਕਰ ਦਿੱਤਾ। ਇਸ ਕੈਦ ਦੇ ਕਾਰਨਾਂ ਬਾਰੇ ਅਤੇ ਕੈਦ ਦੇ ਅਰਸੇ ਬਾਰੇ ਇਤਿਹਾਸਕਾਰਾਂ ਵਿਚ ਕੋਈ ਵੀ ਇਕ ਮੱਤ ਨਹੀਂ ਹੈ। ਮਜਨੂੰ ਕਾ ਟਿੱਲਾ ਨੂੰ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੇ ਚਰਨਾਂ ਨਾਲ ਪਵਿੱਤਰ ਕੀਤਾ ਸੀ। ਫਲਸਰੂਪ ਅਠਾਰਵੀਂ ਸਦੀ ਦੇ ਅਖੀਰ ਵਿਚ ਸਰਦਾਰ ਬਘੇਲ ਸਿੰਘ ਨੇ ਇੱਥੇ ਗੁਰਦੁਆਰਾ ਬਣਾਇਆ। ਅੱਜ ਇਹ ਗੁਰਦੁਆਰਾ ਦਿੱਲੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਪਰਬੰਧ ਅਧੀਨ ਹੈ।

ਨਾਨਕ ਮੱਤਾ: ਗੁਰਦੁਆਰਾ ਨਾਨਕ ਮੱਤਾ, ਉੱਤਰ ਪਰਦੇਸ਼ ਪਰਾਂਤ ਦੇ ਜ਼ਿਲ੍ਹਾ ਪੀਲੀ ਭੀਤ ਦਾ ਇਕ ਬਹੁਤ ਹੀ ਮਹੱਤਵਪੂਰਣ ਅਸਥਾਨ ਹੈ। ਇਹ ਪੀਲੀ ਭੀਤ ਤੋਂ 45 ਕਿਲੋਮੀਟਰ ਦੂਰ ਸਥਿਤ ਹੈ। ਦਿੱਲੀ ਵੱਲੋਂ ਜਾਂਦਿਆਂ ਪਹਿਲਾਂ ਨਾਨਕ ਮੱਤਾ ਆਉਂਦਾ ਹੈ ਫਿਰ ਅੱਗੇ ਖਾਟੀਮਾਂ ਵਿੱਚੋਂ ਦੀ ਹੋ ਕੇ ਪੀਲੀ ਭੀਤ ਪਹੁੰਚੀਂ ਦਾ ਹੈ। ਗੁਰਦੁਆਰਾ ਨਾਨਕ ਮੱਤਾ ਦੀ ਜ਼ਮੀਨ ਵਿਚ ਹੀ ਅਤੇ ਨੇੜੇ ਹੀ ਗੁਰੂ ਨਾਨਕ ਸਾਗਰ ਹੈ। ਇੱਥੇ ਬੰਨ ਮਾਰ ਕੇ ਪਾਣੀ ਇਕੱਠਾ ਕੀਤਾ ਗਿਆ ਹੈ ਅਤੇ ਇੱਥੇ ਨਹਿਰਾਂ ਆਦਿ ਕੱਢ ਕੇ ਜ਼ਮੀਨਾਂ ਦੀ ਸਿੰਜਾਈ ਕੀਤੀ ਜਾਂਦੀ ਹੈ। ਇਸ ਅਸਥਾਨ ਦਾ ਮੁੱਖ ਤੌਰ 'ਤੇ ਸੰਬੰਧ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਅਤੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨਾਲ ਹੈ ਪਰ ਉਨ੍ਹਾਂ ਤੋਂ ਪਿੱਛੋਂ ਇੱਥੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦੁਰ ਜੀ ਅਤੇ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਬਾਲ ਅਵਸਥਾ ਸਮੇਂ ਆਏ ਸਨ।

ਗੁਰੂ ਨਾਨਕ ਦੇਵ ਜੀ ਤੀਸਰੀ ਉਦਾਸੀ ਸਮੇਂ ਇੱਥੇ ਆਏ ਸਨ। ਗਯਾਨ ਸਿੰਘ ਲਿਖਦਾ ਹੈ: 'ਇਸ ਪ੍ਰਕਾਰ ਉੱਤਰਾ ਖੰਡ ਦੇ ਨਿਵਾਸੀ ਰਿਖੀਸ਼ਵਰਾਂ ਮੁਨੀਸ਼ਵਰਾਂ ਨਾਲ ਅਕਰਾਰ

1. *ਗੁਰਦੁਆਰੇ ਦਰਸ਼ਨ*, ਪੰਨਾ 150.

ਵਿਚਾਰ ਕਰ ਕੇ ਗੁਰੂ ਸਾਹਿਬ ਜੀ ਭਾਈ ਬਾਲੇ ਤੇ ਮਰਦਾਨੇ ਨੂੰ ਨਾਲ ਲੈ ਕੇ ਉਤਰਾ ਖੰਡ ਦੇ ਅਨੇਕ ਜੰਗਲਾਂ, ਪਹਾੜਾਂ ਦਾ ਸੈਲ ਕਰਦੇ ਹੋਏ ਰਾਣੀ ਖੇਤ, ਅਲਮੋੜੇ, ਕਮਾਊ, ਨੈਣੀਤਾਲ ਆਦਿਕ ਪ੍ਰਬਤਾਂ ਦੇ ਨਿਵਾਸੀ ਲੋਕਾਂ ਨੂੰ ਪਰਮੇਸ਼ਵਰ ਦੀ ਭਗਤੀ ਵਿਚ ਲਾ ਕਰ ਨੈਣੀਤਾਲ ਦੇ ਜਿਲ੍ਹੇ ਵਿਚ ਨਾਨਕ ਮਤੇ ਪਹੁੰਚਦੇ ਭਏ। ਇਹ ਨਾਨਕ ਮਤਾ ਪੀਲੀ ਭੀਤ ਸ਼ਹਿਰ ਤੋਂ ਬੀਸ ਕੋਸ ਉੱਤਰ ਦੀ ਤਰਫ ਹੈ। ਪਹਿਲੇ ਇਥੇ ਕੰਨਪਾਟੇ ਜੋਗੀ ਫ਼ਕੀਰ ਰਹਯਾ ਕਰਦੇ ਸਨ।'[1] ਇਥੇ ਪਹੁੰਚ ਕੇ ਗੁਰੂ ਨਾਨਕ ਦੇਵ ਜੀ ਨੇ ਸਿਧਾਂ ਨਾਲ ਗੋਸ਼ਟ ਕੀਤੀ ਸੀ। ਇਹ ਸਿੱਧ ਗੋਰਖ ਦੇ ਮੱਤ ਨੂੰ ਮੰਨਣ ਵਾਲੇ ਸਨ ਅਤੇ ਇਹ ਇਲਾਕਾ ਵੀ ਗੋਰਖ ਦੇ ਮੱਤ ਨੂੰ ਮੰਨਣ ਵਾਲਾ ਸੀ। ਇਸੇ ਕਰ ਕੇ ਇਸ ਅਸਥਾਨ ਨੂੰ 'ਗੋਰਖ ਮਤਾ' ਕਿਹਾ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਨੇ ਇਥੇ ਸਿੱਧਾਂ ਨਾਲ ਗੋਸ਼ਟ ਕਰ ਕੇ ਉਨ੍ਹਾਂ ਦੇ ਮੱਤ ਨੂੰ ਦਲੀਲ ਦੀ ਤਾਕਤ ਨਾਲ ਵੰਗਾਰਿਆ। ਫਲਸਰੂਪ ਇੱਥੇ ਗੋਰਖ ਮੱਤ ਦਾ ਖਾਤਮਾ ਕਰ ਕੇ ਨਾਨਕ ਦੇ ਮੱਤ ਦਾ ਪਰਚਾਰ ਸਥਾਪਿਤ ਹੋਇਆ। ਇਸੇ ਕਰ ਕੇ ਇਸ ਅਸਥਾਨ ਦਾ ਨਾਂ ਨਾਨਕ ਮੱਤਾ ਚਾਲੂ ਹੋਇਆ। ਗਯਾਨ ਸਿੰਘ ਇਸ ਦੀ ਪੁਸ਼ਟੀ ਕਰਦਾ ਹੋਇਆ ਲਿਖਦਾ ਹੈ: 'ਪਹਿਲੇ ਇਸ ਅਸਥਾਨ ਦਾ ਨਾਮ ਗੋਰਖ ਮਤਾ ਸੀ ਤਦ ਤੋਂ ਨਾਨਕ ਮਤਾ ਮਸ਼ਹੂਰ ਤੇ ਹੁਣ ਤੱਕ ਇਹ ਜਗਾ ਜੰਗਲ ਸਮੇਤ ਉਦਾਸੀ ਫ਼ਕੀਰਾਂ ਦੇ ਕਬਜ਼ੇ ਵਿਚ ਹੈ।'[2]

ਭਾਈ ਕਾਨ੍ਹ ਸਿੰਘ ਵੀ ਇਸੇ ਤਰਾਂ ਲਿਖਦੇ ਹਨ: 'ਨਾਨਕ ਮਤਾ: ਯੂ. ਪੀ. ਵਿਚ ਜ਼ਿਲ੍ਹਾ ਨੈਨੀਤਾਲ ਦੀ ਤਹਿਸੀਲ ਸਤਾਰਗੰਜ ਅੰਦਰ ਪੀਲੀ ਭੀਤ ਤੋਂ 15 ਮੀਲ, ਉੱਤਰ ਪੱਛਮ ਇਹ ਗੁਰਦੁਆਰਾ ਰੇਲਵੇ ਸਟੇਸ਼ਨ ਖਟੀਮਾ ਤੋਂ 10 ਮੀਲ ਪੱਛਮ ਵੱਲ ਹੈ। ਪਹਿਲਾਂ ਇਸ ਦਾ ਨਾਮ ਗੋਰਖ ਪੰਥੀਆਂ ਦੇ ਰਹਿਣ ਕਰ ਕੇ 'ਗੋਰਖਮਤਾ' ਸੀ ਪਰ ਜਦੋਂ ਤੋਂ ਸ੍ਰੀ ਗੁਰੂ ਨਾਨਕ ਦੇਵ ਨੇ ਗੋਰਖ ਦੇ ਚੇਲ ਭੰਗਰ ਨਾਥ, ਭੰਗਰ ਨਾਥ ਆਦਿਕਾਂ ਨੂੰ ਸ਼ਬਦ ਨਾਲ ਜਿੱਤ ਕੇ ਗਯਾਨ ਦਿੱਤਾ ਤੱਦ ਤੋਂ ਇਸ ਦਾ ਨਾਉ 'ਨਾਨਕ ਮਤਾ' ਹੈ। ਇਹ ਜਗਾ ਹੁਣ ਜੰਗਲ ਸਮੇਤ ਉਦਾਸੀ ਸਾਧੂਆਂ ਪਾਸ ਹੈ।'[3]

ਗੁਰੂ ਨਾਨਕ ਦੇਵ ਜੀ ਤੋਂ ਪਿੱਛੋਂ ਪਹਿਲੀ ਵਾਰ ਅਤੇ ਕਾਫੀ ਲੰਮੇ ਅਰਸੇ ਬਾਦ ਸਿਰਫ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਹੀ ਇਥੇ ਆਏ ਸਨ। ਉਹ ਇਥੇ ਉਦਾਸੀ ਸਿਖ ਪਰਚਾਰਕ ਬਾਬਾ ਅਲਮਸਤ ਜੀ ਦੇ ਬੁਲਾਵੇ 'ਤੇ ਪਹੁੰਚੇ ਸਨ। ਬਾਬਾ ਅਲਮਸਤ ਜੀ ਨੂੰ ਬਾਬਾ ਗੁਰਦਿੱਤਾ ਜੀ ਨੇ ਇਸ ਇਲਾਕੇ ਦਾ ਮੁੱਖ ਪਰਚਾਰਕ ਥਾਪ ਕੇ ਇੱਥੇ ਭੇਜਿਆ ਸੀ। ਇਥੇ ਬਾਬਾ ਅਲਮਸਤ ਜੀ ਨੇ ਆਪਣਾ 'ਧੂਣਾ' ਸਥਾਪਿਤ ਕੀਤਾ। ਧੂਣੇ ਤੋਂ ਭਾਵ ਕੇਂਦਰ ਦਾ ਹੈ। ਬਾਬਾ ਅਲਮਸਤ ਜੀ ਨੂੰ ਉੱਥੋਂ ਦੇ ਸਿੱਧਾਂ ਨੇ ਬੜਾ ਤੰਗ ਕੀਤਾ ਸੀ। ਅਖੀਰ ਤੰਗ ਹੋਏ ਬਾਬਾ ਅਲਮਸਤ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਨਾਨਕ ਮੱਤੇ ਦੀ ਯਾਤਰਾ ਕਰਨ ਦੀ ਬੇਨਤੀ ਕੀਤੀ। ਗਯਾਨੀ ਗਯਾਨ ਸਿੰਘ ਲਿਖਦੇ ਹਨ: 'ਕੱਤਕ ਦੇ ਮਹੀਨੇ ਸੰਮਤ 1693 ਬਿ. ਨੂੰ ਗੁਰੂ ਸਾਹਿਬ ਅਲਮਸਤ ਉਦਾਸੀ ਫ਼ਕੀਰ ਦੇ ਆਖਣ ਕਰ ਕੇ ਪੂਰਬ ਦੀ ਤਰਫ ਨੂੰ ਸੈਰ ਕਰਨ

---

1. *ਤਵਾਰੀਖ ਗੁਰੂ ਖਾਲਸਾ*, ਪੰਨੇ 124-25.
2. *ਉਕਤ*, ਪੰਨਾ 128.
3. *ਮਹਾਨ ਕੋਸ਼*, ਪੰਨਾ 693.

ਵਾਸਤੇ ਰਵਾਨਾ ਹੋਏ। ਅਲਮਸਤ ਫਕੀਰ ਦੀ ਮਦਦ ਵਾਸਤੇ। ਜਿਸ ਨੂੰ ਕਨਪਾਟਯਾਂ ਜੋਗੀਆਂ ਨੇ ਨਾਨਕ ਮਤੇ ਵਿੱਚੋਂ ਨਿਕਾਲ ਦਿੱਤਾ ਸੀ। ਇਲਾਕਾ ਪੀਲੀ ਭੀਤ ਜ਼ਿਲ੍ਹਾ ਨੈਨੀਤਾਲ ਦੀ ਤਰਫ਼ ਰਵਾਨਾ ਹੋਏ ਅਤੇ ਨਜੀਬਾਬਾਦ, ਨਗੀਨਾ, ਮੁਰਾਦਾਬਾਦ, ਚੰਦੋਸੀ, ਬਰੇਲੀ, ਪੀਲੀਭੀਤ ਆਦਿਕ ਨਗਰਾਂ ਦਾ ਸੈਰ ਕਰਦੇ ਹੋਏ ਜੱਦ ਨਾਨਕਮਤੇ ਪਹੁੰਚੇ ਤਾਂ ਕੰਨਪਾਟੇ ਜੋਗੀਆਂ ਨੂੰ ਆਪਣੇ ਪਰਤਾਪ ਨਾਲ ਚਟਪਟ ਹੀ ਉਥੋਂ ਨਿਕਾਲ ਦਿੱਤਾ ਤੇ ਅਲਮਸਤ ਫਕੀਰ ਦਾ ਕਬਜ਼ਾ ਕਰਾਇ ਦਿੱਤਾ। ਇੱਥੇ ਇਕ ਪਿੱਪਲ ਦਾ ਦਰਖਤ ਸੀ ਜਿਸ ਨੂੰ ਕੰਨਪਾਟਯਾਂ ਜੋਗਿਆਂ ਨੇ ਗੁਰੂ ਸਾਹਿਬ ਦਾ ਨਿਸ਼ਾਨ ਸਮਝ ਕੇ ਖਿਲਕੁਲ ਜੜ ਤੋਂ ਉਖਾੜ ਦਿੱਤਾ ਸੀ। ਗੁਰੂ ਸਾਹਿਬ ਨੇ ਓਸ ਪਰ ਚੰਦਨ ਦਾ ਛਿੱਟਾ ਦੇ ਕੇ ਫੇਰ ਨਵੇਂ ਸਿਰੇ ਸਰਸਬਜ਼ ਕੀਤਾ।'[1]

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਇੱਥੇ ਆਉਣ ਦਾ ਸਮਾਂ ਜਿਵੇਂ ਕਿ ਗਯਾਨ ਸਿੰਘ ਨੇ 1693 ਬਿ. ਮੁਤਾਬਕ ਸੰਨ 1636 ਈ. ਦਾ ਦਿੱਤਾ ਹੈ। ਇਹ ਖਿਲਕੁਲ ਢੁਕਵਾਂ ਹੈ। ਭਾਵੇਂ ਕਿ ਗੁਰਮੁੱਖੀ ਦੀਆਂ ਕੁਝ ਮੁੱਢਲੀਆਂ ਲਿਖਤਾਂ, ਜਿਵੇਂ ਕਿ ਗੁਰਬਿਲਾਸ ਛੇਵੀਂ ਪਾਤਸ਼ਾਹੀ ਵਿਚ ਲਿਖਿਆ ਹੈ, ਵਿਚ 1613 ਈ. ਦਾ ਵੀ ਹਵਾਲਾ ਮਿਲਦਾ ਹੈ ਪਰ ਇਹ ਗੱਲ ਮੰਨਣਯੋਗ ਨਹੀਂ ਹੈ। ਗੁਰੂ ਜੀ ਦਾ ਮੁੱਢਲਾ ਸਮਾਂ ਨਾ ਹੀ ਸ਼ਾਂਤੀ ਭਰਭੂਰ ਸੀ ਅਤੇ ਨਾ ਹੀ ਗੁਰੂ ਸਾਹਿਬ ਇਸ ਸਮੇਂ ਵਿਹਲੇ ਹੀ ਸਨ। ਹੋ ਸਕਦਾ ਹੈ ਕਿ 1613 ਈ. ਵਾਲਾ ਸਮਾਂ ਗੁਰੂ ਜੀ ਦੀ ਜੇਲ-ਯਾਤਰਾਂ ਵਾਲਾ ਹੀ ਹੋਵੇ ਕਿਉਂਕਿ ਗੁਰੂ ਜੀ ਦੀ ਜੇਲ-ਯਾਤਰਾ ਦਾ ਸਮਾਂ ਸਮਕਾਲੀ ਲਿਖਤਾਂ ਮੁਤਾਬਕ 12 ਸਾਲ ਦੇ ਕਰੀਬ ਦੱਸਿਆ ਜਾਂਦਾ ਹੈ। ਭਾਵੇਂ ਇਸ ਅਰਸੇ ਬਾਰੇ ਕੁਝ ਕਿੰਤੂ-ਪਰੰਤੂ ਕੀਤੇ ਜਾਂਦੇ ਹਨ ਪਰ ਇਕ ਗੱਲ ਨਿਸ਼ਚਿਤ ਹੈ ਕਿ ਇਸ ਸਮੇਂ ਦੌਰਾਨ ਗੁਰੂ ਸਾਹਿਬ ਲੰਮੇ ਪੈਂਡਿਆਂ ਦੀਆਂ ਯਾਤਰਾਵਾਂ ਤੇ ਨਹੀਂ ਸਨ ਜਾ ਸਕਦੇ। ਭਾਈ ਰਣਧੀਰ ਸਿੰਘ ਨੇ ਵੀ ਆਪਣੀ ਪੁਸਤਕ ਉਦਾਸੀ ਸਿੱਖਾਂ ਦੀ ਵਿਥਿਆ ਵਿਚ ਗੁਰੂ ਸਾਹਿਬ ਦੀ ਪੂਰਬੀ ਇਲਾਕਿਆਂ ਦੀ ਯਾਤਰਾ ਦਾ ਸਮਾਂ 1634 ਈ. ਦਾ ਦਿੱਤਾ ਹੈ। ਸਰੂਪ ਦਾਸ ਭੱਲਾ ਦੀ ਲਿਖਤ ਮਹਿਮਾ ਪ੍ਰਕਾਸ਼ ਭਾਵੇਂ ਯਾਤਰਾ ਦੇ ਸਾਲ-ਸੰਮਤ ਬਾਰੇ ਤਾਂ ਚੁੱਪ ਹੈ ਪਰ ਉਸ ਨੇ ਨਾਨਕਮਤੇ ਦੀ ਯਾਤਰਾ ਦਾ ਵੇਰਵਾ ਜ਼ਰੂਰ ਦਿੱਤਾ ਹੈ। ਇਹ ਇਉਂ ਹੈ:

ਨਾਨਕ ਮਤੇ ਪ੍ਰਭ ਆਇ। ਪੂਜਨ ਕੀਆ ਸਭ ਭਾਇ।
ਬੈਠੇ ਸਿੰਘਾਸਨ ਦਿਆਲ। ਅਤਿ ਸਕਤ ਤੇਜ ਬਿਸਾਲ।
ਜੋਗੀ ਰਹੇ ਬਡ ਪੀਰ। ਅਤ ਮੰਤ੍ਰ ਜੰਤ੍ਰ ਸੁਧੀਰ।
ਕਰ ਰਹੇ ਜੁਗਤ ਅਨੇਕ। ਸਤਗੁਰ ਨ ਬਿਆਪੇ ਏਕ।
ਭਇਆ ਤ੍ਰਾਸ ਤਿਨਹਿ ਅਪਾਰ। ਜਿਉਂ ਸਿੰਘ ਦੇਖ ਸਿਆਰ।
ਭਾਗੇ ਸਕਲ ਬਨ ਜਾਏ। ਜਿਉਂ ਚੋਰ ਰਹੇ ਲੁਕਾਇ।[2]

ਭਾਈ ਰਣਧੀਰ ਸਿੰਘ ਨੇ ਗੁਰਬਖਸ਼ ਸਿੰਘ ਸ਼ਹੀਦ ਦੀ ਰਚਨਾ ਗੁਰ ਸਾਗਰ ਰਤਨ ਪ੍ਰਕਾਸ਼ ਜੋ 1929 ਈ. ਦੀ ਲਿਖਤ ਹੈ, ਦੇ ਆਧਾਰ ਤੇ ਲਿਖਿਆ ਹੈ ਕਿ ਸਿੱਧ ਅਤੇ ਜੋਗੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਬਦਲਾ ਲੈਣ ਲਈ ਨੇਪਾਲ ਦੇ ਰਾਜਾ ਪਾਸ ਵੀ ਨੇਪਾਲ ਗਏ ਸਨ

---

1. *ਪੂਰਵ ਅੰਕਤ*, ਪੰਨੇ 244-45.
2. *ਮਹਿਮਾ ਪ੍ਰਕਾਸ਼* (ਭਾਗ ਦੂਜਾ), ਪੰਨਾ 437.

ਅਤੇ ਰਾਜੇ ਨੇ ਉਨਾਂ ਦੀ ਮੱਦਦ ਲਈ ਕੁੱਝ ਸੈਨਿਕ ਭੇਜ ਦਿੱਤੇ ਸਨ ਪਰ ਜਦੋਂ ਇਹ ਵਿਅਕਤੀ ਗੁਰੂ ਜੀ ਪਾਸ ਆਏ ਤਾਂ ਗੁਰੂ ਜੀ ਨੇ ਇਨਾਂ ਨੂੰ ਅਸਲੀਅਤ ਤੋਂ ਜਾਣੂ ਕਰਵਾਇਆ। ਇਨਾਂ ਵਿਅਕਤੀਆਂ ਨੇ ਸਾਰਾ ਮਾਮਲਾ ਨੈਪਾਲ ਦੇ ਰਾਜੇ ਸਾਹਮਣੇ ਰੱਖਿਆ ਅਤੇ ਇਸ ਰਿਪੋਰਟ ਤੋਂ ਸੰਤੁਸ਼ਟ ਹੋ ਕੇ ਨੇਪਾਲ ਦੇ ਰਾਜੇ ਨੇ ਨਾਨਕਮਤੇ ਨੂੰ ਸਰਕਾਰੀ ਤੌਰ 'ਤੇ ਬਾਬਾ ਅਲਮਸਤ ਜੀ ਦੇ ਪਰਬੰਧ ਹੇਠ ਇਕ ਇਤਿਹਾਸਿਕ ਧਾਰਮਿਕ ਅਸਥਾਨ ਦੇ ਤੌਰ 'ਤੇ ਪਰਵਾਨ ਕਰ ਲਿਆ। ਇਸ ਪਵਿੱਤਰ ਅਸਥਾਨ ਦੀ ਸੇਵਾ-ਸੰਭਾਲ ਲਈ ਅਤੇ ਲੰਗਰ ਚਲਾਉਣ ਲਈ ਚਾਰ ਪਿੰਡ ਦੀ ਜਾਗੀਰ ਦੇ ਤੌਰ 'ਤੇ ਨਾਨਕਮਤੇ ਦੇ ਨਾਂ ਲਗਵਾ ਦਿੱਤੇ ਸਨ।

ਗੁਰੂ ਹਰਿਗੋਬਿੰਦ ਸਾਹਿਬ ਜੀ ਇਥੇ ਇਕ ਮਹੀਨੇ ਦੇ ਕਰੀਬ ਠਹਿਰੇ ਦੱਸੇ ਜਾਂਦੇ ਹਨ। ਗੁਰਬਿਲਾਸ ਛੇਵੀਂ ਪਾਤਸ਼ਾਹੀ ਵਿਚ ਇਸ ਬਾਰੇ ਕੁਝ ਜਾਣਕਾਰੀ ਦਿੱਤੀ ਗਈ ਹੈ। ਇਸ ਅਨੁਸਾਰ ਗੁਰੂ ਸਾਹਿਬ ਇੱਥੇ ਇਕ ਮਹੀਨਾ ਰਹੇ ਅਤੇ ਬਾਬਾ ਅਲਮਸਤ ਜੀ ਨੂੰ ਅਪਾਰ ਬਖ਼ਸ਼ਿਸ਼ਾਂ ਕਰ ਕੇ ਆਪਣੇ ਪੰਜ ਸੌ ਸਿਖਾਂ ਸਮੇਤ ਪੰਜਾਬ ਵੱਲ ਨੂੰ ਰਵਾਨਾ ਹੋ ਗਏ ਸਨ।

ਏਕ ਮਾਸ ਗੁਰ ਤਹਾਂ ਰਹਾਏ। ਪਾਵਨ ਕੀਤੇ ਚਰਤ ਸਹਾਏ।

....

ਹਰਗੁਵਿੰਦ ਹਰਖਤ ਕਹਾ ਤੀਨ ਬਰਖ ਹਵੈ ਸਾਸ।
ਰਹੋ ਹਰਖ ਧਰਿ ਸੇਵ ਕਰਿ ਪੁਨ ਜਾਵੋ ਗੁਰ ਪਾਸ।
ਇਹ ਨਾਂ ਧੂਆਂ ਧੁਖੇਤੁਮਾਰਾ। ਸੌ ਸੁਨ ਮਸਤ ਹਰਖ ਮਨ ਧਾਰਾ।
ਦੇ ਧੀਰਜ ਗੁਰ ਕੀਨ ਪਯਾਨਾ। ਮਸਤ ਹਰਖ ਧਰਿ ਬੰਧਨ ਨਾਨਾ।
ਹੁਇ ਸਵਾਰ ਗੁਰੂ ਤਬੈ ਸਿਧਾਏ। ਅਰਧ ਸਹਸ ਨਿਜ ਸੇਨ ਲਵਾਏ।

(ਅਧਿਆਇ 9ਵਾਂ)

ਬਾਬਾ ਅਲਮਸਤ ਜੀ ਸੰਨ 1643 ਈ. ਤੱਕ ਇਸ ਅਸਥਾਨ ਦੀ ਸੇਵਾ ਕਰਦੇ ਰਹੇ ਸਨ।[1] ਉਨਾਂ ਦੇ ਸਮੇਂ ਉਨਾਂ ਦੇ ਅੱਠ ਹੋਰ ਚੇਲੇ ਸਨ ਜੋ ਉਨਾਂ ਦੇ ਹੁਕਮ ਮੁਤਾਬਕ ਪੂਰਬੀ ਭਾਰਤ ਦੇ ਵੱਖ-ਵੱਖ ਖੇਤਰਾਂ ਵਿਚ ਧਰਮ ਪਰਚਾਰ ਕਰਦੇ ਸਨ। ਇਨਾਂ ਵਿੱਚੋਂ ਭਾਈ ਮੱਖੂ ਜੀ ਬਾਬਾ ਅਲਮਸਤ ਜੀ ਦੇ ਉੱਤਰਅਧਿਕਾਰੀ ਬਣੇ। ਭਾਈ ਮੱਖੂ ਜੀ ਦਾ ਜਨਮ ਪੀਲੀ ਭੀਤ ਵਿਚ ਹੀ 1592 ਈ. ਵਿਚ ਹੋਇਆ ਸੀ। ਸੰਨ 1657 ਈ. ਵਿਚ ਇਹ ਅੱਗੋਂ ਭਾਈ ਮਿਆ ਜੀ ਨੂੰ ਆਪਣਾ ਉਤਰਅਧਿਕਾਰੀ ਥਾਪ ਕੇ ਚਲਾਣਾ ਕਰ ਗਏ ਸਨ। ਬਾਬਾ ਮਿਠਾ ਜੀ ਦਾ ਜਨਮ ਵੀ ਪੀਲੀ ਭੀਤ ਵਿਚ ਹੀ ਸੰਨ 1623 ਈ. ਨੂੰ ਹੋਇਆ ਸੀ। ਆਪ ਸੰਨ 1688 ਈ. ਵਿਚ ਪਰਲੋਕ ਸਿਧਾਰ ਗਏ ਸਨ। ਇਨਾਂ ਪਿੱਛੋਂ ਭਾਈ ਗੁਰਦਾਸ ਜੀ ਦੱਖਣੀ ਨਾਨਕ ਮਤੇ ਦੇ ਮਹੰਤ ਬਣੇ। ਇਹ ਪੂਰਬੀ ਇਲਾਕਿਆਂ ਦੇ ਹੀ ਵਣਜਾਰੇ ਸਿਖਾਂ ਵਿੱਚੋਂ ਸਨ। ਇਹ ਬਹੁਤ ਅੱਛੇ ਵਿਦਵਾਨ ਵੀ ਸਨ। ਆਪ ਤਕਰੀਬਨ ਤਿਰਵੰਜਾਂ ਸਾਲ ਇਸ ਅਸਥਾਨ ਦੀ ਸਾਂਭ-ਸੰਭਾਲ ਕਰਦੇ ਰਹੇ। ਇਨਾਂ ਨੇ ਉਦਾਸੀ ਸੰਪਰਦਾ ਲਈ ਇਕ ਪੁਸਤਕ ਦੀ ਰਚਨਾ ਵੀ ਕੀਤੀ ਜਿਸ ਦਾ ਨਾਂ ਮਾਤ੍ਰਾ *ਉਦਾਸ ਸੰਪ੍ਰਦਾ* ਹੈ। ਇਨਾਂ ਦਾ ਦਿਹਾਂਤ ਸੰਨ 1721 ਈ. ਵਿਚ ਹੋ ਗਿਆ ਸੀ।

ਇਸ ਤਰਾਂ ਵਰਤਮਾਨ ਪਰਬੰਧ ਹੋਣ ਤੱਕ ਗੁਰ ਅਸਥਾਨ ਨਾਨਕ ਮਤੇ ਦਾ ਪਰਬੰਧ

---

1. ਪੰਡਤ ਬ੍ਰਹਮਾਨੰਦ ਜੀ ਉਦਾਸੀਨ, *ਗੁਰ ਉਦਾਸੀਨ ਮਤ ਦਰਪਣ*, 1923 ਈ., ਪੰ. 517.

ਅਤੇ ਸੇਵਾ-ਸੰਭਾਲ ਉਦਾਸੀ ਸੰਤ ਹੀ ਕਰਦੇ ਰਹੇ ਸਨ। ਇਸ ਗੁਰਦੁਆਰਾ ਸਾਹਿਬ ਦੇ ਨਾਂ ਪੰਜ ਹਜ਼ਾਰ ਬਿਘੇ ਤੋਂ ਵੀ ਉੱਪਰ ਜ਼ਮੀਨ ਸੀ। ਇਸ ਜ਼ਮੀਨ ਨੂੰ ਵੱਖ-ਵੱਖ ਸਮਿਆਂ ਤੇ ਵੱਖ-ਵੱਖ ਹਾਕਮਾਂ ਨੇ ਗੁਰਦੁਆਰਾ ਸਾਹਿਬ ਦੇ ਨਾਂ ਲਗਵਾਇਆ ਸੀ।

ਪੰਡਿਤ ਤਾਰਾ ਸਿੰਘ ਨਰੋਤਮ ਨੇ ਗੁਰਦੁਆਰਾ ਨਾਨਕ ਮਤੇ ਦਾ ਸਰਵੇਖਣ ਕਰਦਿਆਂ ਇਉਂ ਦੱਸਿਆ ਹੈ: 'ਨਾਨਕ ਮਤਾ ਜ਼ਿਲ੍ਹੇ ਨੈਨੀਤਾਲ, ਪੀਲੀ ਭੀਤ ਸੇ ਬੀਸ ਕੋਸ.........ਬਾਬਾ ਗੁਰਦਿੱਤਾ ਦਾ ਚੇਲਾ ਅਲਮਸਤ ਤੀਰਥ ਯਾਤਰਾ ਕਰਤਾ ਨਾਨਕ ਮਤੇ ਪਹੁੰਚਾ। ਦੇਖੇ ਤੋਂ ਕੰਨਪਾਟੇ ਜੋਗੀ ਗੁਰੂ ਜੀ ਕੇ ਪਿਪਲ ਕੀ ਬਹੁਤ ਬੇਅਦਬੀ ਕਰਤੇ ਹੈ। ਅਲਮਸਤ ਊਹਾ ਠਹਿਰ ਕੇ ਧੂਪਦੀਪ ਕਰਨੇ ਲਗਾ ਜੋਗੀਓ ਨੇ ਪਿਪਲ ਕੇ ਗਿਰਦ ਆਗ ਜਲਾਈ। ਅਲਮਸਤ ਨੇ ਗੁਰੂ ਹਰਿਗੋਬਿੰਦ ਜੀ ਕੋ ਯਾਦ ਕੀਆ। ਗੁਰੂ ਜੀ ਨੇ ਈਹਾਂ ਪਹੁੰਚ ਕੇ ਚੰਦਨ ਕਾ ਛੀਟਾ ਦੀਆ ਪਿੱਪਲ ਹਰਾ ਹੂਆ। ਜੋਗੀਓ ਕੋ ਊਹਾਂ ਸੇ ਨਿਕਾਲਾ। ਆਜ ਤੱਕ ਉਸ ਪਿੱਪਲ ਕਾ ਪੱਤਾ ਚੰਦਨ ਕੇ ਛੀਟੇ ਵਾਲਾ ਰਹਿਤਾ ਹੈ।'[1]

ਗਯਾਨੀ ਗਯਾਨ ਸਿੰਘ ਨੇ *ਤਵਾਰੀਖ ਗੁਰੂ ਖਾਲਸਾ* ਵਿਚ ਨਾਨਕ ਮਤੇ ਦੀ ਜਾਣਕਾਰੀ ਦੇਣ ਤੋਂ ਇਲਾਵਾ ਇਕ ਸੁਤੰਤਰ ਪੁਸਤਕ ਗੁਰਦੁਆਰਿਆਂ ਦੇ ਬਿਰਤਾਂਤ ਦੀ ਵੀ ਲਿਖੀ ਹੈ। ਇਸ ਵਿਚ ਨਾਨਕ ਮਤੇ ਬਾਰੇ ਇਉਂ ਲਿਖਿਆ ਹੈ: 'ਨਾਨਕ ਮਤਾ

ਪੀਲੀ ਭੀਤ: ਸ਼ਹਿਰ ਪੀਲੀ ਭੀਤ ਜ਼ਿਲ੍ਹੇ ਨੈਨੀਤਾਲ ਪਹਿਲਾਂ ਇਸ ਨੂੰ ਗੋਰਖ ਮਤਾ ਆਖਿਆ ਕਰਦੇ ਸਨ। ਗੁਰੂ ਨਾਨਕ ਦੇਵ ਜੀ ਨੇ ਗੋਰਖਾਂ ਨੂੰ ਜਿਤ ਕੇ ਨਾਨਕ ਮਤਾ ਨਾਉਂ ਰੱਖਿਆ ਫੇਰ ਕੰਨ ਫਟੇ ਜੋਗੀਆਂ ਨੇ ਉਦਾਸੀ ਸਾਧਾਂ ਨੂੰ ਉੱਥੋਂ ਕੱਢ ਕੇ ਕਬਜ਼ਾ ਕਰ ਲੀਤਾ ਸੀ। ਅਲਮਸਤ ਮਹੰਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਚੜ੍ਹਾ ਕੇ ਲੈ ਗਿਆ। ਇਨ੍ਹਾਂ ਨੇ ਓਥੇ ਪੁੱਜ ਕੇ ਉੱਥੋਂ ਦੇ ਰਾਜੇ ਬਾਜ ਬਹਾਦਰ ਨੂੰ ਆਪਣਾ ਸੇਵਕ ਬਣਾ ਕਰ ਜੋਗੀਆਂ ਨੂੰ ਇੱਥੋਂ ਕੱਢ ਕੇ ਪਿੱਪਲ ਨੂੰ ਚੰਨਣ ਦੇ ਛਿੱਟੇ ਦੇ ਕੇ ਹਰਾ ਭਰਾ ਕਰ ਕੇ ਫੇਰ ਨਾਨਕ ਮਤਾ ਕਾਇਮ ਕੀਤਾ। ਓਸ ਪਿੱਪਲ ਦੇ ਪੱਤੇ ਹੁਣ ਤੱਕ ਚੰਨਣ ਦੇ ਛਿੱਟੇ ਚਿੱਟੇ ਨਿਸ਼ਾਨਾ ਵਾਲੇ ਨਿਕਲਦੇ ਹਨ। ਸਾਧੂ ਲਿਆ ਕੇ ਦਿਖਾਉਂਦੇ ਹਨ ਰੀਠੇ ਮਿਠੇ ਸਮੇਤ।'[2]

ਗਵਾਲੀਅਰ: ਗਵਾਲੀਅਰ, ਮੱਧ ਪਰਦੇਸ਼ ਪਰਾਂਤ ਦਾ ਪਰਸਿੱਧ ਸ਼ਹਿਰ ਹੈ। ਪਹਿਲਾਂ ਇਹ ਰਿਆਸਤ ਦੀ ਰਾਜਧਾਨੀ ਹੁੰਦਾ ਸੀ। ਇਸ ਦਾ ਸੰਬੰਧ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੇਲ-ਜੀਵਨ ਨਾਲ ਹੈ। ਇੱਥੇ ਮੁਗਲ-ਕਾਲੀਨ ਸਮੇਂ ਬਹੁਤ ਪਰਸਿੱਧ ਕਿਲਾ ਹੁੰਦਾ ਸੀ ਜਿਹੜਾ ਕਿ ਅੱਜ ਵੀ ਹੈ। ਭਾਈ ਕਾਨ੍ਹ ਸਿੰਘ ਅਨੁਸਾਰ ਇਹ ਕਿਲਾ ਤਿੰਨ ਸੌ ਫੁੱਟ ਦੀ ਉੱਚਾਈ ਉੱਪਰ ਸਥਿਤ ਹੈ। ਕਿਲੇ ਦੀ ਲੰਬਾਈ 1¾ ਮੀਲ ਹੈ ਅਤੇ ਚੌੜਾਈ ਅਠਾਈ ਸੌ ਫੁੱਟ ਹੈ। ਕੰਧ ਦੀ ਬੁਲੰਦੀ 30 ਫੁੱਟ ਹੈ। ਇਹ ਵਿਸ਼ਾਲ ਕਿਲਾ ਰਾਜਸੀ ਕੈਦੀਆਂ ਲਈ ਰੱਖਿਆ ਹੋਇਆ ਸੀ। ਅਰਥਾਤ ਰਾਜਨੀਤਿਕ ਤੌਰ ਤੇ ਦੋਸ਼ੀ ਰਾਜਿਆਂ ਜਾਂ ਨਵਾਬਾਂ ਜਾਂ ਅਹਿਲਕਾਰਾਂ ਨੂੰ ਇੱਥੇ ਕੈਦ ਰੱਖਿਆ ਜਾਂਦਾ ਸੀ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਪਿੱਛੋਂ ਵੀ ਜਹਾਂਗੀਰ ਦਾ ਗੁਰੂ ਸਾਹਿਬ ਪਰਤੀ

---

1. *ਸ੍ਰੀ ਗੁਰ ਤੀਰਥ ਸੰਗ੍ਰਹਿ*, ਪੰਨਾ 49.
2. *ਗੁਰਧਾਮ ਸੰਗ੍ਰਹਿ*, ਪੰਨਾ 128.

ਕੱਟੜ ਜਾਂ ਫਿਰਕੂ ਸਾੜੇ ਵਾਲਾ ਰਵਾਈਆ ਖ਼ਤਮ ਨਹੀਂ ਸੀ ਹੋਇਆ। ਉਸ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਰਿਫਤਾਰ ਕਰ ਕੇ ਗਵਾਲੀਅਰ ਦੇ ਕਿਲੇ ਵਿਚ ਭੇਜ ਦਿੱਤਾ ਸੀ। ਇਹ ਗਰਿਫਤਾਰੀ ਕਦੋਂ ਹੋਈ ਸੀ? ਜਾਂ ਇਸ ਕੈਦ ਦਾ ਅਰਸਾ ਕਿਤਨਾ ਸੀ? ਜਾਂ ਗੁਰੂ ਜੀ ਨੂੰ ਕੈਦ ਵਿਚ ਭੇਜਣ ਦਾ ਅਸਲ ਮਨੋਰਥ ਕੀ ਸੀ ਇਹ ਸਾਰੇ ਹੀ ਸਵਾਲ ਵਿਵਾਦਪੂਰਨ ਹਨ। ਇਨਾਂ ਪਰਤੀ ਕਿਸੇ ਵੀ ਲਿਖਤ ਤੋਂ ਭਰੋਸੇਯੋਗ ਜਾਣਕਾਰੀ ਨਹੀਂ ਮਿਲਦੀ। ਇਸ ਬਾਰੇ ਵੈਸੇ ਪੁਸਤਕ ਦੇ ਮੂਲ ਪਾਠ ਵਿਚ ਬਹਿਸ ਕੀਤੀ ਗਈ ਹੈ। ਇਸ ਕਰ ਕੇ ਇੱਥੇ ਇਸ ਬਹਿਸ ਵਿਚ ਨਹੀਂ ਪਿਆ ਜਾ ਰਿਹਾ। ਲੇਕਿਨ ਜੋ ਗੱਲਾਂ ਵਿਵਾਦ ਰਹਿਤ ਹਨ ਉਨਾਂ ਬਾਰੇ ਜ਼ਰੂਰ ਜ਼ਿਕਰ ਕੀਤਾ ਜਾਣਾ ਚਾਹੀਦਾ ਹੈ। ਇਨਾਂ ਵਿੱਚੋਂ ਇਕ ਇਹ ਕਿ ਗੁਰੂ ਜੀ ਦਾ ਕੈਦ ਵਿਚਲਾ ਜੀਵਨ ਅਡੋਲ ਅਤੇ ਯਕੀਨ-ਦਿਵਾਊ ਸੀ। ਅਜਿਹੇ ਅੱਛੇ ਕਿਰਦਾਰ ਕਰ ਕੇ ਹੀ ਬਾਦਸ਼ਾਹ ਜਹਾਂਗੀਰ ਵਰਗਾ ਤੁਅੱਸਬੀ ਹਾਕਮ ਗੁਰੂ ਜੀ ਉੱਪਰ ਭਰੋਸਾ ਕਰਨ ਲੱਗ ਪਿਆ ਸੀ। ਜਦੋਂ ਗੁਰੂ ਜੀ ਰਿਹਾ ਹੋਏ ਸਨ ਤਾਂ ਉਹ ਆਪਣੇ ਨਾਲ 52 ਪਹਾੜੀ ਹਿੰਦੂ ਰਾਜਿਆਂ ਨੂੰ ਵੀ ਛੁਡਵਾ ਕੇ ਲੈ ਗਏ ਸਨ। ਇਹ ਗੁਰੂ ਜੀ ਦੇ ਜੀਵਨ ਦੀ ਭਰੋਸੇ ਯੋਗਤਾ ਦਾ ਸਬੂਤ ਸੀ। ਗੁਰੂ ਜੀ ਨੂੰ ਇਸੇ ਕਰ ਕੇ ਬੰਦੀ ਛੋੜ ਦਾਤਾ ਵੀ ਕਿਹਾ ਜਾਂਦਾ ਹੈ।

ਕਿਲੇ ਵਿਚ ਪਿੱਛੋਂ ਸਿਖ ਸੰਗਤਾਂ ਵੱਲੋਂ ਗਵਾਲੀਅਰ ਦੇ ਰਾਜੇ ਦੇ ਸਹਿਯੋਗ ਨਾਲ ਇਕ ਗੁਰਦੁਆਰਾ ਵੀ ਬਣਾਇਆ ਗਿਆ ਹੈ। ਅੱਜ ਕੱਲ ਬਹੁਤ ਸ਼ਾਨਦਾਰ ਗੁਰਦੁਆਰਾ ਸਸ਼ੋਭਿਤ ਹੈ।

ਆਗਰਾ: ਆਗਰਾ ਉੱਤਰ ਪਰਦੇਸ਼ ਦਾ ਇਕ ਰਾਸਟਰ ਪਰਸਿੱਧ ਅਸਥਾਨ ਹੈ। ਤਾਜ ਮਹਲ ਦਾ ਸੰਸਾਰਕ ਪੱਧਰ ਦਾ ਅਜੂਬਾ ਇੱਥੇ ਸਥਾਪਿਤ ਹੋਣ ਦੇ ਨਾਲ-ਨਾਲ ਇਹ ਅਸਥਾਨ ਸਿਖ ਗੁਰੂ ਸਾਹਿਬਾਨ ਦੀਆਂ ਯਾਤਰਾਵਾਂ ਨਾਲ ਵੀ ਵਰੋਸਾਇਆ ਹੋਇਆ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਤੇਗ ਬਹਾਦੁਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਪਧਾਰੇ ਸਨ। ਗੁਰਦੁਆਰੇ ਸਿਰਫ ਪਿਛਲੇ ਦੋ ਗੁਰੂ ਸਾਹਿਬਾਨ ਦੀ ਹੀ ਯਾਦ ਵਿਚ ਹਨ। ਗੁਰੂ ਛੇਵੇਂ ਪਾਤਸ਼ਾਹ ਦੀ ਯਾਦ ਵਿਚ ਭਾਵੇਂ ਕੋਈ ਗੁਰ ਅਸਥਾਨ ਨਹੀਂ ਹੈ ਪਰ ਉਨਾਂ ਦੇ ਆਉਣ ਦੀ ਜਾਣਕਾਰੀ ਜ਼ਰੂਰ ਮਿਲਦੀ ਹੈ। ਪੰਡਿਤ ਤਾਰਾ ਸਿੰਘ ਨਰੋਤਮ ਨੇ ਜਾਣਕਾਰੀ ਦਿੱਤੀ ਹੈ ਕਿ ਗੁਰਦੁਆਰਾ ਸਾਹਿਬ ਜਿਹੜਾ ਆਗਰਾ ਦੇ ਮਾਈਥਾਨ ਮੁਹੱਲੇ ਵਿਚ ਹੈ ਉੱਥੇ ਹੀ ਛੇਵੇਂ ਪਾਤਸ਼ਾਹ ਆਏ ਸਨ ਅਤੇ ਉਹ ਅਸਥਾਨ ਨਿਰਮਲੇ ਸੰਤਾਂ ਦੀ ਸੇਵਾ-ਸੰਭਾਲ ਵਿਚ ਹੈ ਪਰ ਗਯਾਨੀ ਗਯਾਨ ਸਿੰਘ ਨੇ ਲਿਖਿਆ ਹੈ ਕਿ 1857 ਦੇ ਗਦਰ ਸਮੇਂ ਇੱਥੇ ਦੇ ਇਕ ਨਿਰਮਲੇ ਸੰਤ ਦੀਦਾਰ ਸਿੰਘ ਦੇ ਕਹਿਣ 'ਤੇ ਇਕ ਅੰਗਰੇਜ਼ ਅਧਿਕਾਰੀ ਨੇ ਇਕ ਪਿੰਡ ਦੀ ਆਮਦਨ ਇਸ ਗੁਰਦੁਆਰਾ ਮੰਜੀ ਸਾਹਿਬ ਦੇ ਨਾਲ ਲਗਵਾ ਦਿੱਤੀ ਸੀ। ਰਿਆਸਤ ਪਟਿਆਲਾ ਵੱਲੋਂ ਵੀ ਦੋ ਸੌ ਰੁਪਿਆ ਸਾਲਾਨਾ ਮਿਲਦਾ ਸੀ।

ਮਥੁਰਾ: ਮਥੁਰਾ ਸ਼ਹਿਰ ਉੱਤਰ ਪਰਦੇਸ਼ ਦਾ ਪਰਸਿੱਧ ਜ਼ਿਲ੍ਹਾ ਹੈਡਕੁਆਟਰ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਪਧਾਰੇ ਸਨ। ਗੁਰੂ ਜੀ ਦੇ ਆਉਣ ਦੇ ਸਮੇਂ ਬਾਰੇ ਭਾਵੇਂ ਨਿਸ਼ਚਿਤ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ ਪਰ ਸੰਭਵ ਹੈ ਕਿ ਗੁਰੂ ਸਾਹਿਬ ਜਾਂ ਤਾਂ ਉਸ ਸਮੇਂ ਆਏ ਹੋਣਗੇ ਜਦੋਂ ਉਨਾਂ ਨੂੰ ਦਿੱਲੀ ਵਿਖੇ ਬਾਦਸ਼ਾਹ ਜਹਾਂਗੀਰ ਨੇ ਬੁਲਾਇਆ ਸੀ ਅਤੇ ਜਾਂ ਫਿਰ ਉਸ ਸਮੇ ਜਦੋਂ ਉਹ ਨਾਨਕ ਮਤੇ ਗਏ ਸਨ। ਜਿਨ੍ਹਾਂ ਪੁਰਾਤਨ ਲਿਖਤਾਂ ਵਿਚ ਗੁਰੂ ਜੀ ਦੇ

ਮਥੁਰਾ ਪਧਾਰਨ ਦਾ ਵੇਰਵਾ ਮਿਲਦਾ ਹੈ ਉਨ੍ਹਾਂ ਵਿਚੋਂ ਕਿਸੇ ਵਿਚ ਵੀ ਕੋਈ ਗੱਲ ਸਪਸ਼ਟ ਨਹੀਂ ਹੈ। ਸਭ ਨੇ ਤਕਰੀਬਨ ਇਕ ਦੂਜੇ ਨਾਲ ਮਿਲਦਾ ਜੁਲਦਾ ਵੇਰਵਾ ਹੀ ਦਿੱਤਾ ਹੈ। ਪੰਡਿਤ ਤਾਰਾ ਸਿੰਘ ਨਰੋਤਮ ਨੇ ਸਿਰਫ ਦੋ ਸਤਰਾਂ ਵਿਚ ਹੀ ਇਹ ਜਾਣਕਾਰੀ ਦਿੱਤੀ ਹੈ- 'ਮਥਰਾ ਸ਼ਹਿਰ-ਗੁਰਦੁਆਰਾ ਚੋਬੇ ਕੇ ਘਰ ਮੈਂ ਥੜਾ ਬਨਾ ਹੈ। ਪੁਜਾਰੀ ਚੋਬੇ-ਗੁਰੂ ਜੀ ਆਗਰੇ ਜਾਤੇ ਹੂਏ ਊਹਾਂ ਰਹੇ।' ਗਯਾਨੀ ਗਯਾਨ ਸਿੰਘ ਵੱਲੋਂ ਦਿੱਤੀ ਗਈ ਜਾਣਕਾਰੀ ਵੀ ਅਸਪਸ਼ਟ ਅਤੇ ਸੰਖੇਪ ਹੈ- 'ਮੰਜੀ ਸਾਹਿਬ ਮਥਰਾ ਸ਼ਹਿਰ-ਇੱਥੇ ਚੋਬੇ ਬ੍ਰਾਹਮਣਾਂ ਨੂੰ ਸਿਖ ਮਤ ਦੇ ਕੇ ਨਿਹਾਲ ਕੀਤਾ ਫੇਰ ਨੌਵੇਂ ਤੇ ਦਸਵੇਂ ਗੁਰੂ ਸਾਹਿਬ ਭੀ ਓਸੇ ਥਾਂ ਉਤਰੇ ਸਨ। ਅਸਥਾਨ ਖਸਤਾ ਹਾਲ ਹੋ ਗਿਆ ਸੀ ਜੋ ਫੇਰ ਵਰਿਆਮ ਸਿੰਘ ਤੇ ਤੋਲਾ ਸਿੰਘ ਓਵਰਸੀਅਰ ਨੇ ਚੰਗੀ ਰੌਣਕ ਪਰ ਕਰ ਦਿੱਤਾ ਹੈ।'[1] ਗਯਾਨੀ ਠਾਕੁਰ ਸਿੰਘ ਨੇ ਲਿਖਿਆ ਹੈ: 'ਗੁਰਦੁਆਰਾ ਮਥਰਾ ਸ਼ਹਿਰ-ਇਹ ਅਸਥਾਨ ਚੋਬੇ ਦੇ ਘਰ ਵਿਚ ਹੈ ਅਤੇ ਗੁਰੂ ਜੀ ਦੀ ਯਾਦਗਾਰ ਵਿਚ ਥੜਾ ਬਨਾਇਆ ਹੋਇਆ ਹੈ। ਧੂਪ ਦੀਪ ਝਾੜੂ ਚੋਬਾ ਕਰਦਾ ਹੈ, ਪੁਜਾਰੀ ਚੋਬਾ ਹੈ। ਇਕ ਦਿਨ ਬਾਦਸ਼ਾਹ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੂੰ ਆਪਣੇ ਨਾਲ ਆਗਰੇ ਲੈ ਗਿਆ। ਰਸਤੇ ਵਿਚ ਜਾਂਦਿਆਂ ਆਪ ਇੱਥੇ ਇਕ ਦਿਨ ਠਹਿਰੇ।'[2] ਭਾਈ ਕਾਨ੍ਹ ਸਿੰਘ ਨੇ ਲਿਖਿਆ ਹੈ: 'ਇਸ ਸ਼ਹਿਰ ਵਿਚ ਚੋਬਿਆਂ ਦੇ ਘਰ ਛੀਵੇਂ ਗੁਰੂ ਸਾਹਿਬ ਦਾ ਅਸਥਾਨ ਹੈ। ਆਗਰੇ ਜਾਂਦੇ ਹੋਏ ਇਸ ਥਾਂ ਪਧਾਰੇ ਸਨ। ਕੰਸ ਦੇ ਟਿਲੇ ਉੱਪਰ ਨੌਮੇ ਸਤਿਗੁਰੂ ਜੀ ਦਾ ਗੁਰਦੁਆਰਾ ਹੈ। ਮਥੁਰਾ ਵਿਚ ਦਸ਼ਮੇਸ਼ ਜੀ ਨੇ ਭੀ ਪਟਨੇ ਤੋਂ ਪੰਜਾਬ ਨੂੰ ਆਉਂਦੇ ਚਰਣ ਪਾਏ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਭੀ ਇਸ ਥਾਂ ਪਧਾਰੇ ਹਨ, ਗੁਰਦੁਆਰਾ ਪਰਸਿੱਧ ਨਹੀਂ।'[3]

ਤਿਹਾੜਾ (ਲੁਧਿਆਣਾ): ਪਿੰਡ ਤਿਹਾੜਾ ਜ਼ਿਲ੍ਹਾ ਲੁਧਿਆਣੇ ਵਿਚ, ਜਗਰਾਉਂ ਤੋਂ 14 ਕਿਲੋਮੀਟਰ ਦੇ ਕਰੀਬ ਅਤੇ ਸਿੱਧਵਾਂ ਬੇਟ ਤੋਂ 6 ਕਿਲੋਮੀਟਰ ਦੀ ਵਿੱਥ 'ਤੇ ਸਥਿਤ ਹੈ। ਇਸ ਪਿੰਡ ਦੀ ਸਥਿਤੀ ਤਿੰਨ ਜੂਹਾਂ ਨਾਲ ਮਿਲਣ ਕਰ ਕੇ ਤਿਹਾੜਾ ਨਾਂ ਪਰਚੱਲਿਤ ਹੋਇਆ ਹੈ। ਇਕ ਪਾਸੇ ਸਤਲੁਜ ਦਾ ਕਿਨਾਰਾ ਜਿਸ ਨੂੰ ਬੇਟ ਕਿਹਾ ਜਾਂਦਾ ਹੈ। ਪੂਰਬ ਵਾਲਾ ਪਾਸਾ ਪੁਆਧ ਦਾ,' ਦੱਖਣ-ਪੱਛਮ ਵਾਲਾ ਪਾਸਾ ਮਾਲਵੇ ਦਾ। ਇਹ ਪਿੰਡ ਇਨ੍ਹਾਂ ਤਿੰਨਾਂ ਹੱਦਾਂ ਨਾਲ ਲਗਦਾ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਹਰੀਕੇ ਪੱਤਣ ਵੱਲੋਂ ਇੰਦ ਗੜ ਦੇ ਝਿੜੇ ਵਿੱਚੋਂ ਦੀ ਹੁੰਦੇ ਹੋਏ ਆਏ ਸਨ। ਤਿਹਾੜੇ ਕੁਝ ਸਮਾਂ ਠਹਿਰੇ ਸਨ। ਫਿਰ ਇੱਥੇ ਡਰੋਲੀ ਭਾਈ ਕੀ ਵੱਲ ਗਏ ਸਨ। ਗੁਰੂ ਜੀ ਦੀ ਯਾਦ ਵਿਚ ਇੱਥੇ ਗੁਰੂ ਅਸਥਾਨ ਹੈ।

ਸਿੱਧਵਾਂ: ਸਿੱਧਵਾਂ ਜਾਂ ਸਿੱਧਵਾਂ ਕਲਾਂ ਜ਼ਿਲ੍ਹਾ ਲੁਧਿਆਣੇ ਦਾ ਮਸ਼ਹੂਰ ਪਿੰਡ ਹੈ ਅਤੇ ਜਗਰਾਉਂ ਤੋਂ ਸੱਤ ਕਿਲੋਮੀਟਰ ਪੂਰਬ ਵੱਲ ਲੁਧਿਆਣਾ ਫਿਰੋਜ਼ਪੁਰ ਸੜਕ ਉੱਪਰ ਸਥਿਤ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਆਏ ਸਨ। ਉਨ੍ਹਾਂ ਦੀ ਯਾਦ ਵਿਚ ਇੱਥੇ ਇਕ ਗੁਰਦੁਆਰਾ ਹੈ। ਜਿਹੜਾ ਇੱਥੇ ਪਿੱਪਲ ਦਾ ਦਰਖਤ ਹੈ ਉਸ ਬਾਰੇ ਕਿਹਾ ਜਾਂਦਾ ਹੈ ਕਿ ਇਸ ਪਿੱਪਲ ਹੇਠਾਂ ਗੁਰੂ ਜੀ ਬਿਰਾਜੇ ਸਨ। ਸਿੱਧਵਾਂ ਨੂੰ ਢਾਹ ਕੇ ਸਿੱਧਮ ਜਾਂ ਢਾਹੇ ਵਾਲੇ ਸਿੱਧਵਾਂ ਵੀ

---

1. *ਗੁਰਧਾਮ ਸੰਗ੍ਰਹਿ*, ਪੰਨਾ 128.
2. *ਗੁਰਦੁਆਰਾ ਦਰਸ਼ਨ*, ਪੰਨਾ 151.
3. *ਮਹਾਨ ਕੋਸ਼*, ਪੰਨਾ 945.

ਕਿਹਾ ਜਾਂਦਾ ਹੈ। ਢਾਹੇ ਵਾਲੇ ਸਿੱਧਵਾਂ ਦਰਿਆ ਦੇ ਕੰਢੇ ਵਾਲੇ ਹਨ। ਸ਼ਾਇਦ ਇਹ ਨਾਂ ਇਸ ਕਰ ਕੇ ਪਿਆ ਹੋਵੇ ਕਿ ਇਸ ਥਾਂ 'ਤੇ ਪਹਿਲੇ ਵਸੇ ਘਰਾਂ ਨੂੰ ਦਰਿਆ ਨੇ ਢਾਹ ਦਿੱਤਾ ਸੀ। ਇਹ ਵੀ ਗੱਲ ਪਰਚੱਲਿਤ ਹੈ ਕਿ ਗੁਰੂ ਸਾਹਿਬ ਨੇ ਇਸ ਪਿੰਡ ਦੀ ਬਾਹਰਲੇ ਧਾੜਵੀਆਂ ਤੋਂ ਰੱਖਿਆ ਵੀ ਕੀਤੀ ਸੀ। ਪਿੰਡ ਦੇ ਲੋਕਾਂ ਨੂੰ ਇਕ ਹੋ ਕੇ ਰਹਿਣ ਦੀ ਸਿੱਖਿਆ ਦਿੱਤੀ ਸੀ। ਪਹਿਲਾਂ ਇੱਥੇ ਛੋਟਾ ਜਿਹਾ ਗੁਰਦੁਆਰਾ ਸੀ ਪਿੱਛੋਂ 1922 ਈ: ਵਿਚ ਨਵਾਂ ਗੁਰਦੁਆਰਾ ਬਣਾਇਆ ਗਿਆ ਸੀ।

ਗੁਰੂਸਰ ਸਧਾਰ (ਲੁਧਿਆਣਾ): ਪਿੰਡ ਸਧਾਰ ਜ਼ਿਲ੍ਹਾ ਲੁਧਿਆਣੇ, ਤਹਿਸੀਲ ਜਗਰਾਉਂ ਵਿਚ ਮੁੱਲਾਂ ਪੁਰ ਤੋਂ ਦੱਖਣ ਵੱਲ ਸੱਤ ਕਿਲੋਮੀਟਰ ਦੇ ਕਰੀਬ ਹੈ। ਪਿੰਡ ਤੋਂ ਬਾਹਰਵਾਰ ਤਕਰੀਬਨ ਪੌਣਾਂ ਕੁ ਕਿਲੋਮੀਟਰ ਦੂਰ ਗੁਰੂ ਹਰਿਗੋਬਿੰਦ ਸਾਹਿਬ ਦੀ ਆਮਦ ਦੀ ਯਾਦ ਵਿਚ ਗੁਰਦੁਆਰਾ ਗੁਰੂਸਰ ਹੈ। ਗਯਾਨੀ ਗਯਾਨ ਸਿੰਘ ਅਨੁਸਾਰ 'ਇੱਥੇ ਬਹੁਤ ਪ੍ਰੇਮ ਭਗਤੀ ਭਾਵ ਦੇਖ ਕੇ ਬ੍ਰਹਮ ਗਯਾਨ ਦਾ ਉਪਦੇਸ਼ ਦੇ ਨਿਹਾਲ ਕੀਤਾ। ਸਿਖਾਂ ਦੀ ਬੇਨਤੀ ਕਰਨੇ ਪਰ ਗੁਰੂ ਸਾਹਿਬ ਨੇ ਇਕ ਚਰਨਾਂ ਦਾ ਜੋੜਾ ਬਖ਼ਸ਼ਿਆ।' (ਗੁਰਧਾਮ ਸੰਗ੍ਰਹਿ, ਪੰਨਾ 120)। ਗਯਾਨੀ ਠਾਕਰ ਸਿੰਘ ਨੇ ਵੀ ਇਸੇ ਹੀ ਲਿਖਤ ਦੀ ਪੁਸ਼ਟੀ ਕੀਤੀ ਹੈ। ਗੁਰਦੁਆਰੇ ਨਾਲ ਕਾਫ਼ੀ ਜ਼ਮੀਨ ਹੈ। ਚੜ੍ਹਤ ਵੀ ਬਹੁਤ ਅੱਛੀ ਹੋ ਜਾਂਦੀ ਹੈ। ਇਲਾਕੇ ਦੇ ਸਿਆਣੇ ਸੱਜਣਾਂ ਨੇ ਇੱਥੇ ਵਿਦਿਅਕ ਅਦਾਰੇ ਵੀ ਬਹੁਤ ਅੱਛੇ ਖੋਲ੍ਹ ਰੱਖੇ ਹਨ।

ਰਕਬਾ: ਪਿੰਡ ਰਕਬਾ ਮੁੱਲਾਂ ਪੁਰ ਪਿੰਡ ਤੋਂ ਚਾਰ ਕਿਲੋਮੀਟਰ ਦੀ ਵਿੱਥ 'ਤੇ ਦੱਖਣ ਵਾਲੇ ਪਾਸੇ ਸਥਿਤ ਹੈ। ਇਹ ਲੁਧਿਆਣਾ ਜਗਰਾਉਂ ਸੜਕ ਉੱਪਰ ਪੰਡੋਰੀ ਤੋਂ ਲਿੰਕ ਰੋਡ ਰਾਹੀਂ ਜੁੜਿਆ ਹੋਇਆ ਹੈ। ਇਸ ਦਾ ਜ਼ਿਲ੍ਹਾ ਲੁਧਿਆਣਾ ਅਤੇ ਤਹਿਸੀਲ ਜਗਰਾਉਂ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਆਏ ਸਨ ਅਤੇ ਇਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਦਮਦਮਾ ਸਾਹਿਬ ਹੈ। ਗਯਾਨੀ ਗਯਾਨ ਸਿੰਘ ਅਨੁਸਾਰ 'ਗੁਰੂ ਸਾਹਿਬ ਨੇ ਇੱਥੇ ਇਕ ਹੰਕਾਰੀ ਮੁਸਲਮਾਨ ਨੂੰ ਭਗਤੀ ਭਾਵ ਦਿਰੜਾ ਸਿਖ ਬਣਾਯਾ। ਆਮਦਨੀ ਖਾਸੀ ਚੜ੍ਹਤ ਦੀ ਹੈ।' ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ 'ਸਤਿਗੁਰੂ ਜੀ ਜਦ ਇੱਥੇ ਬਿਰਾਜੇ ਹੋਏ ਸਨ ਤਾਂ ਇਕ ਦਾਖੇ ਪਿੰਡ ਦੀ ਮਾਈ ਗੁਰੂ ਜੀ ਲਈ ਮਿੱਸੇ ਪਰਸ਼ਾਦੇ ਲੈ ਕੇ ਆਈ। ਸਤਿਗੁਰਾਂ ਪਰਸ਼ਾਦੇ ਛੱਕ ਕੇ ਉਸ ਮਾਈ ਨੂੰ ਨਿਹਾਲ ਕੀਤਾ। ਗੁਰਦੁਆਰਾ ਬਣਿਆ ਹੋਇਆ ਹੈ। ਨਿਹੰਗ ਸਿੰਘ ਪੁਜਾਰੀ ਹੈ। ਗੁਰਦੁਆਰੇ ਨੂੰ ਦਮਦਮਾ ਸਾਹਿਬ ਆਖਦੇ ਹਨ।' (ਪੰਨਾ 761)

ਵਿਰਕ: ਪਿੰਡ ਵਿਰਕ, ਲੁਧਿਆਣਾ-ਫ਼ਿਰੋਜ਼ਪੁਰ ਸੜਕ ਉੱਪਰ ਇਕ ਲਿੰਕ ਰੋਡ ਰਾਹੀਂ ਜੁੜਿਆ ਹੋਇਆ ਹੈ। ਇਹ ਚੌਕੀਮਾਨ ਦੇ ਰੇਲਵੇ ਸਟੇਸ਼ਨ ਤੇ ਛੇ ਕਿਲੋਮੀਟਰ ਦੀ ਦੂਰੀ 'ਤੇ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਆਏ ਸਨ। ਉਨ੍ਹਾਂ ਦੀ ਯਾਦ ਵਿਚ ਪਿੰਡ ਤੋਂ ਬਾਹਰਵਾਰ ਦੱਖਣ ਵਲ ਇਕ ਗੁਰਦੁਆਰਾ ਹੈ। ਗੁਰੂ ਸਾਹਿਬ ਸਿੱਧਵਾਂ-ਰਕਬੇ ਵੱਲੋਂ ਇੱਧਰ ਆਏ ਸਨ। ਪਰਚੱਲਿਤ ਰਵਾਇਤ ਅਨੁਸਾਰ ਇੱਥੋਂ ਦੀ ਇਕ ਮਾਈ ਨੇ ਗੁਰੂ ਸਾਹਿਬ ਅਤੇ ਉਨਾਂ ਦੇ ਸਿਖਾਂ ਦੀ ਦੁੱਧ ਨਾਲ ਸੇਵਾ ਕੀਤੀ ਸੀ। ਪਹਿਲਾਂ ਇੱਥੇ ਛੋਟਾ ਜਿਹਾ ਗੁਰਦੁਆਰਾ ਸੀ ਪਰ ਪਿੱਛੋਂ 1975-76 ਵਿਚ ਨਵਾਂ ਗੁਰਦੁਆਰਾ ਬਣਾਇਆ ਗਿਆ ਹੈ।

ਸੋਢੀਵਾਲ: ਪਿੰਡ ਸੋਢੀਵਾਲ, ਜਗਰਾਉਂ ਤੋਂ ਸਿੱਧਵਾਂ ਬੇਟ ਜਾਣ ਵਾਲੇ ਮਾਰਗ ਉੱਪਰ ਸਥਿਤ ਹੈ। ਇੱਥੇ ਪਹਿਲਾਂ ਗੁਰੂ ਅਰਜਨ ਦੇਵ ਜੀ ਵੀ ਆਏ ਸਨ। ਪਿੱਛੋਂ ਗੁਰੂ ਹਰਿਗੋਬਿੰਦ

ਸਾਹਿਬ ਜੀ ਵੀ ਆਏ ਸਨ। ਦੋਵੇਂ ਗੁਰੂ ਸਾਹਿਬਾਨ ਦੀ ਯਾਦ ਵਿਚ ਇਕ ਬਹੁਤ ਸੁੰਦਰ ਗੁਰਦੁਆਰਾ ਹੈ। ਗੁਰਦੁਆਰੇ ਦੇ ਵਿਚ ਹੀ ਇਕ ਬਾਉਲੀ ਸਾਹਿਬ ਹੈ ਅਤੇ ਬਾਹਰ ਸੁੰਦਰ ਬਾਗ ਹੈ। ਇੱਥੇ ਗੁਰੂ ਸਾਹਿਬ ਕਾਫੀ ਲੰਮਾਂ ਅਰਸਾ ਠਹਿਰੇ ਦੱਸੇ ਜਾਂਦੇ ਹਨ।

ਲਿਤਰ (ਲੁਧਿਆਣਾ): ਪਿੰਡ ਲਿਤਰ ਜਿਲ੍ਹਾ ਲੁਧਿਆਣਾ ਦੇ ਥਾਣਾ ਰਾਏਕੋਟ ਦਾ ਹੈ ਅਤੇ ਲੁਧਿਆਣਾ-ਰਾਏਕੋਟ (ਵਾਇਆ ਸਰਾਭਾ ਹੋ ਕੇ) ਸੜਕ ਉੱਪਰ ਲਹਿੰਦੇ ਪਾਸੇ ਸਥਿਤ ਹੈ। ਮੁੱਲਾਂ ਪੁਰ ਤੋਂ 16 ਕਿਲੋਮੀਟਰ ਦੀ ਦੂਰੀ 'ਤੇ ਹੈ। ਇਸ ਪਿੰਡ ਤੋਂ ਉੱਤਰ-ਪੱਛਮ ਵੱਲ ਤਕਰੀਬਨ ਇਕ ਕਿਲੋਮੀਟਰ ਦੀ ਦੂਰੀ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿਚ ਗੁਰਦੁਆਰਾ ਕਰੀਰ ਸਾਹਿਬ ਸਸ਼ੋਭਿਤ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਇੱਥੇ ਧਰਮ ਪਰਚਾਰ ਕਰਦੇ ਹੋਏ ਆਏ ਸਨ। ਇਸੇ ਹੀ ਪਿੰਡ ਦੇ ਵਾਸੀ ਗਿਆਨੀ ਨਾਹਰ ਸਿੰਘ ਨੇ ਇਸ ਅਸਥਾਨ ਦੀ ਸੇਵਾ ਕਰਵਾਈ ਸੀ। ਪਿੱਛੋਂ ਸੰਗਤਾਂ ਦੀ ਲੋੜ ਮੁਤਾਬਿਕ ਇੱਥੇ ਸਥਾਨਕ ਸੰਗਤਾਂ ਵੱਲੋਂ ਵੱਡੇ ਹਾਲ ਦੀ ਉਸਾਰੀ ਕਰਵਾਈ ਗਈ ਸੀ। ਇਹ ਕਾਰ ਸੇਵਾ ਕਿਸ਼ਨਗੜ੍ਹ ਛੀਨਾ ਵਾਲੇ ਸੰਤ ਗੁਰਦਿਆਲ ਸਿੰਘ ਕਰਵਾ ਰਹੇ ਹਨ। ਜਿਹੜਾ ਇੱਥੇ ਕਰੀਰ ਦਾ ਦਰੱਖਤ ਖੜਾ ਹੈ ਉਸ ਬਾਰੇ ਸਥਾਨਕ ਲੋਕਾਂ ਦਾ ਵਿਸ਼ਵਾਸ਼ ਹੈ ਕਿ ਇਹ ਗੁਰੂ ਸਾਹਿਬ ਦੇ ਸਮੇਂ ਦਾ ਹੈ। ਗੁਰੂ ਸਾਹਿਬ ਇਸ ਕਰੀਰ ਹੇਠ ਬੈਠੇ ਦੱਸੇ ਜਾਂਦੇ ਹਨ। ਇਸੇ ਕਰ ਕੇ ਹੀ ਗੁਰਦੁਆਰੇ ਦਾ ਨਾਂ ਗੁਰਦੁਆਰਾ ਕਰੀਰ ਸਾਹਿਬ ਪਰਚੱਲਿਤ ਹੋਇਆ ਹੈ।

ਸਿੱਧਵਾਂ: ਸਿੱਧਵਾਂ ਜਾਂ ਸਿੱਧਵਾਂ ਕਲਾਂ ਜਿਲ੍ਹਾਂ ਲੁਧਿਆਣੇ ਦਾ ਮਸ਼ਹੂਰ ਪਿੰਡ ਹੈ ਅਤੇ ਜਗਰਾਉਂ ਤੋਂ ਸੱਤ ਕਿਲੋਮੀਟਰ ਪੂਰਬ ਵੱਲ ਲੁਧਿਆਣਾ ਫਿਰੋਜ਼ਪੁਰ ਸੜਕ ਉੱਪਰ ਸਥਿਤ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਆਏ ਸਨ। ਉਨ੍ਹਾਂ ਦੀ ਯਾਦ ਵਿਚ ਇੱਥੇ ਇਕ ਗੁਰਦੁਆਰਾ ਹੈ। ਜਿਹੜਾ ਇੱਥੇ ਪਿੱਪਲ ਦਾ ਦਰਖੱਤ ਹੈ ਉਸ ਬਾਰੇ ਕਿਹਾ ਜਾਂਦਾ ਹੈ ਕਿ ਇਸ ਪਿੱਪਲ ਹੇਠਾਂ ਗੁਰੂ ਜੀ ਬਿਰਾਜੇ ਸਨ। ਸਿੱਧਵਾਂ ਨੂੰ ਢਾਹ ਕੇ ਸਿੱਧਮ ਜਾਂ ਢਾਹੇ ਵਾਲੇ ਸਿੱਧਵਾਂ ਵੀ ਕਿਹਾ ਜਾਂਦਾ ਹੈ। ਢਾਹੇ ਵਾਲੇ ਸਿੱਧਵਾਂ ਦਰਿਆ ਦੇ ਕੰਢੇ ਵਾਲੇ ਹਨ। ਸ਼ਾਇਦ ਇਹ ਨਾਂ ਇਸ ਕਰ ਕੇ ਪਿਆ ਹੋਵੇ ਕਿ ਇਸ ਥਾਂ 'ਤੇ ਪਹਿਲੇ ਵਸੇ ਘਰਾਂ ਨੂੰ ਦਰਿਆ ਨੇ ਢਾਹ ਦਿੱਤਾ ਸੀ। ਇਹ ਵੀ ਗੱਲ ਪਰਚੱਲਿਤ ਹੈ ਕਿ ਗੁਰੂ ਸਾਹਿਬ ਨੇ ਇਸ ਪਿੰਡ ਦੀ ਬਾਹਰਲੇ ਧਾੜਵੀਆਂ ਤੋਂ ਰੱਖਿਆ ਵੀ ਕੀਤੀ ਸੀ। ਪਿੰਡ ਦੇ ਲੋਕਾਂ ਨੂੰ ਇਕ ਹੋ ਕੇ ਰਹਿਣ ਦੀ ਸਿੱਖਿਆ ਦਿੱਤੀ ਸੀ। ਪਹਿਲਾਂ ਇੱਥੇ ਛੋਟਾ ਜਿਹਾ ਗੁਰਦੁਆਰਾ ਸੀ ਪਿੱਛੋਂ 1922 ਈ. ਵਿਚ ਨਵਾਂ ਗੁਰਦੁਆਰਾ ਬਣਾਇਆ ਗਿਆ ਸੀ।

ਗੁਰੂਸਰ ਸਧਾਰ (ਲੁਧਿਆਣਾ): ਪਿੰਡ ਸਧਾਰ ਜਿਲ੍ਹਾਂ ਲੁਧਿਆਣੇ, ਤਹਿਸੀਲ ਜਗਰਾਉਂ ਵਿੱਚ ਮੁੱਲਾਂ ਪੁਰ ਤੋਂ ਦੱਖਣ ਵੱਲ ਸੱਤ ਕਿਲੋਮੀਟਰ ਦੇ ਕਰੀਬ ਹੈ। ਪਿੰਡ ਤੋਂ ਬਾਹਰ ਵਾਰ ਤਕਰੀਬਨ ਪੌਣਾ ਕੁ ਕਿਲੋਮੀਟਰ ਦੂਰ ਗੁਰੂ ਹਰਿਗੋਬਿੰਦ ਸਾਹਿਬ ਦੀ ਆਮਦ ਦੀ ਯਾਦ ਵਿਚ ਗੁਰਦੁਆਰਾ ਗੁਰੂਸਰ ਹੈ। ਗਯਾਨੀ ਗਯਾਨ ਸਿੰਘ ਅਨੁਸਾਰ 'ਇੱਥੇ ਬਹੁਤ ਪ੍ਰੇਮ ਭਗਤੀ ਭਾਵ ਦੇਖ ਕੇ ਬ੍ਰਹਮ ਗਯਾਨ ਦਾ ਉਪਦੇਸ਼ ਦੇ ਨਿਹਾਲ ਕੀਤਾ। ਸਿੱਖਾਂ ਦੀ ਬੇਨਤੀ ਕਰਨੇ ਪਰ ਗੁਰੂ ਸਾਹਿਬ ਨੇ ਇਕ ਚਰਨਾਂ ਦਾ ਜੋੜਾ ਬਖ਼ਸ਼ਿਆ।'[1] ਗਯਾਨੀ ਠਾਕਰ ਸਿੰਘ ਨੇ ਵੀ ਇਸੇ

1. *ਗੁਰਧਾਮ ਸੰਗ੍ਰਹਿ*, ਪੰਨਾ 120.

ਹੀ ਲਿਖਤ ਦੀ ਪੁਸ਼ਟੀ ਕੀਤੀ ਹੈ। ਗੁਰਦੁਆਰੇ ਨਾਲ ਕਾਫੀ ਜ਼ਮੀਨ ਹੈ। ਚੜ੍ਹਤ ਵੀ ਬਹੁਤ ਅੱਛੀ ਹੋ ਜਾਂਦੀ ਹੈ। ਇਲਾਕੇ ਦੇ ਸਿਆਣੇ ਸੱਜਣਾਂ ਨੇ ਇੱਥੇ ਵਿਦਿਅਕ ਅਦਾਰੇ ਵੀ ਬਹੁਤ ਅੱਛੇ ਖੋਲ੍ਹ ਰੱਖੇ ਹਨ।

ਗੁੱਜਰਵਾਲ (ਲੁਧਿਆਣਾ): ਪਿੰਡ ਗੁੱਜਰਵਾਲ ਜ਼ਿਲ੍ਹਾ ਲੁਧਿਆਣਾ ਦਾ ਮਸ਼ਹੂਰ ਪਿੰਡ ਹੈ ਜਿਹੜਾ ਨਾਰੰਗਵਾਲ ਦੇ ਨਜ਼ਦੀਕ ਹੀ ਹੈ। ਡੇਹਲੋਂ ਤੋਂ ਵੀ ਲਿੰਕ ਸੜਕ ਜਾਂਦੀ ਹੈ ਅਤੇ ਜੋਧਾਂ-ਮਨਸੂਰਾਂ ਤੋਂ ਵੀ ਲਿੰਕ ਸੜਕ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਗੁਰੂਸਰ ਸੁਧਾਰ ਵੱਲੋਂ ਆਏ ਦੱਸੇ ਜਾਂਦੇ ਹਨ। ਗਿਆਨੀ ਗਿਆਨ ਸਿੰਘ ਅਨੁਸਾਰ, 'ਇੱਥੇ ਚੌਧਰੀ ਰਾਮੇ ਦੇ ਬੇਟੇ ਫਤੂਹੀ ਨੇ ਚੰਗੀ ਸੇਵਾ ਕੀਤੀ। ਇਕ ਬਾਜ਼ ਨਜ਼ਰ ਕੀਤਾ। ਸਤਿਗੁਰਾਂ ਨੇ ਇਕ ਦਸਤਾਰ ਬਖ਼ਸ਼ੀ। ਜਿਸ ਦਾ ਹੁਣ ਦਰਸ਼ਨ ਹੁੰਦਾ ਹੈ। ਜ਼ਮੀਨ ਬਹੁਤ ਹੈ। ਪਿੰਡ ਵੀ ਚੰਗੀ ਸੇਵਾ ਕਰਦਾ ਹੈ।' ਗੁਜਰਵਾਲ ਵਿਚ ਹੀ ਗੁਰੂ ਜੀ ਦੇ ਦੂਸਰੇ ਗਿਆਨ ਬਾਰੇ ਗਿਆਨ ਸਿੰਘ ਲਿਖਦਾ ਹੈ: 'ਇੱਥੇ ਚੌਧਰੀ ਮਿਤੂ ਨੇ ਠਹਿਰਾ ਕੇ ਇਕ ਘੋੜਾ ਨਜ਼ਰ ਕੀਤਾ ਅਤੇ ਸੇਵਾ ਵੀ ਬਹੁਤ ਕੀਤੀ। ਗੁਰੂ ਸਾਹਿਬ ਨੇ ਪ੍ਰਸੰਨ ਹੋ ਕੇ ਇਕ ਖੰਡਾ ਬਖ਼ਸ਼ਿਆ ਜੋ ਹੁਣ ਪੂਜੀਂਦਾ ਹੈ। ਆਮਦਨੀ ਚੜ੍ਹਤ ਦੀ ਹੈ।'[1] ਗਿਆਨੀ ਠਾਕਰ ਸਿੰਘ ਨੇ ਕੁਝ ਫ਼ਰਕ ਨਾਲ ਲਿਖਦਿਆਂ ਕਿਹਾ ਹੈ: 'ਸਿਧਾਰ ਪਿੰਡ ਥੀਂ ਟੁਰ ਗੁਰੂ ਮਹਾਰਾਜ ਜੀ ਛੇਵੇਂ ਪਾਤਸ਼ਾਹ ਇਸ ਪਿੰਡ ਆਏ ਅਤੇ ਨਗਰ ਤੋਂ ਬਾਹਰ ਜੰਗਲ ਵਿਚ ਡੇਰਾ ਕਰ ਦਿੱਤਾ। ਨਗਰ ਦੇ ਜ਼ਿਮੀਂਦਾਰਾਂ ਨੇ ਜਥਾਜੋਗ ਸੇਵਾ ਕੀਤੀ।'[2]

ਕਾਉਂਕੇ ਕਲਾ (ਲੁਧਿਆਣਾ): ਪਿੰਡ ਕਾਉਂਕੇ ਕਲਾ ਜ਼ਿਲ੍ਹਾ ਲੁਧਿਆਣਾ, ਤਹਿਸੀਲ ਜਗਰਾਉਂ ਦਾ ਇਹ ਪਰਸਿੱਧ ਨਗਰ ਹੈ। ਇਹ ਜਗਰਾਉਂ ਤੋਂ ਸੱਤ ਕਿਲੋਮੀਟਰ ਦੀ ਵਿੱਥ 'ਤੇ ਹੈ ਅਤੇ ਮੁੱਖ ਸੜਕ ਤੋਂ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਲਿੰਕ ਸੜਕ ਨਾਲ ਜੁੜਿਆ ਹੋਇਆ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਇਸ ਇਲਾਕੇ ਵਿਚ ਵਿਚਰਨ ਸਮੇਂ ਪਧਾਰੇ ਸਨ। ਇੱਥੇ ਦੇ ਸਿਖਾਂ ਸੇਵਕਾਂ ਵਿੱਚੋਂ ਇਕ ਹੀਰਾ ਨਾਂ ਦਾ ਵਿਅਕਤੀ ਸ੍ਰੀ ਗੁਰੂ ਜੀ ਦੀ ਸੇਵਾ ਕਰਨ ਵਾਲਿਆਂ ਵਿਚ ਸੀ। ਗੁਰੂ ਸਾਹਿਬ ਨੇ ਉਸ ਦੀ ਸੇਵਾ ਤੋਂ ਖੁਸ਼ ਹੋ ਕੇ ਕਿਹਾ ਸੀ ਕਿ ਉਹ ਨਾਂ ਦਾ ਵੀ ਹੀਰਾ ਹੈ ਅਤੇ ਹੀਰੇ ਵਾਂਗ ਚਮਕਦਾ ਵੀ ਹੈ। ਇਸ ਵਰਗੇ ਅਨੇਕਾਂ ਹੀ ਹੀਰੇ ਇੱਥੇ ਹੋਣਗੇ। ਇੱਥੇ ਗੁਰੂ ਸਾਹਿਬ ਦੀ ਯਾਦ ਵਿਚ ਗੁਰਦੁਆਰੇ ਦੀ ਉਸਾਰੀ ਭਾਈ ਰੂੜ ਸਿੰਘ ਅਤੇ ਇਸ ਦੇ ਪੁੱਤਰ ਭਾਈ ਰਣਬੀਰ ਸਿੰਘ ਜੀ ਦੀ ਅਗਵਾਈ ਹੇਠ ਸਥਾਨਿਕ ਸਿੰਘ ਸੰਗਤਾਂ ਵੱਲੋਂ ਕਰਵਾਈ ਗਈ ਸੀ। ਇੱਥੇ ਬਹੁਤ ਸੁੰਦਰ ਸਰੋਵਰ ਅਤੇ ਰਿਹਾਇਸ਼ੀ ਕਮਰੇ ਸਨ।

ਹਨੂਰ (ਲੁਧਿਆਣਾ): ਪਿੰਡ ਹਨੂਰ ਜ਼ਿਲ੍ਹਾ ਲੁਧਿਆਣਾ ਦਾ ਪਰਸਿੱਧ ਪਿੰਡ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਪਧਾਰੇ ਸਨ। ਸਥਾਨਕ ਇਲਾਕਾ ਨਿਵਾਸੀਆਂ ਨੇ ਬਹੁਤ ਆਓ ਭਗਤ ਕੀਤੀ। ਗੁਰੂ ਸਾਹਿਬ ਦੀ ਸੇਵਾ ਕਰਨ ਵਾਲਿਆਂ ਵਿਚ ਇਕ ਬਹਾਦਰ ਸਿੰਘ ਵੀ ਸੀ। ਇਹ ਸਮਾਜ ਸੇਵਕ ਅਤੇ ਗੁਰੂ ਘਰ ਦਾ ਪਰਚਾਰਕ ਸੀ। ਇਸ ਨੇ ਪਿੰਡ ਵਾਸੀਆਂ ਦੀ ਭਲਾਈ ਲਈ ਅਨੇਕਾਂ ਕੰਮ ਵੀ ਕਰਵਾਏ ਸਨ। ਇਨ੍ਹਾਂ ਕੰਮਾਂ ਵਿਚ ਟੋਬੇ ਪੁਟਵਾਉਣਾ ਵੀ ਸੀ। ਇਸ ਸਿਖ ਸੇਵਕ ਦੀ ਇਲਾਕੇ ਵਿਚ ਬਹੁਤ ਮੰਨਤਾ ਹੈ। ਇਸ ਨੇ ਹੀ ਸਥਾਨਿਕ ਸੰਗਤਾਂ ਨੂੰ

---

1. *ਉਕਤ*, ਪੰਨੇ 120-21.
2. *ਗੁਰਦੁਆਰੇ ਦਰਸ਼ਨ*, ਪੰਨਾ 173

ਪਰੇਰ ਕੇ ਇੱਥੇ ਗੁਰ ਅਸਥਾਨ ਦੀ ਸੇਵਾ ਕਰਵਾਈ ਸੀ।

ਦੋਰਾਹਾ (ਲੁਧਿਆਣਾ): ਦੋਰਾਹਾ ਸ਼ਹਿਰ ਜੀ. ਟੀ. ਰੋਡ ਉੱਪਰ ਖੰਨੇ ਤੋਂ ਲੁਧਿਆਣਾ ਵਲ ਨੂੰ ਜਾਂਦਿਆਂ ਸਥਿਤ ਹੈ। ਇੱਥੇ ਗੁਰਦੁਆਰੇ ਦੋ ਹਨ ਅਤੇ ਦੋਵੇਂ ਹੀ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ ਹਨ। ਸਥਾਨਿਕ ਵਿਸ਼ਵਾਸ਼ ਅਨੁਸਾਰ ਗੁਰੂ ਸਾਹਿਬ ਇੱਥੇ ਇਕ ਸਰਾਂ ਵਿਚ ਠਹਿਰੇ ਸਨ। ਇਹ ਸਰਾਂ ਅੱਜ ਵੀ ਕਾਇਮ ਹੈ। ਗੁਰੂ ਸਾਹਿਬ ਦਾ ਉਤਾਰਾ ਸਰਾਂ ਦੇ ਅੰਦਰ ਸੀ ਅਤੇ ਘੋੜ ਸੁਆਰ ਸਿਖਾਂ ਦਾ ਉਤਾਰਾ ਸਰਾਂ ਦੇ ਬਾਹਰ ਸੀ। ਸਰਾਂ ਦੇ ਬਾਹਰਲੇ ਗੁਰਦੁਆਰੇ ਦਾ ਨਾਂ ਗੁਰਦੁਆਰਾ ਬੇਰ ਸਾਹਿਬ ਹੈ ਅਤੇ ਅੰਦਰਲੇ ਦਾ ਗੁਰਦੁਆਰਾ ਸਰਾਇ ਸਾਹਿਬ ਹੈ। ਗੁਰਦੁਆਰਾ ਬੇਰ ਸਾਹਿਬ ਇਸ ਕਰ ਕੇ ਨਾਂ ਪਰਚੱਲਿਤ ਹੋਇਆ ਹੈ ਕਿਉਂਕਿ ਇੱਥੇ ਬੇਰੀ ਦਾ ਬਹੁਤ ਪੁਰਾਣਾ ਦਰਖਤ ਹੈ। ਇਸ ਬੇਰੀ ਨੂੰ ਗੁਰੂ ਸਾਹਿਬ ਦੇ ਸਮੇਂ ਦੀ ਮੰਨਿਆ ਜਾ ਰਿਹਾ ਹੈ। ਅੱਜ ਕੱਲ ਇਸ ਬੇਰੀ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਆਲੇ-ਦੁਆਲੇ ਇਟਾਂ ਦੀ ਦੀਵਾਰ ਕੀਤੀ ਹੋਈ ਹੈ।

ਸਰਾਂ ਦੇ ਅੰਦਰਲਾ ਅਰਥਾਤ ਗੁਰਦੁਆਰਾ ਸਰਾਇ ਸਾਹਿਬ ਮਹਾਰਾਜਾ ਕਰਮ ਸਿੰਘ ਪਟਿਆਲਾ ਨੇ ਬਣਵਾਇਆ ਸੀ। ਇਸ ਗੁਰਦੁਆਰੇ ਵਿਚ ਦੋ ਲੋਹੇ ਦੀ ਤਖ਼ਤੀ ਉੱਪਰ ਉਕਰੇ ਹੋਏ ਪਟੇ ਪਏ ਹਨ। ਇਕ ਪਟੇ ਉੱਪਰ ਇਹ ਲਿਖਿਆ ਹੋਇਆ ਹੈ: ੧ਓ ਸਤਿਗੁਰ ਪਸਾਦਿ॥ ਪਟਾ ਜ਼ਮੀਨ ਦਾ ਪੰਜ ਸੌ ਅਠਾਹਠ ਵਿਘੇ ਸ੍ਰੀ ਦਮਦਮਾ ਸਾਹਿਬ ਪਾਤਸ਼ਾਹੀ 6, ਦੋਰਾਹਾ ਸਰਾਏ ਤੇ ਬਾਉਲੀ ਦੇ ਪਾਸ ਹੈ। ਲਖੀ ਚੰਦ ਦੀ ਤਰਫੋਂ ਲਿਖਿਆ ਗਿਆ ਹੈ ਸੰਮਤ ਬਿਕਰਮੀ 1695 ਸਹੀ ਲਖੀ ਚੰਦ।' ਇਹ ਪਟਾ ਲੋਹੇ ਦੇ ਟੁਕੜੇ 'ਤੇ ਖੁਦਿਆ ਹੋਇਆ ਹੈ।

ਪਟਾ ਨੰਦ ਇਸ ਤਰਾਂ ਹੈ: '੧ਓ ਸਤਿਗੁਰ ਪ੍ਰਸ਼ਾਦਿ॥ ੧ਓ ਪਟਾ ਪਾਤਸ਼ਾਹੀ 6, ਪਾਤਸ਼ਾਹੀ 10, ਦਮਦਮਾ ਸਾਹਿਬ ਸ਼ੇਰ ਬੌੜੀ ਮੇ ਮੰਜੀ ਹੈ 70 ਵਿਘੇ ਜ਼ਮੀਨ ਲੰਗਰ ਵਾਸਤੇ ਅਰਦਾਸ ਕੀਤੀ ਪਿੰਡ ਦੋਰਾਹਾ ਨੇ 1685, ਹੂ ਬਹੂ ਨਕਲ।' ਪਟਾ ਪਿਤਲ ਦੇ ਟੁਕੜੇ 'ਤੇ ਹੈ।

ਗੁਰਦੁਆਰਾ ਸਾਹਿਬ ਦੀ ਜ਼ਮੀਨ ਵਿਚ ਚਾਰ ਖੂਹ ਸਨ। ਇਨਾਂ ਦਾ ਵੇਰਵਾ ਇਸ ਤਰਾਂ ਹੈ: 1. ਬਾਉਲੀ ਸਾਹਿਬ ਵਾਲਾ ਖੂਹ ਜਿਹਦੇ ਨਾਲ ਗੁਰਦੁਆਰਾ ਬੇਰ ਸਾਹਿਬ ਹੈ। ਇੱਥੇ ਇਕ ਬਾਗ ਵੀ ਲਗਿਆ ਹੋਇਆ ਸੀ। 2. ਖਾਰਾ ਖੂਹ, ਇਹ ਖੂਹ ਲਖੀ ਚੰਦ ਦੇ ਪਰਿਵਾਰ ਦੀਆਂ ਸਮਾਧਾਂ ਦੇ ਪਿੱਛੇ ਕਰ ਕੇ ਹੈ। 3. ਇਹ ਬੌੜਾ ਖੂਹ ਹੈ। ਇਹ ਬਾਉਲੀ ਸਾਹਿਬ ਦੇ ਨੇੜੇ ਹੈ। ਦੱਸਿਆ ਜਾਂਦਾ ਹੈ ਕਿ ਸਰਾਂ ਵਿੱਚੋਂ ਇਕ ਅੰਡਰਗਰਾਊਂਡ ਰਸਤਾ ਵੀ ਇਸ ਖੂਹ ਨਾਲ ਜੁੜਿਆ ਹੋਇਆ ਸੀ। 4. ਉੱਚਾ ਖੂਹ: ਇਹ ਖੂਹ ਲਖੀ ਚੰਦ ਦੇ ਪਰਿਵਾਰ ਦੀਆਂ ਸਮਾਧਾਂ ਵੱਲ ਹੈ। ਇਸ ਦੇ ਉੱਪਰ ਇਕ ਪੁਰਾਣੀ ਟਾਹਲੀ ਦਾ ਦਰੱਖਤ ਹੈ। ਇੱਥੇ ਹੀ ਪੁਰਾਣੀਆਂ ਪੱਕੀਆਂ ਕੁੰਡਾਂ ਦੇ ਨਿਸ਼ਾਨ ਹਨ। ਭਾਵੇਂ ਇਹ ਸਾਰੇ ਖੂਹ ਅੱਜ ਨਹੀਂ ਰਹੇ। ਇਨਾਂ ਦੇ ਸਿਰਫ ਖੰਡਰਾਤ ਹੀ ਹਨ। ਇੱਥੇ ਨੇੜੇ ਦੀ ਹੀ ਦੋਰਾਹਾ ਨਹਿਰ ਲੰਘਦੀ ਹੈ ਜਿਹੜੀ ਮਾਲਵੇ ਦੇ ਤਕੜੇ ਹਿੱਸੇ ਨੂੰ ਸਿੰਜਦੀ ਹੈ।

ਧਮੋਟ (ਲੁਧਿਆਣਾ): ਪਿੰਡ ਧਮੋਟ ਇਸ ਸਮੇਂ ਜ਼ਿਲ੍ਹਾ ਲੁਧਿਆਣੇ ਅਤੇ ਥਾਣਾ ਪਾਇਲ ਦਾ ਮਸ਼ਹੂਰ ਪਿੰਡ ਹੈ। ਪਾਇਲ ਤੋਂ ਤਕਰੀਬਨ ਬਾਰਾਂ ਕਿਲੋਮੀਟਰ ਦੱਖਣ-ਪੱਛਮ ਵੱਲ ਹੈ। ਪਿੰਡ ਦੇ ਪਾਸ ਹੀ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦੁਆਰਾ ਹੈ। ਗੁਰੂ ਸਾਹਿਬ ਘੁਡਾਣੀ ਵੱਲੋਂ ਆਏ ਦੱਸੇ ਜਾਂਦੇ ਹਨ। ਪਹਿਲਾਂ ਪਹਿਲ ਇੱਥੇ ਸਿਰਫ ਇਕ ਸਾਧਾਰਣ ਜਿਹਾ

ਗੁਰਦੁਆਰਾ ਸੀ ਪਰ 1917 ਈ: ਤੋਂ ਪਿੱਛੋਂ ਬਹੁਤ ਅੱਛਾ ਗੁਰਦੁਆਰਾ ਬਣਾ ਦਿੱਤਾ ਗਿਆ ਹੈ। ਪਰਚੱਲਿਤ ਰਵਾਇਤ ਅਨੁਸਾਰ ਗੁਰੂ ਸਾਹਿਬ ਨੇ ਇੱਥੇ ਸਥਾਨਿਕ ਲੋਕਾਂ ਦੀ ਸਹੂਲਤ ਲਈ ਬਹੁਤ ਡੂੰਘਾ ਖੂਹ ਲਗਵਾਇਆ ਸੀ। ਡੂੰਘੇ ਖੂਹਾਂ ਦਾ ਪਾਣੀ ਪੀਣ ਯੋਗ ਹੁੰਦਾ ਸੀ ਜਦੋਂ ਕਿ ਘੱਟ ਡੂੰਘੇ ਖੂਹਾਂ ਦਾ ਪਾਣੀ ਖਾਰਾ ਹੁੰਦਾ ਸੀ। ਡੂੰਘੇ ਖੂਹ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੁੰਦੇ ਸਨ। ਇਸ ਲਈ ਗੁਰੂ ਸਾਹਿਬ ਆਪਣੇ ਸਿਖਾਂ ਰਾਹੀਂ ਖੂਹ ਖੁਦਵਾਉਣੇ ਸਨ ਅਤੇ ਕੁਝ ਮਾਇਕ ਮੱਦਦ ਵੀ ਕਰਦੇ ਸਨ। ਜਿਥੇ ਗੁਰੂ ਸਾਹਿਬ ਠਹਿਰੇ ਸਨ ਉਥੇ ਇਕ ਥੜ੍ਹਾ ਬਣਾ ਦਿੱਤਾ ਗਿਆ ਸੀ। ਫਿਰ ਇਸ ਥੜ੍ਹੇ ਦੁਆਲੇ ਇਕ ਤਕੜੀ ਝਿੜੀ ਬਣ ਗਈ ਸੀ।

ਰਾੜਾ ਸਾਹਿਬ (ਲੁਧਿਆਣਾ): ਪਿੰਡ ਰਾੜਾ, ਜਿਲ੍ਹਾ ਲੁਧਿਆਣੇ ਦਾ ਬਹੁਤ ਮਸ਼ਹੂਰ ਅਸਥਾਨ ਹੈ। ਇਹ ਦੋਰਾਹੇ ਤੋਂ ਪੱਛਮ ਵੱਲ 16 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਗੁੱਜਰਵਾਲ ਵੱਲੋਂ ਆਏ ਸਨ। ਪਹਿਲਾਂ ਇਹ ਪਿੰਡ ਰਿਆਸਤ ਪਟਿਆਲਾ ਵਿਚ ਸੀ। ਇੱਥੇ ਗੁਰੂ ਸਾਹਿਬ ਨੇ ਤਿੰਨ ਦਿਨ ਠਹਿਰਾ ਕੀਤਾ ਸੀ। ਉਸ ਸਮੇਂ ਇੱਥੇ ਜੰਗਲ ਹੀ ਜੰਗਲ ਸਨ। ਪਿੱਛੋਂ ਗੁਰੂ ਸਾਹਿਬ ਦੇ ਠਹਿਰਣ ਵਾਲੀ ਜਗਾਹ ਨੂੰ ਇਕ ਥੜ੍ਹੇ ਦੇ ਰੂਪ ਵਿਚ ਸੰਭਾਲ ਲਿਆ ਗਿਆ ਸੀ। ਸਿਖ ਰਿਆਸਤਾਂ ਵੇਲੇ ਪਟਿਆਲੇ ਦੀ ਰਾਣੀ ਸਾਹਿਬਾ ਬੀਬੀ ਜਸਵੰਤ ਕੌਰ ਸਪੁੱਤਰੀ ਸਰਦਾਰ ਰਤਨ ਸਿੰਘ ਨੇ ਇੱਥੇ ਗੁਰਦੁਆਰੇ ਦੀ ਸੇਵਾ ਕਰਵਾਈ। ਸਰਦਾਰ ਰਤਨ ਸਿੰਘ ਰਾੜਾ ਨਗਰ ਦੇ ਹੀ ਸਨ। ਕੜਾਹ ਪਰਸ਼ਾਦਿ, ਲੰਗਰ ਅਤੇ ਕੀਰਤਨ ਆਦਿ ਦਾ ਸਾਰਾ ਖਰਚਾ ਰਾਣੀ ਜਸਵੰਤ ਕੌਰ ਵੱਲੋਂ ਹੀ ਹੁੰਦਾ ਸੀ। ਹੋਲੇ ਮੁਹੱਲੇ ਦਾ ਉਤਸਵ ਹਰ ਸਾਲ ਭਰਦਾ ਹੁੰਦਾ ਸੀ। ਮਹੰਤ ਸਮੁੰਦ ਸਿੰਘ ਜੀ ਇੱਥੋਂ ਦੇ ਪਰਸਿੱਧ ਸੇਵਾਦਾਰ ਹੋਏ ਹਨ। ਭਾਈ ਕਾਨ੍ਹ ਸਿੰਘ ਨੇ ਲਿਖਿਆ ਹੈ ਕਿ ਗੁਰਦੁਆਰੇ ਵਿਚ ਰਹਿਣ ਲਈ ਮਕਾਨ ਬਣੇ ਹੋਏ ਹਨ। 80 ਬਿੱਘੇ ਜ਼ਮੀਨ ਪਿੰਡ ਅਤੇ ਮਹਾਰਾਣੀ ਵੱਲੋਂ ਹੈ।

ਘੁੜਾਣੀ (ਲੁਧਿਆਣਾ): ਪਿੰਡ ਘੁੜਾਣੀ ਰਾੜਾ ਸਾਹਿਬ ਤੋਂ ਤਕਰੀਬਨ 3 ਕਿਲੋਮੀਟਰ ਦੀ ਦੂਰੀ 'ਤੇ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਰਾੜਾ ਤੋਂ ਆਏ ਸਨ। ਗਿਆਨੀ ਠਾਕਰ ਸਿੰਘ ਅਨੁਸਾਰ 'ਇੱਥੇ ਸਾਹਿਬ ਤਿੰਨ ਮਹੀਨੇ ਰਹੇ ਅਤੇ ਸੰਗਤ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ। ਇਸ ਗੁਰਦੁਆਰੇ ਦੀ ਸੇਵਾ ਹੋਣੀ ਚਾਹੀਦੀ ਹੈ। ਜਾਗੀਰ ਜ਼ਮੀਨ ਕੋਈ ਨਹੀਂ ਅਤੇ ਨਗਰ ਦੇ ਪ੍ਰੇਮੀ ਸੇਵਾ ਕਰਦੇ ਹਨ।' (ਪੰਨਾ 174) ਪਿੰਡ ਘੁੜਾਣੀ ਵਿਚ ਬਾਬਾ ਰਾਮ ਰਾਇ ਦੇ ਮਸੰਦ ਰਹਿੰਦੇ ਹੁੰਦੇ ਸਨ। ਇਨ੍ਹਾਂ ਨੇ ਇਕ ਵਾਰ ਸੰਗਤ ਵਿਚ ਕੀਰਤਨ ਕਰ ਰਹੇ ਭਾਈ ਬੁਲਾਕੀ ਸਿੰਘ ਰਾਗੀ ਦਾ ਦੁਤਾਰਾ ਭੰਨ ਦਿੱਤਾ ਸੀ। ਜਦੋਂ ਬੰਦਾ ਸਿੰਘ ਬਹਾਦੁਰ ਪੰਜਾਬ ਵਿਚ ਆਇਆ ਸੀ ਤਾਂ ਉਸ ਨੇ ਇਸ ਪਿੰਡ ਦੇ ਮਸੰਦਾਂ ਨੂੰ ਸੋਧਿਆ ਸੀ। ਇੱਥੇ ਇਕ ਪਰਿਵਾਰ ਪਾਸ ਗੁਰੂ ਹਰਿਗੋਬਿੰਦ ਸਾਹਿਬ ਦਾ ਚੋਲਾ ਸੁਣੀਂਦਾ ਹੈ। ਇਹ ਪਰਿਵਾਰ ਗੁਰੂ ਸਾਹਿਬ ਦੇ ਸਮਕਾਲੀ ਭਾਈ ਸੁਰਤੀਏ ਮਸੰਦ ਦਾ ਕਹੀਦਾ ਹੈ। ਭਾਈ ਸੁਰਤੀਏ ਨੂੰ ਇਹ ਚੋਲਾ ਗੁਰੂ ਜੀ ਨੇ ਬਖ਼ਸ਼ਿਆ ਦੱਸਿਆ ਜਾਂਦਾ ਹੈ। ਇੱਥੇ ਵੀ ਹੋਲੇ ਮਹੱਲੇ ਨੂੰ ਮੇਲਾ ਲਗਦਾ ਹੈ।

ਜੰਡਾਲੀ (ਲੁਧਿਆਣਾ): ਪਿੰਡ ਜੰਡਾਲੀ ਪਾਇਲ ਤੋਂ 14 ਕਿਲੋਮੀਟਰ ਅਤੇ ਘੁੜਾਣੀ ਤੋਂ 9 ਕਿਲੋਮੀਟਰ ਦੀ ਦੂਰੀ 'ਤੇ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਘੁੜਾਣੀ ਵੱਲੋਂ ਆਏ ਸਨ। ਗਿਆਨੀ ਠਾਕੁਰ ਸਿੰਘ ਅਨੁਸਾਰ 'ਇੱਥੇ ਸਤਿਗੁਰੂ ਜੀ ਨੇ ਸੰਗਤ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ ਅਤੇ ਸਤਿਸੰਗਤ ਦੀ ਮਹਿਮਾ ਤੇ ਸਤਿਸੰਗ ਕਰਨਾ, ਅੰਮ੍ਰਿਤ ਵੇਲੇ ਜਾਗਣ ਦਾ

ਉਪਦੇਸ ਦਿੱਤਾ.......ਸੇਵਾਦਾਰ ਨਿਹੰਗ ਸਿੰਘ ਹਨ। ਮਹਾਂ ਸਿੰਘ ਨਾਮੇ ਪ੍ਰੇਮੀ ਨੇ ਗੁਰਦੁਆਰੇ ਵਿਚ ਖੂਹ ਲਗਵਾਇਆ।' ਇੱਥੇ ਜੰਡ ਦੇ ਦਰੱਖਤ ਜਿਆਦਾ ਹੋਣ ਕਰ ਕੇ ਨਾਂ ਜੰਡਾਵਾਲੀ ਜਾਂ ਜੰਡਿਆਲੀ ਪੈ ਗਿਆ ਹੈ।

ਕੋਟਾਂ (ਲੁਧਿਆਣਾ): ਗੁਰਦੁਆਰਾ ਮੰਜੀ ਸਾਹਿਬ ਕੋਟਾਂ ਸਿਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿਚ ਬਣਿਆ ਹੋਇਆ ਹੈ। ਇਹ ਅਸਥਾਨ ਜ਼ਿਲ੍ਹਾ ਲੁਧਿਆਣਾ ਵਿਚ, ਜੀ. ਟੀ. ਰੋਡ ਦੇ ਬਿਲਕੁਲ ਉੱਪਰ ਦੋਰਾਹੇ ਤੋਂ ਖੰਨੇ ਨੂੰ ਜਾਂਦਿਆਂ ਖੱਬੇ ਪਾਸੇ ਦੋਰਾਹੇ ਤੋਂ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਸੜਕ ਦੇ ਉੱਪਰ ਹੀ ਸਭ ਤੋਂ ਪਹਿਲਾਂ ਬੜੀ ਅਲੀਸ਼ਾਨ ਦਰਸ਼ਨੀ ਡਿਉਢੀ ਹੈ। ਅੰਦਰ ਜਾਣ ਦਾ ਰਸਤਾ ਭਾਵੇਂ ਡਿਉਢੀ ਵਿੱਚੋਂ ਦੀ ਨਹੀਂ ਹੈ ਸਗੋਂ ਸੱਜੇ ਪਾਸੇ ਦੀ ਖੁੱਲ੍ਹੀ ਥਾਂ ਰਾਹੀਂ ਦੀ ਹੈ। ਅੱਗੇ ਜਾ ਕੇ ਪਹਿਲਾਂ ਸੱਜੇ ਪਾਸੇ ਸਰੋਵਰ ਅਤੇ ਲੰਗਰ ਦੀ ਇਮਾਰਤ ਹੈ। ਫਿਰ ਲੰਗਰ ਦੀ ਇਮਾਰਤ ਦੇ ਬਰਾਬਰ ਹੀ ਸਿਰੀ ਦਰਬਾਰ ਸਾਹਿਬ ਵਾਲੀ ਸੁੰਦਰ ਥਾਂ ਹੈ। ਦਰਬਾਰ ਸਾਹਿਬ ਤੋਂ ਪਹਿਲਾਂ ਨਿਸ਼ਾਨ ਸਾਹਿਬ ਹੈ। ਦਰਬਾਰ ਸਾਹਿਬ ਅੰਦਰ ਇਕ ਨੀਚੇ ਜਮੀਨ ਦੋਜ਼ ਭੋਰਾ ਹੈ। ਇਸ ਭੋਰੇ ਦੇ ਉੱਪਰ ਕਈ ਆਖੰਡ ਪਾਠ ਲਗਾਤਾਰ ਚਲਦੇ ਰਹਿੰਦੇ ਹਨ। ਆਖੰਡ ਪਾਠਾਂ ਦੇ ਉੱਚੇ ਥੜੇ ਦੇ ਪਿੱਛੇ ਦੀ ਇਕ ਤੰਗ ਰਸਤਾ ਪਾਉੜੀਆਂ ਵਾਲਾ ਹੈ ਜਿੱਥੋਂ ਦੀ ਦਾਖ਼ਲ ਹੋ ਕੇ ਸ਼ਰਧਾਲੂ ਪੁਰਾਣਾ ਮੰਜੀ ਸਾਹਿਬ ਵਾਲਾ ਥੜ੍ਹਾ ਵੇਖਦੇ ਹਨ। ਇਹ ਗੁਰਦੁਆਰਾ ਸਾਹਿਬ ਹੁਣੇ ਹੀ ਥੋੜੇ ਚਿਰ ਤੋਂ ਪਰਗਟ ਹੋਇਆ ਹੈ। ਇਸ ਦੇ ਪਰਗਟ ਹੋਣ ਦੀ ਕਥਾ ਇੱਥੋਂ ਦੇ ਪਰਬੰਧਕਾਂ ਦੇ ਦੱਸਣ ਮੁਤਾਬਕ ਇਉਂ ਹੈ:

ਇਹ ਗੁਰ ਅਸਥਾਨ ਪਰਗਟ ਹੋਣ ਤੋਂ ਪਹਿਲਾਂ ਸ੍ਰ: ਹਰਭਜਨ ਸਿੰਘ ਸਪੁੱਤਰ ਸ੍ਰ: ਕਿਰਪਾਲ ਸਿੰਘ ਦੀ ਵਾਹਿਕ ਜ਼ਮੀਨ ਸੀ। ਸ੍ਰ: ਹਰਭਜਨ ਸਿੰਘ ਆਪਣੇ ਸੀਰੀ ਗੁਰਦੇਵ ਸਿੰਘ ਨਾਲ 12.8.1953 ਨੂੰ ਇਸ ਜਮੀਨ ਵਿਚ ਹੱਲ ਵਾਹ ਰਿਹਾ ਸੀ। ਹਲ ਵਾਹੁੰਦੇ-ਵਾਹੁੰਦੇ ਗੁਰਦੇਵ ਸਿੰਘ ਦੇ ਹੱਲ ਦਾ ਫਾਲਾ ਜ਼ਮੀਨ ਹੇਠਾਂ ਕਈ ਵਾਰ ਪੱਕੀ ਚੀਜ਼ ਨਾਲ ਰਗੜਦਾ ਰਿਹਾ ਅਤੇ ਫਸਦਾ ਰਿਹਾ। ਵਾਰ-ਵਾਰ ਕਿਸੇ ਪੱਕੀ ਚੀਜ਼ ਨਾਲ ਰਗੜਨ ਕਰ ਕੇ ਗੁਰਦੇਵ ਸਿੰਘ ਨੇ ਹੱਲ ਖੜਾ ਕਰ ਕੇ ਸੰਬੰਧਿਤ ਥਾਂ ਨੂੰ ਪੁੱਟ ਕੇ ਜਦੋਂ ਦੇਖਿਆ ਤਾਂ ਹੇਠੋਂ ਇਕ ਅਚੰਭਾ ਸੀ। ਖੁਦਾਈ ਕਰਨ ਤੇ ਇਕ ਪੂਰਾ ਥੜ੍ਹਾ ਪੱਕਾ ਮਿਲ ਗਿਆ ਸੀ। ਹਰਭਜਨ ਸਿੰਘ ਦੇ ਪਿਤਾ ਸ: ਕਿਰਪਾਲ ਸਿੰਘ ਸਿਆਣੇ ਅਤੇ ਗੁਰਮਤ ਦੇ ਖੋਜੀ ਬਜ਼ੁਰਗ ਸਨ। ਉਨ੍ਹਾਂ ਨੂੰ ਪਤਾ ਸੀ ਕਿ ਇਸ ਇਲਾਕੇ ਵਿਚ ਗੁਰੂ ਹਰਿਗੋਬਿੰਦ ਸਾਹਿਬ ਆਏ ਸਨ। ਉਨਾਂ ਨੂੰ ਅਚੇਤ ਹੀ ਇਹ ਗਿਆਨ ਹੋਇਆ ਕਿ ਜ਼ਮੀਨ ਹੇਠੋਂ ਮਿਲਿਆ ਥੜ੍ਹਾ ਜਿਸ ਨੂੰ ਉਹ ਮੰਜੀ ਸਾਹਿਬ ਕਹਿੰਦੇ ਸਨ, ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ ਹੈ। ਇਸ ਜ਼ਮੀਨ ਦਾ ਮਾਲਕ ਪਰਿਵਾਰ ਹਰਿਭਜਨ ਸਿੰਘ ਅਤੇ ਕਿਰਪਾਲ ਸਿੰਘ ਗੁਰੂ ਘਰ ਦਾ ਸਰਧਾਲੂ ਸੀ। ਇਸ ਲਈ ਇਨਾਂ ਨੇ ਇਹ ਥਾਂ ਗੁਰੂ ਹਰਿਗੋਬਿੰਦ ਸਾਹਿਬ ਦੇ ਨਾਂ ਹੀ ਕਰ ਦਿੱਤੀ। ਇੱਥੇ ਨੇੜੇ ਹੀ ਇਕ ਸਰਾਂ ਹੈ ਜਿਹੜੀ ਸ਼ੇਰ ਸ਼ਾਹ ਸੂਰੀ ਦੇ ਸਮੇ ਦੀ ਹੈ। ਅਜਿਹੀਆਂ ਬਹੁਤ ਸਾਰੀਆਂ ਸਰਾਵਾਂ ਜੀ. ਟੀ. ਰੋਡ ਉੱਪਰ ਉਸ ਸਮੇਂ ਬਣਾਈਆਂ ਗਈਆਂ ਸਨ। ਇਸ ਪਰਿਵਾਰ ਨੇ ਅਤੇ ਇਲਾਕੇ ਦੀਆਂ ਸੰਗਤਾਂ ਨੇ ਇਸ ਸਰਾਂ ਨੂੰ ਜਹਾਂਗੀਰ ਦਾ ਕਿਲਾ ਸਮਝ ਲਿਆ ਸੀ। ਜਹਾਂਗੀਰ ਇਸ ਥਾਂ 'ਤੇ ਬਿਰਾਜ ਸਕਦਾ ਸੀ ਕਿਉਂਕਿ ਉਹ ਸਰਹਿੰਦ ਵਿਖੇ ਬਣੇ ਆਮ ਖਾਸ ਬਾਗ ਵਿਚ ਕਾਫੀ ਸਮਾਂ ਰਹਿੰਦਾ ਰਿਹਾ ਸੀ। ਉੱਥੇ ਰਹਿਣ ਸਮੇਂ ਇਸ ਇਲਾਕੇ ਵਿਚ ਸ਼ਿਕਾਰ ਆਦਿ ਖੇਡਣ ਸਮੇਂ ਕਦੇ ਵੀ ਆ

ਸਕਦਾ ਸੀ ਪਰ ਜਿਹੜੀ ਇਹ ਗੱਲ ਹੈ ਕਿ ਇੱਥੇ ਜਹਾਂਗੀਰ ਬਾਦਸ਼ਾਹ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿੱਚੋਂ ਨਾਲ ਲੈ ਕੇ ਇੱਥੇ ਆਏ ਸਨ ਇਸ ਬਾਰੇ ਕੋਈ ਵੀ ਪਰਮਾਣੀਕ ਗਵਾਹੀ ਸਾਡੇ ਪਾਸ ਨਹੀਂ ਹੈ। ਅਸੀਂ ਤਾਂ ਅਜੇ ਤੱਕ ਇਸ ਗੱਲ ਬਾਰੇ ਵੀ ਕੋਈ ਸਿੱਟਾ ਨਹੀਂ ਕੱਢ ਸਕੇ ਕਿ ਗੁਰੂ ਸਾਹਿਬ ਕਿਨਾਂ ਸਮਾਂ ਕੈਦ ਵਿਚ ਰਹੇ ਸਨ ਅਤੇ ਇਸ ਕੈਦ ਦਾ ਸਮਾਂ ਕਿਹੜਾ ਸੀ।

ਸਿਖਾਂ ਵਿਚ ਇਹ ਰਿਵਾਜ ਸੀ ਕਿ ਜਿਸ ਥਾਂ 'ਤੇ ਗੁਰੂ ਸਾਹਿਬ ਕਿਸੇ ਸਮੇਂ ਕੁਝ ਸਮਾਂ ਬਿਰਾਜਦੇ ਸਨ ਤਾਂ ਪਿੱਛੋਂ ਗੁਰੂ ਜੀ ਦੀ ਯਾਦ ਵੱਜੋਂ ਸਿਖ ਉੱਥੇ ਇਕ ਥੜ੍ਹਾ ਜਿਹਾ ਬਣਾ ਦਿੰਦੇ ਸਨ ਤਾਂ ਕਿ ਥਾਂ ਦੀ ਨਿਸ਼ਾਨੀ ਰਹੇ। ਥੜ੍ਹੇ ਗੁਰੂ ਹਰਿਗੋਬਿੰਦ ਸਾਹਿਬ ਵੀ ਪਹਿਲੇ ਗੁਰੂਆਂ ਦੀਆਂ ਯਾਤਰਾ ਕੀਤੀਆਂ ਥਾਵਾਂ 'ਤੇ ਬਣਾਉਂਦੇ ਰਹਿੰਦੇ ਸਨ। ਇਸ ਕਰ ਕੇ ਇਹ ਗੱਲ ਪੱਕੀ ਹੈ ਕਿ ਭਾਵੇਂ ਤਾਂ ਇਹ ਥੜ੍ਹਾ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਕਿਸੇ ਪਹਿਲੇ ਗੁਰੂ ਦੀ ਯਾਦ ਵਿਚ ਬਣਵਾਇਆ ਹੋਵੇ ਅਤੇ ਭਾਵੇਂ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ ਪਿੱਛੋਂ ਇੱਥੇ ਦੇ ਸਿਖਾਂ ਨੇ ਬਣਵਾਇਆ ਹੋਵੇ। ਜਿਨਾਂ ਤਾਰੀਕਾਂ ਨੂੰ ਇਹ ਥੜਾ ਜ਼ਮੀਨ ਵਿੱਚੋਂ ਮਿਲਿਆ ਸੀ ਉਨਾਂ ਹੀ ਤਾਰੀਕਾਂ ਨੂੰ ਅਰਥਾਤ 12-13-14 ਅਗਸਤ ਨੂੰ ਹਰ ਸਾਲ ਗੁਰੂ ਜੀ ਦੀ ਯਾਦ ਵਿਚ ਮੇਲਾ ਜੁੜਦਾ ਹੈ। ਇੱਥੋਂ ਦੀਆਂ ਚਾਰੇ ਕੋਟਾਂ ਦੇ ਲੋਕ ਮਿਲ ਕੇ ਇਸ ਅਸਥਾਨ ਦੀ ਸੇਵਾ ਕਰਦੇ ਹਨ। ਜੋ ਪਰਬੰਧਕ ਕਮੇਟੀ ਹੈ ਉਸ ਦੇ ਪਰਧਾਨ ਸਰਦਾਰ ਅਮਰ ਸਿੰਘ ਮਾਂਗਟ ਹਨ। ਇਸੇ ਪਰਧਾਨ ਦੀ ਅਗਵਾਈ ਵਿਚ ਗੁਰਦੁਆਰਾ ਸਾਹਿਬ ਦੀ ਸਾਰੀ ਉਸਾਰੀ ਹੋਈ ਹੈ। 1989 ਵਿਚ ਇਕ ਗੁਰੂ ਹਰਿਗੋਬਿੰਦ ਸਾਹਿਬ ਪਬਲਿਕ ਸਕੂਲ ਵੀ ਚਾਲੂ ਕੀਤਾ ਗਿਆ ਹੈ। ਲੰਗਰ ਵਿਚ 24 ਘੰਟੇ ਲੰਗਰ ਤਿਆਰ ਅਤੇ ਤਾਜ਼ਾ ਮਿਲਦਾ ਹੈ। ਚਾਹ ਵੀ ਹਰ ਸਮੇਂ ਤਿਆਰ ਮਿਲਦੀ ਹੈ। ਲੰਗਰ ਦਾ ਪਰਸ਼ਾਦਾ ਬਹੁਤ ਹੀ ਸੁਆਦ ਹੁੰਦਾ ਹੈ। ਗੁਰ ਅਸਥਾਨ ਬਹੁਤ ਹੀ ਰਮਣੀਕ ਹੈ। ਟਰੱਕ, ਕਾਰ; ਅਤੇ ਸਕੂਟਰ ਵਾਲਾ ਹਰ ਯਾਤਰੀ ਇੱਥੋਂ ਦੀ ਲੰਘਣ ਲੱਗਿਆਂ ਗੁਰੂ ਅਸਥਾਨ ਦੇ ਦਰਸ਼ਨ ਕਰ ਕੇ ਜਾਂਦਾ ਹੈ।

ਡੇਹਲੋਂ (ਲੁਧਿਆਣਾ): ਪਿੰਡ ਡੇਹਲੋਂ ਜਿਲ੍ਹਾਂ ਲੁਧਿਆਣੇ ਦਾ ਪਰਸਿੱਧ ਕਸਬਾ ਹੈ ਜਿਹੜਾ ਲੁਧਿਆਣਾ-ਮਾਲੇਰਕੋਟਲਾ ਸੜਕ ਉੱਪਰ ਸਥਿਤ ਹੈ। ਥਾਣਾ ਖਾਸ ਹੈ। ਡੇਹਲੋਂ ਤੋਂ ਨਾਰੰਗਵਾਲ ਪੰਜ ਕਿਲੋਮੀਟਰ ਅਤੇ ਗੁਰਮ ਤਿੰਨ ਕਿਲੋਮੀਟਰ ਦੀ ਵਿੱਥ 'ਤੇ ਹਨ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਪਧਾਰੇ ਸਨ। ਗੁਰੂ ਸਾਹਿਬ ਜਰਗੇੜੇ ਵੱਲੋਂ ਆਏ ਦੱਸੇ ਜਾਂਦੇ ਹਨ ਅਤੇ ਗੁੱਜਰਵਾਲ ਵੱਲ ਗਏ ਦੱਸੇ ਜਾਂਦੇ ਹਨ। ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ।

ਸਿਆਹੜ (ਲੁਧਿਆਣਾ): ਪਿੰਡ ਸਿਆਹੜ, ਜਿਲ੍ਹਾ ਲੁਧਿਆਣਾ ਵਿਚ ਡੇਹਲੋਂ ਤੋਂ ਥੋੜੀ ਹੀ ਦੂਰ ਹੈ। ਇੱਥੋਂ ਅਹਿਮਦਗੜ ਛੇ ਕਿਲੋਮੀਟਰ ਦੀ ਵਿੱਥ 'ਤੇ ਰਹਿ ਜਾਂਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਇਸ ਇਲਾਕੇ ਵਿਚ ਵਿਚਰਦੇ ਹੋਏ ਇੱਥੇ ਪਧਾਰੇ ਸਨ। ਸਥਾਨਿਕ ਰਵਾਇਤ ਅਨੁਸਾਰ ਜਦੋਂ ਗੁਰੂ ਸਾਹਿਬ ਇੱਥੇ ਪਹੁੰਚੇ ਸਨ ਤਾਂ ਉਨ੍ਹਾਂ ਦਾ ਇਕ ਘੋੜਾ ਜੋ ਪਹਿਲਾਂ ਤੋਂ ਬਿਮਾਰ ਚਲਿਆ ਆਉਂਦਾ ਸੀ, ਇੱਥੇ ਪਹੁੰਚ ਕੇ ਮਰ ਗਿਆ ਸੀ। ਗੁਰਦੁਆਰੇ ਦੇ ਇਕ ਪਾਸੇ ਸਿਖ ਸੰਗਤਾਂ ਨੇ ਘੋੜੇ ਨੂੰ ਦੱਬਣ ਵਾਲੀ ਜਗਾਹ 'ਤੇ ਇਕ ਸਮਾਧ ਬਣਾ ਰੱਖੀ ਹੈ। ਇਸ ਸਮੇਂ ਗੁਰੂ ਜੀ ਦੇ ਠਹਿਰਣ ਵਾਲੀ ਥਾਂ 'ਤੇ ਬਹੁਤ ਸੁੰਦਰ ਗੁਰਦੁਆਰਾ ਬਣਿਆ ਹੋਇਆ

ਹੈ ਜਿਸ ਨੂੰ ਸੰਮਤ 1975 ਬਿ. ਮੁਤਾਬਕ ਸੰਨ 1918 ਈ: ਵਿਚ ਭਾਈ ਟਹਿਲ ਸਿੰਘ ਨੇ ਬਣਵਾਇਆ ਸੀ।

ਘੁੰਗਰਾਣਾ (ਲੁਧਿਆਣਾ): ਪਿੰਡ ਘੁੰਗਰਾਣਾ, ਜ਼ਿਲ੍ਹਾ ਲੁਧਿਆਣਾ ਦਾ ਪਰਸਿੱਧ ਪਿੰਡ ਹੈ ਜਿਹੜਾ ਅਹਿਮਦ ਗੜ੍ਹ ਦੇ ਨੇੜੇ ਹੀ ਸਥਿਤ ਹੈ। ਗੁਰੂ ਸਾਹਿਬ ਗੁਜਰਵਾਲ ਤੋਂ ਡੇਹਲੋਂ ਵੱਲ ਜਾਂਦੇ ਹੋਏ ਇੱਥੇ ਠਹਿਰੇ ਸਨ। ਸਥਾਨਕ ਲੋਕ ਦਸਦੇ ਹਨ ਕਿ ਪਿੰਡ ਦੀ ਵਰਤਮਾਨ ਆਬਾਦੀ ਪਹਿਲਾਂ ਰੇਲਵੇ ਦੇ ਫਾਟਕ ਦੇ ਨੇੜੇ ਸੀ। ਫਿਰ ਪਿੱਛੋਂ ਉੱਥੇ ਉੱਠ ਕੇ ਵਰਤਮਾਨ ਥਾਂ 'ਤੇ ਵਸ ਗਈ ਸੀ। ਰੇਲਵੇ ਫਾਟਕ ਦੇ ਨੇੜੇ ਹੀ ਢੱਠੇ ਹੋਏ ਕਿਲੇ ਦੀ ਨਿਸ਼ਾਨੀ ਇਕ ਬੁਰਜ ਹੈ। ਇਸ ਤੋਂ ਦੱਖਣ-ਪੂਰਬ ਵਲ ਕੁਝ ਹੀ ਫਾਸਲੇ ਪਰ ਗੁਰੂ ਜੀ ਦਾ ਠਹਿਰਣ ਵਾਲਾ ਅਸਥਾਨ ਹੈ। ਅੱਜ ਕੱਲ ਬਹੁਤ ਸੁੰਦਰ ਗੁਰਦੁਆਰਾ ਇੱਥੇ ਸਸ਼ੋਭਿਤ ਹੈ। ਮਸਤੂਆਣੇ ਵਾਲੇ ਸੰਤਾਂ ਦੀ ਸੰਪਰਦਾ ਦਾ ਵਿਅਕਤੀ ਇਸ ਅਸਥਾਨ ਦੀ ਸੇਵਾ-ਸੰਭਾਲ ਕਰ ਰਿਹਾ ਹੈ। ਇੱਥੇ ਦੇ ਮੁੱਖ ਸੇਵਾ ਦਾਰਾਂ ਅਤੇ ਪਰਚਾਰਕਾਂ ਵਿੱਚੋਂ ਭਾਈ ਕਿਸ਼ਨ ਸਿੰਘ, ਭਾਈ ਗੁਰਨਾਮ ਸਿੰਘ, ਭਾਈ ਸ਼ਰਨ ਸਿੰਘ, ਭਾਈ ਸੇਵਾ ਸਿੰਘ ਅਤੇ ਇਨ੍ਹਾਂ ਦਾ ਪੁੱਤਰ ਭਾਈ ਮਾਨ ਸਿੰਘ ਹੋਏ ਹਨ। ਭਾਈ ਦਿਆਲ ਸਿੰਘ ਅਤੇ ਭਾਈ ਮੋਹਰ ਸਿੰਘ ਰਾਗੀ ਵੀ ਪਰਸਿੱਧ ਪਰਚਾਰਕ ਹੋਏ ਹਨ।

ਮੰਡੀ ਗੋਬਿੰਦਗੜ੍ਹ (ਫਤਿਹਗੜ ਸਾਹਿਬ): ਮੰਡੀ ਗੋਬਿੰਦਗੜ੍ਹ ਸਰਹਿੰਦ-ਲੁਧਿਆਣਾ ਜੀ. ਟੀ. ਰੋਡ ਉੱਪਰ ਸਥਿਤ ਹੈ ਅਤੇ ਲੋਹੇ ਦੇ ਸਮਾਨ ਦੀ ਮਸ਼ਹੂਰ ਮੰਡੀ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਧਰਮ ਪਰਚਾਰ ਕਰਦੇ ਰਾੜਾ ਸਾਹਿਬ ਵੱਲੋਂ ਆਏ ਸਨ ਅਤੇ ਅੱਗੇ ਸੋਟੀ ਸਾਹਿਬ ਨੂੰ ਗਏ ਸਨ। ਪਹਿਲਾਂ ਇੱਥੇ ਸਿਰਫ ਛੋਟਾ ਜਿਹਾ ਮੰਜੀ ਸਾਹਿਬ ਹੀ ਸੀ ਪਰ ਸੰਮਤ 1979 ਬਿ. ਮੁਤਾਬਕ 1922 ਈ. ਵਿਚ ਪੱਕਾ ਗੁਰਦੁਆਰਾ ਬਣ ਗਿਆ ਹੈ। ਇੱਥੇ ਹੋਲੇ -ਮੁਹੱਲੇ ਨੂੰ ਮੇਲਾ ਲਗਦਾ ਹੈ।

ਸੋਟੀ ਸਾਹਿਬ: ਪਿੰਡ ਸੋਟੀ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਮੰਡੀ ਗੋਬਿੰਦਗੜ੍ਹ ਤੋਂ ਦੱਖਣ-ਪੂਰਬ ਵੱਲ ਛੇ ਕਿਲੋਮੀਟਰ ਦੀ ਵਿੱਥ 'ਤੇ ਹੈ। ਪਿੰਡ ਤੋਂ ਬਾਹਰਵਾਰ ਪੂਰਬ ਵੱਲ ਤਕਰੀਬਨ ਇਕ ਕਿਲੋਮੀਟਰ ਦੀ ਵਿੱਥ 'ਤੇ ਗੁਰੂ ਹਰਿ ਗੋਬਿੰਦ ਸਾਹਿਬ ਦਾ ਗੁਰਦੁਆਰਾ ਹੈ। ਪਰਚੱਲਿਤ ਰਵਾਇਤਾਂ ਅਨੁਸਾਰ ਜਦੋਂ ਗੁਰੂ ਸਾਹਿਬ ਆਪਣੇ ਸਿਖਾਂ ਸਮੇਤ ਇੱਥੇ ਸ਼ਿਕਾਰ ਖੇਡ ਰਹੇ ਸੀ ਤਾਂ ਇਕ ਜੰਗਲੀ ਸੂਰ ਨੇ ਗੁਰੂ ਜੀ ਦੇ ਇਕ ਸ਼ਿਕਾਰੀ ਕੁੱਤੇ ਨਾਲ ਐਸਾ ਭੇੜ ਕੀਤਾ ਕਿ ਅਖੀਰ 'ਤੇ ਉਹ ਦੋਵੇਂ ਹੀ ਹਫ ਕੇ ਮਰ ਗਏ ਸਨ। ਗੁਰੂ ਜੀ ਨੇ ਸਿਖਾਂ ਨੂੰ ਹਦਾਇਤ ਕੀਤੀ ਸੀ ਕਿ ਦੋਵਾਂ ਨੂੰ ਲੜਨ ਦਿਓ। ਕਿਸੇ ਦੀ ਵੀ ਮਦਦ ਨਾ ਕੀਤੀ ਜਾਵੇ। ਪਿੱਛੋਂ ਇਸ ਥਾਂ 'ਤੇ ਸਿਖ ਸੰਗਤਾਂ ਨੇ ਇਕ ਗੁਰਦੁਆਰਾ ਬਣਵਾ ਦਿੱਤਾ ਸੀ। ਇਹ ਪਿੰਡ ਪਿੱਛੋਂ ਰਿਆਸਤ ਨਾਭਾ ਵਿਚ ਆ ਗਿਆ ਸੀ। ਰਿਆਸਤ ਨਾਭਾ ਵੱਲੋਂ ਇਸ ਗੁਰਦੁਆਰਾ ਦੇ ਨਾਂ 260 ਵਿਘੇ ਜ਼ਮੀਨ ਅਤੇ 48 ਰੁਪਏ ਨਕਦ ਸਾਲਾਨਾ ਲਗਵਾਏ ਗਏ ਸਨ।

ਝਿੜਾ ਸਾਹਿਬ (ਸੰਗਰੂਰ): ਇਹ ਗੁਰੂ ਅਸਥਾਨ ਜ਼ਿਲ੍ਹਾ ਸੰਗਰੂਰ ਦੇ ਪਿੰਡ ਕਾਂਝਲਾ ਦੇ ਪੱਛਮ ਵੱਲ ਹੈ। ਪਿੰਡ ਕਾਂਝਲਾ, ਸੰਗਰੂਰ ਤੋਂ ਪੱਛਮ-ਉੱਤਰ ਵੱਲ ਤਕਰੀਬਨ ਬਾਰਾਂ ਕਿਲੋਮੀਟਰ ਦੀ ਵਿੱਥ 'ਤੇ ਹੈ। ਇੱਥੇ ਗੁਰੂ ਹਰਿਗੋਬਿੰਦ ਸਾਹਿਬ ਇਸ ਇਲਾਕੇ ਵਿਚ ਪਰਚਾਰ ਦੌਰਾ ਕਰਦੇ ਸਮੇਂ ਆਏ ਸਨ। ਸੰਤ ਬਾਬਾ ਅਤਰ ਸਿੰਘ ਜੀ ਦੇ ਸੇਵਕ ਮਹੰਤ ਬਿਸ਼ਨ ਸਿੰਘ ਜੀ ਦੇ ਉੱਦਮ ਨਾਲ ਇੱਥੇ ਸੁੰਦਰ ਅਸਥਾਨ ਬਣਾਇਆ ਗਿਆ ਹੈ। ਪਿੰਡ ਵੱਲੋਂ ਇਸ

ਅਸਥਾਨ ਨਾਲ ਬੀਹ ਬਿਘੇ ਜ਼ਮੀਨ ਵੀ ਲਗਵਾਈ ਗਈ ਸੀ। ਸੱਤਰ ਬਿਘੇ ਜ਼ਮੀਨ ਮਾਈ ਬਿਸ਼ਨ ਕੌਰ ਵੱਲੋਂ ਲਗਵਾਈ ਹੋਈ ਹੈ।

ਅਕੋਈ ਸਾਹਿਬ (ਸੰਗਰੂਰ): ਪਿੰਡ ਅਕੋਈ ਸੰਗਰੂਰ ਸ਼ਹਿਰ ਤੋਂ ਉੱਤਰ ਵੱਲ ਚਾਰ ਕੁ ਕਿਲੋਮੀਟਰ ਦੀ ਦੂਰੀ 'ਤੇ ਹੈ। ਸੰਗਰੂਰ-ਧੂਰੀ ਰੋਡ ਤੋਂ ਲਿੰਕ ਸੜਕ ਜਾਂਦੀ ਹੈ। ਇਥੇ ਗੁਰੂ ਹਰਿਗੋਬਿੰਦ ਸਾਹਿਬ ਸੋਟੀ ਵੱਲੋਂ ਆਏ ਸਨ। ਪਰਚੱਲਿਤ ਕਥਾਵਾਂ ਅਨੁਸਾਰ ਇਥੇ ਗੁਰੂ ਘਰ ਦਾ ਇਕ ਸ਼ਰਧਾਲੂ ਸਿਖ ਭਾਈ ਮਾਣਕ ਚੰਦ ਰਹਿੰਦਾ ਸੀ। ਭਾਈ ਮਾਣਕ ਚੰਦ ਦੇ ਸੱਦੇ ਤੇ ਹੀ ਸਿਖ ਸੰਗਤਾਂ ਨੂੰ ਦਰਸ਼ਨ ਦੇਣ ਲਈ ਗੁਰੂ ਸਾਹਿਬ ਇਥੇ ਆਏ ਸਨ। ਗੁਰੂ ਜੀ ਦੀ ਯਾਦ ਵਿਚ ਬਹੁਤ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ। ਇਸ ਧਾਰਮਿਕ ਅਸਥਾਨ ਦੀ ਸੇਵਾ ਸਰਦਾਰ ਦੀਵਾਨ ਸਿੰਘ ਰਈਸ ਘੜਰੁੱਖਾਂ ਵਾਲਿਆਂ ਨੇ ਕਰਵਾਈ ਹੈ। ਗੁਰਦੁਆਰੇ ਦੇ ਵਿਚ ਹੀ ਇਕ ਬਹੁਤ ਪੁਰਾਣਾ ਕਿੱਕਰ ਦਾ ਦਰੱਖਤ ਹੈ। ਇਸ ਬਾਰੇ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਇਹ ਗੁਰੂ ਸਾਹਿਬ ਦੇ ਸਮੇਂ ਦਾ ਹੈ। ਭਾਈ ਕਾਨ੍ਹ ਸਿੰਘ ਅਨੁਸਾਰ 125 ਬਿਘੇ ਜ਼ਮੀਨ ਬਾਬਾ ਮਤਾਬ ਸਿੰਘ ਵੱਲੋਂ ਇਸ ਗੁਰਦੁਆਰੇ ਦੇ ਨਾਲ ਲਗਵਾਈ ਹੋਈ ਸੀ। ਇਕ ਸੌ ਰੁਪਿਆ ਨਕਦ ਅਤੇ ਤਿੰਨ ਰਜਾਈਆਂ ਹਰ ਸਾਲ ਰਿਆਸਤ ਜੀਂਦ ਵੱਲੋਂ ਦਿੱਤੀਆਂ ਜਾਂਦੀਆਂ ਹਨ।

ਗੁਰਦੁਆਰਾ ਨਾਨਕਿਆਣਾ ਸਾਹਿਬ (ਸੰਗਰੂਰ): ਗੁਰਦੁਆਰਾ ਨਾਨਕਿਆਣਾ ਸਾਹਿਬ, ਸਿਰਫ ਗੁਰਦੁਆਰਾ ਕੰਪਲੈਕਸ ਹੈ ਜੋ ਸੰਗਰੂਰ ਸ਼ਹਿਰ ਤੋਂ ਉੱਤਰ ਦਿਸ਼ਾ ਵੱਲ ਸਿਰਫ ਤਿੰਨ ਕੁ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਹ ਅਸਥਾਨ ਮੁੱਖ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਮਾਲਵੇ ਦੇ ਕਿਸੇ ਪਰਚਾਰ ਦੌਰੇ ਸਮੇਂ ਇਥੇ ਆ ਕੇ ਇਸ ਅਸਥਾਨ 'ਤੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਥੜ੍ਹਾ ਸਾਹਿਬ ਤਿਆਰ ਕਰਵਾਇਆ ਸੀ। ਸਿਖ ਸੰਗਤਾਂ ਨੂੰ ਇਥੇ ਸੰਗਤ ਦੇ ਰੂਪ ਵਿਚ ਇਕੱਠੇ ਹੋ ਕੇ ਨਾਮ ਜਪਣ ਦਾ ਉਪਦੇਸ਼ ਦਿੱਤਾ ਸੀ। ਇਥੇ ਇਕ ਕਰੀਰ ਦਾ ਦਰੱਖਤ ਹੈ ਉਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਦਾ ਹੈ ਅਤੇ ਇਸ ਨਾਲ ਗੁਰੂ ਜੀ ਦੇ ਘੋੜੇ ਬੰਨੇ ਹੋਏ ਸਨ। ਇਸ ਨੂੰ ਗੁਰੂ ਜੀ ਦੇ ਸਮੇਂ ਦੀ ਯਾਦ ਵੱਜੋਂ ਸੰਭਾਲ ਕੇ ਰੱਖਿਆ ਹੋਇਆ ਹੈ। ਅੱਜ ਕੱਲ ਇਸ ਦੁਆਲੇ ਪੱਕਾ ਉੱਚਾ ਥੜ੍ਹਾ ਬਣਿਆ ਹੋਇਆ ਹੈ ਹੇਠਾਂ ਛੱਤ ਹੈ। ਸਥਾਨਕ ਪਰਬੰਧਕ ਦਸਦੇ ਹਨ ਕਿ ਇਹ ਕਰੀਰ ਆਪਣੇ ਆਪ ਛੱਤ ਪਾੜ ਕੇ ਬਾਹਰ ਨਿਕਲ ਆਇਆ ਸੀ। ਛੱਤ ਪਾੜ ਕੇ ਬਾਹਰ ਨਿਕਲਣ ਦੀ ਗੱਲ ਨੂੰ ਉਹ ਬਹੁਤ ਅਦਭੁਤ ਮੰਨਦੇ ਹਨ ਪਰ ਇਹ ਕੋਈ ਐਸੀ ਗੱਲ ਨਹੀਂ ਹੈ ਜਿਸ ਨਾਲ ਅਸੀਂ ਸਿਖ ਧਰਮ ਤੋਂ ਪਰੇ ਜਾ ਕੇ ਰੁੱਖ ਪੂਜਣ ਦੀ ਪਰਥਾ ਜਾਂ ਮਿਥਿਹਾਸਿਕ ਕਿਸਮ ਦੀਆਂ ਕਥਾਂ ਵਿਚ ਨਿਸ਼ਚਾ ਰੱਖਣ ਲੱਗ ਪਈਏ। ਦਰੱਖਤ ਕੁਦਰਤ ਦੀ ਕਿਰਪਾ ਨਾਲ ਕਿਤੇ ਵੀ ਉੱਗ ਸਕਦੇ ਹਨ ਜਾਂ ਕਿਸੇ ਵੀ ਕੰਧ ਵਿੱਚੋਂ ਦੀ ਨਿਕਲ ਸਕਦੇ ਹਨ। ਬਰੋਟੇ ਦਾ ਦਰੱਖਤ ਪੁਰਾਣੀਆਂ ਪੱਕੀਆ ਕੰਧਾਂ ਵਿਚ ਜਾਂ ਖੂਹਾਂ ਦੀਆ ਮੌਣਾ ਵਿਚ ਆਮ ਉੱਗ ਪੈਂਦੇ ਹਨ। ਇਹੀ ਕਿਰਿਆ ਇਸ ਕਰੀਰ ਦੇ ਦਰੱਖਤ ਦੀ ਹੈ। ਵੈਸੇ ਇਹ ਗੁਰੂ ਜੀ ਦੀ ਯਾਦ ਨੂੰ ਤਾਜ਼ਾ ਕਰਦਾ ਹੈ ਇਸ ਲਈ ਇਸ ਦੀ ਸੰਭਾਲ ਜ਼ਰੂਰੀ ਹੈ।

ਪਰਬੰਧਕਾਂ ਵੱਲੋਂ ਇਕ ਕਿਤਾਬਚਾ ਛੱਪਵਾਇਆ (ਜੂਨ,1991) ਗਿਆ ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ ਅਤੇ ਕਲਜੁਗ ਦੀਆਂ ਆਪਸੀ ਬਾਤਾਂ ਨਾਲ 6-7 ਪੰਨੇ ਭਰੇ ਪਏ ਹਨ। ਇਹ ਸਭ ਬਾਤਾਂ ਮਿਥਿਹਾਸਿਕ, ਮਨੌਕਲਪਿਤ ਅਤੇ ਅਣਮੱਤੀਆਂ ਵਾਲੀਆਂ ਹਨ ਜੋ ਵਿਅਕਤੀ

ਨੂੰ ਸਿਖ ਧਰਮ ਤੋਂ ਦੂਰ ਲਿਜਾਂਦੀਆਂ ਹਨ; ਸਿਖ ਵਿਸ਼ਵਾਸ ਨੂੰ ਪਛਾੜਦੀਆਂ ਹਨ। ਇਹ ਨਿਰੀ ਖਿਆਲ-ਉਡਾਰੀ ਹਨ ਜੋ ਕਿਸੇ ਸਿਖ ਵਿਦਵਤਾ ਦੀਆਂ ਪਰਤੀਕ ਨਹੀਂ ਹਨ। ਕਲਜੁਗ ਨਾਂ ਇਕ ਮੰਦੇ ਸਮੇਂ ਦਾ ਪਰਤੀਕ ਹੈ ਜੋ ਦੁਨੀਆਂ ਦੇ ਵਸਣ ਤੋਂ ਲੈ ਕੇ ਅੱਜ ਤੀਕ ਹਮੇਸ਼ਾਂ ਰਿਹਾ ਹੈ। ਇਹ ਕਿਸੇ ਮਨੁੱਖ ਦਾ ਜਾਂ ਲੱਤਾਂ ਪੈਰਾਂ ਜਾਂ ਮੂੰਹ ਸਿਰ ਵਾਲੇ ਜੀਵ ਦਾ ਪਰਤੀਕ ਨਹੀਂ ਹੈ। ਇਸ ਕਿਤਾਬਚੇ ਵਿਚ ਇਸ ਦੇ ਨੀਮ-ਹਕੀਮ ਵਿਦਵਾਨ ਨੇ ਕਲਜੁੱਗ ਨੂੰ ਮਨੁੱਖੀ ਰੂਪ ਦੇ ਕੇ ਬਿਆਨਿਆ ਹੈ। ਇਸ ਦੀ ਕੋਈ ਅਸਲੀਅਤ ਨਹੀਂ ਹੈ। ਸਿਰਫ ਸਿਖ ਸੰਗਤਾਂ ਨੂੰ ਰਾਹ ਤੋਂ ਕੁਰਾਹੇ ਪਾਉਣ ਵਾਲੀ ਗੱਲ ਹੈ।

ਇਥੇ ਕਿਉਂਕਿ ਗੁਰੂ ਹਰਿਗੋਬਿੰਦ ਸਾਹਿਬ ਇਕ ਥੜ੍ਹਾ ਸਾਹਿਬ ਬਣਵਾ ਗਏ ਸਨ। ਸਿਖ ਸੰਗਤਾਂ ਉਸ ਥਾਂ ਦੀ ਸੇਵਾ-ਸੰਭਾਲ ਕਰਦੀਆਂ ਰਹੀਆਂ। ਪਿੱਛੋਂ ਕਾਫੀ ਸਮਾਂ ਬਾਦ ਜੀਂਦ ਰਿਆਸਤ ਦੇ ਮਹਾਰਾਜਾ ਰਘਬੀਰ ਸਿੰਘ ਨੇ ਇਸ ਥਾਂ ਗੁਰਦੁਆਰੇ ਦੀ ਉਸਾਰੀ ਕਰਵਾਈ। ਇੱਥੇ ਦੇ ਪੁਰਾਣੇ ਨਿਸ਼ਾਨ ਸਾਹਿਬ ਦੀ ਇਕ ਤਾਂਬੇ ਦੀ ਪਲੇਟ ਇਸ ਸਮੇਂ ਪਰਬੰਧਕਾਂ ਪਾਸ ਹੈ। ਇਸ ਉੱਪਰ ਗੁਰਦੁਆਰੇ ਦੀ ਉਸਾਰੀ ਬਾਰੇ ਲਿਖਿਆ ਹੋਇਆ ਹੈ: 'ਸੰਮਤ ਸ੍ਰੀ ਗੁਰੂ ਨਾਨਕ ਜੀ ਕਾ 417, ਸੰਨ ਈਸਵੀ 1886, ਅਸਾਢ ਸੁਦੀ 14, ਦਿਨ ਵੀਰਵਾਰ ਜੁਲਾਈ ਮਹੀਨੇ ਕੀ ਤਾਰੀਖ 15 ਕੋ ਝੰਡਾ ਸਾਹਿਬ ਸਰਬ ਲੋਹ ਕਾ ਸ੍ਰੀ ਗੁਰੂ ਨਾਨਕਿਆਣਾ ਸਾਹਿਬ ਗੁਰਦੁਆਰੇ ਕਾ ਨਵੀਨ ਤਿਆਰ ਕਰਵਾ ਕੇ ਰਘਬੀਰ ਸਿੰਘ ਬਹਾਦੁਰ ਵਾਲੀਏ ਜੀਂਦ ਨੇ ਕਰਵਾਈ।'

ਇਸ ਅਸਥਾਨ ਦਾ ਪਰਬੰਧ ਸਿਖ ਗੁਰਦੁਆਰਾ ਐਕਟ ਪੰਜਾਬ 1925 ਦੇ ਤਹਿਤ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਪਾਸ ਆ ਗਿਆ ਸੀ। ਸ਼੍ਰੋਮਣੀ ਕਮੇਟੀ ਨੇ 28.3.1982 ਨੂੰ ਇਕ ਪੁਰਾਤਨ ਗੁਰਦੁਆਰੇ ਦੀ ਕਾਰ-ਸੇਵਾ ਸੰਤ ਜਗਤਾਰ ਸਿੰਘ ਨੂੰ ਸੌਂਪ ਦਿੱਤੀ ਸੀ। ਇਨ੍ਹਾਂ ਨੇ ਪੁਰਾਣੀ ਇਮਾਰਤ ਨੂੰ ਢਾਹ ਕੇ ਇਕ ਨਵੀਂ ਇਮਾਰਤ ਉਸਾਰ ਦਿੱਤੀ। ਇਹ ਇਮਾਰਤ ਬਹੁਤ ਵਿਸ਼ਾਲ ਅਤੇ ਅਲੀਸ਼ਾਨ ਹੈ। ਸੜਕ ਦੇ ਉੱਪਰ ਅਲੀਸ਼ਾਨ ਡਿਉਢੀ ਹੈ, ਡਿਉਢੀ ਤੋਂ ਕੁੱਝ ਗਜ਼ ਅੱਗੇ ਜਾ ਕੇ ਵਿਸ਼ਾਲ ਅਤੇ ਸੁੰਦਰ ਸਰੋਵਰ ਹੈ। ਸਰੋਵਰ ਦੇ ਅੱਗੇ ਜਾ ਕੇ ਸ਼ਾਨਦਾਰ ਦਰਬਾਰ ਅਸਥਾਨ ਹੈ। ਆਲੇ-ਦੁਆਲੇ ਹੋਰ ਵੀ ਇਮਾਰਤਾਂ ਹਨ। ਦਰਬਾਰ ਸਾਹਿਬ ਦੇ ਉੱਤਰ ਵਾਲੇ ਪਾਸੇ ਲੰਗਰ ਦੀ ਬਹੁਤ ਵਿਸ਼ਾਲ ਇਮਾਰਤ ਜੂਨ, 1996 ਵਿਚ ਪੂਰੀ ਹੋ ਕੇ ਤਿਆਰ ਹੋ ਗਈ ਹੈ। ਇੱਥੇ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਇਕ ਗੁਰਜ ਵੀ ਸੰਭਾਲ ਕੇ ਰੱਖਿਆ ਹੋਇਆ ਹੈ। ਭਾਈ ਕਾਨ੍ਹ ਸਿੰਘ ਨੇ ਇਸ ਅਸਥਾਨ ਬਾਰੇ 1930 ਵਿਚ ਇਉਂ ਲਿਖਿਆ ਹੈ: 'ਸੰਗਰੂਰ ਨਗਰ ਪਾਸ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ, ਜੋ ਪਿੰਡ ਮੰਗਵਾਲ ਤੋਂ ਇਕ ਮੀਲ ਪੱਛਮ-ਉੱਤਰ ਹੈ। ਗੁਰੂ ਨਾਨਕ ਦੇਵ ਇੱਥੇ 15 ਦਿਨ ਵਿਰਾਜੇ ਹਨ। ਗੁਰੂ ਹਰਿਗੋਬਿੰਦ ਸਾਹਿਬ ਨੇ ਭੀ ਇਸ ਥਾਂ ਚਰਣ ਪਾਏ ਹਨ। ਰਾਜਾ ਰਘੁਬੀਰ ਸਿੰਘ ਜੀਂਦ ਪਤਿ ਨੇ ਸੁੰਦਰ ਦਰਬਾਰ ਬਣਾਇਆ ਹੈ। ਪਾਸ ਹੀ ਸੁੰਦਰ ਤਾਲ ਹੈ। ਰਿਆਸਤ ਜੀਂਦ ਵੱਲੋਂ ਇਕ ਪਿੰਡ ਗੁਰਦੁਆਰੇ ਦੇ ਨਾਮ ਹੈ। ਸੋਲਾਂ ਰੁਪਏ ਨਕਦ ਰਿਆਸਤ ਜੀਂਦ ਵੱਲੋਂ ਅਤੇ ਸਾਢੇ ਬਾਰਾਂ ਰੁਪਏ ਰਿਆਸਤ ਨਾਭੇ ਤੋਂ ਹਨ। ਸਿੰਘ ਪੁਜਾਰੀ ਸੇਵਾਦਾਰ ਹੈ। ਰੇਲਵੇ ਸਟੇਸ਼ਨ ਸੰਗਰੂਰ ਤੋਂ ਦੋ ਮੀਲ ਉੱਤਰ-ਪੂਰਵ ਨਾਭੇ ਵਾਲੀ ਪੁਰਾਣੀ ਸੜਕ ਪੁਰ ਇਹ ਅਸਥਾਨ ਹੈ।' (ਪੰਨਾ 693)

ਗੁਰਦੁਆਰਾ ਨਾਨਕਿਆਣਾ ਸਾਹਿਬ ਦੇ ਆਲੇ-ਦੁਆਲੇ ਆਬਾਦ ਪਿੰਡਾਂ ਵਿਚ

ਮੰਗਵਾਲ, ਬਾਲੀਆਂ, ਸਾਰੋਂ, ਭਿੰਡਰਾਂ, ਲੱਡੀ, ਥਲੇਸ, ਅਕੋਈ ਸਾਹਿਬ, ਗੰਗਾ ਸਿੰਘ ਵਾਲਾ, ਨਾਨਕ ਪੁਰਾ, ਦੇਹ ਕਲਾਂ ਅਤੇ ਫਤੇਹ ਗੜ੍ਹ ਛੰਨਾ ਆਦਿ ਪਿੰਡ ਹਨ।

ਖੁਰਾਣਾ (ਸੰਗਰੂਰ): ਪਿੰਡ ਖੁਰਾਣਾ, ਸੰਗਰੂਰ ਸ਼ਹਿਰ ਤੋਂ ਪਟਿਆਲੇ ਵਾਲੀ ਸੜਕ ਉੱਪਰ ਲਿੰਕ ਰੋਡ ਰਾਹੀਂ ਜੁੜਿਆ ਹੋਇਆ ਹੈ। ਸ਼ਹਿਰ ਤੋਂ ਤਕਰੀਬਨ ਸੱਤ ਕਿਲੋਮੀਟਰ ਦੀ ਦੂਰੀ 'ਤੇ ਹੈ। ਇਥੇ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਹੈ। ਪੁਰਾਤਨ ਲਿਖਤਾਂ ਵਿਚ ਇਸ ਥਾਂ ਦਾ ਜ਼ਿਕਰ ਇਉਂ ਆਇਆ ਹੈ। ਠਾਕੁਰ ਸਿੰਘ: 'ਅਕੋਈ ਤੋਂ ਟੁਰ ਮਹਾਰਾਜ ਇਥੇ ਆਏ ਅਤੇ ਸੰਗਤ ਨੇ ਬਹੁਤ ਪ੍ਰੇਮ ਕੀਤਾ। ਇਹ ਨਗਰ ਸੰਗਰੂਰ ਰਾਜਧਾਨੀ ਤੋਂ ਚਾਰ ਕੋਹ ਪੂਰਬ ਦੇ ਪਾਸੇ ਵਲ ਨੂੰ ਹੈ। ਸੇਵਾਦਾਰ ਸਿਖ ਹਨ ਅਤੇ ਸਟੇਸ਼ਨ ਸੰਗਰੂਰ ਹੈ।' (ਪੰਨਾ 176) ਭਾਈ ਕਾਨ੍ਹ ਸਿੰਘ: 'ਖੁਰਾਣਾ: ਰਿਆਸਤ ਜੀਂਦ, ਤਸੀਲ ਥਾਣਾ ਸੰਗਰੂਰ ਅਤੇ ਰੇਲਵੇ ਸਟੇਸ਼ਨ ਸੰਗਰੂਰ ਤੋਂ ਚਾਰ ਮੀਲ ਈਸ਼ਾਨ ਕੋਣ ਇਕ ਪਿੰਡ। ਅਕੋਈ ਤੋਂ ਚੱਲ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਇਸ ਥਾਂ ਪਧਾਰੇ ਹਨ। ਗੁਰਦੁਆਰੇ ਨਾਲ ਤਿੰਨ ਵਿੱਘੇ ਜ਼ਮੀਨ ਹੈ ਅਤੇ ਰਿਆਸਤ ਜੀਂਦ ਤੋਂ ਅਠਾਰਾਂ ਰੁਪਯੇ ਸਾਲਾਨਾ ਮਿਲਦੇ ਹਨ।' (ਪੰਨਾ 383).

ਘਨੌੜ ਜੱਟਾਂ (ਸੰਗਰੂਰ): ਪਿੰਡ ਘਨੌੜ ਜੱਟਾਂ ਜ਼ਿਲ੍ਹਾ ਸੰਗਰੂਰ, ਤਹਿਸੀਲ ਭਵਾਨੀਗੜ੍ਹ, ਥਾਣਾ ਦਿੜਬਾ ਦਾ ਮਸ਼ਹੂਰ ਪਿੰਡ ਹੈ। ਇਹ ਖੁਰਾਣਾ-ਖੁਰਾਣੀ ਤੋਂ 25 ਕਿਲੋਮੀਟਰ ਦੱਖਣ ਵਲ ਹੈ। ਗੁਰੂ ਹਰਿਗੋਬਿੰਦ ਸਾਹਿਬ ਖੁਰਾਣਾ ਤੋਂ ਇਥੇ ਆਏ ਸਨ। ਗੁਰੂ ਹਰਿਗੋਬਿੰਦ ਸਾਹਿਬ ਪਿੱਛੋਂ ਗੁਰੂ ਤੇਗ ਬਹਾਦੁਰ ਜੀ ਵੀ ਇਥੇ ਆਏ ਸਨ। ਜਾਂਦਿਆਂ ਨੂੰ ਪਿੰਡ ਦੇ ਖੱਬੇ ਪਾਸੇ ਗੁਰਦੁਆਰਾ ਸੁਸ਼ੋਭਿਤ ਹੈ। ਗਯਾਨੀ ਠਾਕਰ ਸਿੰਘ ਅਨੁਸਾਰ 'ਇਥੇ ਮਹਾਰਾਜ ਜੀ ਨੇ ਸਭਨਾਂ ਸਾਧਨਾਂ ਦਾ ਪ੍ਰੇਮ ਸਾਧਨ ਵਾਹਿਗੁਰੂ ਦਾ ਅਰਾਧਨ ਦੱਸਦਿਆਂ ਇਸ ਸ਼ਬਦ ਦਾ ਉਪਦੇਸ਼ ਦਿੱਤਾ-ਉਠਤ ਬੈਠਤ ਖਰੇ ਖਰੋਏ ਮਾਰਗ ਪੰਥ ਧਿਆਵੈਗੋ।' (ਪੰਨਾ 176). ਗਯਾਨੀ ਗਯਾਨ ਸਿੰਘ ਨੇ ਲਿਖਿਆ ਹੈ ਕਿ ਗੁਰਦੁਆਰਾ ਸਾਹਿਬ ਨਾਲ ਦੋ ਸੌ ਵਿੱਘੇ ਜ਼ਮੀਨ ਹੈ। ਹੋਰ ਚੜ੍ਹਾਵੇ ਦੀ ਆਮਦਨ ਹੈ। ਗੁਰਧਾਮ ਪੱਕਾ ਹੈ।

ਕਮਾਲ ਪੁਰ (ਸੰਗਰੂਰ): ਪਿੰਡ ਕਮਾਲ ਪੁਰ, ਜ਼ਿਲ੍ਹਾ ਸੰਗਰੂਰ, ਤਹਿਸੀਲ ਭਵਾਨੀਗੜ੍ਹ, ਥਾਣਾ ਦਿੜਬਾ ਦਾ ਹੀ ਪਿੰਡ ਹੈ। ਘਨੌੜ ਜੱਟਾਂ ਤੋਂ 16 ਕਿਲੋਮੀਟਰ ਅੱਗੇ ਹੈ। ਇਥੇ ਗੁਰੂ ਹਰਿਗੋਬਿੰਦ ਸਾਹਿਬ ਘਨੌੜ ਜੱਟਾਂ ਵੱਲੋਂ ਗਏ ਸਨ। ਪਹਿਲਾਂ ਇਥੇ ਗੁਰੂ ਨਾਨਕ ਦੇਵ ਜੀ ਵੀ ਆ ਚੁੱਕੇ ਸਨ। ਗੁਰੂ ਹਰਿਗੋਬਿੰਦ ਸਾਹਿਬ ਨੇ ਇਥੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਇਕ ਥੜ੍ਹਾ ਬਣਵਾਇਆ ਸੀ। ਪਿੱਛੋਂ ਇਸੇ ਥੜ੍ਹੇ ਦੁਆਲੇ ਮਹਾਰਾਜਾ ਕਰਮ ਸਿੰਘ ਜੀ ਪਟਿਆਲਾ ਨੇ ਗੁਰਦੁਆਰਾ ਬਣਵਾਇਆ ਸੀ। ਇਸ ਨਾਲ 75 ਵਿੱਘੇ ਜ਼ਮੀਨ ਮੁਆਫੀ ਅਤੇ 75 ਵਿੱਘੇ ਦਾਮੀ ਸਰਕਾਰ ਪਟਿਆਲਾ ਵੱਲੋਂ ਲਗਵਾਈ ਗਈ ਸੀ। ਪਿੱਛੋਂ ਇਹ ਅਸਥਾਨ ਉਦਾਸੀ ਸੰਤਾਂ ਕੋਲ ਆ ਗਿਆ ਸੀ।

ਗਿੱਲ ਕਲਾਂ: ਪਿੰਡ ਗਿੱਲ ਕਲਾਂ ਅੱਜ ਕੱਲ੍ਹ ਰਾਮਪੁਰਾ-ਜੈਤੋ ਸੜਕ ਉੱਪਰ ਸਥਿਤ ਹੈ ਅਤੇ ਪਿੰਡ ਮਰਾੜ੍ਹ ਤੋਂ ਬਾਰਾਂ ਕਿਲੋਮੀਟਰ ਦੀ ਦੂਰੀ 'ਤੇ ਹੈ। ਇਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਆਮਦ ਦੀ ਯਾਦ ਵਿਚ ਇਕ ਗੁਰਦੁਆਰਾ ਹੈ। ਇਹ ਮੁੱਖ ਸੜਕ ਤੋਂ ਥੋੜਾ ਜਿਹਾ ਫਰਕ ਨਾਲ ਹਟਵਾਂ ਹੈ। ਇਥੇ ਗੁਰੂ ਸਾਹਿਬ ਮਰਾੜ੍ਹ ਦੀ ਲੜਾਈ ਪਿੱਛੋਂ ਆਏ ਦੱਸੇ ਜਾਂਦੇ ਹਨ। ਇਥੇ ਗੁਰੂ ਜੀ ਦਾ ਇਕ ਸ਼ਰਧਾਲੂ ਸਿਖ ਭਾਈ ਦੂਨਾ ਰਹਿੰਦਾ ਸੀ। ਪਹਿਲਾਂ ਇਹ ਪਿੰਡ

ਰਿਆਸਤ ਨਾਭਾ ਵਿਚ ਸੀ ਅਤੇ ਮਹਾਰਾਜਾ ਹੀਰਾ ਸਿੰਘ ਨੇ ਇੱਥੇ ਗੁਰਦੁਆਰਾ ਬਣਾਇਆ ਸੀ। ਭਾਈ ਕਾਨ੍ਹ ਸਿੰਘ ਨੇ ਇਸ ਬਾਰੇ ਇਉਂ ਜਾਣਕਾਰੀ ਦਿੱਤੀ ਹੈ: 'ਗਿੱਲ ਕਲਾਂ-ਨਾਭਾ ਰਾਜ ਵਿਚ ਨਜਾਮਤ ਫੂਲ ਦਾ ਇਕ ਪਿੰਡ ਜੋ ਰਾਮਪੁਰਾ ਫੂਲ ਰੇਲਵੇ ਸਟੇਸ਼ਨ ਤੋਂ ਡੇਢ ਮੀਲ ਪੂਰਵ ਹੈ। ਇਥੇ ਗੁਰੂ ਹਰਿਗੋਬਿੰਦ ਸਾਹਿਬ ਵਿਰਾਜੇ ਹਨ। ਮਹਾਰਾਜਾ ਹੀਰਾ ਸਿੰਘ ਜੀ ਨੇ ਸੁੰਦਰ ਗੁਰਦੁਆਰਾ ਬਣਾਇਆ ਹੈ। 70 ਘੁਮਾਉਂ ਜਮੀਨ ਗੁਰਦੁਆਰੇ ਦੇ ਨਾਉਂ ਹੈ। ਪੋਹ ਸੁਦੀ 7 ਅਤੇ ਮਾਘੀ ਨੂੰ ਮੇਲਾ ਹੁੰਦਾ ਹੈ। ਮਹੰਤ, ਸਿੰਘ ਹੈ।'[1]

ਭਾਈ ਰੂਪਾ: ਇਹ ਨਗਰ ਜਿਲ੍ਹਾ ਬਠਿੰਡਾ ਵਿਚ ਹੈ ਜੋ ਰਾਮਪੁਰਾ ਫੂਲ ਦੇ ਰੇਲਵੇ ਸਟੇਸ਼ਨ ਤੋਂ 17 ਕਿਲੋਮੀਟਰ ਉੱਤਰ ਵੱਲ ਹੈ। ਇਥੇ ਗੁਰੂ ਹਰਿਗੋਬਿੰਦ ਸਾਹਿਬ ਜੀ ਪਧਾਰੇ ਸਨ। ਭਾਈ ਰੂਪਾ ਗੁਰੂ ਘਰ ਦਾ ਸ਼ਰਧਾਲੂ ਸਿਖ ਸੀ। ਗੁਰੂ ਸਾਹਿਬ ਨੇ ਇਸ ਦੀ ਸਿੱਖੀ ਸੇਵਕੀ ਤੋਂ ਖੁਸ਼ ਹੋ ਕੇ ਇਸੇ ਦੇ ਨਾਂ 'ਤੇ ਪਿੰਡ ਵਸਾਏ ਜਾਣ ਦਾ ਵਰ ਦਿੱਤਾ ਸੀ। ਭਾਈ ਰੂਪਾ ਇਸ ਇਲਾਕੇ ਵਿਚ ਤਕੜਾ ਧਰਮ ਪਰਚਾਰਕ ਸੀ। ਇਹ ਤਰਖਾਣਾ ਜਾਤ ਵਿੱਚੋਂ ਸੀ। ਇਸ ਦੇ ਬਜ਼ੁਰਗ ਭਾਵੇਂ ਤਰਨ-ਤਾਰਨ ਇਲਾਕੇ ਦੇ ਸਨ ਪਰ ਭਾਈ ਰੂਪਾ ਗੁਰੂ ਹੁਕਮ ਨਾਲ ਮਾਲਵੇ ਵਿਚ ਹੀ ਧਰਮ ਪਰਚਾਰ ਕਰਨ ਲਈ ਰਹਿਣ ਲੱਗ ਪਿਆ ਸੀ। ਇਹ ਪਿੰਡ 1631 ਈ. ਵਿਚ ਆਬਾਦ ਕੀਤਾ ਗਿਆ ਸੀ। ਗੁਰੂ ਸਾਹਿਬ ਨੇ ਭਾਈ ਰੂਪ ਚੰਦ ਨੂੰ ਲੰਗਰ ਵਰਤਾਉਣ ਲਈ ਇਕ ਖੰਡਾ ਅਤੇ ਇਕ ਕੜਛਾ ਬਖ਼ਸ਼ਿਆ ਸੀ। ਖੰਡਾ ਸ਼ਕਤੀ ਦਾ ਪਰਤੀਕ ਸੀ ਅਤੇ ਕੜਛਾ ਅੰਨ ਦਾ। ਭਾਈ ਸਾਹਿਬ ਦਾ ਦਿਹਾਂਤ ਸਾਵਨ ਵਦੀ ਇਕ ਸੰਮਤ 1766 ਬਿ. ਮੁਤਾਬਕ 1709 ਈ. ਵਿਚ ਹੋਇਆ। ਭਾਈ ਰੂਪ ਚੰਦ ਜੀ ਦੇ ਸਪੁੱਤਰ ਵੀ ਗੁਰੂ ਘਰ ਦੀ ਸੇਵਾ ਵਿਚ ਲਗੇ ਰਹੇ ਸਨ। ਭਾਈ ਰੂਪੇ ਦੇ ਖਾਨਦਾਨ ਦੇ ਲੋਕ ਭਾਈ ਕੀ ਸਮਾਧ, ਨੇਹੀਆਂ ਵਾਲਾ, ਠੱਟੀ ਅਤੇ ਬਾਗੜੀਆਂ ਵਿਚ ਵਸਦੇ ਹਨ। ਬਾਗੜੀਆਂ ਵਾਲੇ ਉਤਰਅਧਿਕਾਰੀ ਸਿਖਾਂ ਵਿਚ ਕਾਫੀ ਨਾਮਣਾ ਖੱਟ ਚੁੱਕੇ ਹਨ।[2]

ਗਯਾਨ ਸਿੰਘ ਨੇ ਇਸ ਪਿੰਡ ਬਾਰੇ ਬਹੁਤ ਹੀ ਸੰਖੇਪ ਜਿਹੀ ਜਾਣਕਾਰੀ ਦਿੱਤੀ ਹੈ: 'ਦਰਬਾਰ ਸਾਹਿਬ ਭਾਈ ਰੂਪਾ-ਇਥੇ ਭਾਈ ਸੁਧੂ ਤੇ ਭਾਈ ਰੂਪ ਚੰਦ ਦੇ ਪ੍ਰੇਮ ਦੇ ਬਸ ਹੋ ਕੇ ਪੁਜੇ ਜਲ ਪੀਤਾ ਠੰਡਾ ਇਸ ਪਿੰਡ ਦੀ ਵਸੋਂ ਆਪ ਕਰਾ ਕੇ ਭਾਈ ਰੂਪ ਚੰਦ ਨੂੰ ਮੰਜੀ ਬਖ਼ਸ਼ੀ ਅੱਧਾ ਪਿੰਡ ਮਾਫੀ ਹੈ।'[3] ਪਿੰਡ ਭਾਈ ਰੂਪਾ ਵਿਖੇ ਗੁਰੂ ਸਾਹਿਬ ਦਾ ਇਕ ਰਥ ਵੀ ਖੜਾ ਦੱਸਿਆ ਜਾਂਦਾ ਹੈ। ਇਸ ਰਥ ਨੂੰ ਭਾਈ ਰੂਪੇ ਨੇ ਆਪ ਬੜੀ ਲਗਨ ਅਤੇ ਸ਼ਰਧਾ ਨਾਲ ਬਣਾ ਕੇ ਗੁਰੂ ਜੀ ਦੀ ਭੇਟਾ ਕੀਤਾ ਸੀ। ਇਸ ਰਥ ਨੂੰ ਗੁਰੂ ਅਰਜਨ ਦੇਵ ਜੀ ਦੇ ਮਹਿਲ ਵਰਤਦੇ ਸਨ। ਪਿੱਛੋਂ ਗੁਰੂ ਹਰਿਗੋਬਿੰਦ ਜੀ ਦੇ ਮਹਿਲ ਵੀ ਇਸ ਰਥ ਨੂੰ ਵਰਤਦੇ ਰਹੇ ਸਨ। ਇਸ ਰਥ ਨਾਲ ਮਾਤਾ ਗੰਗਾ ਜੀ ਦੇ ਬਾਬਾ ਬੁੱਢਾ ਜੀ ਕੋਲ ਜਾ ਕੇ ਪੁੱਤਰ ਦੀ ਦਾਤ ਮੰਗਣ ਦੀ ਕਹਾਉਤ ਵੀ ਕੁਝ ਮਨਮਤੀਆਂ ਨੇ ਜੋੜ ਰੱਖੀ ਹੈ। ਗੁਰੂ ਘਰ ਤਾਂ ਖੁਦ ਲੋਕਾਂ ਨੂੰ ਬਖਸ਼ਸ਼ਾਂ ਕਰਨ ਵਾਲਾ ਸੀ ਪਰ ਕੁਝ ਸਿਖ ਦੋਖੀਆਂ ਨੇ ਗੁਰੂ ਘਰ ਨੂੰ ਹੋਰਨਾਂ ਕੋਲੋਂ ਦਾਤਾਂ ਮੰਗਦਾ ਦਿਖਾ ਕੇ ਸਿਖ ਧਰਮ ਦੀ ਹੇਠੀ ਕਰਨ ਦੀ ਕੋਸ਼ਿਸ਼ ਕੀਤੀ ਹੈ।

---

1 *ਮਹਾਨ ਕੋਸ਼*, ਪੰਨਾ 409.

2 *ਉਕਤ*, ਪੰਨੇ 911 ਅਤੇ 1045.

3 *ਗੁਰਧਾਮ ਸੰਗ੍ਰਹਿ*, ਪੰਨਾ 115.

ਕਾਂਗੜ: ਕਾਂਗੜ, ਜਿਲ੍ਹਾ ਬਠਿੰਡਾ ਦਾ ਇਕ ਪਰਸਿੱਧ ਕਸਬਾ ਹੈ। ਇਸ ਦੇ ਬਿਲਕੁਲ ਨਜਦੀਕ ਹੀ ਮੁੱਖ ਸੜਕ ਦੇ ਉੱਪਰ ਦੀਨਾ ਪਿੰਡ ਹੈ। ਇਸ ਕਰ ਕੇ ਦੋਵਾਂ ਪਿੰਡਾਂ ਨੂੰ ਦੀਨਾ ਕਾਂਗੜ ਦੇ ਜੁੜਵੇ ਨਾਂ ਨਾਲ ਹੀ ਪੁਕਾਰਿਆ ਜਾਂਦਾ ਹੈ। ਇਥੇ ਰਾਏ ਜੋਧ ਦੀ ਚੋਧਰ ਸੀ। ਰਾਏ ਜੋਧ ਗੁਰੂ ਘਰ ਦਾ ਵੀ ਬਹੁਤ ਸਰਧਾਲੂ ਸੀ। ਰਾਏ ਜੋਧ ਨੇ ਗੁਰੂ ਹਰਿ ਗੋਬਿੰਦ ਸਾਹਿਬ ਵੱਲੋਂ ਲੜੀਆਂ ਗਈਆਂ ਲੜਾਈਆਂ ਵਿਚ ਬਹੁਤ ਮਦਦ ਕੀਤੀ ਸੀ। ਇਸ ਖੁਸ਼ੀ ਵੱਜੋਂ ਗੁਰੂ ਜੀ ਨੇ ਰਾਇ ਜੋਧ ਨੂੰ ਆਪਣੀ ਇਕ ਛੋਟੀ ਕਟਾਰ ਵੀ ਬਖਸ਼ੀ ਸੀ। ਇਹ ਕਟਾਰ ਅੱਜ ਵੀ ਰਾਏ ਜੋਧ ਦੇ ਵਾਰਸਾਂ ਭਾਈ ਰਾਮੇਸ਼ਵਰ ਸਿੰਘ ਅਤੇ ਇਸ ਦੇ ਪੁੱਤਰ ਭਾਈ ਪਰੀਤ ਮਹਿੰਦਰ ਸਿੰਘ ਦੇ ਘਰ ਸੰਭਾਲੀ ਪਈ ਹੈ। ਇਨ੍ਹਾਂ ਦਾ ਬਜੁਰਗ ਭਾਈ ਬਘੇਲ ਸਿੰਘ ਸੀ।

ਗਯਾਨੀ ਗਯਾਨ ਸਿੰਘ ਦੇ ਬਿਰਤਾਂਤ ਵਿਚ ਕਾਂਗੜ ਦੇ ਅਸਥਾਨ ਬਾਰੇ ਇਉਂ ਲਿਖਿਆ ਗਿਆ ਹੈ: 'ਕਾਂਗੜ ਗੁਰੂ ਅਸਥਾਨ ਦੋ ਹਨ ਪੱਕੇ। ਇਕ ਪਿੰਡ ਵਿਚ ਜਿੱਥੇ ਮਾਈਆਂ ਚੌਂਕੀ ਵਾਲੇ ਬੁਰਜ ਵਿਚ ਰਹੀਆਂ। ਦੂਜਾ ਬਾਹਰ......ਰਾਇ ਜੋਧ ਪੰਜ ਸੌ ਸਵਾਰ ਲੈ ਗੁਰੂ ਕੀ ਸੇਵਾਹਿਤ ਆਇਆ ਇਸੇ ਭਾਂਤ ਸਿੱਧੂ ਭੁੱਲਰ ਸਾਰੇ ਜਿਮੀਦਾਰ ਗੁਰੂ ਕੀ ਸੇਵਾ ਵਿਚ ਆ ਹਾਜਰ ਹੋਏ......ਗੁਰੂ ਜੀ ਨੇ ਇਸ ਫਤੇ ਦੀ ਖੁਸ਼ੀ ਵਿਚ ਰਾਇ ਜੋਧ ਨੂੰ ਇਕ ਘੋੜਾ ਤੇ ਪੰਜੇ ਹਥਿਆਰ ਬਖਸ਼ੇ ਜੋ ਓਸ ਦੇ ਪੋਤਰੇ ਲਖਮੀਰ ਨੇ ਦਸਮੇਂ ਪਾਤਸ਼ਾਹ ਦੇ ਅਰਪਨ ਕੀਤੇ ਸੇ। ਗੁਰੂ ਜੀ ਨੇ ......ਕਟਾਰ ਬਖਸ਼ੀ ਜੋ ਹੁਣ ਗੁਰਦਿਤ ਸਿੰਘ ਮਯਾਣੇ ਦੇ ਘਰ ਹੈ। ਇਥੇ ਦੋ ਹੱਲ ਦੀ ਮਾਫੀ ਹੈ।'[1] ਜਿਸ ਘਰ ਵਿਚ ਇਹ ਕਟਾਰ ਪਈ ਹੈ ਉਸ ਦਾ ਨਾਂ ਉੱਪਰ ਦਿੱਤਾ ਜਾ ਚੁਕਿਆ ਹੈ। ਗੁਰਦਿਤ ਸਿੰਘ ਮਯਾਣਾ ਗਯਾਨ ਸਿੰਘ ਦੇ ਸਮੇਂ ਹੋਵੇਗਾ।

ਗੁਰੂ ਹਰਿਗੋਬਿੰਦ ਸਾਹਿਬ ਤੋਂ ਪਿੱਛੋਂ ਇਥੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਵੀ ਆਏ ਸਨ। ਉਨ੍ਹਾਂ ਇੱਥੇ ਰਹਿ ਕੇ ਬਾਦਸ਼ਾਹ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖਿਆ ਸੀ ਜਿਸ ਦਾ ਜ਼ਿਕਰ ਜ਼ਫਰਨਾਮੇ ਵਿਚ ਵੀ ਆਉਂਦਾ ਹੈ। ਕਾਂਗੜ ਦੇ ਗੁਰਦੁਆਰਾ ਸਾਹਿਬ ਤੋਂ ਸਿਰਫ ਦੋ ਕੁ ਕਿਲੋਮੀਟਰ ਦੀ ਵਿੱਥ 'ਤੇ ਗੁਰਦੁਆਰਾ ਜ਼ਫਰਨਾਮਾ ਸਾਹਿਬ ਸਥਿਤ ਹੈ।

ਨਥਾਣਾ ਸਾਹਿਬ: ਗੁਰਦੁਆਰਾ ਸਾਹਿਬ ਨਥਾਣਾ ਸਾਹਿਬ ਬਠਿੰਡਾ ਜਿਲ੍ਹੇ ਵਿਚ ਰਾਮਪੁਰਾ ਫੂਲ ਤੋਂ ਸੋਲਾਂ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਭੁੱਚੋ ਤੋਂ ਉੱਤਰ ਵੱਲ ਬਾਰਾਂ ਕਿਲੋਮੀਟਰ 'ਤੇ ਹੈ। ਗੁਰਦੁਆਰਾ ਪਿੰਡ ਦੀ ਢਾਬ ਦੇ ਕਿਨਾਰੇ ਉੱਪਰ ਸਥਿਤ ਹੈ। ਇਥੇ ਰਮਾਣੇ ਜੱਟਾਂ ਦਾ ਵੱਡਾ ਵਡੇਰਾ ਬਾਬਾ ਕਾਲੂ ਨਾਥ ਰਹਿੰਦਾ ਹੁੰਦਾ ਸੀ। ਇਸ ਦਾ ਗੁਰੂ ਘਰ ਨਾਲ ਅਥਾਹ ਪਿਆਰ ਸੀ। ਗੁਰੂ ਸਰ ਮਹਿਰਾਜ ਦੀ ਲੜਾਈ ਸਮੇਂ ਇਸ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਬਹੁਤ ਮਦਦ ਕੀਤੀ ਸੀ। ਜੰਗ ਵਿਚ ਫਤਿਹ ਪਰਾਪਤ ਹੋਣ ਪਿੱਛੋਂ ਗੁਰੂ ਸਾਹਿਬ ਇਸ ਦੇ ਡੇਰੇ ਵਿਖੇ ਆਏ ਸਨ ਅਤੇ ਰਹੇ ਸਨ। ਇਸ ਡੇਰੇ ਵਿਚ ਕਿਉਂਕਿ ਨਾਥ ਸੰਤ ਰਹਿੰਦੇ ਹੁੰਦੇ ਸਨ ਇਸ ਤਰਾਂ ਨਾਥਾਂ ਦਾ ਡੇਰਾ ਹੋਣ ਕਰ ਕੇ ਇਸ ਦਾ ਨਾਂ ਨਥਾਣਾ ਅਰਥਾਤ ਨਾਥਾਂ ਦਾ ਥਾਂ ਪਰਚੱਲਿਤ ਹੋ ਗਿਆ ਸੀ। ਬਾਬਾ ਕਾਲੂ ਨਾਥ ਦੀ ਸਮਾਧ ਵੀ ਇੱਥੇ ਬਣੀ ਹੋਈ ਹੈ। ਭਾਈ ਕਾਨ੍ਹ ਸਿੰਘ ਨੰਥਾਣਾ ਸਾਹਿਬ ਬਾਰੇ ਲਿਖਦੇ ਹਨ: 'ਜਿਲ੍ਹਾ ਫਿਰੋਜ਼ਪੁਰ ਵਿਚ ਇਕ ਮਸ਼ਹੂਰ ਪਿੰਡ ਜੋ ਰੇਲਵੇ ਸਟੇਸ਼ਨ ਭੁੱਚੋ ਤੋਂ ਸੱਤ ਮੀਲ ਉੱਤਰ ਹੈ। ਇਸ ਪਿੰਡ ਦੇ ਵਿਚ ਹੀ ਢਾਬ ਦੇ ਕਿਨਾਰੇ

1. *ਗੁਰਧਾਮ ਸੰਗ੍ਰਹਿ*, ਪੰਨੇ 116-117.

ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਹੈ। ਇੱਥੇ ਇਕ ਕਾਲੂ ਨਾਥ ਸਾਧ ਰਹਿੰਦਾ ਸੀ ਜੋ ਗੁਰੂ ਜੀ ਦਾ ਪ੍ਰੇਮੀ ਅਤੇ ਨਾਮ ਜੱਪਣ ਵਾਲਾ ਸੀ। ਇਸ ਨੇ ਗੁਰੂਸਰ ਮੇਹਰਾਜ ਦੇ ਜੰਗ ਸਮੇਂ ਸਤਿਗੁਰੂ ਦੀ ਬਹੁਤ ਸੇਵਾ ਕੀਤੀ। ਜੰਗ ਫਤੇ ਹੋਣ ਪੁਰ ਗੁਰੂ ਜੀ ਨੂੰ ਇੱਥੇ ਲੈ ਆਇਆ ਅਤੇ ਪ੍ਰੇਮ ਨਾਲ ਸੇਵਾ ਕੀਤੀ। ਗੁਰ ਉਪਦੇਸ਼ ਦੇ ਪਰਭਾਵ ਨਾਲ ਪਰਮਗਤਿ ਦਾ ਅਧਿਕਾਰੀ ਬਣਿਆ। ਗੁਰਦੁਆਰਾ ਬਣਿਆ ਹੋਇਆ ਹੈ ਅਤੇ 27 ਘੁਮਾਉਂ ਜ਼ਮੀਨ ਪਿੰਡ ਵੱਲੋਂ ਗੁਰਦੁਆਰੇ ਦੇ ਨਾਮ ਹੈ। ਚੇਤ੍ਰ ਚੌਦਸ ਨੂੰ ਮੇਲਾ ਹੁੰਦਾ ਹੈ। ਪੁਜਾਰੀ ਸਿੰਘ ਹੈ।' (ਪੰਨਾ 530) ਅੱਜ ਕੱਲ੍ਹ ਇਹ ਅਸਥਾਨ ਜਿਲ੍ਹਾ ਬਠਿੰਡਾ ਵਿਚ ਹੈ। ਇੱਥੋਂ ਦਾ ਗੁਰ-ਅਸਥਾਨ ਵੀ ਬਹੁਤ ਵਿਸ਼ਾਲ ਅਤੇ ਸ਼ਾਨਦਾਰ ਹੈ। ਇਸ ਦਾ ਪਰਬੰਧ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਪਾਸ ਹੈ।

ਗੁਰੂ ਸਰ ਮਹਿਰਾਜ (ਮਰਾੜ): ਗੁਰੂਸਰ ਮਹਿਰਾਜ ਜਾਂ ਮਰਾੜ ਬਠਿੰਡਾ-ਬਰਨਾਲਾ ਸੜਕ ਉੱਪਰ ਭੁੱਚੋ ਮੰਡੀ ਤੋਂ ਅੱਠ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇੱਥੇ ਛੇਵੇਂ ਪਾਤਸ਼ਾਹ ਸਾਹਿਬ ਸਿਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਮੁਗਲ ਫੌਜ ਨਾਲ ਲੜਾਈ ਕਰਨੀ ਪਈ ਸੀ। ਗੁਰੂ ਸਾਹਿਬ ਇਸ ਤੋਂ ਪਹਿਲਾਂ ਵੀ ਕਈ ਲੜਾਈਆਂ ਕਰ ਚੁਕੇ ਸਨ। ਸਾਰਾ ਮਾਲਵਾ ਖੇਤਰ ਗੁਰੂ ਜੀ ਨਾਲ ਸੀ। ਲੜਾਈ ਦੀ ਸੂਰਤ ਵਿਚ ਮਾਲਵੇ ਦੇ ਜੱਟ ਕਬੀਲੇ ਤਨੋਂ ਮਨੋਂ ਗੁਰੂ ਨਾਲ ਖੜਨ ਵਾਲੇ ਸਨ। ਇਸੇ ਕਰ ਕੇ ਹੀ ਗੁਰੂ ਜੀ ਮਾਝੇ ਅਤੇ ਦੁਆਬੇ ਤੋਂ ਇਧਰ ਆਏ ਸਨ। ਇਸ ਥਾਂ 'ਤੇ ਲੜਾਈ ਵਿਚ ਗੁਰੂ ਜੀ ਦੀ ਸਪਸ਼ਟ ਫਤਹਿ ਹੋਣ ਕਰ ਕੇ ਇਸ ਦਾ ਨਾਂ ਗੁਰੂ ਸਰ ਪਰਚੱਲਿਤ ਹੋਇਆ ਹੈ। ਗੁਰੂ ਸਰ ਤੋਂ ਭਾਵ ਹੈ ਗੁਰੂ ਦੀ ਜਿੱਤ। ਸਰ ਤੋਂ ਭਾਵ ਸਰੋਵਰ ਵੀ ਬਣ ਸਕਦਾ ਹੈ ਪਰ ਇੱਥੇ ਇਹ ਸ਼ਬਦ ਫਤਿਹ ਦਾ ਪਰਤੀਕ ਹੈ। ਇੱਥੇ ਪਹਿਲਾਂ ਇਕ ਕੁਦਰਤੀ ਢਾਬ ਸੀ ਜਿਹੜੀ ਪਾਣੀ ਦਾ ਸਰੋਤ ਸੀ। ਇਸੇ ਢਾਬ 'ਤੇ ਵਰਤਮਾਨ ਸਰੋਵਰ ਬਣਾਇਆ ਗਿਆ ਹੈ।

ਪਹਿਲਾਂ ਪਹਿਲ ਇੱਥੇ ਕੁਝ ਸਮਾਂ ਰਵਿਦਾਸੀਏ ਸਿਖ ਸੇਵਾ ਕਰਦੇ ਰਹੇ। ਫਿਰ ਸੰਮਤ 1716 ਬਿ. ਮੁਤਾਬਕ ਸੰਨ 1659 ਈ. ਵਿਚ ਇਕ ਗੋਦੜੀ ਵਾਲੇ ਸੰਤ ਨੇ ਇੱਥੇ ਇਕ ਬੁਰਜ ਬਣਾ ਲਿਆ ਸੀ। ਨਾਲ ਹੀ ਸੌ ਬਿਘੇ ਦੇ ਕਰੀਬ ਝਿੜੀ ਰੋਕ ਲਈ ਸੀ। ਇਸ ਪਿੱਛੋਂ ਸੁਖਾ ਸਿੰਘ, ਹੇਬਾ ਸਿੰਘ, ਖੜਗ ਸਿੰਘ ਅਤੇ ਰਾਜਾ ਸਿੰਘ ਨਾਵਾਂ ਦੇ ਮਹੰਤ ਇੱਥੇ ਸੇਵਾ ਕਰਦੇ ਰਹੇ ਸਨ।[1] ਕੁੱਝ ਸਮਾਂ ਇੱਥੇ ਨਿਰਮਲੇ ਸੰਤ ਵੀ ਸੇਵਾ ਕਰਦੇ ਰਹੇ ਸਨ।[2]

ਲੜਾਈ ਵਿਚ ਸ਼ਹੀਦ ਹੋਣ ਵਾਲੇ ਸਿਪਾਹੀਆਂ ਦਾ ਗੁਰੂ ਸਾਹਿਬ ਨੇ ਉਨ੍ਹਾਂ ਦੇ ਮਾਣ ਸਤਿਕਾਰ ਦੇ ਮੁਤਾਬਕ ਇੱਥੇ ਆਪਣੇ ਹੱਥੀਂ ਦਾਹ ਸੰਸਕਾਰ ਕਰਵਾਇਆ ਸੀ। ਮੁਗਲ ਸੈਨਾਂ ਦੇ ਸ਼ਹੀਦ ਸਰਦਾਰਾਂ ਨੂੰ ਇਕ ਸਾਂਝੀ ਕਬਰ ਬਣਾ ਕੇ ਦਫਨਾਇਆ ਗਿਆ ਸੀ। ਇਸ ਥਾਂ ਉੱਪਰ ਅੱਜ ਦਮਦਮਾ ਸਾਹਿਬ ਯਾਦਗਾਰ ਬਣੀ ਹੋਈ ਹੈ। ਜਿਸ ਥਾਂ ਉੱਪਰ ਗੁਰੂ ਜੀ ਦਾ ਡੇਰਾ ਕੀਤਾ ਹੋਇਆ ਸੀ ਉੱਥੇ ਨਾਭਾ ਦੇ ਮਹਾਰਾਜਾ ਹੀਰਾ ਸਿੰਘ ਨੇ ਬਹੁਤ ਸੁੰਦਰ ਗੁਰਦੁਆਰਾ ਬਣਵਾਇਆ ਸੀ। ਇੱਥੇ ਕੁਝ ਸਮਾਂ ਮਹੰਤ ਰਾਜਾ ਸਿੰਘ ਸੇਵਾ ਕਰਦੇ ਰਹੇ ਸਨ। ਇਨ੍ਹਾਂ ਦਾ ਕੀਰਤਨ ਬਹੁਤ ਹੀ ਆਨੰਦਦਾਇਕ ਹੁੰਦਾ ਸੀ।[3] ਅੱਜ ਕੱਲ੍ਹ ਇਹ ਅਸਥਾਨ

1. ਗਯਾਨੀ ਗਜਾਨ ਸਿੰਘ, *ਗੁਰਧਾਮ ਸੰਗ੍ਰਹਿ*, ਪੰਨਾ 118.
2. ਪੰਡਿਤ ਤਾਰਾ ਸਿੰਘ ਨਰੋਤਮ, *ਪੂਰਵਅੰਕਤ*, ਪੰਨਾ 57.
3. ਭਾਈ ਕਾਨ੍ਹ ਸਿੰਘ ਨਾਭਾ, *ਪੂਰਵਅੰਕਤ*, ਪੰਨਾ 421.

ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਪਰਬੰਧ ਵਿਚ ਹੈ।

ਲੰਭਵਾਲੀ: ਪਿੰਡ ਲੰਭਵਾਲੀ ਫਰੀਦਕੋਟ ਜ਼ਿਲ੍ਹੇ ਦਾ ਪਿੰਡ ਹੈ ਜੋ ਗੁਰੂ ਗੋਬਿੰਦ ਸਿੰਘ ਮਾਰਗ ਉੱਪਰ ਸਥਿਤ ਹੈ। ਜੈਤੋ ਦੇ ਰੇਲਵੇ ਸਟੇਸ਼ਨ ਤੋਂ 9 ਕਿਲੋਮੀਟਰ ਦੀ ਵਿੱਥ 'ਤੇ ਪੂਰਬ ਵੱਲ ਹੈ। ਇਥੇ ਤਿੰਨ ਗੁਰੂ ਸਾਹਿਬਾਨ ਆਏ ਹਨ: ਸਿਰੀ ਗੁਰੂ ਨਾਨਕ ਦੇਵ ਜੀ, ਸਿਰੀ ਗੁਰੂ ਹਰਿ ਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ। ਤਿੰਨਾਂ ਹੀ ਗੁਰੂ ਸਾਹਿਬਾਨ ਦੀ ਯਾਦ ਵਿਚ ਵੱਖ-ਵੱਖ ਤਿੰਨ ਗੁਰਦੁਆਰੇ ਹਨ। ਸਥਾਨਿਕ ਲੋਕਾਂ ਵਿਚ ਕਥਾ ਪਰਚੱਲਿਤ ਹੈ ਕਿ ਇਥੇ ਇਕ ਹੰਕਾਰੀ ਸਾਧ ਰਹਿੰਦਾ ਸੀ। ਜਦੋਂ ਉਹ ਮਰ ਗਿਆ ਤਾਂ ਲੋਕਾਂ ਨੇ ਕਿਹਾ ਕਿ ਉਹ ਸੱਪ ਦੀ ਜੂਨ ਪਿਆ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਜਦੋਂ ਇਥੇ ਗੁਰੂ ਜੀ ਡੇਰਾ ਲਗਾਈ ਬੈਠੇ ਸਨ ਤਾਂ ਡੇਰੇ ਵਾਲੀ ਥਾਂ ਤੋਂ ਇਕ ਮੋਟਾ ਸੱਪ ਨਿਕਲਿਆ। ਇਸ ਨੂੰ ਸਰਾਲ ਵੀ ਕਹਿੰਦੇ ਹਨ। ਜਦੋਂ ਸਿਖਾਂ ਨੇ ਇਸ ਨੂੰ ਮਾਰ ਦਿੱਤਾ ਤਾਂ ਸਥਾਨਿਕ ਲੋਕਾਂ ਨੇ ਇਹ ਗੱਲ ਉਡਾ ਦਿੱਤੀ ਕਿ ਇਹ ਸੱਪ ਤਾਂ ਉਸ ਹੰਕਾਰੀ ਸਾਧ ਦੀ ਰੂਹ ਸੀ। ਹੁਣ ਉਸ ਨੂੰ ਮਾਰ ਦਿੱਤਾ ਹੈ। ਭਾਈ ਕਾਨ੍ਹ ਸਿੰਘ ਨੇ ਲੰਭਵਾਲੀ ਦਾ ਜਿਕਰ ਇਉਂ ਕੀਤਾ ਹੈ: 'ਲੰਭਵਾਲੀ-ਫਰੀਦਕੋਟ ਦੇ ਇਲਾਕੇ ਥਾਣਾ ਕੋਟਕਪੂਰਾ ਦਾ ਪਿੰਡ ਜੋ ਰੇਲਵੇ ਸਟੇਸ਼ਨ ਜੈਤੋ ਤੋਂ ਛੀ ਮੀਲ ਪੂਰਵ ਹੈ। ਇਸ ਪਿੰਡ ਤੋਂ ਦੋ ਫਰਲਾਂਗ ਚੜਦੇ ਵੱਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਗੁਰਦੁਆਰਾ ਹੈ। ਇਥੇ ਪਹਿਲਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਭੀ ਚਰਣ ਪਾਏ ਹਨ ਅਰ ਇਕ ਸੱਪ ਨੂੰ ਮੁਕਤੀ ਦਿੱਤੀ ਹੈ। ਗੁਰਦੁਆਰੇ ਨਾਲ 22 ਘੁਮਾਉਂ ਜ਼ਮੀਨ ਰਿਆਸਤ ਵੱਲੋਂ ਹੈ। ਪੁਜਾਰੀ ਸਿੰਘ ਹੈ। ਮਾਘੀ ਅਤੇ ਵੈਸਾਖੀ ਨੂੰ ਮੇਲਾ ਹੁੰਦਾ ਹੈ।'[1]

ਗੁਰੂ ਸਰ ਜੋਧਾਂ (ਫਰੀਦਕੋਟ): ਪਿੰਡ ਗੁਰੂਸਰ ਜੋਧਾਂ, ਮਲੋਟ ਤੋਂ ਪੱਛਮ ਵੱਲ ਬਾਰਾਂ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਪਹਿਲਾਂ ਇਸ ਪਿੰਡ ਦਾ ਨਾਂ ਮੁਸਲ ਡੇਰਾ ਸੀ ਪਰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਆਉਣ ਕਾਰਨ ਇਸ ਦਾ ਨਾਂ ਗੁਰੂਸਰ ਜੋਧਾਂ ਪਰਚੱਲਿਤ ਹੋ ਗਿਆ ਸੀ। ਇਸ ਦੀ ਸਥਾਨਿਕ ਪਰੰਪਰਾ ਇਸ ਤਰਾਂ ਹੈ: ਇਥੇ ਕੋਈ ਮੁਹੰਮਦ ਸ਼ਮੀਰ ਨਾਮੀ ਇਕ ਮੁਸਲਮਾਨ ਚੋਧਰੀ ਰਹਿੰਦਾ ਸੀ ਜੋ ਗੁਰੂ ਘਰ ਦਾ ਸ਼ਰਧਾਲੂ ਸੀ। ਇਸ ਦੇ ਘਰ ਜੋ ਪੁੱਤਰ ਪੈਦਾ ਹੋਇਆ ਉਹ ਇਸ ਨੇ ਗੁਰੂ ਦੀ ਮਿਹਰ ਸਦਕਾ ਹੋਇਆ ਹੀ ਸਮਝਿਆ ਸੀ। ਇਸ ਨੇ ਆਪਣੇ ਪੁੱਤਰ ਦਾ ਨਾਂ ਜੋਧਾ ਰੱਖਿਆ ਅਤੇ ਉਹ ਗੁਰੂ ਸਾਹਿਬ ਦੀ ਫੌਜ ਵਿਚ ਭਰਤੀ ਹੋ ਗਿਆ ਸੀ। ਉਸ ਨੇ ਗੁਰੂ ਸਾਹਿਬ ਵੱਲੋਂ ਲੜੀਆਂ ਗਈਆਂ ਲੜਾਈਆਂ ਵਿਚ ਬਹੁਤ ਬੀਰਤਾ ਭਰਪੂਰ ਹਿੱਸਾ ਲਿਆ ਸੀ। ਸਿਖ ਸੰਗਤਾਂ ਨੇ ਜੋਧੇ ਦੀ ਸੇਵਾ ਤੋਂ ਖੁਸ਼ ਹੋ ਕੇ ਮੁਸਲ ਡੇਰਾ ਪਿੰਡ ਨੂੰ ਗੁਰੂਸਰ ਜੋਧਾਂ ਦੇ ਨਾਂ ਨਾਲ ਸੰਬੋਧਨ ਕਰਨਾ ਸ਼ੁਰੂ ਕਰ ਦਿੱਤਾ। ਇਸ ਕਰ ਕੇ ਇਸ ਪਿੰਡ ਦਾ ਨਾ ਇਹੀ ਪਰਚੱਲਿਤ ਹੋ ਗਿਆ। ਗੁਰ ਹਰਿਗੋਬਿੰਦ ਸਾਹਿਬ ਨੇ ਇਸ ਪਿੰਡ ਵਿਚ ਇਕ ਖੂਹ ਵੀ ਲਗਵਾ ਕੇ ਦਿੱਤਾ ਸੀ ਜਿਸ ਦਾ ਪਾਣੀ ਬਹੁਤ ਮਿੱਠਾ ਸੀ। ਪਹਿਲਾ ਇਹ ਪਿੰਡ ਜੋਧੇ ਦੀ ਵੰਸ ਵਾਲੇ ਮੁਸਲਮਾਨਾਂ ਦਾ ਹੀ ਸੀ ਜੋ ਸਮੇਂ ਦੀ ਸਿਆਸਤ ਤੋਂ ਮਜਬੂਰ ਹੋ ਕੇ 1947 ਦੀ ਵੰਡ ਵੇਲੇ ਪਾਕਿਸਤਾਨ ਚਲੇ ਗਏ ਸਨ ਅਤੇ ਉਧਰੋਂ ਆਏ ਰਾਇ ਜੰਗ ਪਿੰਡ ਦੇ ਸੰਧੂ ਜੱਟ ਸਿਖ ਇਥੇ ਆ ਕੇ ਵਸ ਗਏ ਸਨ।

---

1. ਉਕਤ ਪੰਨਾ 1076

ਆਦੂਪੋਤ ਸਾਹਿਬ: ਗੁਰਦੁਆਰਾ ਆਦੂਪੋਤ ਸਾਹਿਬ ਪਿੰਡ ਮਾਛੀ ਕੇ (ਫਰੀਦਕੋਟ) ਤੋਂ ਦੋ ਕਿਲੋਮੀਟਰ ਦੀ ਵਿੱਥ 'ਤੇ ਹੈ। ਇੱਥੇ ਇਕ ਮੁਸਲਿਮ ਫਕੀਰ ਆਦੂ ਰਹਿੰਦਾ ਸੀ ਇਸ ਦਾ ਗੁਰੂ ਘਰ ਨਾਲ ਬਹੁਤ ਪਰੇਮ ਸੀ। ਗੁਰੂ ਹਰਿਗੋਬਿੰਦ ਸਾਹਿਬ ਇਸ ਇਲਾਕੇ ਵਿਚ ਵਿਚਰਦੇ ਹੋਏ ਇੱਥੇ ਪਧਾਰੇ ਸਨ। ਆਦੂ ਫ਼ਕੀਰ ਨੇ ਗੁਰੂ ਸਾਹਿਬ ਅੱਗੇ ਪਾਣੀ ਦੀ ਕਿੱਲਤ ਦੀ ਸਮੱਸਿਆ ਨੂੰ ਵਰਨਣ ਕੀਤਾ। ਗੁਰੂ ਸਾਹਿਬ ਨੇ ਆਪਣੇ ਸਿਖ ਸਿਪਾਹੀਆਂ ਦੀ ਮਦਦ ਨਾਲ ਇੱਥੇ ਇਕ ਬਹੁਤ ਡੂੰਘੀ ਖੂਹੀ ਲਗਾਈ। ਉਨ੍ਹਾਂ ਸਮਿਆਂ ਵਿਚ ਫਰੀਦਕੋਟ ਜਾਂ ਬਠਿੰਡੇ ਦੇ ਇਲਾਕਿਆਂ ਵਿਚ ਖੂਹ ਲਗਵਾਉਣਾ ਬਹੁਤ ਹੀ ਵੱਡਾ ਅਤੇ ਔਖਾ ਕੰਮ ਹੁੰਦਾ ਸੀ। ਗੁਰੂ ਸਾਹਿਬ ਨੇ ਸਿੱਖ-ਸਿਪਾਹੀਆਂ ਦੀ ਮਦਦ ਨਾਲ ਇਹ ਕੰਮ ਕੀਤਾ। ਇਹ ਮੁਸਲਿਮ ਫਕੀਰ ਆਦੂ ਗੁਰੂ ਜੀ ਦੇ ਦਰਸ਼ਨ ਕਰਨ ਪਿੱਛੋਂ ਸਿਖ ਧਰਮ ਦਾ ਪਰਚਾਰ ਹੀ ਕਰਨ ਲੱਗ ਪਿਆ ਸੀ ਅਤੇ ਇਸ ਦੀ ਇਲਾਕੇ ਦੀਆਂ ਸਿਖ ਸੰਗਤਾਂ ਵਿਚ ਬਹੁਤ ਮਾਨਤਾ ਹੋ ਗਈ ਸੀ। ਇਸ ਕਰ ਕੇ ਸਿਖ ਸੰਗਤਾਂ ਨੇ ਇੱਥੇ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਬਣਾਉਣ ਸਮੇਂ ਇਸ ਫ਼ਕੀਰ ਦੇ ਨਾਂ ਉੱਪਰ ਹੀ ਗੁਰਦੁਆਰੇ ਦਾ ਨਾਂ ਰੱਖ ਦਿੱਤਾ ਸੀ। ਸੰਤ ਕਰਨੈਲ ਸਿੰਘ ਟੱਲੇਵਾਲ ਦੀ ਅਗਵਾਈ ਹੇਠ ਸਿਖ ਸੰਗਤਾਂ ਨੇ ਸੁੰਦਰ ਗੁਰਦੁਆਰੇ ਦੀ ਉਸਾਰੀ ਕੀਤੀ ਹੈ। ਅੱਠ ਏਕੜ ਦੇ ਕਰੀਬ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਹੈ।

ਅੰਤਿਕਾ 1

ਪੀਰੀ-ਮੀਰੀ ਦਾ ਸਿਧਾਂਤ

(ਸਿਖ ਸਿਧਾਂਤਾਂ ਅਤੇ ਪਰੰਪਰਾਵਾਂ ਦੇ ਸੰਦਰਭ ਵਿਚ)

ਪੀਰੀ ਅਤੇ ਮੀਰੀ ਭਾਵੇਂ ਅਰਬੀ ਮੂਲ ਦੇ ਸ਼ਬਦ ਹਨ ਅਤੇ ਇਉਂ ਇਨ੍ਹਾਂ ਦੇ ਭਾਵ-ਅਰਥ ਵੀ ਅਰਬੀ ਭਾਸ਼ਾ ਵਾਲੇ ਹੀ ਹਨ। ਭਾਵ ਦੋਹਾਂ ਸ਼ਬਦਾਂ ਦਾ ਹੀ ਆਪੋ ਆਪਣੇ ਖੇਤਰ ਦੀ ਸਰਦਾਰੀ ਤੋਂ ਹੈ। ਪੀਰ ਸ਼ਬਦ ਧਾਰਮਿਕ ਤੌਰ ਤੇ ਸਰਬਉੱਚਤਾ ਨੂੰ ਦਰਸਾਉਂਦਾ ਹੈ।[1] ਅਤੇ ਮੀਰ ਸ਼ਬਦ ਰਾਜਨੀਤਿਕ ਖੇਤਰ ਦੀ ਸਰਦਾਰੀ ਨੂੰ ਦਰਸਾਉਂਦਾ ਹੈ।[2] ਜਦੋਂ ਅਸੀਂ ਇਨਾ ਹੀ ਸ਼ਬਦਾਂ ਦੀ ਵਰਤੋਂ ਸਿਖ ਧਰਮ ਦੇ ਸੰਦਰਭ ਵਿਚ ਕਰਦੇ ਹਾਂ ਜਾਂ ਇਨਾਂ ਦੀ ਪਰਿਭਾਸ਼ਾ ਗੁਰਬਾਣੀ ਦੇ ਸੰਦਰਭ ਵਿਚ ਕਰਦੇ ਹਾਂ ਤਾਂ ਜ਼ਰੂਰੀ ਨਹੀਂ ਹੈ ਕਿ ਅਸੀਂ ਇਨਾਂ ਸ਼ਬਦਾਂ ਦੇ ਉਹੀ ਅਰਥ ਲਈਏ ਜੋ ਅਰਬੀ ਭਾਸ਼ਾ ਜਾਂ ਇਸਲਾਮ ਦੇ ਸੰਦਰਭ ਵਿਚ ਰੱਖ ਕੇ ਲਏ ਜਾਂਦੇ ਹਨ। ਬੇਸ਼ੱਕ ਇਨਾਂ ਦਾ ਮੂਲ ਅਰਬੀ ਭਾਸ਼ਾ ਹੈ ਪਰ ਜਿਥੋਂ ਤੱਕ ਸਿਖ ਧਰਮ ਵਿਚ ਇਨਾਂ ਸ਼ਬਦਾਂ ਨੂੰ ਅਪਣਾਏ ਜਾਣ ਦਾ ਮਤਲਬ ਹੈ ਉਸ ਮੁਤਾਬਕ ਤਾਂ ਇਹ ਸ਼ਬਦ ਪੰਜਾਬੀ ਬੋਲੀ ਦਾ ਹੀ ਇਕ ਅਟੁੱਟ ਰੂਪ ਬਣ ਗਏ ਹਨ। ਅਸੀਂ ਇਨ੍ਹਾਂ ਦੇ ਉਹੀ ਅਰਥ ਦਰੁਸਤ ਮੰਨਣੇ ਹਨ ਜੋ ਗੁਰਬਾਣੀ ਦੇ, ਸਿਖ ਸਿਧਾਂਤਾਂ ਦੇ ਅਤੇ ਸਿਖ ਪਰੰਪਰਾਵਾਂ ਦੇ ਸੰਦਰਭ ਵਿਚ ਰੱਖ ਕੇ ਮੰਨੇ ਜਾ ਸਕਦੇ ਹਨ।

ਗੁਰਬਾਣੀ ਵਿਚ ਜਿਥੇ-ਜਿਥੇ ਵੀ ਮੀਰ ਸ਼ਬਦ ਦੀ ਵਰਤੋਂ ਹੋਈ ਹੈ ਉਹ ਰਾਜਨੀਤਿਕ ਸਰਦਾਰੀ ਨੂੰ ਦਰਸਾਉਣ ਲਈ ਹੀ ਹੈ। ਜਿਵੇਂ ਕਿ:

ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ।

(ਗੁਰੂ ਗ੍ਰੰਥ ਸਾਹਿਬ, ਪੰ. 417)

ਇਸੇ ਤਰਾਂ ਪੀਰ ਸ਼ਬਦ ਵੀ ਗੁਰਬਾਣੀ ਵਿਚ ਜਿਥੇ-ਜਿਥੇ ਵਰਤਿਆ ਗਿਆ ਹੈ ਉਸ ਦਾ ਭਾਵ ਵੀ ਧਾਰਮਿਕ ਸਰਬ-ਉੱਚਤਾ ਜਾਂ ਧਾਰਮਿਕ ਤੌਰ 'ਤੇ ਸੁਤੰਤਰ ਹੋਂਦ ਨੂੰ ਦਰਸਾਉਣ ਦਾ ਹੀ ਹੈ। ਜਿਵੇਂ ਕਿ :

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ।

(ਗੁਰੂ ਗ੍ਰੰਥ ਸਾਹਿਬ, ਪੰਨਾ 141)

---

1. James Hestings (ed.) *Encyclopaedia of Religion and Ethics*. Vol. X (T and T Clark), Edinburgh, 1963, p 40.
2. Hughes Thomas, *Dictionary of Islam*, Premier Book House, Lahore, 1964, p. 14. See also *Encyclopaedia of Islam*, Vol. I (Ed. H.R. Gibb), Luzac and Co., London, 1960, p. 430.

ਪਰ ਜਦੋਂ ਅਸੀਂ ਇਨ੍ਹਾਂ ਹੀ ਸ਼ਬਦਾਂ ਨੂੰ ਗੁਰੂ ਸਾਹਿਬਾਨ ਦੇ ਅਮਲੀ ਜੀਵਨ ਦੇ ਵਾਕਿਆਤ ਦੌਰਾਨ ਤੁਲਨਾ ਕੇ ਦੇਖਦੇ ਹਾਂ ਤਾਂ ਪੀਰੀ ਦੀ ਪਰਿਭਾਸ਼ਾ ਤਾਂ ਬਿਲਕੁਲ ਗੁਰਬਾਣੀ ਵਿਚ ਦਿੱਤੇ ਗਏ ਹਵਾਲਿਆਂ ਮੁਤਾਬਕ ਹੀ ਸਾਡੇ ਸਾਹਮਣੇ ਆਉਂਦੀ ਹੈ ਪਰ ਮੀਰੀ ਜਾਂ ਮੀਰ ਸ਼ਬਦ ਦੇ ਅਰਥ ਉਸ ਤਰਾਂ ਨਹੀਂ ਨਿਕਲਦੇ ਕਿਉਂਕਿ ਮੀਰ ਜਾਂ ਮੀਰੀ ਦੇ ਸ਼ਬਦਾਂ ਦੇ ਸਿੱਧੇ ਅਰਥ ਤਾਂ ਇਕ ਦਮ ਪੂਰਨ ਪਰਭੂਸਤਾਸ਼ਾਲੀ ਹਾਕਮ ਤੋਂ ਲਏ ਜਾਂਦੇ ਹਨ ਪਰ ਜਿਵੇਂ ਕਿ ਗੁਰੂ ਸਾਹਿਬਾਨ ਬਿਲਕੁਲ ਰਾਜਨੀਤਿਕ ਸਤਾ ਤੋਂ ਨਿਰਲੇਪ ਰਹੇ ਸਨ ਉਸ ਸੰਦਰਭ ਵਿਚ ਦੇਖਿਆ ਅਸੀਂ ਮੀਰ ਸ਼ਬਦ ਦੇ ਅਰਥ ਪੂਰਨ ਸੁਤੰਤਰਤਾ ਵਾਲੇ ਹਾਕਮ ਤੋਂ ਨਹੀਂ ਲੈ ਸਕਦੇ। ਇਨਾਂ ਸ਼ਬਦਾਂ ਦੀ ਸਹੀ ਵਿਆਖਿਆ ਤਦ ਹੀ ਹੋ ਸਕੇਗੀ ਜੇ ਅਸੀਂ ਇਨਾਂ ਨੂੰ ਗੁਰਬਾਣੀ ਅਤੇ ਸਿਖ ਇਤਿਹਾਸ ਦੋਹਾਂ ਦੇ ਸੰਦਰਭ ਵਿਚ ਰੱਖ ਕੇ ਦੇਖਾਂਗੇ।

ਗੁਰੂ ਸਾਹਿਬਾਨ ਨੇ ਨਾ ਹੀ ਸਿਰਫ ਆਪਣੇ ਆਪ ਨੂੰ ਰਾਜਨੀਤਿਕ ਮਾਮਲਿਆਂ ਤੋਂ ਨਿਰਲੇਪ ਹੀ ਰੱਖਿਆ ਸੀ ਸਗੋਂ ਆਪਣੇ ਸਮਕਾਲੀ ਬਾਦਸ਼ਾਹਾਂ ਨੂੰ ਪੂਰੀ-ਪੂਰੀ ਮਾਣਤਾ ਵੀ ਦਿੱਤੀ ਹੋਈ ਸੀ। ਅਜਿਹੀਆਂ ਘਟਨਾਵਾਂ ਜਾਂ ਅਜਿਹੇ ਵੇਰਵਿਆਂ ਦੇ ਵਿਸਥਾਰ ਵਿਚ ਜਾਣ ਦੀ ਜ਼ਰੂਰਤ ਨਹੀਂ ਸਿਰਫ ਇਤਨਾ ਕਹਿ ਦੇਣਾ ਹੀ ਕਾਫੀ ਹੈ ਕਿ ਗੁਰੂ ਅਰਜਨ ਦੇਵ ਜੀ ਤੱਕ ਮੁਗਲ ਬਾਦਸ਼ਾਹਾਂ (ਬਾਬਰ, ਹੰਮਾਯੂ ਅਤੇ ਅਕਬਰ) ਦਾ ਸਿਖ ਗੁਰੂ ਸਾਹਿਬਾਨ ਨਾਲ ਬਹੁਤ ਅੱਛਾ ਸੰਬੰਧ ਰਿਹਾ ਸੀ। ਇਨਾਂ ਬਾਦਸ਼ਾਹਾਂ ਦੀ ਧਰਮ ਨਿਰਪੱਖਤਾ ਵਾਲੀ ਨੀਤੀ ਸਿਖ ਧਰਮ ਦੇ ਪਰਚਾਰ ਅਤੇ ਪਰਸਾਰ ਵਿਚ ਬਹੁਤ ਸਹਾਈ ਹੋਈ ਸੀ। ਜੇ ਜਹਾਂਗੀਰ ਦੇ ਮੁੱਢਲੇ ਸਾਲਾਂ ਦੀ ਸੌੜੀ ਸੋਚ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਲਈ ਸੀ ਤਾਂ ਪਿਛਲਾ ਸਾਰਾ ਸਮਾਂ ਉਸ ਦਾ ਗੁਰੂ ਹਰਿਗੋਬਿੰਦ ਸਾਹਿਬ ਪਰਤੀ ਬਹੁਤ ਹੀ ਅੱਛੀ ਮਿੱਤਰਤਾ ਵਾਲਾ ਰਿਹਾ ਸੀ। ਇਸ ਤਰਾਂ ਜੇ ਅਸੀਂ ਦਸ ਗੁਰੂ ਸਾਹਿਬਾਨ ਦੇ ਸਮੁੱਚੇ ਸਮੇਂ ਨੂੰ ਉਨ੍ਹਾਂ ਦੇ ਸਮਕਾਲੀ ਸਾਰੇ ਬਾਦਸ਼ਾਹਾਂ ਨਾਲ ਸੰਬੰਧਾਂ ਨੂੰ ਵਾਚੀਏ ਤਾਂ ਪਤਾ ਲਗਦਾ ਹੈ ਕਿ ਸਿਰਫ ਥੋੜ੍ਹੇ ਜਿਹੇ ਸਮੇਂ ਨੂੰ ਹੀ ਛੱਡ ਕੇ ਬਾਕੀ ਸਾਰਾ ਸਮਾਂ ਅੱਛੇ ਸੰਬੰਧਾਂ ਵਾਲਾ ਹੀ ਹੈ। ਹਾਂ ਗੁਰੂ ਸਾਹਿਬਾਨ ਦੇ ਵਿਚਰਨ ਦੇ ਢੰਗ-ਤਰੀਕਿਆਂ ਤੋਂ, ਸਿਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਤੋਂ ਅਤੇ ਖਾਲਸਾ ਪੰਥ ਦੀ ਸਾਜਨਾ ਤੋਂ ਇਹ ਵਿਚਾਰਧਾਰਾ ਜ਼ਰੂਰ ਪਰਗਟ ਹੁੰਦੀ ਹੈ ਕਿ ਗੁਰੂ ਸਾਹਿਬਾਨ ਆਪਣੇ ਸਮਾਜ ਦੀ ਸੁਤੰਤਰਤਾ ਨੂੰ ਬਰਕਰਾਰ ਰੱਖ ਕੇ ਹੀ ਮੁਗਲ ਬਾਦਸ਼ਾਹਾਂ ਨਾਲ ਵਿਚਰਦੇ ਸਨ। ਇਸ ਨੂੰ ਅਸੀਂ ਆਧੁਨਿਕ ਬੋਲੀ ਵਿਚ ਆਤਮ-ਨਿਰਣੈ ਦੇ ਅਧਿਕਾਰਾਂ ਦੀ ਸੁਰੱਖਿਅਤਾ ਜਾਂ ਸਿਖ ਸਮਾਜ ਦੀ ਅੰਦਰੂਨੀ ਖੁਦ ਮੁੱਖਤਿਆਰੀ ਦਾ ਸੰਕਲਪ ਕਹਿ ਸਕਦੇ ਹਾਂ। ਸਿਰੀ ਅਕਾਲ ਤਖ਼ਤ ਸਾਹਿਬ ਸਿਖ ਸਮਾਜ ਦੀ ਸੁਤੰਤਰਤਾ ਦਾ ਪਰਤੀਕ ਹੈ ਅਤੇ ਸਿਖ ਭਾਈਚਾਰੇ ਦੀ ਸੁਤੰਤਰਤਾ ਭਾਰਤੀ ਮਹਾਂ-ਸਾਮਰਾਜ ਜਾਂ ਭਾਰਤੀ ਰਾਜਨੀਤਿਕ ਪਰਣਾਲੀ ਵਿਚ ਅੰਦਰੂਨੀ ਖੁਦਮੁਖਤਿਆਰੀ ਦਾ ਦਰਜਾ ਧਾਰਨ ਕਰ ਲੈਂਦੀ ਹੈ। ਜਦੋਂ ਤੱਕ ਮੁਗਲ ਬਾਦਸ਼ਾਹਾਂ ਨੇ ਸਿਖ ਸਮਾਜ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ-ਨਹੀਂ ਦਿੱਤਾ ਉਦੋਂ ਤੱਕ ਗੁਰੂ ਸਾਹਿਬਾਨ ਨੇ ਵੀ ਮੁਗਲ ਬਾਦਸ਼ਾਹਾਂ ਨ਼ਾਲ ਪੂਰਾ ਸਹਿਯੋਗ ਰੱਖਿਆ ਹੈ ਪਰ ਜਦੋਂ ਮੁਗਲ ਬਾਦਸ਼ਾਹਾਂ ਨੇ ਸਿਖਾਂ ਦੇ ਮਾਮਲਿਆਂ ਵਿਚ ਦਖ਼ਲ ਅੰਦਾਜ਼ੀ ਕੀਤੀ ਤਾਂ ਗੁਰੂ ਸਾਹਿਬਾਨ ਨੇ ਵੀ ਬਾਦਸ਼ਾਹਾਂ ਨਾਲੋਂ ਆਪਣੇ ਸੰਬੰਧ ਤੋੜ ਲਏ ਸਨ ਅਤੇ ਹਥਿਆਰਬੰਦ ਬਗਾਵਤ ਦੀ ਹੱਦ ਤੱਕ ਚਲੇ ਗਏ ਸਨ। ਇਹ ਹਥਿਆਰਬੰਦ ਬਗਾਵਤ ਉਸ ਸਮੇਂ ਤੱਕ ਚਲਦੀ ਰਹਿੰਦੀ ਸੀ ਜਦੋਂ ਤੱਕ ਬਾਦਸ਼ਾਹਾਂ ਵੱਲੋਂ

ਇਹ ਵਿਸ਼ਵਾਸ ਨਹੀਂ ਸੀ ਦਿਵਾ ਦਿੱਤਾ ਜਾਂਦਾ ਕਿ ਅੱਗੇ ਤੋਂ ਸਿਖ ਸਮਾਜ ਦੇ ਕਿਸੇ ਵੀ ਕਿਸਮ ਦੇ ਮਾਮਲੇ ਵਿਚ ਦਖ਼ਲ ਅੰਦਾਜ਼ੀ ਨਹੀਂ ਹੋਵੇਗੀ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਪਿੱਛੋਂ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਅਪਣਾਈ ਗਈ ਨੀਤੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਅਪਣਾਈ ਗਈ ਨੀਤੀ ਇਸੇ ਹੀ ਵਿਚਾਰਧਾਰਾ ਨੂੰ ਪਰਪੱਕ ਕਰਦੀ ਹੈ। ਗੁਰੂ ਹਰਿਗੋਬਿੰਦ ਵੱਲੋਂ ਅਕਾਲ ਤਖ਼ਤ ਦੀ ਸਥਾਪਨਾ ਅਤੇ ਹਥਿਆਰਬੰਦ ਫ਼ੌਜ ਖੜੀ ਕਰਨਾ ਬਗਾਵਤ ਸੀ ਪਰ ਜਹਾਂਗੀਰ ਨੇ ਕੁੱਝ ਸਮੇਂ ਬਾਦ ਆਪਣੀ ਗਲਤੀ ਦਾ ਅਹਿਸਾਸ ਕਰ ਲਿਆ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਹਥਿਆਰਬੰਦ ਬਗਾਵਤ ਵੀ ਸ਼ਾਂਤ ਹੋ ਗਈ। ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸੇ ਦੀ ਸਾਜਨਾ ਅਤੇ ਹਥਿਆਰਬੰਦ ਲੜਾਈਆਂ ਇਕ ਖੁੱਲੀ ਬਗਾਵਤ ਦਾ ਪਰਤੀਕ ਸਨ ਪਰ ਜਦੋਂ ਜ਼ਫ਼ਰਨਾਮੇ ਦੇ ਮਿਲਣ ਪਿੱਛੋਂ ਔਰੰਗਜ਼ੇਬ ਨੂੰ ਅਸਲੀਅਤ ਦਾ ਗਿਆਨ ਹੋਇਆ ਅਤੇ ਉਸ ਨੇ ਗੁਰੂ ਸਾਹਿਬ ਨੂੰ ਅਦਬ ਸਹਿਤ ਅਤੇ ਸਤਿਕਾਰ ਸਹਿਤ ਬੁਲਾਵਾ ਭੇਜਿਆ ਤਾਂ ਗੁਰੂ ਸਾਹਿਬ ਵੀ ਸਭ ਕੁਝ ਭੁਲਾ ਕੇ ਦੱਖਣ ਵਲ ਨੂੰ ਚਲ ਪਏ ਸਨ। ਪਿੱਛੋਂ ਬਾਦਸ਼ਾਹ ਬਹਾਦਰ ਸ਼ਾਹ ਨਾਲ ਆਗਰੇ ਦੇ ਸਥਾਨ 'ਤੇ ਗੁਰੂ ਸਾਹਿਬ ਦੀ ਮੁਲਾਕਾਤ ਆਪਸੀ ਸਹਿਯੋਗ ਅਤੇ ਸਮਝੌਤੇ ਨੂੰ ਦਰਸਾਉਂਦੀ ਹੈ। 'ਬਾਬੇ ਕੇ ਬਾਬਰ ਕੇ ਦੋਊ' ਵਾਲਾ ਸ਼ਬਦ ਗੁਰੂ ਸਾਹਿਬਾਨ ਅਤੇ ਮੁਗ਼ਲ ਬਾਦਸ਼ਾਹਾਂ ਦੇ ਆਪਸੀ ਅੱਛੇ ਸੰਬੰਧਾਂ ਨੂੰ ਦਰਸਾਉਣ ਵਾਲਾ ਇਕ ਅਤੀ ਅਹਿਮ ਦਸਤਾਵੇਜ਼ ਹੈ। ਮੀਰੀ ਪੀਰੀ ਦੇ ਸਿਧਾਂਤ ਦੀ ਵੀ ਇਨਾਂ ਗੱਲਾਂ ਦੀ ਰੌਸ਼ਨੀ ਵਿਚ ਰੱਖ ਕੇ ਹੀ ਵਿਆਖਿਆ ਕਰਨੀ ਚਾਹੀਦੀ ਹੈ।

ਪੀਰੀ ਸ਼ਬਦ ਦੀ ਵਿਆਖਿਆ ਕਰਨ ਵਿਚ ਕੋਈ ਮੁਸ਼ਕਿਲ ਨਹੀਂ ਹੈ ਕਿਉਂਕਿ ਪੀਰੀ ਜਿਸ ਧਾਰਮਿਕ ਸੁਤੰਤਰਤਾ ਵਾਲੀ ਸਥਿਤੀ ਨੂੰ ਦਰਸਾਉਂਦੀ ਹੈ ਗੁਰੂ ਸਾਹਿਬਾਨ ਨੇ ਧਾਰਮਿਕ ਖੇਤਰ ਵਿਚ ਬਿਲਕੁਲ ਉਸੇ ਤਰਾਂ ਕਰ ਕੇ ਦਿਖਾਇਆ ਹੈ। ਇਸ ਦਾ ਦੂਜਾ ਭਾਵ ਇਹ ਵੀ ਹੈ ਕਿ ਗੁਰਬਾਣੀ ਦਾ ਸਿਧਾਂਤ ਅੰਤਿਮ ਅਥਾਰਟੀ ਹੈ। ਇਹ ਕਿਸੇ ਹੋਰ ਫਿਲਾਸਫੀ ਜਾਂ ਧਾਰਮਿਕ ਵਿਚਾਰਧਾਰਾ ਦੀ ਪਦਾਇਸ਼ ਨਹੀਂ ਹੈ। ਕਈ ਲੇਖਕਾਂ ਦੀ ਆਦਤ ਹੁੰਦੀ ਹੈ ਕਿ ਉਹ ਗੁਰਬਾਣੀ ਦੇ ਸ਼ਬਦਾਂ ਦੀ ਵਿਆਖਿਆ ਕਰਦੇ ਹੋਏ ਦੂਸਰੇ ਧਰਮਾਂ ਦੇ ਗ੍ਰੰਥਾਂ ਵਾਲੀ ਵਿਆਖਿਆ ਨੂੰ ਵਿਚ ਰਲਗਡ ਕਰ ਕੇ ਉਨ੍ਹਾਂ ਦੀ ਸਹਾਇਤਾ ਲੈਂਦੇ ਹਨ। ਅਜਿਹੀ ਪਹੁੰਚ ਪੀਰੀ ਦੇ ਸਿਧਾਂਤ ਦੇ ਪਰਤੀਕੂਲ ਹੈ। ਕਈ ਲੇਖਕ ਸਿਖ ਧਰਮ ਨੂੰ ਮੱਧ-ਯੁੱਗ ਦੀ ਭਗਤੀ ਲਹਿਰ ਦਾ ਇਕ ਹਿੱਸਾ ਦੱਸਦੇ ਹਨ ਜਾਂ ਸਿਖ ਧਰਮ ਨੂੰ ਇਸਲਾਮ ਅਤੇ ਹਿੰਦੂ ਧਰਮ ਦਾ ਸੁਮੇਲ ਦੱਸਦੇ ਹਨ ਪਰ ਪੀਰੀ ਦਾ ਸਿਧਾਂਤ ਇਸ ਤਰਾਂ ਦੀ ਦਲੀਲ ਨੂੰ ਇਕ ਦਮ ਰੱਦ ਕਰਦਾ ਹੈ। ਇਹ ਸਿਧਾਂਤ ਦੱਸਦਾ ਹੈ ਕਿ ਸਿਖ ਧਰਮ ਦੇ ਸਿਧਾਂਤ, ਆਸ਼ੇ ਅਤੇ ਉਦੇਸ਼, ਆਪਣੇ ਆਪ ਵਿਚ ਮੌਲਿਕ ਹਨ ਅਤੇ ਇਨ੍ਹਾਂ ਦੇ ਉਹੀ ਅਰਥ ਲਏ ਜਾਣੇ ਚਾਹੀਦੇ ਹਨ ਜਿਹੜੇ ਸਿਖ ਸੰਦਰਭ ਵਿਚ ਰੱਖਿਆ ਸਹੀ ਸਾਬਤ ਹੋ ਸਕਣ।

ਗੁਰੂ ਅਰਜਨ ਦੇਵ ਜੀ ਵਲੋਂ ਆਪਣੇ ਸਮਕਾਲੀ ਸਮੇਂ ਦੀ ਰਾਜਨੀਤਿਕ ਅਤੇ ਧਾਰਮਿਕ ਸੋਚ ਤੋਂ ਬਿਲਕੁਲ ਪਰੇ ਰਹਿ ਕੇ ਜਾਂ ਇਸ ਦੇ ਵਿਰੋਧ ਵਿਚ ਖੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ। ਇਹ ਪੀਰੀ ਦੇ ਸਿਧਾਂਤ ਨੂੰ ਹੀ ਦਰਸਾਉਣ ਵਾਲੀ ਗੱਲ ਹੈ। ਜੇਕਰ ਇਹੀ ਸਭ ਕੁਝ ਸਮਕਾਲੀ ਹਾਲਾਤ ਅਨੁਸਾਰ ਲਿਖਿਆ ਜਾਂਦਾ ਫਿਰ ਇੱਥੇ ਪੀਰੀ ਸ਼ਬਦ ਦੀ

ਪਰਿਭਾਸ਼ਾ ਲਾਗੂ ਨਹੀਂ ਸੀ ਹੋ ਸਕਣੀ। ਆਸਾ ਜੀ ਦੀ ਵਾਰ ਵਿਚ ਵੈਸੇ ਤਾਂ ਸਾਰੀ ਰਚਨਾ ਹੀ ਸਮਕਾਲੀ ਸਮਾਜ, ਸਮਕਾਲੀ ਧਾਰਮਿਕ ਨੇਤਾਵਾਂ ਅਤੇ ਸਮਕਾਲੀ ਹਾਕਮਾਂ ਦਾ ਖੁੱਲ ਕੇ ਅਤੇ ਭੈ ਰਹਿਤ ਹੋ ਕੇ ਨੰਗਾ ਚਿਟਾ ਚਿਤਰਣ ਪੇਸ਼ ਕੀਤਾ ਗਿਆ ਹੈ ਪਰ ਇਸ ਵਿਚ ਵੀ 'ਮਿਟੀ ਮੁਸਲਮਾਨ ਕੀ', 'ਕੂੜੁ ਰਾਜਾ ਕੂੜੁ ਪਰਜਾ', 'ਪੜਿ ਪੁਸਤਕ ਸੰਧਿਆ ਬਾਦੰ', ਅਤੇ 'ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ' ਵਾਲੇ ਸ਼ਬਦ ਤਾਂ ਸਿੱਧੇ ਹੀ ਚੁਣੌਤੀ ਭਰੇ ਹਨ। ਅਜਿਹੇ ਚਿਤਰਣ ਸਿਰਫ ਧਾਰਮਿਕ ਤੌਰ 'ਤੇ ਇਕ ਸੁਤੰਤਰ ਨੇਤਾ ਹੀ ਪੇਸ਼ ਕਰ ਸਕਦਾ ਹੈ। ਇਹੀ ਸੁਤੰਤਰਤਾ ਜਾਂ ਨਿਰਡਰਤਾ ਹੀ ਪੀਰੀ ਦੇ ਸਿਧਾਂਤ ਨੂੰ ਸਿਰਜਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੀ ਸ਼ਕਾਇਤ ਅਕਬਰ ਪਾਸ ਵੀ ਕੀਤੀ ਗਈ ਸੀ ਅਤੇ ਔਰੰਗਜ਼ੇਬ ਪਾਸ ਵੀ ਪਰ ਗੁਰੂ ਸਾਹਿਬਾਨ ਹਰ ਸਮੇਂ ਆਪਣੇ ਗ੍ਰੰਥ ਵਿਚ ਦਰਜ ਗੁਰਬਾਣੀ ਦੇ ਇਕ-ਇਕ ਅੱਖਰ ਅਤੇ ਸ਼ਬਦ 'ਤੇ ਵੀ ਅੜੇ ਰਹੇ ਸਨ ਇੱਥੋਂ ਤੱਕ ਕਿ ਕੰਨਾ ਬਿਹਾਰੀ ਦੀ ਅਦਲਾ ਬਦਲੀ ਵੀ ਕਰਨ ਨੂੰ ਤਿਆਰ ਨਹੀਂ ਹੋਏ। ਬਾਬਾ ਰਾਮ ਰਾਇ ਨੇ ਔਰੰਗਜ਼ੇਬ ਦੇ ਦਰਬਾਰ ਵਿਚ ਸਿਰਫ ਹਾਲਾਤ ਨੂੰ ਮੁੱਖ ਰੱਖ ਕੇ ਹੀ ਮੁਸਲਮਾਨ ਸ਼ਬਦ ਦੀ ਥਾਂ ਬੇਈਮਾਨ ਸ਼ਬਦ ਦੱਸਿਆ ਸੀ ਪਰ ਇਸ ਇਕ ਸ਼ਬਦ ਦੀ ਮਾਮੂਲੀ ਜਿਹੀ ਤਬਦੀਲੀ ਉਸ ਨੂੰ ਆਪਣੇ ਪਿਤਾ ਗੁਰੂ ਦਾ ਉੱਤਰ ਅਧਿਕਾਰੀ ਬਣਨ ਦੇ ਅਧਿਕਾਰ ਤੋਂ ਵਾਂਝਿਆਂ ਕਰ ਬੈਠੀ ਕਿਉਂਕਿ ਅਜਿਹੀ ਮੌਕਾਪਰਸਤੀ ਪੀਰੀ ਦੇ ਸਿਧਾਂਤ ਦੇ ਅਨੁਕੂਲ ਨਹੀਂ ਸੀ। ਬਾਬਾ ਰਾਮ ਰਾਇ ਦਾ ਕੰਮ ਇਕ ਵਧੀਆ ਡਿਪਲੋਮੈਟਕ ਪੱਧਰ ਦਾ ਤਾਂ ਹੋ ਸਕਦਾ ਸੀ ਜਿਸ ਨੇ ਸਮੇਂ ਅਨੁਸਾਰ ਬਾਦਸ਼ਾਹ ਨੂੰ ਖੁਸ਼ ਵੀ ਕਰ ਦਿੱਤਾ ਸੀ ਅਤੇ ਆਪਣੇ ਗ੍ਰੰਥ ਨੂੰ ਵੀ ਬਚਾ ਲਿਆ ਸੀ ਪਰ ਇਹ ਇਕ ਪੀਰ ਦਾ ਕੰਮ ਨਹੀਂ ਸੀ ਹੋ ਸਕਦਾ। ਪੀਰ ਨੇ ਇਕ ਮਾਡਲ ਬਣਨਾ ਹੁੰਦਾ ਹੈ ਜਿਸ ਨੂੰ ਲੋਕਾਂ ਨੇ ਅਪਨਾਉਣਾ ਹੁੰਦਾ ਹੈ।

ਮੀਰੀ ਸ਼ਬਦ ਦੀ ਵਿਆਖਿਆ ਜਿਸ ਤਰਾਂ ਪਿੱਛੇ ਕੀਤੀ ਗਈ ਹੈ ਉਸ ਅਨੁਸਾਰ ਸਿਖ ਸੰਦਰਭ ਵਿਚ ਇਸ ਨੂੰ ਆਤਮ-ਨਿਰਣੇ ਦੇ ਅਧਿਕਾਰਾਂ ਦਾ ਐਲਾਨਨਾਮਾ ਕਹਿ ਸਕਦੇ ਹਾਂ। ਵੈਸੇ ਐਸੇ ਐਲਾਨ ਦੀ ਨੌਬਤ ਸਿਰਫ ਉਸ ਸਮੇਂ ਹੀ ਆਉਂਦੀ ਹੈ ਜਦੋਂ ਕੋਈ ਹਕੂਮਤ ਕਿਸੇ ਫਿਰਕੇ ਜਾਂ ਸਮਾਜ ਦੇ ਅਧਿਕਾਰਾਂ ਨੂੰ ਕੁਚਲਣਾ ਚਾਹੁੰਦੀ ਹੋਵੇ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਤੱਕ ਕਿਸੇ ਵੀ ਗੁਰੂ ਸਾਹਿਬ ਨੂੰ ਅਜਿਹੇ ਐਲਾਨਨਾਮੇ ਦੀ ਜ਼ਰੂਰਤ ਨਹੀਂ ਪਈ ਕਿਉਂਕਿ ਕਿਸੇ ਵੀ ਮੁਗਲ ਬਾਦਸ਼ਾਹ ਨੇ ਕਦੇ ਸਿਖ ਸਮਾਜ ਦੇ ਅਧਿਕਾਰਾਂ ਨੂੰ ਹੜੱਪ ਕਰਨ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਗੁਰੂ ਅਮਰ ਦਾਸ ਜੀ ਨੇ ਸਿਖ ਸੰਗਤਾਂ ਨੂੰ ਮੰਜੀ ਸਿਸਟਮ ਰਾਹੀਂ ਜੱਥੇਬੰਦ ਕੀਤਾ। ਕਈਆਂ ਨੂੰ ਇਹ ਪਰਬੰਧ ਵੱਡੇ ਰਾਜ ਵਿਚ ਛੋਟੇ ਰਾਜ ਦੇ ਬਰਾਬਰ ਨਜ਼ਰ ਆਉਂਦਾ ਸੀ ਅਤੇ ਕਈਆਂ ਨੂੰ ਇਹ ਅਕਬਰ ਦੇ ਬਾਈ ਸੂਬਿਆਂ ਨਾਲ ਮਿਲਦਾ ਜੁਲਦਾ ਦਿਸਦਾ ਸੀ ਪਰ ਕਿਸੇ ਬਾਦਸ਼ਾਹ ਨੇ ਇਸ ਵਿਚ ਕੋਈ ਦਖ਼ਲ ਨਹੀਂ ਦਿੱਤਾ। ਫਿਰ ਗੁਰੂ ਅਰਜਨ ਜੀ ਨੇ ਮੰਜੀ ਸਿਸਟਮ ਦੀ ਥਾਂ ਮਸੰਦ ਸਿਸਟਮ ਚਾਲੂ ਕੀਤਾ। ਕਈਆਂ ਨੂੰ ਇਹ ਸਿਸਟਮ ਵੀ ਇਕ ਬਰਾਬਰ ਦੀ ਹਕੂਮਤ ਨਜ਼ਰ ਆਉਂਦਾ ਸੀ ਪਰ ਇਸ ਵਿਚ ਵੀ ਕਿਸੇ ਬਾਦਸ਼ਾਹ ਨੇ ਕੋਈ ਦਖ਼ਲ ਅੰਦਾਜ਼ੀ ਨਹੀਂ ਕੀਤੀ। ਇਸੇ ਕਰ ਕੇ ਕਿਸੇ ਗੁਰੂ ਸਾਹਿਬ ਨੇ ਵੀ ਮੀਰ ਬਣਨ ਦੇ ਐਲਾਨ ਨਹੀ ਕੀਤੇ ਪਰ ਜਦੋਂ ਜਹਾਂਗੀਰ ਨੇ ਬਿਨਾ ਵਜਾਹ, ਸਿਰਫ ਇਕ ਧਾਰਮਿਕ ਸਾੜੇ ਕਾਰਨ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਦਿੱਤਾ ਤਾਂ ਇਹ ਇਕ ਘੱਟ

ਗਿਣਤੀ ਦੇ ਭਾਈਚਾਰੇ ਦੇ ਮੁੱਢਲੇ ਅਧਿਕਾਰਾਂ ਨੂੰ ਖੋਹਣ ਦੀ ਸਭ ਤੋਂ ਵੱਡੀ ਚੁਣੌਤੀ ਸੀ। ਇਹੀ ਕਾਰਨ ਸੀ ਕਿ ਗੁਰੂ ਹਰਿਗੋਬਿੰਦ ਸਾਹਿਬ ਨੂੰ ਪੀਰ ਦੇ ਨਾਲ-ਨਾਲ ਮੀਰ ਬਣਨ ਦਾ ਵੀ ਐਲਾਨ ਕਰਨਾ ਪਿਆ। ਇਸ ਮਕਸਦ ਲਈ ਹੀ ਅਕਾਲ ਤਖ਼ਤ ਕਾਇਮ ਕੀਤਾ ਅਤੇ ਹਥਿਆਰਬੰਦ ਫੌਜਾਂ ਖੜੀਆਂ ਕੀਤੀਆਂ। ਭਾਵੇਂ ਜਹਾਂਗੀਰ ਛੇਤੀ ਹੀ ਹਾਲਾਤ ਨੂੰ ਤਾੜ ਗਿਆ ਸੀ ਇਉਂ ਉਸ ਨੇ ਗੁਰੂ ਹਰਿਗੋਬਿੰਦ ਸਾਹਿਬ ਨਾਲ ਮਿੱਤਰਤਾ ਕਾਇਮ ਕਰ ਲਈ ਸੀ। ਮਿੱਤਰਤਾ ਕਾਇਮ ਕਰਨ ਦਾ ਦੂਸਰਾ ਮਤਲਬ ਸਿਖਾਂ ਦੇ ਮੁੱਢਲੇ ਅਧਿਕਾਰਾਂ ਦੀ ਸੁਰੱਖਿਆ ਦੀ ਗਰੰਟੀ ਸੀ ਇਸ ਕਰ ਕੇ ਗੁਰੂ ਹਰਿਗੋਬਿੰਦ ਸਾਹਿਬ ਵੀ ਸ਼ਾਂਤ ਹੋ ਗਏ ਅਤੇ ਦੋਵੇਂ ਧਿਰਾਂ ਦਾ ਟਕਰਾਅ ਨਹੀਂ ਹੋਇਆ। ਇਹੀ ਟਕਰਾਅ ਬਾਦਸ਼ਾਹ ਸ਼ਾਹ ਜਹਾਨ ਵੇਲੇ ਹੋ ਗਿਆ ਅਤੇ ਗੁਰੂ ਹਰਿਗੋਬਿੰਦ ਸਾਹਿਬ ਵੀ ਆਪਣੇ ਅਧਿਕਾਰਾਂ ਦੀ ਰਾਖੀ ਲਈ ਜੰਗ ਦੇ ਮੈਦਾਨ ਵਿਚ ਆ ਖੜੇ ਹੋਏ। ਇਹੀ ਨੀਤੀ ਪਿਛਲੇ ਗੁਰੂ ਸਾਹਿਬਾਨ ਸਮੇਂ ਵੀ ਅਪਣਾਈ ਗਈ ਸੀ। ਗੁਰੂ ਹਰਿ ਰਾਇ ਜੀ ਅਤੇ ਗੁਰੂ ਹਰਿ ਕ੍ਰਿਸ਼ਨ ਜੀ ਸਮੇਂ ਐਸਾ ਕੋਈ ਟਕਰਾਅ ਨਹੀਂ ਹੋਇਆ। ਸਿੱਟੇ ਵਜੋਂ ਗੁਰੂ ਸਾਹਿਬਾਨ ਵੀ ਮੁਗਲ ਹਕੂਮਤ ਨੂੰ ਮਾਣਤਾ ਦਿੰਦੇ ਰਹੇ ਅਤੇ ਆਪਣੇ ਨਵ-ਸਿਰਜੇ ਸਮਾਜ ਦੀ ਸੁਤੰਤਰਤਾ ਵੀ ਬਰਕਰਾਰ ਰੱਖਦੇ ਰਹੇ ਸਨ। ਔਰੰਗਜ਼ੇਬ ਨੇ ਗੁਰੂ ਤੇਗ ਬਹਾਦਰ ਜੀ ਨੂੰ ਬਿਨਾ ਵਜ੍ਹਾਹ ਸ਼ਹੀਦ ਕਰ ਦਿੱਤਾ ਤਾਂ ਗੁਰੂ ਗੋਬਿੰਦ ਸਿੰਘ ਜੀ ਵੀ ਹਥਿਆਰਬੰਦ ਹੋ ਕੇ ਜੰਗ ਦੇ ਮੈਦਾਨ ਵਿਚ ਆ ਕੇ ਖੜ ਗਏ। ਭਾਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਹਥਿਆਰਬੰਦ ਨੀਤੀ ਦੀ ਸਿਧੀ ਟੱਕਰ ਔਰੰਗਜ਼ੇਬ ਨਾਲ ਨਹੀਂ ਹੋਈ ਸਗੋਂ ਇਹ ਟੱਕਰ ਸਥਾਨਿਕ ਪਹਾੜੀ ਰਾਜਿਆਂ ਨਾਲ ਹੀ ਹੋ ਗਈ ਸੀ। ਇਸ ਦਾ ਭਾਵ ਵੀ ਇਹ ਹੀ ਸੀ ਕਿ ਉਨਾਂ ਨੇ ਗੁਰੂ ਜੀ ਦੀਆਂ ਜੰਗੀ ਤਿਆਰੀਆਂ ਨੂੰ ਆਪਣੀ ਹੋਂਦ ਲਈ ਖਤਰਾ ਸਮਝ ਲਿਆ ਸੀ ਜਿਸ ਕਰ ਕੇ ਔਰੰਗਜ਼ੇਬ ਨਾਲ ਹੋਣ ਵਾਲਾ ਟਕਰਾਅ ਪਹਾੜੀ ਰਾਜਿਆਂ ਨਾਲ ਹੋ ਗਿਆ। ਗੁਰੂ ਜੀ ਆਨੰਦਪੁਰ ਸਾਹਿਬ ਵਿਖੇ ਆਪਣੇ ਖਾਲਸੇ ਦੀ ਸੁਤੰਤਰਤਾ (ਅੰਦਰੂਨੀ) ਨੂੰ ਕਾਇਮ ਰੱਖ ਕੇ ਵਿਚਰਦੇ ਸਨ ਜਦੋਂ ਕਿ ਬਿਲਾਸਪੁਰ (ਕਹਿਲੂਰ) ਦਾ ਰਾਜਾ ਆਨੰਦਪੁਰ ਸਾਹਿਬ ਨੂੰ ਆਪਣੀ ਧਰਤੀ ਸਮਝਦਾ ਸੀ। ਉਹ ਚਾਹੁੰਦਾ ਸੀ ਕਿ ਜਾਂ ਤਾਂ ਗੁਰੂ ਸਾਹਿਬ ਆਨੰਦਪੁਰ ਸਾਹਿਬ ਨੂੰ ਛੱਡ ਜਾਣ ਤੇ ਜਾਂ ਫਿਰ ਇਸ ਥਾਂ ਦਾ ਇਕ ਪਰਜਾ ਦੇ ਤੌਰ ਤੇ ਟੈਕਸ ਅਦਾ ਕਰਨ। ਇਹ ਗੱਲ ਖਾਲਸੇ ਦੀ ਸੁਤੰਤਰਤ ਹਸਤੀ ਦੇ ਵਿਰੁੱਧ ਸੀ ਅਤੇ ਗੁਰੂ ਜੀ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਸਿੱਟਾ ਆਪਸੀ ਹਥਿਆਰਬੰਦ ਟਕਰਾਅ ਵਿਚ ਨਿਕਲਿਆ। ਪਿੱਛੋਂ ਇਹ ਟਕਰਾਅ ਮੁਗਲ ਹਕੂਮਤ ਦੇ ਅਧਿਕਾਰੀਆਂ ਨਾਲ ਵੀ ਹੋਇਆ ਪਰ ਜਾਪਦਾ ਹੈ ਕਿ ਮੁਗਲ ਅਧਿਕਾਰੀਆਂ, ਜਿਨਾਂ ਵਿਚ ਮੁੱਖ ਤੌਰ 'ਤੇ ਸਰਹਿੰਦ ਦਾ ਗਵਰਨਰ ਅਤੇ ਜੰਮੂ ਦੇ ਫੌਜਦਾਰ ਸਨ, ਨਾਲ ਟਕਰਾਅ ਔਰੰਗਜ਼ੇ ਬ ਦੀ ਨੀਤੀ ਤੋਂ ਓਹਲੇ ਹੋ ਕੇ ਜਾਂ ਉਸ ਦੀ ਜਾਣਕਾਰੀ ਤੋਂ ਬਗੈਰ ਹੀ ਹੋਇਆ ਸੀ ਇਹੀ ਕਾਰਨ ਸੀ ਕਿ ਜਦੋਂ ਗੁਰੂ ਜੀ ਨੇ ਔਰੰਗਜ਼ੇਬ ਨੂੰ ਜ਼ਫਰਨਾਮੇ ਰਾਹੀਂ ਸਾਰੇ ਹਾਲਤ ਤੋਂ ਜਾਣੂ ਕਰਵਾਇਆ ਸੀ ਤਾਂ ਉਸ ਨੇ ਜਿਸ ਤਰਾਂ ਗੁਰੂ ਜੀ ਦੀਆਂ ਗੱਲਾਂ ਤੋਂ ਕਾਇਲ ਹੋ ਕੇ, ਦੱਖਣ ਆਉਣ ਦਾ ਸੱਦਾ ਦਿੱਤਾ ਸੀ ਉਸ ਤੋਂ ਇਹੀ ਭਾਵਨਾ ਪਰਗਟ ਹੁੰਦੀ ਹੈ। ਜਿਵੇਂ ਕਿ ਪਿੱਛੇ ਵੀ ਦੱਸਿਆ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਅਤੇ ਔਰੰਗਜ਼ੇਬ ਦੇ ਸੰਬੰਧਾਂ ਨੂੰ ਦਰਸਾਉਣ ਲਈ 'ਜ਼ਫਰਨਾਮਾ' ਅਤੇ 'ਬਾਬੇ ਕੇ ਬਾਬਰ ਕੇ ਦੋਊ', ਵਾਲੇ ਸ਼ਬਦ ਅਹਿਮ ਦਸਤਾਵੇਜ਼ ਹਨ। ਇਨਾਂ ਤੋਂ ਘੱਟੋ ਘੱਟ ਇਹ ਗੱਲ ਜ਼ਰੂਰ ਸਾਬਤ ਹੁੰਦੀ ਹੈ ਕਿ ਗੁਰੂ ਜੀ ਅਤੇ ਔਰੰਗਜ਼ੇਬ

ਵਿਚਕਾਰ ਇਕ ਖਾਸ ਕਿਸਮ ਦਾ ਆਪਸੀ ਵਿਸ਼ਵਾਸ਼ ਕਾਇਮ ਹੋ ਚੁੱਕਿਆ ਸੀ। ਮੁਗਲ ਅਧਿਕਾਰੀਆਂ ਦੇ ਹਮਲਿਆਂ ਕਾਰਨ ਜਦੋਂ ਇਸ ਵਿਸ਼ਵਾਸ਼ ਨੂੰ ਸੱਟ ਵੱਜੀ ਤਾਂ ਗੁਰੂ ਜੀ ਨੇ ਜ਼ਫਰਨਾਮੇ ਰਾਹੀ ਔਰੰਗਜ਼ੇਬ ਨੂੰ ਇਸ ਵਿਸ਼ਵਾਸ-ਸ਼ਿਕਨੀ ਬਾਰੇ ਜਾਣੂ ਕਰਵਾਇਆ। ਇਸ ਸਭ ਕੁਝ ਦੇ ਪਿਛੇ ਪੀਰੀ ਅਤੇ ਮੀਰੀ ਦਾ ਸਿਧਾਂਤ ਹੀ ਕੰਮ ਕਰ ਰਿਹਾ ਸੀ।

ਮੀਰੀ ਦੇ ਧਾਰਨ ਕਰਨ ਦੀ ਨੌਬਤ ਉਦੋਂ ਹੀ ਆਉਂਦੀ ਹੈ ਜਦੋਂ ਹਕੂਮਤ ਮੁੱਢਲੇ ਅਧਿਕਾਰਾਂ ਨੂੰ ਕੁਚਲਣ ਦੀ ਕੋਸ਼ਿਸ਼ ਕਰਦੀ ਹੋਵੇ। ਅਧਿਕਾਰ ਸਹੀ ਸਲਾਮਤ ਰਹਿਣ ਤਾਂ ਮੀਰੀ ਦੇ ਧਾਰਨ ਕਰਨ ਦੀ ਵੀ ਲੋੜ ਨਹੀਂ ਰਹਿੰਦੀ।

ਸਿੱਟੇ ਦੇ ਤੌਰ 'ਤੇ ਅਸੀ ਇਸ ਸੰਕਲਪ ਨੂੰ ਇਉਂ ਬਿਆਨ ਕਰ ਸਕਦੇ ਹਾਂ: ਪੀਰੀ ਅਤੇ ਮੀਰੀ ਦਾ ਸੰਕਲਪ ਸਵੈ-ਰੱਖਿਆ ਜਾਂ ਆਤਮ-ਸ਼ਾਸ਼ਨ ਦਾ ਪਰਤੀਕ ਹੈ। ਪੀਰੀ ਗੁਰਮੁਖ ਵਿਅਕਤੀ ਨੂੰ ਮਨੁੱਖਤਾ ਦੀ ਆਚਰਣਕ ਅਤੇ ਆਤਮਿਕ ਭਲਾਈ ਕਰਨ ਲਈ ਪਰੇਰਦੀ ਹੈ ਜਦੋਂ ਕਿ ਮੀਰੀ ਦਾ ਸੰਕਲਪ ਉਸ ਨੂੰ ਜ਼ੁਲਮ ਅਤੇ ਜਬਰ ਦੇ ਖਿਲਾਫ ਹਥਿਆਰ ਚੁੱਕਣ ਦੀ ਪਰੇਰਣਾ ਦਿੰਦਾ ਹੈ। ਇਸ ਤਰਾਂ ਗੁਰਮੁਖ ਵਿਅਕਤੀ ਇਕ ਸੰਤ ਸਿਪਾਹੀ ਦੇ ਰੂਪ ਵਿਚ ਤਬਦੀਲ ਹੋ ਜਾਂਦਾ ਹੈ। ਭਾਵੇਂ ਮੀਰੀ ਅਤੇ ਪੀਰੀ ਦੇ ਸੰਕਲਪ ਨੇ ਸਿਖਾਂ ਵਿਚ ਸੈਨਿਕਵਾਦ ਦੀਆਂ ਰੁਚੀਆਂ ਨੂੰ ਉਭਾਰਿਆ ਸੀ ਪਰ ਇਹ ਸੈਨਿਕਵਾਦ ਕਿਸੇ ਅੱਛੇ ਸਮਾਜ ਦੀ ਸਿਰਜਣਾ ਲਈ ਸੀ ਨਾ ਕਿ ਕਿਸੇ ਸੁਆਰਥ ਦੀ ਪੂਰਤੀ ਲਈ। ਇਸ ਭਾਵਨਾ ਨੇ ਸਿਖ ਸਮਾਜ ਨੂੰ ਇਕ ਆਤਮ-ਰੱਖਿਅਕ ਕੌਮ ਦੇ ਰੂਪ ਵਿਚ ਬਦਲ ਦਿੱਤਾ ਸੀ। ਇਹ ਤਾਕਤ ਸਿਖ ਆਚਰਣਕ ਅਸੂਲਾਂ 'ਤੇ ਆਧਾਰਿਤ ਸੀ। ਸਿਖਾਂ ਨੇ ਹਥਿਆਰ ਚੁੱਕ ਕੇ ਸਿਰਫ ਆਪਣੀ ਹੀ ਰੱਖਿਆ ਨਹੀਂ ਕੀਤੀ ਸੀ ਸਗੋਂ ਸਮਾਜ ਦੇ ਬੇਸਹਾਰਾ ਅਤੇ ਦਬੇ-ਕੁਚਲੇ ਲੋਕਾਂ ਦੀ ਵੀ ਸਹਾਇਤਾ ਕੀਤੀ ਸੀ। ਇਹ ਸਭ ਕੁਝ ਸਿਖਾਂ ਨੂੰ ਮੀਰੀ ਅਤੇ ਪੀਰੀ ਦੇ ਸੰਕਲਪ ਵਿੱਚੋਂ ਹੀ ਪਰਾਪਤ ਹੋਇਆ ਹੈ।

ਅੰਤਿਕਾ 2

ਗੁਰੂ ਹਰਿਗੋਬਿੰਦ ਸਾਹਿਬ ਵੱਖ-ਵੱਖ ਇਤਿਹਾਸਕਾਰਾਂ ਅਤੇ ਲੇਖਕਾਂ ਦੀ ਨਜ਼ਰ ਵਿਚ

ਭਾਈ ਗੁਰਦਾਸ ਜੀ:

ਭਾਈ ਗੁਰਦਾਸ ਜੀ ਗੁਰੂ ਹਰਿਗੋਬਿੰਦ ਸਾਹਿਬ ਦੇ ਮੁੱਖੀ ਸਿਖਾਂ ਵਿੱਚੋਂ ਸਨ। ਇਨ੍ਹਾਂ ਦੀ ਲਿਖਤ ਗੁਰੂ ਜੀ ਬਾਰੇ ਵੇਰਵੇ ਦੇਣ ਵਾਲੀ ਸਭ ਤੋਂ ਪਹਿਲੀ ਸਮਕਾਲੀ ਲਿਖਤ ਹੈ। ਇਹ ਵੇਰਵੇ ਭਾਵੇਂ ਥੋੜ੍ਹੇ ਅਤੇ ਅਤੀ ਸੰਖੇਪ ਹਨ ਪਰ ਹਨ ਇਹ ਬਹੁਤ ਭਾਵਪੂਰਤ। ਇਹ ਇਉਂ ਹਨ:

ਪੰਜ ਪਿਆਲੇ ਪੰਜ ਪੀਰ ਛਟਮੁ ਪੀਰੁ ਬੈਠਾ ਗੁਰੁ ਭਾਰੀ ॥
ਅਰਜਨ ਕਾਇਆ ਪਲਟਿਕੈ ਮੂਰਤਿ ਹਰਿਗੋਬਿੰਦ ਸਵਾਰੀ ॥
ਚਲੀ ਪੀੜੀ ਸੋਢੀਆਂ ਰੂਪੁ ਦਿਖਾਵਣਿ ਵਾਰੋ ਵਾਰੀ ॥
ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ ॥
ਪੁਛਨਿ ਸਿਖ ਅਰਦਾਸਿ ਕਰਿ ਛਿਅ ਮਹਲਾਂ ਤਕਿ ਦਰਸੁ ਨਿਹਾਰੀ ॥
ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ ॥
ਕਲਿਜੁਗੁ ਪੀੜੀ ਸੋਢੀਆਂ ਨਿਹਚਲ ਨੀਂਵ ਉਸਾਰਿ ਖਲਾਰੀ ॥
ਜੁਗਿ ਜੁਗਿ ਸਤਿਗੁਰੁ ਧਰੇ ਅਵਤਾਰੀ ॥ (1-48)
ਧਰਮ ਸਾਲ ਕਰਿ ਬਹੀਦਾ ਇਕਤ ਥਾਉਂ ਨ ਟਿਕੈ ਟਿਕਾਇਆ ॥
ਪਾਤਿਸਾਹ ਘਰਿ ਆਵਦੇ ਗੜਿ ਚੜਿਆ ਪਾਤਸ਼ਾਹ ਚੜਾਇਆ ॥
ਉਮਤਿ ਮਹਲੁ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ ॥
ਮੰਜੀ ਬਹਿ ਸੰਤੋਖਦਾ ਕੁਤੇ ਰਖਿ ਸਿਕਾਰੁ ਖਿਲਾਇਆ ॥
ਬਾਣੀ ਕਰਿ ਸੁਣਿ ਗਾਂਵਦਾ ਕਥੈ ਨ ਸੁਣੈ ਨ ਗਾਵਿ ਸੁਣਾਇਆ ॥
ਸੇਵਕ ਪਾਸ ਨਾ ਰਖੀਅਨਿ ਦੋਖੀ ਦੁਸਟ ਆਗੂ ਮੁਹਿ ਲਾਇਆ ॥
ਸਚੁ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ ॥
ਅਜਰੁ ਜਰੈ ਨ ਆਪੁ ਜਣਾਇਆ ॥ (26-24)
ਦਸਤਗੀਰ ਹੁਇ ਪੰਜ ਪੀਰ ਹਰਿ ਗੁਰੁ ਹਰਿ ਗੋਬਿੰਦ ਅਤੋਲਾ।
ਦੀਨ ਦੁਨੀ ਦਾ ਪਾਤਸਾਹੁ ਪਾਤਿਸਾਹਾਂ ਪਾਤਿਸਾਹੁ ਅਡੋਲਾ।
ਪੰਜ ਪਿਆਲੇ ਅਜਰੁ ਜਰਿ ਹੋਇ ਮਸਤਾਨ ਸੁਜਾਣ ਵਿਚੋਲਾ।
ਤੁਰੀਆ ਚੜਿ ਜਿਣਿ ਪਰਮਤਤੁ ਛਿਅ ਵਰਤਾਰੇ ਕੋਲੋ ਕੋਲਾ।

ਛਿਅ ਦਰਸਣ ਛਿਅ ਪੀੜੀਆਂ ਇਕਸੁ ਦਰਸਣੁ ਅੰਦਰਿ ਗੋਲਾ।
ਜਤੀ ਸਤੀ ਸੰਤੋਖੀਆ ਨਾਥ ਅਵਤਾਰ ਵਿਰੋਲਾ।
ਗਿਆਰਾਹ ਰੁਦ੍ਰ ਸਮੁੰਦ੍ਰ ਵਿਚਿ ਮਰਿ ਜੀਵੈ ਤਿਸੁ ਰਤਨੁ ਅਮੋਲਾ।
ਬਾਰਹ ਸੋਲਾਂ ਮੇਲ ਕਰਿ ਵੀਹ ਇਕੀਹ ਚੜਾਉ ਹਿੰਡੋਲਾ।
ਅੰਤਰਜਾਮੀ ਬਾਲਾ ਭੋਲਾ ॥ (8-13)

ਜ਼ੁਲਫ਼ਕਾਰ ਅਰਧਿਸਤਾਨੀ ਮੋਬੀਦ

ਇਨ੍ਹਾਂ ਨੂੰ ਮੁਹਿਸਿਨ ਫ਼ਾਨੀ ਵੀ ਕਿਹਾ ਜਾਂਦਾ ਹੈ। ਇਹ ਗੁਰੂ ਸਾਹਿਬ ਦੇ ਸਮਕਾਲੀ ਲੇਖਕ ਸਨ। ਗੈਰ-ਸਿੱਖ ਦੇ ਤੌਰ 'ਤੇ ਇਹ ਸਭ ਤੋਂ ਪਹਿਲੀ ਲਿਖਤ ਹੈ ਜਿਸ ਵਿਚ ਗੁਰੂ ਹਰਿਗੋਬਿੰਦ ਸਾਹਿਬ ਬਾਰੇ ਕੁਝ ਨਿਰਣਈ ਤੌਰ 'ਤੇ ਲਿਖਿਆ ਗਿਆ ਹੈ। ਇਸ ਲਿਖਤ ਦੀਆਂ ਚੋਣਵੀਆਂ ਲਾਈਨਾਂ ਇਸ ਤਰਾਂ ਹਨ:

(ਗੁਰੂ) ਹਰਿਗੋਬਿੰਦ ਆਪਣੇ ਖ਼ਤੋ-ਖ਼ਿਤਾਬਤ ਵਿਚ ਆਪਣੇ ਆਪ ਨੂੰ ਨਾਨਕ ਹੀ ਲਿਖਦੇ ਹਨ। : ; (ਜੇਲ ਵਿਚ) ਮਸੰਦ ਅਤੇ ਸਿਖ ਉੱਥੇ (ਗਵਾਲੀਅਰ) ਜਾਂਦੇ ਸਨ ਅਤੇ ਕਿਲੇ ਦੀਆਂ ਦੀਵਾਰਾਂ ਨੂੰ ਨਮਸਕਾਰ ਕਰਦੇ ਸਨ... (ਕਰਤਾਰ ਪੁਰ) ਜਾਂਦੇ ਵੀ ਉਨ੍ਹਾਂ ਨੂੰ ਲੜਾਈ ਕਰਨੀ ਪਈ।...ਇਸ ਲੜਾਈ ਵਿਚ ਇਕ ਸਿਪਾਹੀ ਨੇ ਉਨ੍ਹਾਂ ਵਲ ਤਲਵਾਰ ਚਲਾਈ ਜੋ ਖਾਲੀ ਗਈ। ਗੁਰੂ ਨੇ ਉਸ ਨੂੰ ਆਪਣੀ ਤਲਵਾਰ ਦਾ ਵਾਰ ਕਰਦੇ ਹੋਏ ਕਿਹਾ ਕਿ ਤਲਵਾਰ ਚਲਾਉਣ ਦਾ ਇਹ ਤਰੀਕਾ ਨਹੀਂ ਹੈ ਇਹ ਤਾਂ ਇਸ ਤਰਾਂ ਚਲਾਈਦੀ ਹੈ। ਇਹ ਕਹਿੰਦਿਆਂ ਹੋਇਆ ਉਨ੍ਹਾਂ ਨੇ ਇਕੋ ਵਾਰ ਨਾਲ ਉਸ ਦੇ ਜੀਵਨ ਨੂੰ ਖ਼ਤਮ ਕਰ ਦਿੱਤਾ। ....ਗੁਰੂ ਕੋਲ 700 ਘੋੜੇ, 300 ਘੋੜ ਸਵਾਰ ਜੁਆਨ ਹਨ ਅਤੇ 60 ਤੋਪਚੀ ਹਨ ਜੋ ਹਰ ਸਮੇਂ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਹਨ।

('ਦਬੇਸਤਾਨਏ-ਮਜ਼ਾਹਿਬ'-*ਮਾਖ਼ਿਜ਼ ਤਵਾਰੀਖ਼ਏ-ਸਿੱਖਾਂ* (ਸੰ. ਗੰਡਾ ਸਿੰਘ) ਅੰਮ੍ਰਿਤਸਰ, 1949, ਪੰਨੇ 33-49)

ਤੇਜਾ ਸਿੰਘ ਗੰਡਾ ਸਿੰਘ ਅਨੁਸਾਰ:

'ਗੁਰੂ ਹਰਿਗੋਬਿੰਦ ਜੀ ਨੇ ਚਾਰ ਲੜਾਈਆਂ ਜਿੱਤੀਆਂ ਪਰ ਕਿਉਂਕਿ ਉਨ੍ਹਾਂ ਦਾ ਮਨੋਰਥ ਸਦਾ ਆਪਣੇ ਬਚਾਅ ਵਿਚ ਲੜਨ ਦਾ ਰਿਹਾ ਸੀ ਇਸ ਲਈ ਉਨ੍ਹਾਂ ਨੇ ਇਨ੍ਹਾਂ ਜਿੱਤਾਂ ਦੇ ਫਲਸਰੂਪ ਵਿਚ ਇਕ ਇੰਚ ਭਰ ਵੀ ਇਲਾਕੇ ਉੱਤੇ ਕਬਜ਼ਾ ਨਹੀਂ ਸੀ ਕੀਤਾ। ਇਨ੍ਹਾਂ ਲੜਾਈਆਂ ਦੇ ਪਿੱਛੇ ਨਿਰੇ ਬਾਜ਼ ਜਾਂ ਘੋੜੇ ਦੇ ਝਗੜੇ ਨਾਲੋਂ ਕਿਤੇ ਡੂੰਘਾ ਮਸਲਾ ਸੀ। ਪੰਜਾਬ ਦੀ ਧਰਤੀ 'ਤੇ ਇਕ ਨਵੀਂ ਬੀਰਤਾ ਦਾ ਜਨਮ ਹੋ ਰਿਹਾ ਸੀ ਜਿਸ ਦਾ ਮਨੋਰਥ, ਜਿਹੜਾ ਉਸ ਵੇਲੇ ਤਾਂ ਬੜਾ ਮਧਮ ਦਿੱਸਦਾ ਸੀ, ਲੋਕਾਂ ਵਿਚ ਵਿਦੇਸ਼ੀ ਹਮਲਾਵਰ ਤੁਰਕਾਂ ਦਾ ਮੁਕਾਬਲਾ ਕਰਨ ਦਾ ਦ੍ਰਿੜ੍ਹ ਸੰਕਲਪ ਪੈਦਾ ਕਰਨਾ ਸੀ।.....ਉਹ ਨਿਤ ਦੇ ਜੀਵਨ ਵਿਚ ਉਨ੍ਹਾਂ ਆਮ ਗੁਣਾ ਉੱਤੇ ਅਮਲ ਕਰਨ ਦੇ ਹੱਕ ਵਿਚ ਸਨ-ਜਿਹੜੇ ਹਰ ਥਾਂ ਰੱਬ ਦੀ ਸਰਵਵਿਆਪਕਤਾ ਦੀ ਭਾਵਨਾ ਵਿੱਚੋਂ ਪੈਦਾ ਹੋਏ ਸਨ। ਉਹ ਇਕ ਸਾਧਾਰਨ ਸੰਤ ਦੀ ਤਰਾਂ ਜੀਵਨ ਬਤੀਤ ਕਰਦੇ ਰਹੇ ਅਤੇ ਉਨ੍ਹਾਂ ਨੇ ਸਰ੍ਹਾਣਿਆਂ ਆਦਿ ਤੱਕ ਦੀ ਵਰਤੋਂ ਵੀ ਤਿਆਗ ਦਿੱਤੀ ਸੀ। ਉਨ੍ਹਾਂ ਦੇ ਸਿਖ ਵੀ ਸ਼ਾਂਤੀ ਪੂਰਵਕ ਧੰਦਿਆਂ ਵਿਚ ਮੁੜ ਪਰਤਣ ਦੇ ਯੋਗ ਸਨ। ਉਨ੍ਹਾਂ ਵਿੱਚੋਂ ਕੁਝ ਨੂੰ, ਜਿਹੜੇ ਵਧੇਰੇ ਸਾਹਸੀ ਸਨ, ਪਰਚਾਰਕਾਂ ਅਤੇ ਵਪਾਰੀਆਂ ਵਜੋਂ ਦੂਰ ਦੁਰਾਡੀਆਂ ਥਾਵਾਂ 'ਤੇ

ਭੇਜਿਆ ਗਿਆ।'

ਸਿਖ ਇਤਿਹਾਸ: 1469-1765 (ਪੰਜਾਬੀ ਤਰਜਮਾ),
ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985,
ਪੰਨੇ 50, 51 ਅਤੇ 52.

Cunningham: "During the ministry of Har Gobind, the Sikhs increased greatly in numbers, and the fiscal policy of Arjun, and the armed system of his son, had already formed them into a kind of separate state within the empire......But during his busy life he never forgot his genuine character, and always styled himself 'Nanak' in deference to the firm belief of the Sikhs, that the soul of their great teacher animated each of his successors."

(*A History of the Sikhs*, New Delhi, 1985, pp. 53-54.)

Syad Muhammad Latif: Har Gobind combined the qualities of a warrior, a saint and a sportsman......He was the first Guru who organized a military system, and arming his followers, made them buckle on the sword and prepared them for action in the field......He reigned as Guru thirty one years and six months. His death was considered a national calamity, and the estimation in which he was held by the Sikhs, may be judged from the fact that a great many of them volunteered to burn themselves on his funneral pile."

(*History of the Panjab*, New Delhi, 1964, p. 255 and 257)

Gokal Chand Narang: "Har Gobind was the first of the Sikh Gurus to have entered upon a military career. And his record shows that the had not gird the sword upon his loins in vain. After Har Gobind the disciples were in little danger of relapsing into the limited merit of utility of monks and mendicants.' Not only was it made clear to them that worldly pursuits were quite compatible with the deepest religious spirit and highest piety and to bear arms in defence of their homes and hearths was a paramount duty, but their continued success had made them realize their own power and the weakness of the Mughal Government."

(*Transformation of Sikhism*, New Delhi, 1960, p. 65. Indubhusan Banerjee: "The Guru's victories were certainly not as useless as they seem. These successes against innumerable odds could not but inspire the Sikhs with self-confidence and give the m an exalted sense of their own worth. Guru Har Gobind demonstrated a possibility-the possibility of the Sikh's openly assuming an attitude of defiance against the Mughal Government

and considerably prepared the way for the thorough reformation that they received in the hands of Guru Gobind Singh."

(Evolution of The Khalsa, vol.II, Calcutta, 1962, p. 34)

Hari Ram Gupta: "Har Gobind was the first Guru to have resorted to arms in order to redress the grievances of the community. The constitutional agitation was meaningless as there was no consitution. He made it clear to every body that fighting against the wrongs was not against the spirit of any religion but it was an essential ingredient of a practical religion and that hunting and sport were not opposed to religious piety. The Guru had fully justified his wearing of two swords, representing *miri* and *piri.* He combined in himself the spiritual and military leadership. The political aspect of it was left out as the time was not opportune."

(History of The Sikhs: 1469, 1708, New Delhi, 1994, p. 177)

Anil Chandra Banerjee: "Guru Har Gobind's military confrontation with the Mughal Government was not necessarily an integral part of his decision to have a sword belt as his seli and to wear his turban with a royal aigrette. He forged a weapon, indeed, but probably he did not mean to use it immediately or in normal circumstances."

(Guru Nanak To Guru Gobind Singh, New Delhi, 1978, p.147)

ਅੰਤਿਕਾ 3

ਗੁਰੂ ਹਰਿਗੋਬਿੰਦ ਸਾਹਿਬ ਦੇ ਹੁਕਮਨਾਮੇ

ਲਾਲ ਦਾਸ ਦੀ ੧ਓ ਗੁਰੁ ਸਤਿ

ਧੀ ਆਇਗੀ ਹੋਇ ਤਾਰਾ ਚੰਦ ਦਾ

ਬੌਹਤੁ ਮਾਨ ਰੱਖ ਖਸਮਾਨਾ

ਨਾ ਸੇਵਾ ਕਰਨੀ ਕਰਣਾ

ਭਾਈ ਜਾਪੁ ਭਾਈ ਗੁਰੁਦਾਸ ਭਾਈ ਲਾਲ ਭਾਈ ਸੰਗ

ਤੀਏ ਭਾਈ ਅਨੰਤਾ ਭਾਈ ਸਾਮਦਾਸੁ ਭਾਈ ਨੱਥਾ ਭਾਈ ਬਨਵਾਲੀ

ਭਾਈ ਨਾਨਾ ਭਾਈ ਗਜੁਭਾਨ ਭਾਈ ਸੇਠ ਜੈਤਾ ਭਾਈ ਮਥਰੇ ਅਨੰ

ਤੇ ਭਾਈ ਹਰਿਰਾਮ ਭਾਈ ਕੇਵਲ ਰਾਮ ਭਾਈ ਰਾਮਰਾਊ ਭਾਈ ਦਰਗਹ ਕੇਸੁ

ਭਾਈ ਮਨੋਹਰੇ ਭਾਈ ਪਖਰੀਏ ਭਾਈ ਜਗਜੀਵਨੁ ਭਾਈ ਰਾਮਰਾਇ

ਭਾਈ ਗੋਪੀ ਭਾਈ ਕਿਰਪਾਲੇ ਭਾਈ ਬਨਾਰਸੀਏ ॥ ਕਲਿਆਣੇ

ਭਾਈ ਗੰਗੋ ॥ ਜਗ ਜੀਵਨ ਭਾਈ ਬਾਲੇ ॥ ਸੁਕੇਰ ॥ ਜੈਰਾਮੁ ॥

ਹਰਿਦੇ ਰਾਮ ॥ ਭੇਡੇ ॥ ਬਿਹਾਰੀ ॥ ਦਿਆਲੇ ॥ ਬਲ ॥ ਜਗ ਦਾਸੁ

ਮਹੇਸੇ ॥ ਚੇਤੂ ॥ ਕਲਿਆਣੇ ॥ ਊਤਮ ॥ ਦਿਆਲ ਚਢਾ ॥ ਊਤਮ ਹਰੁ

ਦੁਆਰੇ ॥ ਦੁਆਰਕਾ ਦਾਸੁ ॥ ਮੋਹਣ ਦਾਸੁ ॥ ਨਿਹਾਲ ॥ ਗੋਪੀ ॥ ਸੁੰਦਰੁ

ਸੰਗਤੀਏ ॥ ਜਾਪੁ ॥ ਸੁੰਦਰ ਗੁਰਦਾਸ ਬਾਸੁ ॥ ਕਿਸਨ ॥ ਧਰਮਾ

ਪਿਰਥੀ ਮਲ ॥ ਦਰਗਹ ਮਲ ॥ ਹਰਦਾਸੁ ॥ ਫਿਰੰਦੇ ॥ ਰਾਊ ॥

ਗੁਰਦਾਸ ॥ ਸਾਈ ਦਿੱਤਾ ॥ ਸਰਬਤ ਸੰਗਤਿ ਪਟਣੇ ਕੀ ਤੱਥਾ ਆਲਮ

ਗੰਜ ਕੀ ॥ ਸ਼ੇਰਪੁਰ ਕੀ ॥ ਬੀਨੇ ॥ ਮੁਗੇਰ ਕੀ ਸੰਗਤਿ

ਪਰਮਾਨੰਦ ਕੇ ਵਾੜੇ ਪਾਸੇ ਲਿਖਤੇ ਗੁਰੂ ਹਰ ਗੁਬਿੰਦੁ

ਕਰਤਾਰ ਕਰਤਾਰ ਵਾਰਣੀ ਗੁਰੂ ਤੁਸਾਡੀ ਲਾਜ ਰ

ਖਗੁ ਗੁਰੂ ਗੁਰੂ ਜਪਣਾ ਜਨਮੁ ਸਵਰੁ ਸੰਗ

.ਤ ਦੀ ਕਾਮਨਾ ਗੁਰੂ ਪੂਰੀ ਕਰੇਗੁ ਸੰਗਤੀ ਦਾ

ਰੁਜਗਾਰੁ ਹੋਗੁ ਇਕ ਦਾਮੀ ਰਹਣਾ ਮਾਸੁ ਮਛੀ ਦੇ ਨੇੜੇ

ਨਹੀ ਆਵਣਾ ਸੰਗਤਿ ਦੀ ਚੀਟੀ ਪਹੁਤੀ ਹਕੀਕਤਿ ਸਭ

ਮਾਲੂਮ ਹੋਈ ਸੰਗਤਿ ਦੀ ਮਨਸਾ ਪੂਰੀ ਹੋਗੁ ਗੁਰੂ

ਦੀ ਆਗਿਆ ਹੋਇ ਸੰਗਤਿ ਸਰਬਤਿ ਇਕ ਮਜ

ਤਿ ਹੋਹਿ ਤਿਵੇਂ ਰਹਣਾ ਜਾਪੇ ਗੁਰਦਾਸ ਨਾਲ ਲਾਗ ਰਹ
ਣਾ ਕਾਰਵਾਰ ਇਨਾ ਨੋ ਦੇਂਦਿਆਂ ਰਹਣਾ ਸੰਗਤੀ ਊਪਰਿ
ਗੁਰੂ ਦੀ ਖਰੀ ਖੁਸੀ ਹੋਇ ਸੰਗਤੀ ਦਾ ਰੁਜਗਾਰੁ ਹੋਗ
ਸੰਗਤਿ ਆਪ ਵਿਚਿ ਇਕਤ੍ਰ ਕਰਣਾ ਸੰਗ
ਤੀ ਦੀ ਖਰੀ ਖੁਸੀ ਗੁਰੂ ਦੀਨਾ ਦੇ ਹੋਦੇ ਹੋਇ ਸਭ ਮੇਰੇ
ਪੁਤ ਹੈਨਿ ਸਭਨਾ ਇਕਤੇ ਜੀਐ ਹੋਣਾ
ਆਗੇ ਕਾਰਵਾਰੁ ਲੇ ਦੇ ਹਥ ਲਿਖਿ ਭੇਜੀ ਹੋਇ ਓਹ
ਸਭ ਕਾਰ ਕਰਿ ਭੇਜਣੀ ॥ ਇਲਾਇਚੇ ਮੂਲ ਦਹਾ
ਦਸ 10 ਮੇਂਥੇ ਭੇਜਣੇ ॥ ਇਕ ਬਾਸਲਾ ਗਾੜ੍ਹੇ
ਦਾ ਭਰਿ ਭੇਜਣਾ ਜਿਥਹੁ ਕਿਥਹੁ ਟੋਲ ਭੇਜਣੇ
ਇਕ ਜੋੜੀ ਕੋਇਲ ਦੇ ਬਚੇ ਪਾਲਣੇ ਵਡੇ ਹੋਨਿ ਬੋਲਣਿ
ਲਗਨਿ ਤਾਂ ਪਿੰਜਰੇ ਵਿਚਿ ਪਾਇ ਕੇ ਭੇਜਣੇ ਇਕ
ਜੋੜਾ ਪਟਣੇ ਦੇ ਕੂਕੋ ਕਬੂਤਰ ਭੇਜਣੇ ਬਹੁਤੁ
ਦਮ ਪਕੜਨਿ ਟੋਲ ਕੇ ਭਾਲ ਭੇਜਣੇ
ਭਾਈ ਦਿਆਲੇ ਗੁਰੂ ਤੇਰੀ ਰਖੇਗੁ ਤੇਰਾ ਪਗਟ ਪਹੁਤਾ
ਗੁਰੂ ਥਾਇ ਪਾਇਆ ਬਾਈਹ ਰੁਪਏ ਭੇਟ ਪਹੁਤੀ 22) 15)
ਗੁਰੂ ਸਭ ਥਾਇ ਭਾਈ ਤੁਸਾਡਾ ਜੀਉ ਪਿੰਡ ਸਭ ਗੁਰੂ
ਦਾ ਹੋਇ

ਗੁਰੂ ਗੁਰੂ ਜਪਣਾ
ਜਨਮੁ ਸ
ਵਰੁ

ੴ ਸਤਿ ਗੁਰੂ

ਦੁਇ ਜੋੜੀ ਧੁਕੇ ਖਰੇ ਭਾਲਿ ਬਹੁਤ ਦਮ ਪਕੜਦੇ ਹੋਨ ਉਹ ਟੋਲ ਕੇ ਭੇਜਣੇ ਜਹ
ਕਹਾ ਤੇ ਭੇਜਣੇ ਚਰੀ ਟੋਲ ਕੇ ਭੇਜਣੇ
ਭਾਈ ਜਾਪੁ ਭਾਈ ਗੁਰਦਾਸੁ ਭਾਈ ਮੁਰਾਰੀ ਭਾਈ ਜੈਤਾ ਭਾਈ ਦਿਆਲਾ
ਗੁਰੂ ਗੁਰੂ ਜਪਣਾ ਜਨਮੁ ਸਵਰੇ। ਸੰਗਤਿ ਦੀ ਕਾਮਨਾ ਪੂਰੀ ਹੋਗੁ
ਸੰਗਤੀ ਦਾ ਰੁਜਗਾਰੁ ਹੋਗੁ ਸੰਗਤਿ ਕੀ ਕਾਰ ਜੁ ਲੇਹਗੁ ਗੁਰੂ ਦੀ ਆ
ਗਿਆ ਹੋਇ ਕੀਰਤਨੁ ਕਰਣਾ ਇਕ ਦਾਸ ਭਲੀ ਜੁਗਤਿ ਰਹਣਾ ਮਾਸੁ
ਮਛੀ ਦੇ ਨੇੜੇ ਨਹੀਂ ਆਵਣਾ। ਪੂਰਬ ਦੀ ਸੰਗਤਿ ਗੁਰੂ ਦਾ ਖਾਲਸਾ ਹੋਇ ਉਪਰੰਤਿ
ਗੁਰੂ ਦੀ ਆਗਿਆ ਹੋਇ ਭਾਈ ਜਾਪੁ ਭਾਈ ਗੁਰਦਾਸੁ ਤੁਸਾ
ਸਭਨਾ ਰਲ ਕੇ ਗੁਰਪੁਰਬ ਦੀ ਕਾਰ ਕਰਣੀ ਜਿਸ ਦਾ ਰੁਪਯਾ ਗੁਰੂ ਦੀ ਕਾਰ ਵਿਚ
ਪਵਗੁ ਤਿਸ ਦਾ ਗੁਰੂ ਦੀ ਦਰਗਹ ਥਾਇ ਪਵਗੁ ਤਿਸ ਨੋ ਕਦੇ ਕਿਛੁ ਥੁੜ੍ਹ ਨ ਹੋਸਓ
ਏ ਹਵਾਲ ਸਵ ਕੀ ਹੋਇ ਰੁਪਯੇ ਜਹਿ ਸਤਿ ਦੀ ਹੁੰਡੀ ਕਰਿ ਭੇਜਣੀ ਪੰਦਰਹ ਜੋੜੇ
ਮੈਨੋ ਸਵਾਇ ਭੇਜਣਾ ਪੰਦਰਹ ਬਾਬਾ ਜੀਉ ਨੋ ਸਵਾਇ ਭੇਜਣਾ

ਮਿਤੀ ਅਨੁਸਾਰ ਸਰੋਤ ਵੇਰਵਾ ਲੇਖ
ਅਰਥਾਤ ਚੋਣਵੀਂ ਪੁਸਤਕ ਸੂਚੀ

ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਸਰੋਤ ਬਹੁਤ ਘੱਟ ਉਪਲਬਦ ਹਨ। ਜੋ ਉਪਲਬਦ ਹਨ ਉਨਾਂ ਵਿਚ ਮੌਲਿਕ ਅਤੇ ਸਮਕਾਲੀ ਸਰੋਤ ਬਹੁਤ ਘੱਟ ਹਨ। ਬਾਕੀ ਸਾਰੇ ਪਿਛੋ ਦੇ ਸਮੇਂ ਦੇ ਲਿਖੇ ਹੋਏ ਹਨ। ਇਸ ਕਰ ਕੇ ਗੁਰੂ ਸਾਹਿਬ ਦਾ ਇਤਿਹਾਸ ਲਿੱਖਣ ਵਿਚ ਸਾਨੂੰ ਜਿਆਦਾਤਰ ਸਿਖ ਰਵਾਇਤਾਂ ਦਾ ਹੀ ਸਹਾਰਾ ਲੈਣਾ ਪੈਂਦਾ ਹੈ। ਵੈਸੇ ਰਵਾਇਤ ਸ਼ਬਦ ਐਸਾ ਖੁੱਲ੍ਹਾ ਹੈ ਜਿਸ ਦੇ ਪਰਦੇ ਹੇਠ ਹਰ ਇਕ ਗੱਲ ਕਹੀ ਜਾ ਸਕਦੀ ਹੈ ਇਸ ਲਈ ਇਸ ਦੀ ਤੁਲਨਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਸਾਹਿਬਾਨ ਦੀ ਬਾਣੀ ਨਾਲ ਅਤੇ ਗੁਰੂ ਸਾਹਿਬਾਨ ਦੇ ਸਮੁੱਚੇ ਜੀਵਨ ਵਾਕਿਆਤ ਨਾਲ ਕੀਤੀ ਜਾਵੇ ਤਾਂ ਕਿ ਰਵਾਇਤ ਸਿਖ ਧਰਮ ਦੀ ਸੋਚ ਦੇ ਨਾਲ ਸਹਾਈ ਹੋ ਕੇ ਖੜੀ ਹੋ ਸਕੇ। ਇਸ ਕਰ ਕੇ ਅਸੀਂ ਰਵਾਇਤ ਨੂੰ ਉਸ ਹੱਦ ਤੱਕ ਹੀ ਵਰਤਿਆ ਹੈ ਜਿੱਥੇ ਤੱਕ ਉਹ ਸਿਖ ਧਰਮ ਦੇ ਆਸ਼ੇ ਅਤੇ ਉਦੇਸ਼ਾਂ ਦੇ ਨਾਲ ਮੇਲ ਖਾਂਦੀ ਹੈ। ਜਿੱਥੇ ਰਵਾਇਤ ਸਿਖ ਧਰਮ ਦੇ ਆਸ਼ੇ ਅਤੇ ਉਦੇਸ਼ਾਂ ਤੋਂ ਪਰੇ ਜਾਂਦੀ ਹੈ ਉਸ ਨੂੰ ਅਪਣਾਇਆ ਨਹੀਂ ਗਿਆ। ਹੇਠਾਂ ਉਨਾਂ ਸਰੋਤਾਂ ਦਾ ਸੰਖੇਪ ਵੇਰਵਾ ਦਰਜ਼ ਹੈ। ਇਹ ਵੇਰਵਾ ਮਿਤੀ ਅਨੁਸਾਰ ਹੈ।

ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਨਾਲ ਸੰਬਧਿਤ ਸਭ ਤੋਂ ਪਹਿਲਾ ਮੌਲਿਕ ਸਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਇਸ ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਨੇ ਸੰਨ 1604 ਈ. ਵਿਚ ਕੀਤੀ ਸੀ। ਭਾਵੇਂ ਇਹ ਧਾਰਮਿਕ ਗ੍ਰੰਥ ਹੈ ਅਤੇ ਇਸ ਵਿਚ ਬਹੁਤਾ ਕੁਝ ਅਧਿਆਤਮਿਕ ਫਲਸਫੇ ਬਾਰੇ ਹੀ ਲਿਖਿਆ ਗਿਆ ਹੈ ਫਿਰ ਵੀ ਇਸ ਵਿਚ ਅਨੇਕਾਂ ਐਸੇ ਵੇਰਵੇ ਹਨ ਜੋ ਕੁਝ ਗੁਰੂ ਸਾਹਿਬਾਨ ਦੇ ਜੀਵਨ ਵਾਕਿਆਤ ਬਾਰੇ ਭਰੋਸੇਯੋਗ ਜਾਣਕਾਰੀ ਦਿੰਦੇ ਹਨ। ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਸਿਰਫ ਪੰਜ ਸ਼ਬਦ ਹੀ ਹਨ। ਇਹ ਸ਼ਬਦ ਗੁਰੂ ਅਰਜਨ ਦੇਵ ਜੀ ਵੱਲੋਂ ਉਚਾਰੇ ਹੋਏ ਹਨ। ਇਹਨਾਂ ਪੰਜਾ ਸ਼ਬਦਾਂ ਦਾ ਸੰਬੰਧ ਗੁਰੂ ਜੀ ਦੇ ਸਿਰਫ ਬਚਪਨ ਦੀ ਉਮਰ ਨਾਲ ਹੈ। ਇਸ ਕਰ ਕੇ ਗੁਰੂ ਗ੍ਰੰਥ ਸਾਹਿਬ ਵਿੱਚੋਂ ਸਾਨੂੰ ਬਹੁਤ ਹੀ ਸੀਮਿਤ ਜਾਣਕਾਰੀ ਮਿਲਦੀ ਹੈ ਪਰ ਇਹ ਜਾਣਕਾਰੀ ਇਤਿਹਾਸਿਕ ਤੌਰ 'ਤੇ ਇਤਨੀ ਮਹੱਤਵਪੂਰਨ ਹੈ ਜਿਸ ਨੂੰ ਕਿਸੇ ਵੀ ਤਰੀਕੇ ਨਾਲ ਨਜ਼ਰ ਅੰਦਾਜ ਕਰ ਕੇ ਨਹੀਂ ਚਲਿਆ ਜਾ ਸਕਦਾ।

ਦੂਜੇ ਨੰਬਰ 'ਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਹਨ ਜਿਹੜੀਆਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਿੱਛੋਂ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਲੜਾਈਆਂ ਤੋਂ ਪਹਿਲਾਂ

ਲਿਖੀਆਂ ਗਈਆਂ ਸਨ। ਇਹ ਸਮਾਂ 1606 ਈ. ਤੋਂ ਲੈ ਕੇ 1629 ਦੇ ਵਿਚਕਾਰਦਾ ਹੈ ਪਰ ਭਾਈ ਸਾਹਿਬ ਦੀਆਂ ਵਾਰਾਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਬਹੁਤ ਹੀ ਘੱਟ ਵੇਰਵਾ ਮਿਲਦਾ ਹੈ। ਜਿਨਾਂ ਕੁ ਵੀ ਵੇਰਵਾ ਹੈ ਉਹ ਸਿਰਫ ਗੁਰੂ ਜੀ ਦੀ ਹਥਿਆਰਬੰਦ ਨੀਤੀ ਨਾਲ ਹੀ ਸੰਬੰਧਿਤ ਹੈ। ਇਹ ਇਕ ਸਮਕਾਲੀ ਸਰੋਤ ਹੈ ਜਿਸ ਤੋਂ ਬਹੁਤ ਹੀ ਸੀਮਿਤ ਜਾਣਕਾਰੀ ਮਿਲਦੀ ਹੈ ਪਰ ਇਹ ਜਾਣਕਾਰੀ ਇਤਿਹਾਸਿਕ ਤੌਰ 'ਤੇ ਬਹੁਤ ਮਹੱਤਵਪੂਰਣ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਅੱਜ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਅੰਮ੍ਰਿਤਸਰ (1964) ਨੇ ਛਾਪਿਆ ਹੋਇਆ ਹੈ।

ਇਸ ਤੋਂ ਪਿੱਛੋਂ ਗੁਰੂ ਹਰਿਗੋਬਿੰਦ ਸਾਹਿਬ ਦੇ ਦੋ ਹੁਕਮਨਾਮੇ ਹਨ ਜੋ ਪੂਰਬੀ ਭਾਰਤ ਦੀਆਂ ਸਿਖ ਸੰਗਤਾਂ ਦੇ ਨਾਂ ਲਿਖੇ ਹੋਏ ਹਨ। ਇਨਾਂ ਦੋਵੇਂ ਹੁਕਮਨਾਮਿਆਂ ਵਿਚ ਕੁਝ ਗੱਲਾਂ ਬੜੇ ਕੰਮ ਦੀਆਂ ਲਿਖੀਆਂ ਹੋਈਆਂ ਹਨ। ਇਨਾਂ ਨੂੰ ਪਹਿਲਾਂ ਸ਼ਮਸ਼ੇਰ ਸਿੰਘ ਅਸ਼ੋਕ ਨੇ *ਹੁਕਮਨਾਮੇ ਅਤੇ ਨੀਸਾਣੁ* ਦੇ ਸਿਰਲੇਖ ਹੇਠ 1962 ਵਿਚ ਸੰਪਾਦਿਤ ਕੀਤਾ ਸੀ ਅਤੇ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਅੰਮ੍ਰਿਤਸਰ ਨੇ ਛਾਪਿਆ ਸੀ। ਇਸ ਪੁਸਤਕ ਵਿਚ ਹੋਰ ਗੁਰੂ ਸਾਹਿਬਾਨ ਅਤੇ ਸਿਖ ਨੇਤਾਵਾਂ ਦੇ ਵੀ ਹੁਕਮਨਾਮੇ ਹਨ ਪਰ ਇਸ ਪੁਸਤਕ ਨਾਲ ਸੰਬੰਧਿਤ ਸਿਰਫ ਦੋ ਹੀ ਹੁਕਮਨਾਮੇ ਹਨ। ਪਿੱਛੋਂ ਇਨਾਂ ਹੁਕਮਨਾਮਿਆਂ ਨੂੰ ਡਾ. ਗੰਡਾ ਸਿੰਘ ਨੇ ਸੰਪਾਦਿਤ ਕੀਤਾ ਸੀ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ 1965 ਵਿਚ ਪਰਕਾਸ਼ਿਤ ਕੀਤਾ ਸੀ।

ਜ਼ੁਲਫਕਾਰ ਅਰਧਿਸਤਾਨੀ ਮੌਬੀਦ (ਮੁਹਿਸਿਨ ਫਾਨੀ) ਗੁਰੂ ਹਰਿਗੋਬਿੰਦ ਸਾਹਿਬ ਦਾ ਸਮਕਾਲੀ ਸੀ ਅਤੇ ਨੇੜਲਾ ਦੋਸਤ ਵੀ ਸੀ। ਉਸ ਨੇ ਜੋ ਕੁਝ ਦੇਖਿਆ ਉਹ ਆਪਣੀ ਸੋਚ ਮੁਤਾਬਕ ਆਪਣੀ ਲਿਖਤ ਦਬਸਤਾਨ-ਏ-ਮਜ਼ਾਹਿਬ ਵਿਚ ਲਿੱਖ ਦਿੱਤਾ। ਇਸ ਵਿਚ ਜਿਤਨਾ ਰੈਫਰੈਂਸ ਗੁਰੂ ਹਰਿਗੋਬਿੰਦ ਸਾਹਿਬ ਅਤੇ ਹੋਰ ਗੁਰੂ ਸਾਹਿਬਾਨ ਬਾਰੇ ਮਿਲਦਾ ਹੈ ਉਸ ਨੂੰ ਡਾ. ਗੰਡਾ ਸਿੰਘ ਨੇ ਮਾਖ਼ਜ਼ਿ ਤਵਾਰੀਖ਼-ਏ-ਸਿੱਖਾਂ ਦੇ ਸਿਰਲੇਖ ਹੇਠ ਸੰਪਾਦਿਤ ਕਰ ਦਿੱਤਾ ਅਤੇ ਇਸ ਨੂੰ ਖਾਲਸਾ ਕਾਲਜ ਅੰਮ੍ਰਿਤਸਰ ਵੱਲੋਂ 1950 ਵਿਚ ਛਪਵਾਇਆ ਗਿਆ ਸੀ। ਇਹ ਪੁਸਤਕ ਪਰਸ਼ੀਅਨ ਵਿਚ ਹੀ ਹੈ ਪਰ ਇਸ ਲਿਖਤ ਵਿਚ ਦਰਜ ਗੱਲਾਂ ਇੰਨ-ਬਿੰਨ ਜਾਂ ਬਿਨਾਂ ਕਿਸੇ ਕਿੰਤੂ-ਪਰਤੂ ਕਰੇ ਦੇ ਮੰਨਣਯੋਗ ਨਹੀਂ ਹਨ ਪਰ ਕੁਝ ਵੇਰਵੇ ਬਹੁਤ ਹੀ ਮਹੱਤਵਪੂਰਣ ਹਨ। ਇਹ ਲਿਖਤ ਗੁਰੂ ਜੀ ਦੀ ਸਮਕਾਲੀ ਲਿਖਤ ਹੈ।

ਬਾਕੀ ਦੀਆਂ ਲਿਖਤਾਂ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਬਹੁਤ ਸਮਾਂ ਪਿੱਛੋਂ ਦੀਆਂ ਹਨ। ਇਨਾਂ ਬਾਰੇ ਸਭ ਤੋਂ ਵੱਡੀ ਮੁਸੀਬਤ ਇਹ ਹੈ ਕਿ ਇਨਾਂ ਲਿਖਤਾਂ ਵਿਚ ਦਰਜ ਰਚਨਾਕਾਲ ਹੋਣ ਦੇ ਬਾਵਜੂਦ ਵੀ ਕਈ ਵੇਰਵੇ ਦਿੱਤੇ ਗਏ ਰਚਨਾਕਾਲ ਤੋਂ ਪਿੱਛੋਂ ਦੇ ਆਏ ਹੋਏ ਹਨ, ਇਸ ਕਰ ਕੇ ਇਸ ਗੱਲ ਬਾਰੇ ਇਹ ਫੈਂਸਲਾ ਕੀਤਾ ਹੀ ਨਹੀਂ ਜਾ ਸਕਦਾ ਕਿ ਇਨਾਂ ਲਿਖਤਾਂ ਦੀ ਅਸਲੀਅਤ ਕੀ ਹੈ। ਕੀ ਰਚਨਾ ਕਾਲ ਜਾਣ ਬੁੱਝ ਕੇ ਗਲਤ ਦਿੱਤਾ ਗਿਆ ਹੈ ਜਾਂ ਫਿਰ ਇਨਾਂ ਲਿਖਤਾਂ ਵਿਚ ਪਿੱਛੋਂ ਕੁਝ ਜੋੜਿਆ ਗਿਆ ਹੈ। ਦੋਵੇਂ ਗੱਲਾਂ ਹੀ ਠੀਕ ਹੋ ਸਕਦੀਆਂ ਹਨ। ਅਜਿਹੀਆਂ ਲਿਖਤਾਂ ਵਿਚ *ਗੁਰਬਿਲਾਸ ਛੇਵੀਂ ਪਾਤਸ਼ਾਹੀ* ਇਕ ਹੈ। ਭਾਵੇਂ

ਇਸ ਦਾ ਲੇਖਕ ਕਿਸੇ ਕਵੀ ਸੋਹਨ ਨਾਂ ਦੇ ਵਿਅਕਤੀ ਨੂੰ ਮੰਨਿਆ ਜਾ ਰਿਹਾ ਹੈ ਪਰ ਸਾਰੀ ਲਿਖਤ ਵਿਚ ਇਸ ਲੇਖਕ ਦਾ ਨਾਂ ਕਿਤੇ ਵੀ ਨਹੀਂ ਮਿਲਦਾ। ਇਸ ਲਿਖਤ ਵਿਚ ਇਸ ਦਾ ਲਿਖਣ ਕਾਲ 1718 ਈ. ਦਿੱਤਾ ਹੋਇਆ ਹੈ ਪਰ ਇਸ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀਆਂ ਕੁਝ ਘਟਨਾਵਾਂ ਵੀ ਦਰਜ ਹਨ। ਇਸ ਕਰ ਕੇ ਕਈ ਆਧੁਨਿਕ ਲੇਖਕ ਇਸ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਪਿੱਛੋਂ ਦੀ ਰਚਨਾ ਮੰਨਦੇ ਹਨ। ਇਹ ਵੀ ਹੋ ਸਕਦਾ ਹੈ ਇਸ ਵਿਚ ਵਾਧਾ-ਘਾਟਾ ਪਿੱਛੋਂ ਕਰ ਦਿੱਤਾ ਗਿਆ ਹੋਵੇ। ਇਹ ਦੋ ਰੂਪਾਂ ਵਿਚ ਪਰਕਾਸ਼ਿਤ ਹੋਈ ਹੈ, ਇਕ ਤਾਂ ਇਸ ਨੂੰ ਇੰਦਰ ਸਿੰਘ ਗਿੱਲ ਨੇ ਸੰਪਾਦਿਤ ਕਰ ਕੇ ਵਜ਼ੀਰ ਹਿੰਦ ਪਰੈਸ, ਅੰਮ੍ਰਿਤਸਰ ਤੋਂ 1966 ਵਿਚ ਛਪਾਇਆ ਹੈ। ਦੂਜਾ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਨੇ 1971 ਵਿਚ ਛਾਪਿਆ ਹੈ। ਦੋਹਾਂ ਪਰਕਾਸ਼ਨਾਵਾਂ ਵਿਚ ਬਹੁਤ ਫ਼ਰਕ ਹੈ। ਇੰਦਰ ਸਿੰਘ ਗਿੱਲ ਵੱਲੋਂ ਸੰਪਾਦਿਤ ਕੀਤੀ ਹੋਈ ਪੁਸਤਕ ਬਹੁਤ ਵਿਸਥਾਰ ਵਾਲੀ ਹੈ ਜਦੋਂ ਕਿ ਭਾਸ਼ਾ ਵਿਭਾਗ ਵਾਲੀ ਇਸ ਨਾਲੋਂ ਸੰਖੇਪ ਹੈ। ਭਾਸ਼ਾ ਵਿਭਾਗ ਨੇ ਇਸ ਨੂੰ ਹਿੰਦੀ ਵਿਚ ਵੀ ਛਾਪਿਆ ਹੈ। ਇਸ ਲਿਖਤ ਵਿਚ ਭਾਵੇਂ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਬਿਰਤਾਂਤ ਬਾਰੇ ਹੀ ਲਿਖਿਆ ਗਿਆ ਹੈ ਪਰ ਇਸ ਵਿਚ ਬਹੁਤ ਗੱਲਾਂ ਗੁਰਮਤਿ ਵਿਰੋਧੀ ਅਤੇ ਸਿਖ ਵਿਸ਼ਵਾਸ ਦੇ ਉਲਟ ਦਿੱਤੀਆਂ ਹੋਈਆਂ ਹਨ। ਇਹ ਲਿਖਤ ਕਿਸੇ ਭਰੋਸੇਯੋਗ ਸਰੋਤ ਉੱਪਰ ਆਧਾਰਿਤ ਨਹੀਂ ਹੈ ਸਗੋਂ ਇਸ ਵਿਚ ਹਰ ਕਿਸਮ ਦੀਆਂ ਗੱਲਾਂ ਸ਼ਾਮਿਲ ਹਨ। ਇਹ ਲਿਖਤ ਰਵਾਇਤਾਂ, ਪਰਚਲਿਤ ਕਥਾਵਾਂ, ਮਿਥਿਹਾਸਿਕ ਕਹਾਣੀਆਂ, ਕਲਪਿਤ ਵੇਰਵਿਆਂ ਨਾਲ ਭਰਪੂਰ ਹੈ ਇਸ ਕਰ ਕੇ ਇਸ ਨੂੰ ਬੜੀ ਸਾਵਧਾਨੀ ਨਾਲ ਵਰਤਣਾ ਚਾਹੀਦਾ ਹੈ ਪਰ ਇਹੀ ਇਕੋ ਇਕ ਲਿਖਤ ਹੈ ਜਿਹੜੀ ਨਿਰੋਲ ਗੁਰੂ ਹਰਿਗੋਬਿੰਦ ਸਾਹਿਬ ਦਾ ਜੀਵਨ ਬਿਰਤਾਂਤ ਪਰਦਾਨ ਕਰਦੀ ਹੈ।

1765 ਈ. ਤੱਕ ਪੰਜਾਬ ਵਿਚ ਖਿੰਡਵੇਂ ਜਿਹੇ ਰੂਪ ਵਿਚ ਮਿਸਲਾਂ ਦਾ ਸਿਖ ਰਾਜ ਕਾਇਮ ਹੋ ਗਿਆ ਸੀ। ਇਸ ਕਰ ਕੇ ਇਹ ਸਮਾਂ ਕੁਝ ਸ਼ਾਂਤੀ ਵਾਲਾ ਸੀ। ਇਸ ਸਮੇਂ ਕੁੱਝ ਇਕ ਲਿਖਤਾਂ ਸਾਡੇ ਸਾਹਮਣੇ ਆਈਆਂ। 1769 ਈ. ਵਿਚ ਕੇਸਰ ਸਿੰਘ ਛਿਬਰ ਨੇ 'ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ' ਲਿਖਿਆ। ਇਸ ਵਿਚ ਗੁਰੂ ਹਰਿਗੋਬਿੰਦ ਸਾਹਿਬ ਬਾਰੇ ਇਕ ਚੈਪਟਰ ਹੈ ਭਾਵੇਂ ਕਿ ਇਸ ਵਿਚ ਦਰਜ ਜਿਆਦਾ ਗੱਲਾਂ ਮੰਨਣਯੋਗ ਨਹੀਂ ਹਨ ਫਿਰ ਵੀ ਤੁਲਨਾਤਮਿਕ ਅਧਿਐਨ ਲਈ ਇਹ ਕਾਫੀ ਸਹਾਇਕ ਸਿੱਧ ਹੋ ਸਕਦੀ ਹੈ। ਇਸ ਨੂੰ ਪਹਿਲੀ ਵਾਰ ਡਾ. ਰਤਨ ਸਿੰਘ ਜੱਗੀ ਨੇ ਸੰਪਾਦਿਤ ਕੀਤਾ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਕੱਢੇ ਜਾ ਰਹੇ ਛਿਮਾਹੀ ਮੈਗਜ਼ੀਨ *ਪਰਖ* (1972) ਵਿਚ ਪਰਕਾਸ਼ਿਤ ਕੀਤਾ।

1776 ਈ. ਵਿਚ ਸਰੂਪ ਦਾਸ ਭੱਲਾ ਨੇ *ਮਹਿਮਾ ਪ੍ਰਕਾਸ਼* ਦੀ ਰਚਨਾ ਕੀਤੀ ਇਹ ਸਾਰੀ ਰਚਨਾ ਕਵਿਤਾ ਵਿਚ ਹੈ। ਇਸ ਵਿਚ ਗੁਰੂ ਹਰਿਗੋਬਿੰਦ ਸਾਹਿਬ ਬਾਰੇ ਇਕ ਪੂਰਾ ਅਧਿਆਇ ਹੈ। ਇਹ ਰਚਨਾ ਗੁਰੂ ਜੀ ਦੇ ਜੀਵਨ ਬਾਰੇ ਕਾਫੀ ਪੱਖੋਂ ਵਰਤੋਂ ਕਰਨਯੋਗ ਹੈ। ਭਾਵੇਂ ਕਿ ਇਸ ਵਿਚ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਬਾਰੇ ਅਤੇ ਗੁਰੂ ਸਾਹਿਬ ਵੱਲੋਂ ਲੜੀਆਂ ਗਈਆਂ ਲੜਾਈਆਂ ਬਾਰੇ ਕਝ ਵੀ ਜਾਣਕਾਰੀ ਨਹੀਂ ਹੈ। ਇਸ ਰਚਨਾ ਨੂੰ ਪਹਿਲੀ

ਵਾਰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵੱਲੋਂ 1971 ਵਿਚ ਪਰਕਾਸ਼ਿਤ ਕੀਤਾ ਗਿਆ ਹੈ।

ਉਨੀਵੀਂ ਸਦੀ ਦੇ ਚੌਥੇ ਦਹਾਕੇ (1834) ਵਿਚ ਪਟਿਆਲਾ ਦੇ ਸ਼ਾਹੀ ਦਰਬਾਰ ਦੀ ਛਤਰ-ਛਾਇਆ ਹੇਠ ਰਹਿ ਰਹੇ ਲੇਖਕ ਕਵੀ ਵੀਰ ਸਿੰਘ ਬਲ ਨੇ ਸ੍ਰੀ *ਗੁਰੂ ਕੀਰਤ ਪ੍ਰਕਾਸ਼* ਦੀ ਰਚਨਾ ਕੀਤੀ। ਇਸ ਵਿਚ ਗੁਰੂ ਹਰਿਗੋਬਿੰਦ ਸਾਹਿਬ ਬਾਰੇ ਇਕ ਅਧਿਆਏ ਹੈ। ਭਾਵੇਂ ਇਸ ਲਿਖਤ ਦਾ ਮੁੱਖ ਜ਼ੋਰ ਉੱਚ ਕੋਟੀ ਦੀ ਕਾਵਮਈ ਸ਼ੈਲੀ ਉੱਪਰ ਹੀ ਹੈ ਪਰ ਫਿਰ ਵੀ ਗੁਰੂ ਜੀ ਦੀ ਵਿਚਾਰਧਾਰਾ ਪਰਗਟ ਕਰਨ ਵਾਲੀਆਂ ਕਈ ਮਹੱਤਵਪੂਰਣ ਗੱਲਾਂ ਇਸ ਵਿੱਚੋਂ ਮਿਲਦੀਆਂ ਹਨ। ਇਸ ਨੂੰ ਪਹਿਲੀ ਵਾਰ ਗੁਰਬਚਨ ਕੌਰ ਨੇ ਸੰਪਾਦਿਤ ਕਰ ਕੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ 1986 ਵਿਚ ਪਰਕਾਸ਼ਿਤ ਕੀਤਾ ਗਿਆ ਹੈ। ਇਸੀ ਸਮੇਂ ਭਾਈ ਸੰਤੋਖ ਸਿੰਘ ਦੀ ਲਿਖਤ *ਸ੍ਰੀ ਗੁਰੂ ਪ੍ਰਤਾਪ ਸੂਰਜ ਉਦੈ ਗ੍ਰੰਥ* ਲਿਖਤ ਵਿਚ ਆਇਆ। ਇਸ ਦੀ ਛੇਵੀਂ ਅਤੇ ਸੱਤਵੀਂ ਜਿਲਦ ਵਿਚ ਗੁਰੂ ਹਰਿਗੋਬਿੰਦ ਸਾਹਿਬ ਦਾ ਅਤਿਅੰਤ ਵਿਸਥਾਰ ਵਾਲਾ ਬਿਰਤਾਂਤ ਬਰਿਜ ਭਾਸ਼ਾ ਦੀ ਕਵਿਤਾ ਵਿਚ ਹੈ। ਇਹ ਵਰਨਣ ਸਾਰਾ ਨਿਰੋਲ ਕਾਲਪਨਿਕ ਅਤੇ ਕਾਵਮਈ ਉਡਾਰੀਆਂ ਵਾਲਾ ਹੈ ਜਿਸ ਦੀ ਇਤਿਹਾਸ ਦੇ ਵਿਚ ਬਹੁਤੀ ਵਰਤੋਂ ਨਹੀਂ ਕੀਤੀ ਜਾ ਸਕਦੀ। ਭਾਈ ਸੰਤੋਖ ਸਿੰਘ ਦੀ ਲਿਖਤ ਨੂੰ ਭਾਈ ਵੀਰ ਸਿੰਘ ਨੇ ਕੁੱਝ ਸੋਧ-ਸੁਧਾਈ ਕਰ ਕੇ ਖਾਲਸਾ ਸਮਾਚਾਰ, ਅੰਮ੍ਰਿਤਸਰ ਵੱਲੋਂ 1926-37 ਵਿਚਕਾਰ ਚੌਦਾ ਜਿਲਦਾਂ ਵਿਚ ਪਰਕਾਸ਼ਿਤ ਕਰਵਾਇਆ। 1846 ਵਿਚ ਐਮ. ਗਰੈਗਰ ਨੇ ਅੰਗਰੇਜ਼ੀ ਵਿਚ ਸਮੁੱਚੇ ਸਿਖ ਇਤਿਹਾਸ ਨੂੰ ਦੋ ਜਿਲਦਾਂ ਵਿਚ *ਹਿਸਟਰੀ ਆਫ ਦਾ ਸਿਖਸ* ਦੇ ਸਿਰਲੇਖ ਹੇਠ ਲਿਖ ਕੇ ਜੇਮਜ਼ ਮੈਡਨ, ਲੰਡਨ ਤੋਂ ਛਪਵਾਇਆ। ਪਹਿਲੀ ਜਿਲਦ ਵਿਚ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਇਕ ਚੈਪਟਰ ਹੈ। 1849-51 ਵਿਚ ਕਨਿੰਘਮ ਨੇ *ਹਿਸਟਰੀ ਆਫ ਦਾ ਸਿਖਸ* ਦੇ ਅਨੁਵਾਨ ਹੇਠ ਅੰਗਰੇਜ਼ੀ ਵਿਚ ਸਿਖ ਇਤਿਹਾਸ ਨੂੰ ਲਿਖਿਆ। ਇਸ ਵਿਚ ਵੀ ਗੁਰੂ ਸਾਹਿਬ ਨਾਲ ਸੰਬੰਧਿਤ ਸੰਖੇਪ ਜਾਣਕਾਰੀ ਹੈ। ਪਿੱਛੋਂ ਇਸ ਨੂੰ ਵੱਖ-ਵੱਖ ਐਡੀਸ਼ਨਾਂ ਦੇ ਰੂਪ ਵਿਚ ਐਸ. ਚਾਂਦ ਐਡ ਕੋ. ਨੇ 1955 ਅਤੇ 1985 ਵਿਚ ਮੁੜ ਪਰਕਾਸ਼ਿਤ ਕੀਤਾ।

1880 ਵਿਚ ਗਯਾਨੀ ਗਯਾਨ ਸਿੰਘ ਨੇ ਸਮੁੱਚੇ ਸਿਖ ਇਤਿਹਾਸ ਨੂੰ ਬਹੁਤ ਅੱਛੀ ਠੇਠ ਪੰਜਾਬੀ ਦੀ ਕਵਿਤਾ ਵਿਚ *ਸ੍ਰੀ ਗੁਰੂ ਪੰਥ ਪ੍ਰਕਾਸ਼* ਦੇ ਅਨੁਵਾਨ ਹੇਠ ਨਵੀਂ ਦਿੱਲੀ ਤੋਂ ਪੱਥਰ ਛਾਪ ਵਿਚ ਛਪਵਾਇਆ। ਫਿਰ 1889 ਵਿਚ ਇਸੇ *ਪੰਥ ਪ੍ਰਕਾਸ਼* ਦੀ ਦੂਜੀ ਪੱਥਰ ਛਾਪ ਅੰਮ੍ਰਿਤਸਰ ਤੋਂ ਛਪਵਾਈ। ਪਹਿਲੀ ਛਾਪ ਨਾਲੋਂ ਦੂਜੀ ਛਾਪ ਵਿਚ ਜ਼ਿਆਦਾ ਵਿਸਥਾਰ ਹੈ। ਇਸ ਵਿਚ ਇਕ ਚੈਪਟਰ ਗੁਰੂ ਹਰਿਗੋਬਿੰਦ ਸਾਹਿਬ ਬਾਰੇ ਹੈ।

1884 ਵਿਚ ਪੰਡਿਤ ਤਾਰਾ ਸਿੰਘ ਨਰੋਤਮ ਨੇ ਪਹਿਲੀ ਵਾਰ ਸਾਰੇ ਇਤਿਹਾਸਿਕ ਸਿਖ ਗੁਰਦੁਆਰਿਆਂ ਦਾ ਸੰਖੇਪ ਹਾਲ ਅੰਬਾਲਾ ਦੀ ਟੈਂਪਲ ਪਰੈਸ ਤੋਂ ਪੱਥਰ ਛਾਪ ਵਿਚ ਛਪਵਾਇਆ। ਇਸ ਵਿਚ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਗੁਰਧਾਮਾਂ ਦਾ ਹਾਲ ਦਰਜ ਹੈ। ਸਈਅਤ ਮੁਹੰਮਦ ਲਤੀਫ ਨੇ ਸਮੁੱਚੇ ਪੰਜਾਬ ਦਾ ਇਤਿਹਾਸ ਪੁਰਾਤਨ ਸਮੇਂ ਤੋਂ ਸ਼ੁਰੂ ਕਰ ਕੇ, ਸੈਂਟਰਲ ਪਰੈਸ, ਕਲਕੱਤਾ ਤੋਂ ਪਰਕਾਸ਼ਿਤ ਕਰਵਾਇਆ। ਇਸ ਵਿਚ ਗੁਰੂ

ਹਰਿਗੋਬਿੰਦ ਸਾਹਿਬ ਬਾਰੇ ਸੰਖੇਪ ਜਾਣਕਾਰੀ ਵੀ ਦਿੱਤੀ ਹੋਈ ਹੈ। ਇਸੀ ਸਮੇਂ ਭਾਵ ਕਿ 1891 ਵਿਚ ਹੀ ਗਯਾਨੀ ਗਯਾਨ ਸਿੰਘ ਨੇ ਸਿਖ ਇਤਿਹਾਸ ਨੂੰ ਪੰਜਾਬੀ ਵਾਰਤਕ ਵਿਚ ਲਿਖ ਕੇ *ਤਵਾਰੀਖ ਗੁਰੂ ਖਾਲਸਾ* ਦੇ ਅਨੁਵਾਨ ਹੇਠ, ਪਹਿਲੀ ਵਾਰ ਗੁਰੂ ਗੋਬਿੰਦ ਸਿੰਘ ਪਰੈਸ, ਸਿਆਲਕੋਟ ਤੋਂ ਪੱਥਰ ਛਾਪ ਵਿਚ ਛਪਵਾਇਆ। ਇਸ ਵਿਚ ਗੁਰੂ ਹਰਿਗੋਬਿੰਦ ਸਾਹਿਬ ਦਾ ਇਕ ਪੂਰੇ ਬਿਰਤਾਂਤ ਵਾਲਾ ਚੈਪਟਰ ਹੈ।

1909 ਵਿਚ ਅੰਗਰੇਜ਼ ਵਿਦਵਾਨ ਐਮ. ਏ. ਮੈਕਾਲਿਫ ਨੇ ਸਿਖ ਇਤਿਹਾਸ ਨੂੰ ਅੰਗਰੇਜ਼ੀ ਵਿਚ ਛੇ ਜਿਲਦਾਂ ਵਿਚ *ਦਾ ਸਿਖ ਰਿਲੀਜਨ: ਇਟਸ ਗੁਰੂਜ਼, ਸੇਕਰਡ ਰਾਈਟਿੰਗਜ਼ ਐਂਡ ਆਥਰਜ਼* ਦੇ ਸਿਰਲੇਖ ਹੇਠ ਕਲੇਅਰੰਡਨ ਪਰੈਸ, ਆਕਸਫੋਰਡ ਤੋਂ ਛਪਵਾਇਆ। ਇਸ ਦੀ ਚੌਥੀ ਜਿਲਦ ਵਿਚ ਗੁਰੂ ਹਰਿਗੋਬਿੰਦ ਸਾਹਿਬ ਦਾ ਬਿਰਤਾਂਤ ਹੈ। 1912 ਵਿਚ ਗੋਕਲ ਚੰਦ ਨਾਰੰਗ ਨੇ *ਦਾ ਟਰਾਂਸਫਾਰਮੇਸ਼ਨ ਆਫ ਸਿਖਇਜ਼ਮ* ਲਿਖ ਕੇ ਟਰਿਬਿਊਨ ਪਰੈਸ, ਲਾਹੌਰ ਤੋਂ ਛਪਵਾਈ। ਇਸ ਨੂੰ 1972 ਵਿਚ ਹੋਰ ਸੋਧ-ਸੁਧਾਈ ਕਰ ਕੇ ਨਿਊ ਬੁੱਕ ਸੁਸਾਇਟੀ, ਨਿਊ ਦਿੱਲੀ ਵੱਲੋਂ *ਗਲੋਰੀਅਸ ਹਿਸਟਰੀ ਆਫ ਸਿੱਖਇਜ਼ਮ* ਦੇ ਸਿਰਲੇਖ ਹੇਠ ਮੁੜ ਪਰਕਾਸ਼ਿਤ ਕੀਤਾ ਗਿਆ ਹੈ। ਇਸ ਪੁਸਤਕ ਦਾ 'ਟਰਾਂਸਫਾਰਮੇਸ਼ਨ' ਸ਼ਬਦ ਗੁਰੂ ਹਰਿਗੋਬਿੰਦ ਸਾਹਿਬ ਦੀ ਜੰਗੀ ਨੀਤੀ ਤੋਂ ਹੀ ਲਿਆ ਗਿਆ ਹੈ।

1920 ਵਿਆਂ ਵਿਚ ਕਈ ਲਿਖਤਾਂ ਸਿਖ ਗੁਰਦੁਆਰਿਆਂ ਬਾਰੇ ਪਰਕਾਸ਼ਿਤ ਹੋ ਕੇ ਸਾਹਮਣੇ ਆਈਆਂ। ਪਹਿਲੀ ਲਿਖਤ ਗਯਾਨੀ ਗਯਾਨ ਸਿੰਘ ਦੀ *ਗੁਰਧਾਮ ਸੰਗ੍ਰਹਿ* ਹੈ ਜਿਸ ਵਿਚ ਕਾਫੀ ਵਿਸਥਾਰ ਵਿਚ ਇਤਿਹਾਸਿਕ ਸਿਖ ਗੁਰਦੁਆਰਿਆਂ ਦਾ ਬਿਰਤਾਂਤ ਹੈ ਪਰ ਇਹ ਲਿਖਤ ਗਯਾਨ ਸਿੰਘ ਦੀ ਮੌਤ (1921) ਪਿੱਛੋਂ ਹੀ ਉਨ੍ਹਾਂ ਦੇ ਦੋਹਤੇ ਭਾਈ ਹਮੀਰ ਸਿੰਘ ਨੇ ਪਰਕਾਸ਼ਿਤ ਕਰਵਾਈ ਸੀ। ਭਾਵੇਂ ਇਸ ਉੱਪਰ ਛਪਣ-ਸਾਲ ਅਤੇ ਪਰਿੰਟਿੰਗ ਪਰੈਸ ਦਾ ਜ਼ਿਕਰ ਨਹੀਂ ਹੈ ਪਰ ਅੰਦਾਜ਼ਾ ਹੈ ਕਿ ਇਹ 1923-24 ਵਿਚ ਗੁਰੂ ਖਾਲਸਾ ਪਰੈਸ, ਅੰਮ੍ਰਿਤਸਰ ਤੋਂ ਛਾਪੀ ਗਈ ਸੀ। 1924 ਵਿਚ ਗਯਾਨੀ ਠਾਕੁਰ ਸਿੰਘ ਨੇ *ਗ੍ਰੰਥ ਸ੍ਰੀ ਗੁਰਦੁਆਰੇ ਦਰਸ਼ਨ* ਅੰਮ੍ਰਿਤਸਰ ਤੋਂ ਪਰਕਾਸ਼ਿਤ ਕਰਵਾਈ। ਇਸ ਵਿਚ ਵੀ ਸਾਰੇ ਇਤਿਹਾਸਿਕ ਸਿਖ ਗੁਰਦੁਆਰਿਆਂ ਦਾ ਸੰਖੇਪ ਇਤਿਹਾਸ ਦਿੱਤਾ ਗਿਆ ਹੈ। ਇਸ ਵਿਚ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਗੁਰਅਸਥਾਨ ਵੀ ਹਨ।

1930 ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ *ਗੁਰ ਸ਼ਬਦ ਰਤਨਾਕਰ ਮਹਾਨ ਕੋਸ਼* ਤਿਆਰ ਕੀਤਾ ਅਤੇ ਪਟਿਆਲਾ ਸਟੇਟ ਗਵਰਨਮੈਂਟ, ਪਟਿਆਲਾ ਵੱਲੋਂ ਪਰਕਾਸ਼ਿਤ ਕਰਵਾਇਆ ਗਿਆ। ਪਿੱਛੋਂ ਇਸ ਨੂੰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਨੇ 1960 ਤੋਂ ਲੈ ਕੇ 1995 ਤੱਕ ਵੱਖ-ਵੱਖ ਐਡੀਸ਼ਨਾਂ ਵਿਚ ਮੁੜ-ਪਰਕਾਸ਼ਿਤ ਕੀਤਾ ਹੈ। ਇਸ ਵਿਚ ਹੋਰ ਵਿਸ਼ਾ-ਵਸਤੂ ਤੋਂ ਇਲਾਵਾ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਅਸਥਾਨਾਂ ਦਾ ਵੀ ਪੂਰਾ-ਪੂਰਾ ਵੇਰਵਾ ਦਿੱਤਾ ਗਿਆ ਹੈ।

1936 ਵਿਚ ਇਕ ਬੰਗਾਲੀ ਅਧਿਕਾਰੀ ਇੰਦੂ ਭੂਸ਼ਨ ਬੈਨਰਜੀ ਨੇ ਸਿਖ ਗੁਰੂ ਸਾਹਿਬਾਨ ਦੇ ਇਤਿਹਾਸ ਨੂੰ ਦੋ ਜਿਲਦਾਂ ਵਿਚ *ਐਵੋਲਿਊਸ਼ਨ ਆਫ ਦਾ ਖਾਲਸਾ* ਦੇ ਸਿਰਲੇਖ

ਹੇਠ ਤਿਆਰ ਕੀਤਾ। ਇਸ ਦੀ ਪਹਿਲੀ ਜਿਲਦ ਯੂਨੀਵਰਸਿਟੀ ਆਫ ਕਲਕੱਤਾ ਵੱਲੋਂ ਛਾਪੀ ਗਈ ਜਦੋਂ ਕਿ ਦੂਜੀ ਜਿਲਦ ਏ. ਮੁਖਰਜੀ ਐਂਡ ਕੋ. ਕਲਕੱਤਾ ਵੱਲੋਂ 1947 ਵਿਚ ਛਾਪੀ ਗਈ। ਦੂਜੀ ਜਿਲਦ ਵਿਚ ਗੁਰੂ ਹਰਿਗੋਬਿੰਦ ਸਾਹਿਬ ਦਾ ਬਿਰਤਾਂਤ ਹੈ। 1950 ਵਿਚ ਓਰੀਐਂਟ ਲੌਂਗਮੇਨ ਪਬਲੀਸਰਜ ਵਲੋਂ ਤੇਜਾ ਸਿੰਘ ਗੰਡਾ ਸਿੰਘ ਦੀ, *ਏ ਸ਼ਾਰਟ ਹਿਸਟਰੀ ਆਫ ਦਾ ਸਿਖਸ:* 1469-1765, ਛਾਪੀ ਗਈ। ਇਸ ਵਿਚ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਇਕ ਚੈਪਟਰ ਹੈ। 1963 ਵਿਚ ਖੁਸ਼ਵੰਤ ਸਿੰਘ ਨੇ *ਹਿਸਟਰੀ ਆਫ ਦਾ ਸਿਖਸ*, ਜਿਲਦ ਪਹਿਲੀ, ਪਰਿੰਸਟਨ ਯੂਨੀਵਰਸਿਟੀ, ਪਰੈਸ, ਪਰਿੰਸਟਨ ਤੋਂ ਪਰਕਾਸ਼ਿਤ ਕਰਵਾਈ। 1980 ਵਿਚ ਡਾ. ਹਰੀ ਰਾਮ ਗੁਪਤਾ ਨੇ *ਹਿਸਟਰੀ ਆਫ ਸਿਖ ਗੁਰੂਜ:* 1469-1708, ਮੁਨਸ਼ੀ ਰਾਮ ਮਨੋਹਰ ਲਾਲ, ਨਿਊ ਦਿੱਲੀ ਤੋਂ ਪਰਕਾਸ਼ਿਤ ਕਰਵਾਈ। ਇਸ ਦਾ ਦੂਜਾ ਐਡੀਸ਼ਨ, 1984 ਵਿਚ ਪਰਕਾਸ਼ਿਤ ਕੀਤਾ ਗਿਆ। ਤੀਜਾ ਐਡੀਸ਼ਨ 1994 ਵਿਚ ਪਰਕਾਸ਼ਿਤ ਕੀਤਾ ਗਿਆ ਹੈ। ਸੰਪੂਰਨ ਸਿਖ ਇਤਿਹਾਸ ਬਾਰੇ ਸਭ ਤੋਂ ਆਧੁਨਿਕ ਪੁਸਤਕ ਪ੍ਰੋ. ਜੇ. ਐਸ. ਗਰੇਵਾਲ ਦੀ, *ਦਾ ਨਿਊ ਕੈਂਬਰਿਜ ਹਿਸਟਰੀ ਆਫ ਇੰਡੀਆ* ਦੀ ਸਿਰੀਜ਼ ਅਧੀਨ *ਦਾ ਸਿਖਸ ਆਫ ਦਾ ਪੰਜਾਬ* ਦੇ ਉਪ-ਸਿਰਲੇਖ ਹੇਠ, ਕੈਂਬਰਿਜ ਯੂਨੀਵਰਸਿਟੀ ਪਰੈਸ ਵੱਲੋਂ 1990 ਵਿਚ ਛਾਪੀ ਗਈ ਹੈ।

1968 ਵਿਚ ਪ੍ਰਿੰ. ਸਤਿਬੀਰ ਸਿੰਘ ਨੇ ਗੁਰੂ ਹਰਿਗੋਬਿੰਦ ਸਾਹਿਬ ਦਾ ਜੀਵਨ-ਬਿਰਤਾਂਤ ਦੇ ਸਿਰਲੇਖ ਹੇਠ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪਰਕਾਸ਼ਿਤ ਕਰਵਾਇਆ। 1994 ਵਿਚ ਇਸ ਦੀ ਦੂਜੀ ਐਡੀਸ਼ਨ ਛਾਪੀ ਗਈ ਹੈ।

[illegible]

[illegible]

[illegible]

[illegible]

[illegible]

[illegible]

[illegible]

[illegible]

[illegible]





